RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only

Ad Space Available
Please Call
Ph: 847-359-0746



ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 38, September 22, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388

## ‘ਆਪ’ ਲੀਡਰਸ਼ਿਪ ਪੁਰਾਣੇ ਲੀਡਰਾਂ ਨੂੰ ਮਨਾਉਣ ਤੁਰੀ

### ਛੋਟੇਪੁਰ ਤੇ ਗਾਂਧੀ ਨਾਲ ਤਾਲਮੇਲ ਦੇ ਯਤਨ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਆਖਰਕਾਰ ਬੀਤੇ ਸਮੇਂ ਵਿਚ ਕੀਤੀਆਂ ਭੁੱਲਾਂ ਉਤੇ ਮੰਥਨ ਸ਼ੁਰੂ ਕਰ ਦਿੱਤਾ ਹੈ। ਇਹ ਸਭ ਭਾਵੇਂ ਅਣਸਰਦੀ ਲੋੜ ਲਈ ਕਰਨਾ ਪਿਆ ਹੈ ਪਰ ਪੰਜਾਬ ਵਿਚ ਤੀਜੇ ਬਦਲ ਦਾ ਦਮ ਭਰਦੀ ਇਸ ਧਿਰ ਲਈ ਇਹ ਸ਼ੁਭ ਸੰਕੇਤ ਹਨ। ਪੰਜਾਬ ਵਿਚ ਪਾਰਟੀ ਵਿਚੋਂ ਕੱਢੇ ਜਾਂ ਰੁੱਸੇ ਆਗੂਆਂ ਨੂੰ ਮਨਾਉਣ ਲਈ ਵੱਡੇ ਪੱਧਰ ਉਤੇ ਮੁਹਿੰਮ ਵਿੱਢੀ ਗਈ ਹੈ।

ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਦੂਤ ਮੁਹਾਲੀ ਵਿਚ ਸਾਬਕਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੂੰ ਮਿਲੇ। ਉਸੇ ਦਿਨ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਪਟਿਆਲਾ ਵਿਚ ਬਾਗੀ ਐਮ.ਪੀ. ਡਾ. ਧਰਮਵੀਰ ਗਾਂਧੀ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਭਾਵੇਂ ਵਾਪਸੀ ਲਈ ਸਖਤ ਸ਼ਰਤਾਂ ਰੱਖੀਆਂ ਹਨ ਪਰ ਦਿੱਲੀ ਹਾਈਕਮਾਨ ਕੋਲ ਇਨ੍ਹਾਂ ਸ਼ਰਤਾਂ ਉਤੇ ਫੁੱਲ ਚੜ੍ਹਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਡਾ. ਗਾਂਧੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਉਹ ਆਪਣੇ ਸਟੈਂਡ ‘ਤੇ ਕਾਇਮ ਹਨ। ਜੇ ਉਨ੍ਹਾਂ ਦੀਆਂ ਸ਼ਰਤਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਉਹ ਪਾਰਟੀ ਵਿਚ ਸ਼ਾਮਲ ਹੋਣ ਲਈ ਤਿਆਰ ਹਨ; ਹਾਲਾਂਕਿ ਛੋਟੇਪੁਰ ਨੇ ਕੋਈ ਬਹੁਤਾ ਚੰਗਾ ਹੁੰਗਾਰਾ ਨਹੀਂ ਭਰਿਆ ਪਰ ਉਨ੍ਹਾਂ ਕੇਜਰੀਵਾਲ ‘ਤੇ ਸਾਰੀ ਨਾਰਾਜ਼ਗੀ ਸੁੱਟਦਿਆਂ ਇਹ ਜ਼ਰੂਰ ਕਿਹਾ ਹੈ ਕਿ ਜੇ ਉਹ (ਕੇਜਰੀਵਾਲ) ਉਨ੍ਹਾਂ ਨੂੰ ਮਿਲ ਕੇ ਸਾਰੀ ਸਥਿਤੀ ਸਪਸ਼ਟ ਕਰਦੇ ਹਨ ਤਾਂ ਗੱਲ ਬਣ ਸਕਦੀ ਹੈ। ਇਹ ਵੀ ਚਰਚਾ ਹੈ ਕਿ ਛੋਟੇਪੁਰ ਨੂੰ ਪੰਜਾਬ ਇਕਾਈ ਦਾ ਮੁੜ ਕਨਵੀਨਰ ਲਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਕੁੱਲ ਮਿਲਾ ਕੇ ਇਹੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਉਂਦੇ ਦਿਨਾਂ ਵਿਚ ਇਹ ਆਗੂ ਵਾਪਸੀ ਕਰ ਸਕਦੇ ਹਨ।

ਉਧਰ, ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਪਾਰਟੀ ਦੀ ਮੁੜ ਏਕਤਾ ਲਈ ਪਾਰਟੀ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੂੰ ਛੱਡ ਕੇ ਉਹ ਬਾਕੀ ਨਾਰਾਜ਼ ਆਗੂਆਂ ਨਾਲ ਗੱਲਬਾਤ ਕਰਨ ਲਈ ਤਿਆਰ ਹਨ। ਚਰਚਾ ਹੈ ਕਿ ਲੋਕ ਸਭ ਚੋਣਾਂ ਤੋਂ ਪਹਿਲਾਂ ਰੁੱਸੇ ਹੋਏ ਅਜਿਹੇ ਹੋਰ ਆਗੂਆਂ ਨੂੰ ਪਾਰਟੀ ਨਾਲ ਜੋੜਨ ਲਈ ਕੋਸ਼ਿਸ਼ਾਂ ਹੋਰ ਤੇਜ਼ ਕੀਤੀਆਂ ਜਾਣਗੀਆਂ। ਫਿਲਹਾਲ ਸੁਖਪਾਲ ਸਿੰਘ ਖਹਿਰਾ ਤੇ ਵਿਧਾਇਕ ਕੰਵਰ ਸੰਧੂ ਬਾਰੇ ਕੇਂਦਰੀ ਲੀਡਰਸ਼ਿਪ ਨੇ ਚੁੱਪ ਧਾਰੀ ਹੋਈ ਹੈ। ਦੱਸ ਦਈਏ ਕਿ ਵਿਰੋਧੀ ਧਿਰ ਦੇ ਅਹੁਦੇ ਤੋਂ ਲਾਂਭੇ ਕਰਨ ਪਿੱਛੋਂ ਖਹਿਰਾ ਨੇ ਬਗਾਵਤ ਦਾ ਝੰਡਾ ਚੁੱਕ ਲਿਆ ਸੀ ਅਤੇ ਕੁਝ ਵਿਧਾਇਕ ਵੀ ਉਨ੍ਹਾਂ ਨਾਲ ਜਾ ਮਿਲੇ ਸਨ। ਇਸ ਬਾਗੀ ਧੜੇ ਨੂੰ ਮਿਲੇ ਹੁੰਗਾਰੇ ਨੇ ਦਿੱਲੀ ਲੀਡਰਸ਼ਿਪ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਖਹਿਰਾ ਵੀ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੀ ਬਠਿੰਡਾ ਕਨਵੈਨਸ਼ਨ ਵਿਚ ਹੋਏ ਇਕੱਠ ਨੇ ਦਿੱਲੀ ਵਾਲਿਆਂ ਦੀ ਅਕਲ ਟਿਕਾਣੇ ਲਿਆਂਦੀ ਹੈ। ਸੰਧੂ ਤੇ ਖਹਿਰਾ ਇਸ ਗੱਲ ਉਤੇ ਅੜੇ ਹੋਏ ਹਨ ਕਿ ਜੇ ਦਿੱਲੀ ਦੀ ਹਾਈਕਮਾਂਡ ਪਾਰਟੀ ਨੂੰ ਇਕਜੁੱਟ ਕਰਨਾ ਚਾਹੁੰਦੀ ਹੈ ਤਾਂ ਇਸ ਦਾ ਇਕੋ-ਇਕ ਹੱਲ ਪੰਜਾਬ ਇਕਾਈ ਦੀ ਖੁਦਮੁਖਤਾਰੀ ਹੈ। ਕੰਵਰ ਸੰਧੂ ਦਾ ਕਹਿਣਾ ਹੈ ਕਿ ਸਿਰਫ ਸੁੱਚਾ ਸਿੰਘ ਛੋਟੇਪੁਰ ਹੀ ਨਹੀਂ, ਜੇ

*(ਬਾਕੀ ਸਫਾ 6 ਉਤੇ)*

## ਕਰਤਾਰਪੁਰ ਲਾਂਘਾ: ਮੋਦੀ ਸਰਕਾਰ ਦੀ ਨੀਅਤ ‘ਤੇ ਉਠੇ ਸਵਾਲ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੇ ਆਸਾਰ ਘੱਟ ਹੀ ਨਜ਼ਰ ਆ ਰਹੇ ਹਨ। ਖਾਸਕਰ ਭਾਰਤ ਸਰਕਾਰ ਵਲੋਂ ਇਸ ਬਾਰੇ ਅਪਣਾਈ ਰਣਨੀਤੀ ਨਿਰਾਸ਼ਾ ਵਾਲੀ ਹੈ। ਪਿਛਲੇ ਦਿਨੀਂ ਪਾਕਿਸਤਾਨ ਨੇ ਹਾਮੀ ਭਰੀ ਸੀ ਕਿ ਉਹ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਤਿਆਰ ਹੈ। ਇਸ ਪਿਛੋਂ ਮੰਨਿਆ ਜਾ ਰਿਹਾ ਸੀ ਕਿ ਮੋਦੀ ਸਰਕਾਰ ਵੀ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਕਰਨ ਲਈ ਅੱਗੇ ਆਵੇਗੀ ਪਰ ਭਾਰਤ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨ ਤੋਂ ਕੋਈ ਪ੍ਰਸਤਾਵ ਨਹੀਂ ਮਿਲਿਆ ਹੈ।

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਮੰਗ ਭਾਰਤੀ ਲੋਕਾਂ (ਸਿੱਖਾਂ) ਦੀ ਹੈ ਅਤੇ ਇਸ ਲਈ ਪਹਿਲ ਵੀ ਭਾਰਤ ਨੂੰ ਕਰਨੀ ਚਾਹੀਦੀ ਹੈ ਪਰ ਮੋਦੀ ਸਰਕਾਰ ਜੇ ਇਸ ਪਾਸੇ ਬੇਗਾਨੇ ਮੁਲਕ ਵੱਲ ਝਾਕ ਰਹੀ ਹੈ ਤਾਂ ਇਸ ਤੋਂ ਮਾੜੀ ਗੱਲ ਹੋ ਨਹੀਂ ਸਕਦੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਮੋਦੀ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਨਾਲ ਜੁੜੇ ਕਰਤਾਰਪੁਰ ਲਾਂਘੇ ਲਈ ਪਾਕਿਸਤਾਨ ਅੱਗੇ ਹੱਥ ਅੱਡਣ ਨੂੰ ਆਪਣੀ ਹੇਠੀ ਸਮਝ ਰਹੀ ਹੈ, ਦੂਜੇ ਪਾਸੇ ਭਾਰਤ-ਅਫਗਾਨਿਸਤਾਨ ਵਪਾਰ ਲਾਂਘੇ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ; ਹਾਲਾਂਕਿ ਪਾਕਿਸਤਾਨ ਨੇ ਇਸ ਬਾਰੇ ਭਾਰਤ ਨੂੰ ਕੋਰਾ ਜਵਾਬ ਦਿੱਤਾ ਹੋਇਆ ਹੈ।

ਉਧਰ, ਪੰਜਾਬ ਵਿਚ ਪੰਥਕ ਅਖਵਾਉਣ ਵਾਲੇ ਅਕਾਲੀ ਦਲ ਬਾਦਲ ਦੀ ਨੀਅਤ ਉਤੇ ਵੀ ਸਵਾਲ ਉਠ ਰਹੇ ਹਨ। ਅਕਾਲੀ ਦਲ ਨੇ ਸਾਰਾ ਜ਼ੋਰ ਲਾਂਘਾ ਖੁਲ੍ਹਵਾਉਣ ਲਈ ਵੱਡੇ ਪੱਧਰ ਉਤੇ ਕੋਸ਼ਿਸ਼ਾਂ ਕਰ ਰਹੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕਰਨ ਉਤੇ ਲਾਇਆ ਹੋਇਆ ਹੈ। ਸਿੱਧੂ ਵਲੋਂ ਇਸ ਸਬੰਧੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕੀਤੀ ਗਈ ਅਤੇ ਦਾਅਵਾ ਕੀਤਾ ਕਿ ਚੰਗਾ ਹੁੰਗਾਰਾ ਮਿਲਿਆ ਹੈ। ਉਧਰ, ਅਕਾਲੀ ਦਲ ਦੀ ਕੇਂਦਰ ਵਿਚ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਦਾ ਮਜ਼ਾਕ ਉਡਾਇਆ ਅਤੇ ਦਾਅਵਾ ਕੀਤਾ ਕਿ ਵਿਦੇਸ਼ ਮੰਤਰੀ ਨੇ ਸਿੱਧੂ ਨੂੰ ਚੰਗੀ ਝਾੜ ਪਾਈ ਹੈ ਤੇ ਉਸ ਨੂੰ ਬਿਨਾਂ ਬੁਲਾਏ ਉਨ੍ਹਾਂ (ਸੁਸ਼ਮਾ) ਨੂੰ ਨਹੀਂ ਮਿਲਣ ਜਾਣਾ ਚਾਹੀਦਾ ਸੀ।


ਦਰਅਸਲ, ਪਿਛਲੇ ਮਹੀਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਗਏ ਨਵਜੋਤ ਸਿੱਧੂ ਨੇ ਦਾਅਵਾ ਕੀਤਾ ਸੀ ਕਿ ਪਾਕਿਤਸਾਨੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਕਿਹਾ ਸੀ; ਹਾਲਾਂਕਿ, ਉਦੋਂ ਸਿੱਧੂ ਦੀ ਫੌਜ ਮੁਖੀ ਨੂੰ ਜੱਫੀ ਵਧੇਰੇ ਵਿਵਾਦਾਂ ਵਿਚ ਆਈ ਸੀ। ਕੁਝ ਸਮੇਂ ਬਾਅਦ ਪਾਕਿਸਤਾਨ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਫਵਾਦ ਅਹਿਮਦ ਚੌਧਰੀ ਨੇ ਵੀ ਕਿਹਾ ਸੀ ਕਿ ਇਮਰਾਨ ਖ਼ਾਨ ਸਰਕਾਰ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਲਈ ਬਗੈਰ ਵੀਜ਼ਾ ਆਉਣ-ਜਾਣ ਦੀ ਖੁੱਲ੍ਹ ਦੇਣ ਲਈ ਤਿਆਰ ਹੈ। ਇਸ ਪਿਛੋਂ ਸਾਰਿਆਂ ਦੀ ਨਜ਼ਰਾਂ ਮੋਦੀ ਸਰਕਾਰ ਵੱਲ ਸਨ, ਹੁਣ ਭਾਰਤ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ ਪਾਕਿਸਤਾਨ ਇਸ ਬਾਰੇ ਝੂਠ ਬੋਲ ਰਿਹਾ ਹੈ। ਦੱਸ ਦਈਏ ਕਿ 1999 ਵਿਚ ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸਿੱਖ ਸ਼ਰਧਾਲੂਆਂ

*(ਬਾਕੀ ਸਫਾ 6 ਉਤੇ)*

Ad Space Available
Please Call
Ph: 847-359-0746








Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions



Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com


AMERICAN KABADDI FEDERATION
PUNJABI VIRSA SPORTS ASSOC.
&
BEGOWAL WELFARE INT'L SOCIETY, NY
Presents
7th INTERNATIONAL
KABADDI
CUP 2018
Match Starts Not Later Than 10:00AM
Sunday, September 23, 2018
(Time 9:00 AM to 7:00 PM)
SMOKEY PARK, QUEENS, NY
127th Street & Atlantic Ave. South Richmond Hill, NY 11419
For More Info Contact:
Paul Ghotra C.A. (Intl. President - Begowal) 909.569.9545
Mohinder Singh (Sidhu President) 516.503.9641
Harminder Singh (Vice President) 576.661.1227
Santokh Singh (Chairman) 347.386.6906
Balwinder Singh Virk (Secretary) 516.503.9494
Bhinda Begowal Stage (Secretary) 917.543.2168
Satwinder Singh Sandher (Treasure) 917.204.7763
Nirmal Singh Kang (Vice Chairman) 917.680.2276
Jaswinder S. Cheema (Sr. Vice President) 646.235.1851
Kulwant Singh Deol (CEO) 917.642.6628
Balwinder S. Jandiala (Chief Advisor) 917.399.6639
Babu Joginder Singh (Chief Advisor) 347.681.1222
Sukhwinder Singh Begowal (Chief Advisor) 646.209.4293
Sukhdev Singh Begowal (Treasure) 917.435.9148
Jasbir Singh Kataria (Coach) 718.344.5664
Balwinder Singh Rocky (Chairman) 917.868.6544
Kulwant Singh Nadala (Transport Manager) 718.306.7779
Bhupinder S Jaswal
Sukhwinder S Nelon
PRINT & DESIGN BY INFINITY 347 475 7751
BOYS TEAM
NEW YORK
ENGLAND
CANADA
CALIFORNIA
GIRLS TEAM
USA
MEXICO
BOYS NATIONAL STYLE
USA & ARGENTINA
ALL SUPER STAR PLAYER

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਚੋਣ ਬਾਰੇ ਸੂਚਨਾ

**ਰਿਚਮੰਡ ਹਿਲ, ਨਿਊ ਯਾਰਕ:** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਵੱਲੋਂ ਗੁਰਦੁਆਰਾ ਸਾਹਿਬ ਦੀ ਹੋਣ ਵਾਲੀ ਚੋਣ ਬਾਰੇ ਜਾਣਕਾਰੀ ਦਿਤੀ ਗਈ ਹੈ। ਉਨ੍ਹਾਂ ਦਸਿਆ ਕਿ ਗੁਰਦੁਆਰਾ ਸਾਹਿਬ ਦੀ ਇਸ ਚੋਣ ਬਾਰੇ 4 ਜੁਲਾਈ ਨੂੰ ਐਲਾਨ ਕਰ ਦਿੱਤਾ ਗਿਆ ਸੀ ਪਰ ਉਸ ਦਿਨ ਚੋਣ ਦੀ ਤਰੀਕ ਨਹੀਂ ਸੀ ਐਲਾਨੀ ਗਈ ਜਦਕਿ ਸੰਵਿਧਾਨ ਅਨੁਸਾਰ ਚੋਣ ਦੀ ਤਰੀਕ ਬਾਰੇ ਸੰਗਤਾਂ ਨੂੰ ਅੱਠ ਹਫਤੇ ਪਹਿਲਾਂ ਦੱਸਣਾ ਜ਼ਰੂਰੀ ਹੈ ਅਤੇ ਜਦੋਂ ਇਹ ਤਰੀਕ ਐਲਾਨੀ ਗਈ, ਉਸ ਸਮੇਂ ਅੱਠ ਹਫਤੇ ਤੋਂ ਘੱਟ ਸਮਾਂ ਰਹਿ ਗਿਆ ਸੀ।

ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਪ੍ਰਕ੍ਰਿਆ ਨੂੰ ਮੁੱਖ ਰੱਖਦਿਆਂ 13 ਸਤੰਬਰ ਨੂੰ ਬੋਰਡ ਆਫ ਟਰੱਸਟ ਦੀ ਮੀਟਿੰਗ ਤੋਂ ਬਾਅਦ ਚੋਣ ਰੱਦ ਕਰ ਦਿੱਤੀ ਗਈ ਸੀ ਅਤੇ ਉਸ ਨੋਟਿਸ ਦੀ ਕਾਪੀ 14 ਸਤੰਬਰ ਨੂੰ ਗੁਰਦੁਆਰਾ ਸਾਹਿਬ ਦੇ ਵਕੀਲ ਦੁਆਰਾ ਕੋਰਟ ਵਿਚ ਦਿੱਤੀ ਗਈ ਸੀ। ਹੁਣ ਜਦੋਂ ਵੀ ਚੋਣ ਦੀ ਤਰੀਕ ਰੱਖੀ ਜਾਵੇਗੀ, ਸੰਗਤਾਂ ਨੂੰ 8-10 ਹਫਤੇ ਪਹਿਲਾਂ ਸੂਚਿਤ ਕਰ ਦਿੱਤਾ ਜਾਵੇਗਾ। ਉਨ੍ਹਾਂ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸਾਰੀ ਸੰਗਤ ਦਾ ਸਾਥ ਦੇਣ ਲਈ ਧੰਨਵਾਦ ਕੀਤਾ ਅਤੇ ਉਮੀਦ ਪ੍ਰਗਟਾਈ ਕਿ ਸੰਗਤ ਦਾ ਸਹਿਯੋਗ ਅਗਾਂਹ ਨੂੰ ਵੀ ਇਸੇ ਤਰ੍ਹਾਂ ਮਿਲਦਾ ਰਹੇਗਾ।

**Punjab Times**
**Ph: 847-359-0746**

# ਸਵਾਰੀਆਂ ਵਲੋਂ ਟੈਕਸੀ ਡਰਾਈਵਰ ਦੀ ਕੁੱਟਮਾਰ ਤੇ ਲੁੱਟ

**ਨਿਊ ਯਾਰਕ (ਬਿਊਰੋ):** ਐਤਵਾਰ 10 ਸਤੰਬਰ ਨੂੰ ਰਾਤ ਤਕਰੀਬਨ 12:35 ਵਜੇ ਨਿਊ ਯਾਰਕ ਸਿਟੀ ਵਿਚ 60 ਸਟਰੀਟ, ਲੈਕਸੀਨਟਨ ਐਵੀਨਿਊ ਅਤੇ 3 ਐਵੀਨਿਊ ਵਿਚਕਾਰ ਚਾਰ ਸਵਾਰੀਆਂ ਜਿਨ੍ਹਾਂ ਵਿਚ ਇਕ ਲੜਕੀ ਵੀ ਸੀ, ਵਲੋਂ ਡਰਾਈਵਰ ਦੇ ਪੈਸੇ ਅਤੇ ਮੋਬਾਈਲ ਫੋਨ ਖੋਹ ਲਏ ਅਤੇ ਬਾਅਦ ਵਿਚ ਉਸ ਦੇ ਮੂੰਹ 'ਤੇ



*ਟੈਕਸੀ ਡਰਾਈਵਰ ਬਲਵਿੰਦਰ ਸਿੰਘ*

ਮੁੱਕੇ ਮਾਰੇ ਅਤੇ ਚਾਕੂ ਨਾਲ ਵੀ ਹਮਲਾ ਕੀਤਾ। ਬਲਵਿੰਦਰ ਸਿੰਘ ਜੋ ਕੁਈਨ ਵਿਚ ਰਹਿੰਦਾ ਹੈ ਅਤੇ ਯੈਲੋ ਟੈਕਸੀ ਚਲਾਉਂਦਾ ਹੈ, ਦੇ ਗੰਭੀਰ ਸੱਟਾਂ ਲੱਗੀਆਂ ਹਨ।

ਪੁਲਿਸ ਨੇ ਡਰਾਈਵਰ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ। ਇਸ ਬਾਰੇ ਰਿਪੋਰਟ ਦਰਜ ਹੋ ਚੁੱਕੀ ਹੈ ਅਤੇ ਜਾਂਚ ਜਾਰੀ ਹੈ। ਦੱਸਣਾ ਬਣਦਾ ਹੈ ਕਿ ਜਦੋਂ ਕਿਸੇ ਵੀ ਟੈਕਸੀ ਡਰਾਈਵਰ ਨਾਲ ਇਸ ਤਰ੍ਹਾਂ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਪੁਲਿਸ ਰਿਪੋਰਟ ਦਰਜ ਕਰਾਉਣੀ ਬਹੁਤ ਜ਼ਰੂਰੀ ਹੈ ਤਾਂਕਿ ਡਰਾਈਵਰਾਂ ਦੀ ਸੁਰੱਖਿਆ ਵਾਸਤੇ ਹੋਰ ਵੀ ਕਾਨੂੰਨ ਸਖਤ ਕਰਵਾਏ ਜਾ ਸਕਣ।

# Matrimonials

## ਵਰ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 34-37

## ਲੜਕੀ ਦੀ ਲੋੜ ਹੈ

27 ਸਾਲਾ, 5'-9", ਗਰੇਵਾਲ, ਅਮਰੀਕਨ ਸਿਟੀਜ਼ਨ, ਮਾਸਟਰ ਡਿਗਰੀ ਪ੍ਰਾਪਤ ਇੰਜੀਨੀਅਰ ਚੰਗੀ ਨੌਕਰੀ ਕਰ ਰਹੇ ਅੰਮ੍ਰਿਤਧਾਰੀ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਲੜਕਾ ਪਰਿਵਾਰ ਸਮੇਤ ਬੇਅ ਏਰੀਆ, ਕੈਲੀਫੋਰਨੀਆ ਰਹਿੰਦਾ ਹੈ। ਸੰਪਰਕ ਕਰੋ, ਫੋਨ: 408-505-0456 grewalsj408@gmail.com 34-37

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

## ਲੜਕੀ ਦੀ ਲੋੜ ਹੈ

ਅਮਰੀਕੀ ਗਰੀਨ ਕਾਰਡ ਹੋਲਡਰ ਜੱਟ ਸਿੱਖ, 28 ਸਾਲ, 6 ਫੁੱਟ ਲੜਕੇ ਲਈ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਉਸ ਦੇ ਵੱਡੇ ਭਰਾ 31 ਸਾਲ, 6 ਫੁੱਟ (ਭਾਰਤ) ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਤਸਵੀਰ ਤੇ ਵੇਰਵੇ ਸਮੇਤ ਸੰਪਰਕ ਕਰੋ: jdeep9801@gmail.com 36-39

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-328-5102 (USA) or email: Er.pawandeep23@gmail.com 35-38

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 33-36

*wwwpunjabtimesusa.com*

## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਪਤੀ-ਪਤਨੀ ਨੂੰ ਪਹਿਲ

*ਸੰਪਰਕ ਕਰੋ: ਮਿ. ਸਿੰਘ*

**ਫੋਨ: 515-291-1961**

37-38

## ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ

ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।

ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।

**In person : Ajanta Grocers and Carryout**
**3227 South Blvd, Auburn Hills, MI**

**Call: 248-260-7425 (Bal)**
**519-564-2515 (Preeti)**

36-

## ਸੰਘ ਦੀ ਕਾਂਗਰਸ ਪ੍ਰਤੀ ਸੁਰ ਨਰਮ

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਉਨ੍ਹਾਂ ਦਾ ਸੰਗਠਨ ਹਿੰਦੂ ਸਮਾਜ ਨੂੰ ਇਕਜੁੱਟ ਕਰਨ ਅਤੇ ਚਰਿੱਤਰ ਨਿਰਮਾਣ ਵਿਚ ਜੁਟਿਆ ਹੋਇਆ ਹੈ। ਸੰਘ ਦੇਸ਼ ਦੇ ਹਰ ਪਿੰਡ ਅਤੇ ਗਲੀ ਵਿਚ ਚੰਗੇ ਸਵੈਮ ਸੇਵਕ ਬਣਾਉਣਾ ਚਾਹੁੰਦਾ ਹੈ।

ਇਥੇ ਵਿਗਿਆਨ ਭਵਨ ਵਿਚ 'ਭਵਿੱਖ ਦਾ ਭਾਰਤ: ਆਰ.ਐਸ.ਐਸ. ਦਾ ਦ੍ਰਿਸ਼ਟੀਕੋਣ' ਵਿਸ਼ੇ ਉਤੇ ਕਰਵਾਏ ਤਿੰਨ ਦਿਨਾਂ ਸਮਾਗਮ ਮੌਕੇ ਸ੍ਰੀ ਭਾਗਵਤ ਨੇ ਸੰਘ ਦੇ ਵਿਸ਼ੇ ਵਿਚ ਵਿਸਥਾਰਤ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਕਾਂਗਰਸ ਪਾਰਟੀ ਪ੍ਰਤੀ ਆਪਣੀ ਸੁਰ ਨਰਮ ਰੱਖੀ। ਸੰਘ ਮੁਖੀ ਨੇ ਕਿਹਾ ਕਿ ਕਾਂਗਰਸ ਨੇ ਸੁਤੰਤਰਤਾ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਭਾਰਤ ਨੂੰ ਕਈ ਮਹਾਨ ਵਿਅਕਤੀ ਦਿੱਤੇ।

## ਤੰਦੂਰੀ ਸ਼ੈਫ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀ ਸ਼ੈਫ ਅਤੇ ਵੇਟਰ ਦੀ ਫੌਰੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ*

**ਫੋਨ: 757-240-9348**

37-39

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email:
Homeomedicine@yahoo.com

**7021 Village Park Way, Dublin, CA 94568**

## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

**Raj Jamarai Cell:734-644-1010 Office:734-747-4298**

# ਭਗੌੜੇ ਵਿਜੈ ਮਾਲਿਆ ਦੇ ਖੁਲਾਸੇ ਨੇ ਬੁਰੀ ਫਸਾਈ ਮੋਦੀ ਸਰਕਾਰ

**ਨਵੀਂ ਦਿੱਲੀ:** ਭਗੌੜੇ ਕਾਰੋਬਾਰੀ ਵਿਜੈ ਮਾਲਿਆ ਦੇ ਖੁਲਾਸਿਆਂ ਨੇ ਮੋਦੀ ਸਰਕਾਰ ਨੂੰ ਬੁਰਾ ਫਸਾ ਦਿੱਤਾ ਹੈ। ਮਾਲਿਆ ਨੇ ਦਾਅਵਾ ਕੀਤਾ ਹੈ ਕਿ ਵਿਦੇਸ਼ ਭੱਜਣ ਤੋਂ ਪਹਿਲਾਂ ਉਹ ਸਰਕਾਰ ਦੇ ਸੰਪਰਕ ਵਿਚ ਸੀ। ਇਸ ਪਿੱਛੋਂ ਕਾਂਗਰਸ ਅਤੇ ਭਾਜਪਾ ਦੇ ਸਿੰਙ ਫਸ ਗਏ ਹਨ। ਦੋਵਾਂ ਪਾਰਟੀਆਂ ਵਿਚਕਾਰ ਤਿੱਖੀ ਸ਼ਬਦੀ ਜੰਗ ਛਿੜ ਗਈ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਮਾਲਿਆ ਵੱਲੋਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਦੇ ਬਿਆਨ ਬਾਅਦ ਕੇਂਦਰੀ ਮੰਤਰੀ ਤੋਂ ਅਸਤੀਫ਼ਾ ਮੰਗ ਲਿਆ ਹੈ।


ਇਸ ਤੋਂ ਬਾਅਦ ਭਾਜਪਾ ਨੇ ਜਵਾਬੀ ਹਮਲਾ ਕਰਦਿਆਂ ਕਾਂਗਰਸ ਉਤੇ ਮਾਲਿਆ ਦੀ ਹਵਾਬਾਜ਼ੀ ਕੰਪਨੀ ਕਿੰਗਫਿਸ਼ਰ ਨੂੰ ਨਿਯਮ ਛਿੱਕੇ ਟੰਗ ਕੇ ਕਰਜ਼ ਦੇਣ ਦਾ ਦੋਸ਼ ਲਾਇਆ ਹੈ। ਇਸ ਦੇ ਨਾਲ ਹੀ ਸ੍ਰੀ ਜੇਤਲੀ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ 2014 ਤੋਂ ਮਾਲਿਆ ਨੂੰ ਕਦੇ ਵੀ ਮਿਲਣ ਲਈ ਸਮਾਂ ਹੀ ਨਹੀਂ ਦਿੱਤਾ ਤੇ ਉਨ੍ਹਾਂ ਨੇ ਰਾਜ ਸਭਾ ਮੈਂਬਰ ਹੁੰਦਿਆਂ ਉਨ੍ਹਾਂ ਨੂੰ ਮਿਲਣ ਲਈ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ। ਅਰਬਪਤੀ ਭਗੌੜੇ ਅਤੇ ਕਿੰਗਫਿਸ਼ਰ ਦੇ ਸਾਬਕਾ ਮਾਲਕ ਵਿਜੈ ਮਾਲਿਆ ਨੇ ਲੰਡਨ ਵਿਚ ਕਿਹਾ ਸੀ ਕਿ ਉਹ ਭਾਰਤ ਛੱਡਣ ਤੋਂ ਪਹਿਲਾਂ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲਿਆ ਸੀ ਅਤੇ ਵਿੱਤੀ ਦੇਣਦਾਰੀਆਂ ਦੇ ਮਾਮਲੇ ਨਿਬੇੜਨ ਦੀ ਅਪੀਲ ਕੀਤੀ ਸੀ।

ਇਸ ਬਿਆਨ ਨੂੰ ਵਿੱਤ ਮੰਤਰੀ ਨੇ ਝੂਠ ਕਹਿ ਕੇ ਰੱਦ ਕਰ ਦਿੱਤਾ ਹੈ। ਆਪਣੇ ਦਾਅਵੇ ਨੂੰ ਮਜ਼ਬੂਤ ਕਰਨ ਦੇ ਲਈ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਸੰਸਦ ਮੈਂਬਰ ਪੀ.ਐਲ ਪੂਨੀਆ ਨੇ ਜੇਤਲੀ ਨੂੰ ਸੰਸਦ ਦੇ ਕੇਂਦਰੀ ਹਾਲ ਵਿਚ ਪਹਿਲੀ ਮਾਰਚ 2016 ਨੂੰ ਬੈਠਿਆਂ ਦੇਖਿਆ ਸੀ ਤੇ ਉਨ੍ਹਾਂ ਦੇ ਹਾਵ-ਭਾਵ ਤੋਂ ਜਾਪਦਾ ਸੀ ਕਿ ਉਹ ਕੋਈ ਗੰਭੀਰ ਗੱਲਬਾਤ ਕਰ ਰਹੇ ਹਨ।

ਸ੍ਰੀ ਪੂਨੀਆ ਨੇ ਕਿਹਾ ਕਿ ਤਿੰਨ ਮਾਰਚ ਨੂੰ ਉਨ੍ਹਾਂ ਖਬਰਾਂ ਵਿਚ ਸੁਣਿਆ ਕਿ ਮਾਲਿਆ ਦੋ ਮਾਰਚ ਨੂੰ ਦੇਸ਼ ਛੱਡ ਕੇ ਭੱਜ ਗਿਆ ਹੈ। ਉਨ੍ਹਾਂ ਆਪਣੇ ਦਾਅਵੇ ਨੂੰ ਮਜ਼ਬੂਤ ਕਰਦਿਆਂ ਕਿਹਾ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵੀ ਦੇਖੀ ਜਾ ਸਕਦੀ ਹੈ, ਜੇ ਉਹ ਗਲਤ ਹੋਏ ਤਾਂ ਉਹ ਅਸਤੀਫਾ ਦੇ ਦੇਣਗੇ। ਰਾਹੁਲ ਨੇ ਜੇਤਲੀ ਉਤੇ ਹਮਲਾ ਤੇਜ਼ ਕਰਦਿਆਂ ਕਿਹਾ ਹੈ ਕਿ ਜੇਤਲੀ ਸੀ.ਸੀ.ਟੀ.ਵੀ. ਫੁਟੇਜ ਦੇਖ ਸਕਦੇ ਹਨ ਤੇ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੇਤਲੀ ਨੇ ਮਾਲਿਆ ਨੂੰ ਦੇਸ਼ ਵਿਚੋਂ ਬਚ ਨਿਕਲਣ ਲਈ ਰਸਤਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਢਾਈ ਕੁ ਸਾਲ ਪਹਿਲਾਂ ਮਾਲਿਆ ਇਸ ਕਰ ਕੇ ਇਕਦਮ ਦੇਸ਼ 'ਚੋਂ ਭੱਜਿਆ ਸੀ ਕਿਉਂਕਿ ਉਸ ਨੂੰ ਪਤਾ ਲੱਗ ਚੁੱਕਿਆ ਸੀ ਕਿ ਹੁਣ ਉਸ 'ਤੇ ਅਦਾਲਤਾਂ ਰਾਹੀਂ ਘੇਰਾ ਪੈਣ ਲੱਗਾ ਹੈ। ਉਸ 'ਤੇ ਇੰਗਲੈਂਡ ਦੀ ਅਦਾਲਤ 'ਚ ਇਸ ਸਬੰਧੀ ਮੁਕੱਦਮਾ ਚੱਲ ਰਿਹਾ ਹੈ। ਉਹ ਹਾਲੇ ਤੱਕ ਕਿਸੇ ਨਾ ਕਿਸੇ ਤਰ੍ਹਾਂ ਹਵਾਲਗੀ ਤੋਂ ਬਚਦਾ ਆ ਰਿਹਾ ਹੈ।

ਇਸ ਸਬੰਧੀ ਪਹਿਲਾਂ ਅਰੁਣ ਜੇਤਲੀ ਦੇ ਹਵਾਲੇ ਨਾਲ ਇਹ ਜਾਣਕਾਰੀ ਸਾਹਮਣੇ ਆਈ ਸੀ ਕਿ ਉਹ ਪਾਰਲੀਮੈਂਟ ਦੇ ਸੰਸਦ ਹਾਲ ਵਿਚ ਥੋੜ੍ਹੇ ਜਿਹੇ ਸਮੇਂ ਲਈ ਜੇਤਲੀ ਨੂੰ ਮਿਲਿਆ ਸੀ। ਪਰ ਹੁਣ ਭਾਜਪਾ ਨੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਅਤੇ ਸੀਨੀਅਰ ਕਾਂਗਰਸੀ ਆਗੂ ਪੂਨੀਆ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਜਿਸ ਦਿਨ ਦੀ ਗੱਲ ਪੂਨੀਆ ਕਰ ਰਹੇ ਹਨ, ਉਸ ਦਿਨ ਅਰੁਣ ਜੇਤਲੀ ਪਾਰਲੀਮੈਂਟ ਦੇ ਸੈਂਟਰਲ ਹਾਲ ਵਿਚ ਗਏ ਹੀ ਨਹੀਂ ਸਨ।



## ਮਾਲਿਆ ਖਿਲਾਫ ਦੋਸ਼ ਪੱਤਰ ਦਾਖਲ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਖਿਲਾਫ਼ ਸੀ.ਬੀ.ਆਈ. ਇਕ ਮਹੀਨੇ ਦੇ ਅੰਦਰ ਦੋਸ਼ ਪੱਤਰ ਦਾਖਲ ਕਰ ਸਕਦੀ ਹੈ। ਸੂਤਰਾਂ ਮੁਤਾਬਕ ਕਿੰਗਫਿਸ਼ਰ ਏਅਰਲਾਈਨਜ਼ ਨੂੰ ਕਰਜ਼ਾ ਦੇਣ ਦੇ ਮਾਮਲੇ ਨਾਲ ਜੁੜੇ ਸੀਨੀਅਰ ਬੈਂਕ ਅਧਿਕਾਰੀਆਂ ਨੂੰ ਵੀ ਚਾਰਜਸ਼ੀਟ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਸਟੇਟ ਬੈਂਕ ਆਫ ਇੰਡੀਆ ਦੀ ਅਗਵਾਈ ਵਿਚ 17 ਬੈਂਕਾਂ ਵੱਲੋਂ ਏਅਰਲਾਈਨਜ਼ ਨੂੰ ਦਿੱਤੇ 6,000 ਕਰੋੜ ਰੁਪਏ ਦੇ ਕਰਜ਼ੇ ਦੇ ਮਾਮਲੇ ਵਿਚ ਇਹ ਪਹਿਲੀ ਚਾਰਜਸ਼ੀਟ ਹੋਵੇਗੀ।

# ਐਮਰਜੈਂਸੀ ਅਤੇ ਸਾਕਾ ਨੀਲਾ ਤਾਰਾ ਇੰਦਰਾ ਦੀਆਂ ਗੰਭੀਰ ਗਲਤੀਆਂ ਕਰਾਰ

**ਨਵੀਂ ਦਿੱਲੀ:** ਕਾਂਗਰਸ ਦੇ ਪੁਰਾਣੇ ਤੇ ਤਜਰਬੇਕਾਰ ਨੇਤਾ ਤੇ ਸਾਬਕਾ ਵਿਦੇਸ਼ ਮੰਤਰੀ ਕੇ. ਨਟਵਰ ਸਿੰਘ ਦਾ ਮੰਨਣਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਨੇ 1975 'ਚ ਐਮਰਜੈਂਸੀ ਲਾਗੂ ਕਰ ਕੇ ਤੇ 1984 'ਚ ਸਾਕਾ ਨੀਲਾ ਤਾਰਾ ਦੀ ਆਗਿਆ ਦੇ ਕੇ 2 ਗੰਭੀਰ ਗਲਤੀਆਂ ਕੀਤੀਆਂ ਸਨ ਪਰ ਇਸ ਦੇ ਬਾਵਜੂਦ ਉਹ ਇਕ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਤੇ ਵਿਚਾਰਸ਼ੀਲ ਮਨੁੱਖਵਾਦੀ ਸਨ।



ਨਟਵਰ ਸਿੰਘ ਨੇ 1966 ਤੋਂ 1971 ਤੱਕ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਹੁੰਦਿਆਂ ਸਿਵਲ ਸੇਵਾ ਦੇ ਅਧਿਕਾਰੀ ਦੇ ਤੌਰ ਉਤੇ ਆਪਣੀਆਂ ਸੇਵਾਵਾਂ ਦਿੱਤੀਆਂ ਸਨ। 1980 ਦੇ ਦਹਾਕੇ ਵਿਚ ਉਹ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਰਾਜੀਵ ਗਾਂਧੀ ਸਰਕਾਰ 'ਚ ਕੈਬਨਿਟ ਮੰਤਰੀ ਬਣੇ।

ਸਾਬਕਾ ਵਿਦੇਸ਼ ਮੰਤਰੀ ਨੇ ਆਪਣੀ ਕਿਤਾਬ 'ਟ੍ਰੇਜ਼ਰ ਪੀਪਲ' ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਾਰੇ ਲਿਖਿਆ ਹੈ ਕਿ ਉਹ ਇਕ ਖੂਬਸੂਰਤ, ਖਿਆਲ ਰੱਖਣ ਵਾਲੀ ਵਧੀਆ ਇਨਸਾਨ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਕਰ ਕੇ ਉਨ੍ਹਾਂ ਦਾ ਦੁਨੀਆਂ ਦੇਖਣ ਦਾ ਨਜ਼ਰੀਆ ਕਾਫੀ ਬਦਲ ਗਿਆ ਹੈ।

# ਜੇ. ਐਨ. ਯੂ. ਵਿਦਿਆਰਥੀ ਚੋਣਾਂ ਵਿਚ ਵੀ ਕਾਮਰੇਡਾਂ ਦਾ ਦਬਦਬਾ

**ਨਵੀਂ ਦਿੱਲੀ:** ਦੇਸ਼ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ ਵਿਚੋਂ ਇਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਵੀ ਕਾਮਰੇਡੀ ਲਹਿਰ ਚੱਲੀ ਹੈ। ਇਥੇ ਦੇਸ਼ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਵਿਦਿਆਰਥੀ ਪਾਰਟੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨੂੰ 'ਲੈਫਟ ਯੂਨਿਟੀ' ਨੇ ਕਰਾਰੀ ਮਾਤ ਦਿੱਤੀ ਹੈ।

ਕੁਝ ਇਹੋ ਜਿਹਾ ਵਰਤਾਰਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵੀ ਵਾਪਰਿਆ ਸੀ, ਜਿਥੇ ਕਾਮਰੇਡੀ ਵਿਚਾਰਾਂ ਨਾਲ ਸਬੰਧ ਰੱਖਣ ਵਾਲੀ ਸਟੂਡੈਂਟ ਫਾਰ ਸੁਸਾਇਟੀ ਤੋਂ ਯੂਨੀਵਰਸਿਟੀ ਦੇ ਇਤਿਹਾਸ ਵਿਚ ਪਹਿਲੀ ਵਾਰ ਕੋਈ ਕੁੜੀ ਕਨੂੰਪ੍ਰਿਆ ਪ੍ਰਧਾਨ ਚੁਣੀ ਗਈ।

ਜੇ.ਐਨ.ਯੂ. ਵਿਚ ਐਨ. ਸਾਈ ਬਾਲਾ ਜੀ ਨੇ ਏ.ਬੀ.ਵੀ.ਪੀ. ਦੇ ਉਮੀਦਵਾਰ ਲਲਿਤ ਪਾਂਡੇ ਨੂੰ 2,191 ਵੋਟਾਂ ਦੇ ਫਰਕ ਨਾਲ ਹਰਾ ਕੇ ਵਿਦਿਆਰਥੀ ਪ੍ਰਧਾਨ ਦਾ ਅਹੁਦਾ ਹਾਸਲ ਕੀਤਾ। ਉਪ ਪ੍ਰਧਾਨ ਦੀ ਚੋਣ ਵੀ 'ਲੈਫਟ ਯੂਨਿਟੀ' ਨੇ ਹੀ ਜਿੱਤੀ ਹੈ। ਪਾਰਟੀ ਦੀ ਉਮੀਦਵਾਰ ਸਾਰਿਕਾ ਨੇ ਏ.ਬੀ.ਵੀ.ਪੀ. ਦੀ ਗੀਤਾਸ਼੍ਰੀ ਨੂੰ 1570 ਵੋਟਾਂ ਨਾਲ ਮਾਤ ਦਿੱਤੀ। ਇਸੇ ਤਰ੍ਹਾਂ ਜਨਰਲ ਸਕੱਤਰ ਦੇ ਅਹੁਦੇ ਲਈ 'ਲੈਫਟ ਯੂਨਿਟੀ' ਦੇ ਉਮੀਦਵਾਰ ਏਜਾਜ਼ ਨੂੰ 2,426 ਵੋਟਾਂ ਮਿਲੀਆਂ ਜਦਕਿ ਏ.ਬੀ.ਵੀ.ਪੀ. ਦੇ ਉਮੀਦਵਾਰ ਗਣੇਸ਼ ਨੂੰ 1,235 ਵੋਟਾਂ ਪਈਆਂ। ਸੰਯੁਕਤ ਸਕੱਤਰ ਦੇ ਅਹੁਦੇ ਲਈ ਵੀ 'ਲੈਫਟ ਯੂਨਿਟੀ' ਦੇ ਜੈਦੀਪ ਨੇ 2,047 ਵੋਟਾਂ ਹਾਸਲ ਕੀਤੀਆਂ ਤੇ ਏ.ਬੀ.ਵੀ.ਪੀ. ਦੇ ਵੈਂਕਟ ਦੂਬੇ ਨੂੰ 757 ਵੋਟਾਂ ਨਾਲ ਮਾਤ ਦਿੱਤੀ।

ਜਿੱਤ ਤੋਂ ਬਾਅਦ 'ਲੈਫਟ ਯੂਨਿਟੀ' ਦੀ ਸਾਰਿਕਾ ਨੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਇਹ ਜਿੱਤ ਜੇ.ਐਨ.ਯੂ. ਦੀਆਂ ਜਮਹੂਰੀ ਕਦਰਾਂ-ਕੀਮਤਾਂ ਦੀ ਜਿੱਤ ਹੈ। ਯੂਨੀਵਰਸਿਟੀ ਦੇ ਕੁੱਲ 7,650 ਵੋਟਰਾਂ ਵਿਚੋਂ 5,185 ਜਣਿਆਂ ਨੇ ਮਤਦਾਨ ਕੀਤਾ ਦੇ 'ਲੈਫਟ ਯੂਨਿਟੀ' ਦੇ ਪੱਖ ਵਿਚ ਫਤਵਾ ਦੇ ਦਿੱਤਾ। ਇਸ ਵਾਰ ਜੇ.ਐਨ.ਯੂ. ਵਿਚ ਪ੍ਰਧਾਨ ਦੇ ਅਹੁਦੇ ਲਈ ਕੁੱਲ ਅੱਠ ਉਮੀਦਵਾਰ ਮੈਦਾਨ ਵਿਚ ਸਨ, ਜਿਨ੍ਹਾਂ ਵਿਚ ਕਾਂਗਰਸ ਦੀ ਵਿਦਿਆਰਥੀ ਪਾਰਟੀ ਕਾਂਗਰਸ ਸਮਰਥਕ ਭਾਰਤੀ ਕੌਮੀ ਵਿਦਿਆਰਥੀ ਸੰਗਠਨ (ਐਨ. ਐਸ. ਯੂ. ਆਈ.) ਦਾ ਉਮੀਦਵਾਰ ਵੀ ਸ਼ਾਮਲ ਸੀ, ਪਰ




ਖੱਬੇ ਪੱਖੀ ਵਿਦਿਆਰਥੀ ਪਾਰਟੀਆਂ ਆਇਸਾ, ਏ.ਆਈ.ਐਸ.ਐਫ., ਐਸ.ਐਫ.ਆਈ. ਤੇ ਡੀ.ਐਸ.ਐਫ. ਨੇ ਗੱਠਜੋੜ ਕਰ ਕੇ ਕੌਮਾਂਤਰੀ ਅਧਿਐਨ (ਇੰਟਰਨੈਸ਼ਨਲ ਸਟੱਡੀਜ਼) ਦੇ ਵਿਦਿਆਰਥੀ ਐਨ. ਸਾਈ ਬਾਲਾ ਜੀ ਨੂੰ ਪ੍ਰਧਾਨ ਅਹੁਦੇ ਲਈ ਉਮੀਦਵਾਰ ਚੁਣਿਆ ਸੀ।

# ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਬਾਰੇ ਨੇਕ-ਨੀਅਤ ਨਹੀਂ ਮੋਦੀ ਸਰਕਾਰ

**ਚੰਡੀਗੜ੍ਹ:** ਕੇਂਦਰ ਸਰਕਾਰ ਫਸਲ ਖਰੀਦ ਸਬੰਧੀ ਨਵੀਂ ਨੀਤੀ ਦਾ ਐਲਾਨ ਕਰ ਕੇ 2022 ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵੱਲ ਇਕ ਹੋਰ ਕਦਮ ਵਧਾਉਣ ਦਾ ਦਾਅਵਾ ਕੀਤਾ ਹੈ। ਨੀਤੀ ਦਾ ਨਾਮ 'ਪ੍ਰਧਾਨ ਮੰਤਰੀ ਅੰਨਦਾਤਾ ਆਯ ਸੰਰਕਸ਼ਨ ਅਭਿਆਨ' ਰੱਖਿਆ ਗਿਆ ਹੈ। ਨੀਤੀ ਲਾਗੂ ਕਰਨ ਲਈ ਅਗਲੇ ਦੋ ਸਾਲਾਂ ਵਾਸਤੇ 15053 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਮੰਡੀ ਵਿਚ ਜਿਨ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਭਾਅ ਮਿਲਦਾ ਹੈ, ਉਸ ਅੰਤਰ ਦੀ ਪੂਰਤੀ ਸਰਕਾਰ ਕਰੇਗੀ।

ਦੂਜੇ ਪਾਸੇ ਕਿਸਾਨ ਆਗੂਆਂ ਨੇ ਨਵੀਂ ਫਸਲ ਖਰੀਦ ਨੀਤੀ 'ਤੇ ਸਵਾਲ ਉਠਾਏ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਐਲਾਨੀ ਨਵੀਂ ਫਸਲ ਖਰੀਦ ਨੀਤੀ ਨਾਲ ਕਿਸਾਨਾਂ ਨੂੰ ਕੋਈ ਬਹੁਤਾ ਫਾਇਦਾ ਹੋਣ ਵਾਲਾ ਨਹੀਂ, ਬਲਕਿ ਆਉਣ ਵਾਲੇ ਸਮੇਂ 'ਚ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵੱਧ ਸਕਦੀਆਂ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਅਸਲ 'ਚ ਸਰਕਾਰ ਨਵੀਂ ਨੀਤੀ ਤਹਿਤ ਫਸਲਾਂ ਦੇ ਮੰਡੀਕਰਨ ਤੋਂ ਆਪਣੇ ਹੱਥ ਪਿੱਛੇ ਖਿੱਚ ਕੇ ਇਹ ਕੰਮ ਨਿੱਜੀ ਕੰਪਨੀਆਂ ਨੂੰ ਸੌਂਪਣ ਦੀ ਤਿਆਰੀ ਵਿਚ ਹੈ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਨਵੀਂ ਫਸਲ ਖਰੀਦ ਨੀਤੀ ਨੂੰ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਇਹ ਸਭ ਕੁਝ ਵਿਸ਼ਵ ਵਪਾਰ ਸੰਗਠਨ ਤੇ ਅਮਰੀਕਾ ਦੇ ਦਬਾਅ ਹੇਠ ਕੀਤਾ ਜਾ ਰਿਹਾ ਹੈ, ਜਦਕਿ ਇਸ ਨਾਲ ਕਿਸਾਨਾਂ ਨੂੰ ਕੋਈ ਫਾਇਦਾ ਹੋਣ ਵਾਲਾ ਨਹੀਂ। ਅਮਰੀਕਾ ਵੱਲੋਂ ਲਾਈਆਂ ਸ਼ਰਤਾਂ ਤੋਂ ਬਚਣ ਲਈ ਸਰਕਾਰ ਵੱਲੋਂ ਇਹ ਨਵਾਂ ਪੈਂਤੜਾ ਖੇਡਿਆ ਗਿਆ ਹੈ।

ਖੇਤੀਬਾੜੀ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ 'ਚ ਇਸ ਨਵੀਂ ਨੀਤੀ 'ਚ ਕਿਸਾਨਾਂ ਲਈ ਕੁਝ ਵੀ ਨਹੀਂ ਹੈ ਤੇ ਸਿਰਫ ਵੱਡੇ-ਵੱਡੇ ਸਬਜ਼ਬਾਗ ਹੀ ਦਿਖਾਏ ਗਏ ਹਨ। ਦੇਸ਼ 'ਚ ਇਕ ਫੀਸਦੀ ਆਬਾਦੀ ਉਨ੍ਹਾਂ ਲੋਕਾਂ ਦੀ ਹੈ, ਜੋ ਤਨਖਾਹ 'ਤੇ ਗੁਜ਼ਾਰਾ ਕਰਦੇ ਹਨ ਤੇ ਉਨ੍ਹਾਂ ਲਈ 7ਵੇਂ ਤਨਖਾਹ ਕਮਿਸ਼ਨ ਵੱਲੋਂ 4.80 ਲੱਖ ਕਰੋੜ ਰੁਪਏ ਰੱਖੇ ਗਏ ਹਨ, ਜਦਕਿ ਕਿਸਾਨ ਜੋ 52 ਫੀਸਦੀ ਹਨ ਲਈ ਸਰਕਾਰ ਵੱਲੋਂ ਅਗਲੇ ਦੋ ਸਾਲਾਂ ਲਈ 15 ਹਜ਼ਾਰ ਕਰੋੜ ਰੱਖੇ ਗਏ ਹਨ, ਜਿਸ ਤੋਂ ਸਾਫ ਹੈ ਕਿ ਸਰਕਾਰ ਦੀ ਨੀਤੀ ਕਿਸਾਨਾਂ ਪ੍ਰਤੀ ਸਾਫ ਨਹੀਂ ਹੈ। ਅਸਲ 'ਚ ਕੇਂਦਰ ਸਰਕਾਰ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਤੋਂ ਭੱਜ ਰਹੀ ਹੈ। ਜੇਕਰ ਸਰਕਾਰ ਕਿਸਾਨ ਪੱਖੀ ਹੁੰਦੀ ਤਾਂ ਸਿੱਧਾ ਘੱਟੋ-ਘੱਟ ਸਮਰਥਨ ਮੁੱਲ ਨੂੰ ਵਧਾਉਂਦੀ, ਜਿਸ ਅਨੁਸਾਰ ਝੋਨੇ ਦਾ ਮੁੱਲ ਹੀ 2460 ਰੁਪਏ ਦੇ ਕਰੀਬ ਬਣਦਾ ਹੈ। ਸਰਕਾਰ ਵੱਲੋਂ ਮੱਕੀ ਦਾ ਭਾਅ 1700 ਰੁਪਏ ਫੀ ਕੁਇੰਟਲ ਐਲਾਨਿਆ ਗਿਆ ਸੀ ਪਰ ਕਿਸਾਨਾਂ ਦੀ ਫਸਲ 1000 ਰੁਪਏ ਤੋਂ ਵੱਧ ਨਹੀਂ ਵਿਕ ਸਕੀ।



## ਨਰੇਂਦਰ ਮੋਦੀ ਦਾ ਐਲਾਨ ਆਲੋਚਨਾ ਦੇ ਘੇਰੇ ਵਿਚ

ਸਰਕਾਰ ਦਾ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਉਤਪਾਦਨ ਲਾਗਤ ਵਿਚ 50 ਫੀਸਦੀ ਜੋੜ ਕੇ ਦੇਣ ਦਾ ਐਲਾਨ ਵੀ ਮਾਹਿਰਾਂ ਦੀ ਆਲੋਚਨਾ ਦੇ ਘੇਰੇ ਵਿਚ ਹੈ ਕਿਉਂਕਿ ਉਤਪਾਦਨ ਲਾਗਤ ਵਿਚ ਜ਼ਮੀਨ ਦਾ ਪੂਰਾ ਠੇਕਾ ਅਤੇ ਪ੍ਰਬੰਧਕੀ ਹੁਨਰ ਨੂੰ ਛੱਡ ਦਿੱਤਾ ਗਿਆ ਹੈ। ਨੀਤੀ ਆਯੋਗ ਨੇ ਅਪਰੈਲ 2018 ਵਿਚ ਅਜਿਹੀ ਸਕੀਮ ਦੀ ਤਜਵੀਜ਼ ਪੇਸ਼ ਕੀਤੀ ਸੀ। ਇਸ ਵਿਚ ਘੱਟੋ ਘੱਟ ਖਰੀਦ ਮੁੱਲ ਦੇ ਅੰਤਰ ਦੀ ਪੂਰਤੀ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਦਾ ਹਿੱਸਾ 60:40 ਦੇ ਹਿਸਾਬ ਨਾਲ ਰੱਖਿਆ ਸੀ। ਨਵੀਂ ਨੀਤੀ ਵਿਚ ਕੇਂਦਰ ਅਤੇ ਰਾਜਾਂ ਦੀ ਕੀ ਭੂਮਿਕਾ ਹੋਵੇਗੀ ਅਜੇ ਤੱਕ ਕੁਝ ਸਪਸ਼ਟ ਨਹੀਂ ਕੀਤਾ ਗਿਆ ਹੈ। ਸਪਸ਼ਟਤਾ ਦੀ ਕਮੀ ਖਦਸ਼ਿਆਂ ਨੂੰ ਵਧਾ ਰਹੀ ਹੈ।

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਕੇਂਦਰ ਦੀ ਨਵੀਂ ਫਸਲ-ਖਰੀਦ ਨੀਤੀ ਨੂੰ ਮੁੱਢੋਂ ਰੱਦ ਕਰਦਿਆਂ ਇਸ ਨੂੰ ਨਿੱਜੀ ਕੰਪਨੀਆਂ ਤੇ ਵੱਡੇ ਵਪਾਰੀਆਂ ਦੁਆਰਾ ਫਸਲਾਂ ਦੀ ਅੰਨ੍ਹੀ ਲੁੱਟ ਵੱਲ ਸੇਧਤ ਦੱਸਿਆ ਗਿਆ ਹੈ। ਇਸ ਨੀਤੀ ਮੁਤਾਬਕ ਘੱਟੋ-ਘੱਟ ਸਮਰਥਨ ਮੁੱਲ ਸੂਚੀ 'ਚ ਸ਼ਾਮਲ 23 ਫਸਲਾਂ ਦੀ ਨਿੱਜੀ ਖਰੀਦ ਕਾਰਨ ਪੈਣ ਵਾਲੇ ਘਾਟੇ ਦੀ ਪੂਰਤੀ ਕਰਨ ਦੀ ਗਰੰਟੀ ਕੁੱਲ ਫਸਲ ਉਤਪਾਦਨ ਦੇ 25 ਫੀਸਦੀ ਤੱਕ ਸੀਮਤ ਹੋਵੇਗੀ, ਜਿਸ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਸਿਰਫ ਜਗੀਰਦਾਰ ਤੇ ਵੱਡੇ ਧਨੀ ਕਿਸਾਨ ਹੀ ਇਸ ਦੇ ਹੱਕਦਾਰ ਹੋਣਗੇ।

ਹੁਣ ਤੱਕ ਸਰਕਾਰ ਕੇਵਲ ਦੋ ਫਸਲਾਂ ਝੋਨਾ ਅਤੇ ਕਣਕ ਦੀ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਰੰਟੀ ਕਰਦੀ ਹੈ। ਬਾਕੀ 21 ਫਸਲਾਂ ਦਾ ਮੁੱਲ ਤਾਂ ਐਲਾਨਿਆ ਜਾਂਦਾ ਹੈ ਪਰ ਖਰੀਦ ਦੀ ਗਰੰਟੀ ਨਹੀਂ ਹੁੰਦੀ। ਇਹ ਸ਼ੰਕਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਨਿੱਜੀ ਏਜੰਸੀਆਂ ਨੂੰ ਮੰਡੀ ਵਿਚ ਪਾਇਲਟ ਪ੍ਰੋਜੈਕਟ ਵਜੋਂ ਸ਼ਾਮਿਲ ਕਰਨਾ ਸਮੁੱਚੇ ਖਰੀਦ ਪ੍ਰਬੰਧ ਦੇ ਨਿੱਜੀਕਰਨ ਵੱਲ ਵਧਣ ਦੇ ਸੰਕੇਤ ਹਨ।

ਸ਼ਾਂਤਾ ਕੁਮਾਰ ਕਮੇਟੀ ਨੇ ਐਫ.ਸੀ.ਆਈ. ਨੂੰ ਭੰਗ ਕਰਨ ਅਤੇ ਜਨਤਕ ਵੰਡ ਪ੍ਰਣਾਲੀ ਲਈ ਲੋੜੀਂਦਾ ਕਣਕ-ਝੋਨਾ ਖਰੀਦਣ ਦੀ ਸਿਫਾਰਸ਼ ਕੀਤੀ ਹੋਈ ਹੈ। ਵਿਸ਼ਵ ਵਪਾਰ ਸੰਗਠਨ ਦੀ ਮੰਤਰੀ ਪੱਧਰੀ ਮੀਟਿੰਗ ਵਿਚ ਵਿਕਸਤ ਦੇਸ਼ ਇਸੇ ਗੱਲ ਉਤੇ ਜ਼ੋਰ ਦੇ ਰਹੇ ਹਨ ਅਤੇ ਅਮਰੀਕਾ ਨੇ ਭਾਰਤ ਖਿਲਾਫ਼ ਕੇਸ ਵੀ ਦਾਇਰ ਕਰ ਰੱਖਿਆ ਹੈ।

# ਮੋਦੀ ਸਰਕਾਰ ਹੁਣ ਡੇਰਾ ਸਿਰਸਾ ਉਤੇ ਮਿਹਰਬਾਨ

**ਬਠਿੰਡਾ:** ਕੇਂਦਰ ਦੀ ਭਾਜਪਾ ਸਰਕਾਰ ਆਗਾਮੀ ਚੋਣਾਂ ਕਾਰਨ ਡੇਰਾ ਸਿਰਸਾ ਉਤੇ ਮਿਹਰ ਦੀ ਨਜ਼ਰ ਰੱਖਣ ਲੱਗੀ ਹੈ। ਸੀ.ਬੀ.ਆਈ. ਦਾ ਬੇਅਦਬੀ ਮਾਮਲੇ 'ਚ ਡੇਰਾ ਪੈਰੋਕਾਰਾਂ ਪ੍ਰਤੀ ਨਰਮ ਗੋਸ਼ਾ ਸਿਆਸੀ ਇਸ਼ਾਰੇ ਦੀ ਸ਼ਾਹਦੀ ਭਰਦਾ ਹੈ। ਬੇਅਦਬੀ ਮਾਮਲੇ 'ਚ ਡੇਰੇ ਦੇ ਤਿੰਨ ਪੈਰੋਕਾਰਾਂ ਦੀ ਜ਼ਮਾਨਤ ਹੋ ਜਾਣ ਤੋਂ ਸਾਫ ਹੈ ਕਿ ਕੇਂਦਰ ਸਰਕਾਰ ਚੋਣਾਂ ਦੇ ਮੱਦੇਨਜ਼ਰ ਡੇਰਾ ਸਿਰਸਾ 'ਤੇ ਨਰਮ ਪੈ ਗਈ ਹੈ। ਡੇਰਾ ਮੁਖੀ ਦੇ ਜੇਲ੍ਹ ਜਾਣ ਦਾ ਡੇਰਾ ਪੈਰੋਕਾਰਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਵੱਡਾ ਰੋਸ ਹੈ। ਮੋਦੀ ਸਰਕਾਰ ਵੱਲੋਂ ਹੁਣ ਰੁਖ 'ਚ ਕੀਤੀ ਤਬਦੀਲੀ ਦੇ ਚੋਗੇ ਨੂੰ ਡੇਰਾ ਕਿੰਨਾ ਕੁ ਚੁਗੇਗਾ ਇਹ 'ਮਿਸ਼ਨ 2019' 'ਚ ਹੀ ਸਾਫ ਹੋਵੇਗਾ।

ਵੇਰਵਿਆਂ ਅਨੁਸਾਰ ਰਾਜਸਥਾਨ ਦੇ ਦਰਜਨਾਂ ਅਸੈਂਬਲੀ ਹਲਕਿਆਂ 'ਚ ਡੇਰਾ ਪੈਰੋਕਾਰ ਰਹਿੰਦੇ ਹਨ ਤੇ ਉਥੋਂ ਦੀਆਂ ਅਸੈਂਬਲੀ ਚੋਣਾਂ ਸਿਰ ਉਤੇ ਹਨ। ਸੂਤਰ ਦੱਸਦੇ ਹਨ ਕਿ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਵੀ ਪਾਰਟੀ ਹਾਈ ਕਮਾਨ ਨੂੰ ਡੇਰੇ ਦੇ ਸਿਆਸੀ ਵਜ਼ਨ ਤੋਂ ਜਾਣੂ ਕਰਾਇਆ ਹੈ। ਇਸ ਵੇਲੇ ਜਦੋਂ ਪੰਜਾਬ ਵਿਚ ਬੇਅਦਬੀ ਮਾਮਲਾ ਪੂਰਾ ਭਖਿਆ ਹੋਇਆ ਹੈ, ਠੀਕ ਉਦੋਂ ਕੇਂਦਰ ਸਰਕਾਰ ਚੋਣ ਲਾਹੇ ਲਈ ਡੇਰਾ ਸਿਰਸਾ ਨਾਲ ਮੁੜ ਸਿਆਸੀ ਤਾਲਮੇਲ ਬਿਠਾ ਰਹੀ ਹੈ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਤਰਫੋਂ ਬੇਅਦਬੀ ਮਾਮਲੇ ਦੀ 'ਗੁਪਤ ਰਿਪੋਰਟ' ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਸੀ। ਸਿੱਟ ਨੇ 11 ਜੂਨ ਨੂੰ ਫੜੇ 10 ਡੇਰਾ ਪੈਰੋਕਾਰਾਂ ਨੂੰ ਮੋਗਾ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ। ਸੀ.ਬੀ.ਆਈ. ਨੇ ਫਰੀਦਕੋਟ ਜੇਲ੍ਹ ਵਿਚ ਬੰਦ ਇਨ੍ਹਾਂ ਡੇਰਾ ਪੈਰੋਕਾਰਾਂ 'ਚੋਂ ਮੋਹਰੀ ਹਰਮਿੰਦਰ ਬਿੱਟੂ, ਸੁਖਜਿੰਦਰ ਸੰਨੀ ਅਤੇ ਸ਼ਕਤੀ ਸਿੰਘ ਦੀ 6 ਜੁਲਾਈ ਨੂੰ ਗ੍ਰਿਫਤਾਰੀ ਪਾਈ ਅਤੇ ਪੁੱਛਗਿੱਛ ਕੀਤੀ। ਹੁਣ ਇਹ ਨਾਭਾ ਜੇਲ੍ਹ ਵਿਚ ਬੰਦ ਹਨ।



ਤਫਤੀਸ਼ੀ ਮਾਹਿਰਾਂ ਨੇ ਦੱਸਿਆ ਕਿ ਸੀ.ਬੀ.ਆਈ. ਨੇ ਇਨ੍ਹਾਂ ਦਾ 6 ਸਤੰਬਰ ਤੱਕ ਅਦਾਲਤ ਵਿਚ ਚਲਾਨ ਪੇਸ਼ ਕਰਨਾ ਸੀ, ਜੋ ਸਮੇਂ ਸਿਰ ਨਾ ਕੀਤੇ ਜਾਣ ਕਾਰਨ ਅਦਾਲਤ ਨੇ ਉਨ੍ਹਾਂ ਦੀਆਂ ਜ਼ਮਾਨਤਾਂ ਮਨਜ਼ੂਰ ਕਰ ਲਈਆਂ।

ਪੰਜਾਬ ਦੀ ਸਿੱਟ ਦੇ ਅਧਿਕਾਰੀ ਇਸ ਤੋਂ ਹੈਰਾਨ ਹਨ ਅਤੇ ਕੈਪਟਨ ਸਰਕਾਰ ਨੂੰ ਵੀ ਇਹ ਵੱਡਾ ਝਟਕਾ ਹੈ। ਮਾਹਿਰਾਂ ਮੁਤਾਬਕ ਜੇ ਸੀ.ਬੀ.ਆਈ. ਦੀ ਤਫਤੀਸ਼ ਅਧੂਰੀ ਸੀ ਤਾਂ ਵੀ ਚਲਾਨ ਪੇਸ਼ ਕੀਤਾ ਜਾਣਾ ਚਾਹੀਦਾ ਸੀ ਤੇ ਮਗਰੋਂ ਸਪਲੀਮੈਂਟਰੀ ਚਲਾਨ ਦਿੱਤਾ ਜਾ ਸਕਦਾ ਸੀ। ਸੂਤਰਾਂ ਮੁਤਾਬਕ ਸਿੱਟ ਤਰਫੋਂ ਸੀ.ਬੀ.ਆਈ. ਨੂੰ 'ਗੁਪਤ ਜਾਂਚ ਰਿਪੋਰਟ' ਦੇਣ ਸਮੇਂ ਦੱਸਿਆ ਗਿਆ ਸੀ ਕਿ ਇਸ ਮਾਮਲੇ 'ਚ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਗ੍ਰਿਫਤਾਰ ਕਰਨਾ ਬਣਦਾ ਹੈ ਪਰ ਸੀ.ਬੀ.ਆਈ. ਅਜਿਹਾ ਨਹੀਂ ਕੀਤਾ। ਇੰਨਾ ਹੀ ਨਹੀਂ ਸੀ.ਬੀ.ਆਈ. ਨੇ ਡੇਰਾ ਮੁਖੀ ਦੇ ਪੀਏ ਰਾਕੇਸ਼ ਦਿੜ੍ਹਬਾ ਨੂੰ ਵੀ ਪੁੱਛਗਿੱਛ ਵਿਚ ਸ਼ਾਮਲ ਹੀ ਨਹੀਂ ਕੀਤਾ, ਜਿਸ ਦੀਆਂ ਹਦਾਇਤਾਂ ਉਤੇ ਬੇਅਦਬੀ ਕਾਂਡ ਨੂੰ ਅੰਜਾਮ ਦਿੱਤਾ ਗਿਆ।

ਰਾਕੇਸ਼ ਪੰਚਕੂਲਾ ਹਿੰਸਾ ਮਾਮਲੇ ਵਿਚ ਅੰਬਾਲਾ ਜੇਲ੍ਹ ਵਿਚ ਬੰਦ ਹੈ, ਜਿਸ ਨੂੰ ਪ੍ਰੋਡਕਸ਼ਨ ਵਰੰਟ ਉਤੇ ਲਿਆ ਜਾ ਸਕਦਾ ਸੀ। ਸਿੱਟ ਦੀ ਜਾਂਚ ਤੋਂ ਪਹਿਲਾਂ ਵੀ ਸੀ.ਬੀ.ਆਈ. ਨੇ ਪੌਣੇ ਤਿੰਨ ਵਰ੍ਹੇ ਜਾਂਚ ਢਿੱਲੀ ਹੀ ਰੱਖੀ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਦਾ ਪ੍ਰਤੀਕਰਮ ਸੀ ਕਿ ਸੀ.ਬੀ.ਆਈ. ਨੇ ਬੇਅਦਬੀ ਮਾਮਲੇ ਦੀ ਜਾਂਚ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ। ਸੀ.ਬੀ.ਆਈ. ਨੇ ਫਰੀਦਕੋਟ ਜੇਲ੍ਹ ਵਿਚ ਬੰਦ ਬਾਕੀ ਸੱਤ ਡੇਰਾ ਪੈਰੋਕਾਰਾਂ ਨੂੰ ਵੀ ਬੇਅਦਬੀ ਮਾਮਲੇ ਵਿਚ ਗ੍ਰਿਫਤਾਰੀ ਨਹੀਂ ਕੀਤਾ, ਜਿਨ੍ਹਾਂ ਨੂੰ ਸਿੱਟ ਨੇ ਬਰਾਬਰ ਦੋਸ਼ੀ ਮੰਨਿਆ ਸੀ। ਸੀ.ਬੀ.ਆਈ. ਨੇ ਇਨ੍ਹਾਂ ਤੋਂ ਰਸਮੀ ਪੁੱਛਗਿੱਛ ਕਰਕੇ ਪੱਲਾ ਝਾੜ ਲਿਆ। ਸਿੱਟ ਨੇ 10 ਡੇਰਾ ਪੈਰੋਕਾਰਾਂ ਨੂੰ ਮੋਗਾ ਦੇ ਜਿਸ ਪੁਰਾਣੇ ਕੇਸ ਵਿਚ ਗ੍ਰਿਫਤਾਰ ਕੀਤਾ ਸੀ, ਉਸ ਵਿਚ ਮੋਗਾ ਅਦਾਲਤ 'ਚੋਂ ਕੁਝ ਪੈਰੋਕਾਰਾਂ ਦੀਆਂ ਜ਼ਮਾਨਤ ਦੀਆਂ ਦਰਖਾਸਤਾਂ ਰੱਦ ਹੋ ਚੁੱਕੀਆਂ ਹਨ। ਜਿਨ੍ਹਾਂ ਤਿੰਨ ਪ੍ਰੇਮੀਆਂ ਦੀ ਸੀ.ਬੀ.ਆਈ. ਦੀ ਢਿੱਲ-ਮੱਠ ਕਾਰਨ ਜ਼ਮਾਨਤ ਹੋਈ, ਉਨ੍ਹਾਂ ਨੂੰ ਵੀ ਪੁਰਾਣੇ ਕੇਸ ਕਾਰਨ ਹਾਲੇ ਜੇਲ੍ਹ ਵਿਚ ਰਹਿਣਾ ਪਵੇਗਾ।

## ਅਕਾਲੀ ਚੱਲ ਰਹੇ ਨੇ ਚਾਲਾਂ: ਜਾਖੜ

ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਵਿਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਆਪਣਾ ਰਸੂਖ ਵਰਤ ਕੇ ਚਾਲਾਂ ਚੱਲ ਰਿਹਾ ਹੈ। ਕੇਂਦਰ ਦੀ ਬੇਅਦਬੀ ਮਾਮਲਿਆਂ ਵਿਚ ਭੂਮਿਕਾ ਨੇ ਲੋਕਾਂ ਦੇ ਖਦਸ਼ੇ ਸੱਚ ਕਰ ਦਿੱਤੇ ਹਨ ਪਰ ਕਾਂਗਰਸ ਸਰਕਾਰ ਬੇਅਦਬੀ ਮਾਮਲੇ ਵਿਚ ਕਿਸੇ ਵੀ ਦੋਸ਼ੀ ਨੂੰ ਬਖਸ਼ੇਗੀ ਨਹੀਂ ਅਤੇ ਲੋਕਾਂ ਨਾਲ ਨਿਆਂ ਕੀਤਾ ਜਾਵੇਗਾ। ਭਾਜਪਾ ਦੇ ਕੇਂਦਰੀ ਮੰਤਰੀ ਵਿਜੇ ਸਾਂਪਲਾ ਦਾ ਕਹਿਣਾ ਸੀ ਕਿ ਅਜਿਹੀ ਕੋਈ ਗੱਲ ਨਹੀਂ ਹੈ ਅਤੇ ਕੇਂਦਰ ਤੇ ਹਰਿਆਣਾ ਸਰਕਾਰਾਂ ਨੇ ਆਪਣੀ ਬਣਦੀ ਨਿਰਪੱਖ ਡਿਊਟੀ ਨਿਭਾਈ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਸਰਕਾਰ ਨੇ ਡੇਢ ਵਰ੍ਹੇ ਦੌਰਾਨ ਬੇਅਦਬੀ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕੀਤੀ ਅਤੇ ਹੁਣ ਆਪਣੇ ਦਾਗ ਛੁਪਾਉਣ ਲਈ ਕਾਂਗਰਸੀ ਨੇਤਾ ਛਿੱਕੜ ਉਛਾਲੀ ਕਰ ਰਹੇ ਹਨ।

## ਨਿਪੁੰਸਕ ਮਾਮਲਾ: ਕੇਸ ਵਾਪਸ ਲੈਣ ਲਈ ਗਵਾਹ ਨੂੰ ਪੈਸਿਆਂ ਦੀ ਪੇਸ਼ਕਸ਼

**ਟੋਹਾਣਾ:** ਡੇਰਾ ਸਿਰਸਾ ਵਿਚ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਖਿਲਾਫ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਾਣ ਵਾਲੇ ਹੰਸਰਾਜ ਉਰਫ ਹਕੀਕੀ ਹੰਸ ਨੇ ਡੇਰੇ ਦੇ ਇਕ ਪ੍ਰੇਮੀ ਰਾਜ ਕੁਮਾਰ ਵਾਸੀ ਕਲਿਆਣ ਨਗਰ ਸਿਰਸਾ 'ਤੇ ਦੋਸ਼ ਲਾਇਆ ਹੈ ਕਿ ਮੁਲਜ਼ਮ ਨੇ ਬੀਤੇ ਦਿਨੀਂ ਉਸ ਦੇ ਘਰ ਆ ਕੇ ਉਸ ਨੂੰ ਬਿਆਨ ਬਦਲਣ ਜਾਂ ਕੇਸ ਵਾਪਸ ਲੈਣ ਲਈ ਦਬਾਅ ਪਾਇਆ, ਜਿਸ ਬਦਲੇ ਉਸ ਨੂੰ ਪੈਸੇ ਦੇਣ ਦੀ ਵੀ ਪੇਸ਼ਕਸ਼ ਕੀਤੀ ਗਈ। ਟੋਹਾਣਾ ਸਿਟੀ ਪੁਲਿਸ ਨੇ ਹੰਸ ਰਾਜ ਹਕੀਕੀ ਦੀ ਸ਼ਿਕਾਇਤ 'ਤੇ ਮੁਲਜ਼ਮ ਖਿਲਾਫ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਵੀ ਡੇਰਾ ਮੁਖੀ ਨੂੰ ਸਜ਼ਾ ਹੋਣ ਦੀ ਸੰਭਾਵਨਾ ਹੈ।

# ਸਖਤ ਕਾਨੂੰਨ ਵੀ ਨਾ ਰੋਕ ਸਕੇ ਕੁੜੀਆਂ ਨਾਲ ਵਧੀਕੀਆਂ

**ਚੰਡੀਗੜ੍ਹ:** ਭਾਰਤ ਵਿਚ ਔਰਤਾਂ ਨਾਲ ਹੁੰਦੇ ਅਪਰਾਧਾਂ ਸਬੰਧੀ ਸਖਤ ਕਾਨੂੰਨਾਂ ਦੇ ਬਾਵਜੂਦ ਅਜਿਹੇ ਅਪਰਾਧਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਹਰਿਆਣਾ ਦੇ ਸ਼ਹਿਰ ਰੇਵਾੜੀ ਨੇੜਲੇ ਪਿੰਡ ਦੀ ਸੀ.ਬੀ.ਐਸ.ਈ. ਪ੍ਰੀਖਿਆ ਦੀ ਟੌਪਰ ਨਾਲ ਹੋਏ ਸਮੂਹਿਕ ਜਬਰ ਜਨਾਹ ਨੇ ਸਰਕਾਰ ਦੇ ਸਾਰੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਇਹ 19 ਸਾਲਾ ਲੜਕੀ 12 ਸਤੰਬਰ ਨੂੰ ਕੋਚਿੰਗ ਕਲਾਸ ਲਗਾ ਕੇ ਆ ਰਹੀ ਸੀ ਕਿ ਕਾਰ ਸਵਾਰਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਜਬਰ ਜਨਾਹ ਤੋਂ ਬਾਅਦ ਲੜਕੀ ਦੇ ਘਰ ਵਾਲਿਆਂ ਨੂੰ ਧਮਕੀ ਦੇਣ ਦੀ ਹਿਮਾਕਤ ਵੀ ਕੀਤੀ ਕਿ ਪੁਲਿਸ ਤੱਕ ਪਹੁੰਚ ਕੀਤੀ ਤਾਂ ਲੜਕੀ ਦੀ ਜਾਨ ਵੀ ਲੈ ਲਈ ਜਾਵੇਗੀ। ਘਟਨਾ ਦਾ ਪਰੇਸ਼ਾਨ ਕਰਨ ਵਾਲਾ ਪਹਿਲੂ ਇਹ ਵੀ ਹੈ ਕਿ ਸ਼ੁਰੂਆਤੀ ਦੌਰ ਵਿਚ ਪੀੜਤ ਅਤੇ ਉਸ ਦੇ ਮਾਪਿਆਂ ਨੂੰ ਰਿਪੋਰਟ ਲਿਖਾਉਣ ਲਈ ਖੱਜਲ ਖੁਆਰ ਹੋਣਾ ਪਿਆ ਅਤੇ ਰਿਪੋਰਟ ਲਿਖਣ ਤੋਂ ਬਾਅਦ ਵੀ ਪੁਲਿਸ ਹਨੇਰੇ ਵਿਚ ਹੱਥ ਮਾਰਦੀ ਨਜ਼ਰ ਆਈ।



ਕੁੜੀਆਂ ਨਾਲ ਵਧੀਕੀਆਂ ਇਹ ਇਕੱਲਾ ਮਾਮਲਾ ਨਹੀਂ ਹੈ। ਦਿੱਲੀ ਵਿਚ ਇਕ ਅਜਿਹੀ ਵੀਡੀਓ ਸਾਹਮਣੇ ਆਈ ਹੈ, ਜਿਸ ਵਿਚ ਇਕ ਲੜਕਾ ਬੁਰੀ ਤਰ੍ਹਾਂ ਇਕ ਲੜਕੀ ਦੀ ਕੁੱਟ-ਮਾਰ ਕਰ ਰਿਹਾ ਹੈ। ਇਸ ਦੀ ਵੀਡੀਓ ਸਾਹਮਣੇ ਆਉਣ 'ਤੇ ਕੇਂਦਰੀ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਇਸ ਘਟਨਾ ਦਾ ਸਖਤ ਨੋਟਿਸ ਲਿਆ। ਲੜਕੇ ਨੂੰ ਕਾਬੂ ਕਰ ਲਿਆ ਗਿਆ। ਪ੍ਰਭਾਵਿਤ ਲੜਕੀ ਨੇ ਜੋ ਗੱਲਾਂ ਦੱਸੀਆਂ ਉਹ ਪਰੇਸ਼ਾਨ ਕਰਨ ਵਾਲੀਆਂ ਹਨ। ਰੋਹਿਤ ਨਾਂ ਦੇ ਇਸ ਲੜਕੇ ਨੇ ਉਕਤ ਲੜਕੀ ਨੂੰ ਕਿਸੇ ਦੋਸਤ ਦੇ ਘਰ ਬੁਲਾਇਆ ਤੇ ਉਸ ਨਾਲ ਜਬਰ ਜਨਾਹ ਕੀਤਾ। ਲੜਕੀ ਨੇ ਵਿਰੋਧ ਕੀਤਾ ਅਤੇ ਗੁੱਸਾ ਜ਼ਾਹਰ ਕੀਤਾ ਤਾਂ ਉਸ ਨੂੰ ਮਾਰਿਆ-ਕੁੱਟਿਆ। ਦੇਸ਼ ਦੇ ਹੋਰ ਪ੍ਰਾਂਤਾਂ ਵਾਂਗ ਹਰਿਆਣਾ ਵਿਚ ਜਬਰ ਜਨਾਹ, ਉਧਾਲਣ ਅਤੇ ਔਰਤਾਂ ਨਾਲ ਜ਼ਬਰਦਸਤੀ ਕਰਨ ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਦਿਨੀਂ ਵਿਧਾਨ ਸਭਾ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ।

ਹਰਿਆਣਾ ਵਿਚ ਪਿਛਲੇ ਸਮੇਂ ਵਿਚ ਜਬਰ ਜਨਾਹ ਦੇ ਮਾਮਲਿਆਂ ਵਿਚ 47 ਫੀਸਦੀ ਅਤੇ ਔਰਤਾਂ ਨੂੰ ਉਧਾਲਣ ਦੇ ਮਾਮਲਿਆਂ ਵਿਚ 100 ਫੀਸਦੀ ਵਾਧਾ ਹੋਇਆ ਹੈ। ਹੈਰਾਨੀ ਦੀ ਗੱਲ ਹੈ ਕਿ ਹਰਿਆਣਾ ਦੇ ਉਹ ਸ਼ਹਿਰ, ਜਿਨ੍ਹਾਂ ਵਿਚ ਹਰ ਤਰ੍ਹਾਂ ਦਾ ਵੱਡਾ ਵਿਕਾਸ ਹੋਇਆ ਹੈ, ਅਜਿਹੇ ਮਾਮਲਿਆਂ ਵਿਚ ਪਹਿਲੇ ਨੰਬਰ 'ਤੇ ਆਏ। ਇਨ੍ਹਾਂ ਵਿਚ ਗੁੜਗਾਉਂ, ਫਰੀਦਾਬਾਦ ਅਤੇ ਪਾਣੀਪਤ ਆਦਿ ਸ਼ਹਿਰ ਸ਼ਾਮਲ ਹਨ। ਲਗਾਤਾਰ ਹੋ ਰਹੇ ਇਨ੍ਹਾਂ ਮਾਮਲਿਆਂ ਵਿਚ ਵਾਧੇ ਨੇ ਹਰਿਆਣਾ ਸਰਕਾਰ ਦੇ ਅਕਸ ਨੂੰ ਧੁੰਦਲਾ ਕੀਤਾ ਹੈ ਅਤੇ ਇਹ ਪ੍ਰਭਾਵ ਪੱਕਾ ਹੋਇਆ ਹੈ ਕਿ ਸਰਕਾਰ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਘਟਾਉਣ ਵਿਚ ਅਸਮਰੱਥ ਰਹੀ ਹੈ। ਫਿਕਰ ਵਾਲੀ ਗੱਲ ਇਹ ਹੈ ਕਿ ਹਾਲੇ ਤੱਕ ਤਜਵੀਜ਼ ਕੀਤੀਆਂ ਗਈਆਂ ਸਖਤ ਸਜ਼ਾਵਾਂ ਦੇ ਬਾਵਜੂਦ ਅਜਿਹੀਆਂ ਗੈਰ ਸਮਾਜਿਕ ਘਟਨਾਵਾਂ ਵਿਚ ਮੋੜਾ ਨਹੀਂ ਪਿਆ, ਪਰ ਹੁਣ ਜਿਸ ਤੇਜ਼ੀ ਨਾਲ ਅਜਿਹੇ ਕੇਸਾਂ ਸਬੰਧੀ ਪੁਲਿਸ ਰਿਪੋਰਟਾਂ ਦਾਖਲ ਹੋਣ ਲੱਗੀਆਂ ਹਨ।

## ਦਿੱਲੀ 'ਚ ਮਹਿਲਾ ਸੁਰੱਖਿਆ ਅਜੇ ਵੀ ਵੱਡਾ ਸਵਾਲ

**ਨਵੀਂ ਦਿੱਲੀ:** ਦਿੱਲੀ 'ਚ ਮਹਿਲਾ ਸੁਰੱਖਿਆ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਦਿੱਲੀ 'ਚ ਅਜੇ ਵੀ ਲਗਭਗ 1956 ਖਤਰਨਾਕ ਡਾਰਕ ਸਪੌਟਸ ਮੌਜੂਦ ਹਨ। ਸਾਲ 2016 'ਚ ਸੇਫਟੀ ਪਿਨ ਨਾਂ ਦੀ ਐਨ.ਜੀ.ਓ. ਨੇ ਸਰਵੇ ਦੌਰਾਨ 7,428 ਡਾਰਕ ਸਪੌਟਸ ਲੱਭੇ ਸਨ। ਨਗਰ ਨਿਗਮ ਦੇ ਮਨ੍ਹਾ ਕਰਨ ਤੋਂ ਬਾਅਦ ਦਿੱਲੀ ਸਰਕਾਰ ਨੇ ਇਨ੍ਹਾਂ ਥਾਵਾਂ 'ਤੇ ਸਟ੍ਰੀਟ ਲਾਇਟਸ ਲਾ ਕੇ ਨਗਰ ਨਿਗਮ ਨੂੰ ਹੈਂਡਓਵਰ ਦੀ ਜ਼ਿੰਮੇਵਾਰੀ ਦਿੱਤੀ ਸੀ। ਇਸ ਪ੍ਰੋਜੈਕਟ ਲਈ ਦਿੱਲੀ ਸਰਕਾਰ ਨੇ 22 ਕਰੋੜ ਦਾ ਬਜਟ ਪਾਸ ਕੀਤਾ ਸੀ।

25 ਮਹੀਨਿਆਂ ਤੋਂ ਜ਼ਿਆਦਾ ਸਮਾਂ ਬੀਤਣ ਤੋਂ ਬਾਅਦ ਵੀ ਇਹ ਪ੍ਰੋਜੈਕਟ ਅਜੇ 70 ਫੀਸਦੀ ਹੀ ਪੂਰਾ ਹੋਇਆ। ਯਾਨੀ ਅਜੇ 5,472 ਡਾਰਕ ਸਪੌਟਸ 'ਤੇ ਹੀ ਰੌਸ਼ਨੀ ਦਾ ਪ੍ਰਬੰਧ ਕੀਤਾ ਗਿਆ ਹੈ ਜਦਕਿ 1,956 ਡਾਰਕ ਸਪੌਟਸ ਅਜੇ ਵੀ ਸ਼ਾਮ ਹੁੰਦਿਆਂ ਹੀ ਹਨੇਰੇ 'ਚ ਡੁੱਬ ਜਾਂਦੇ ਹਨ।

# ਮਨੁੱਖੀ ਹੱਕਾਂ ਦੇ ਰਾਖਿਆਂ ਨਾਲ ਧੱਕੇਸ਼ਾਹੀ ਬਾਰੇ ਰਿਪੋਰਟ ਨੇ ਖੜ੍ਹੇ ਕੀਤੇ ਸਵਾਲ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਸੰਘ ਵੱਲੋਂ ਤਿਆਰ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨਾਲ ਧੱਕੇਸ਼ਾਹੀ ਹੋਣ ਦੀ ਰਿਪੋਰਟ ਨੇ ਭਾਰਤ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕੀਤੇ ਹਨ। ਭਾਰਤ, ਚੀਨ, ਰੂਸ ਤੇ ਮਿਆਂਮਾਰ ਉਨ੍ਹਾਂ ਦੇਸ਼ਾਂ ਦੀ ਸ਼੍ਰੇਣੀ ਵਿਚ ਸ਼ਾਮਲ ਹਨ ਜਿਨ੍ਹਾਂ ਦਾ ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਟੇਰੇਜ਼ ਨੇ ਇਕ ਅਜਿਹੀ ਰਿਪੋਰਟ ਵਿਚ ਨਾਂ ਲਿਆ ਹੈ ਜਿਥੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ 7ਤੇ ਸੰਯੁਕਤ ਰਾਸ਼ਟਰ ਨਾਲ ਤਾਲਮੇਲ ਰੱਖਣ ਵਾਲੇ ਲੋਕਾਂ ਨੂੰ ਬਦਲੇ ਦਾ ਸ਼ਿਕਾਰ ਬਣਾਇਆ ਜਾਂਦਾ ਤੇ ਬੁਰੀ ਤਰ੍ਹਾਂ ਡਰਾਇਆ ਧਮਕਾਇਆ ਜਾਂਦਾ ਹੈ।

ਸਕੱਤਰ ਜਨਰਲ ਦੀ ਇਸ ਨੌਵੀਂ ਸਾਲਾਨਾ ਰਿਪੋਰਟ ਵਿਚ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨਾਲ ਧੱਕੇਸ਼ਾਹੀਆਂ ਦੇ ਮੁਲਕ-ਦਰ-ਮੁਲਕ ਵੇਰਵੇ ਦਿੱਤੇ ਗਏ ਹਨ ਜਿਨ੍ਹਾਂ ਵਿਚ ਕਤਲ, ਤਸ਼ੱਦਦ, ਮਨਮਾਨੀਆਂ ਗ੍ਰਿਫਤਾਰੀਆਂ ਤੇ ਬਦਨਾਮ ਕਰਨ ਦੀਆਂ ਜਨਤਕ ਮੁਹਿੰਮਾਂ ਦਾ ਨਿਸ਼ਾਨਾ ਬਣਾਉਣ ਜਿਹੇ ਹਥਕੰਡੇ ਸ਼ਾਮਲ ਹਨ। ਇਸ ਦਸਤਾਵੇਜ਼ ਵਿਚ ਅਜਿਹੀਆਂ ਧੱਕੇਸ਼ਾਹੀਆਂ ਕਰਨ ਵਾਲੇ 38 ਮੁਲਕਾਂ ਦੇ ਨਾਂ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਮਨੁੱਖੀ ਅਧਿਕਾਰ ਕੌਂਸਲ ਦੇ ਮੈਂਬਰ ਵੀ ਹਨ। ਇਹ ਰਿਪੋਰਟ ਅਗਲੇ ਹਫਤੇ ਮਨੁੱਖੀ ਅਧਿਕਾਰ ਕੌਂਸਲ ਨੂੰ ਪੇਸ਼ ਕਰਨ ਤੋਂ ਪਹਿਲਾਂ ਇਸ ਦੇ ਸਹਾਇਕ ਮੁਖੀ ਐਂਡ੍ਰਿਊ ਗਿਲਮੋਰ ਨੇ ਕਿਹਾ ਕਿ ਰਿਪੋਰਟ ਤੇ ਇਸ ਦੇ ਦੋ ਹਵਾਲਿਆਂ ਵਿਚ ਜਿਨ੍ਹਾਂ ਧੱਕੇਸ਼ਾਹੀਆਂ ਤੇ ਬਦਲੇਖੋਰੀਆਂ ਦਾ ਜੋ ਜ਼ਿਕਰ ਕੀਤਾ ਗਿਆ, ਅਸਲ 'ਚ ਇਹ ਮਾਮਲੇ ਇਸ ਤੋਂ ਕਿਤੇ ਵੱਧ ਹਨ। ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ, ਵਿਤਕਰੇ ਭਰੇ ਤੇ ਨਵੇਂ ਕਾਨੂੰਨਾਂ ਕਰ ਕੇ ਸੰਸਥਾਵਾਂ ਨੂੰ ਯੂ ਐਨ ਨਾਲ ਸਹਿਯੋਗ ਕਰਨ ਤੇ ਚੰਦੇ ਦੇਣ ਤੋਂ ਰੋਕਿਆ ਜਾਂਦਾ ਹੈ।

ਰਿਪੋਰਟ ਦੇ ਪਹਿਲੇ ਹਿੱਸੇ ਵਿਚ ਉਹ ਦੇਸ਼ ਸ਼ਾਮਲ ਹਨ ਜਿਥੇ ਅਜਿਹੇ ਕੇਸ ਸੂਚੀਬੱਧ ਕੀਤੇ ਗਏ ਹਨ ਜਿਨ੍ਹਾਂ ਵਿਚ ਬਹਿਰੀਨ, ਕੈਮਰੂਨ, ਚੀਨ, ਕੋਲੰਬੀਆ, ਕਿਊਬਾ, ਜਮਹੂਰੀ ਗਣਰਾਜ ਕੌਂਗੋ, ਜਿਬੂਟੀ, ਮਿਸਰ, ਗੁਆਟੇਮਾਲਾ, ਹੋਂਡੂਰਸ, ਹੰਗਰੀ, ਭਾਰਤ, ਇਜ਼ਰਾਈਲ, ਕਿਰਗਿਜ਼ਸਤਾਨ, ਮਾਲਦੀਵ, ਮਾਲੀ, ਮੋਰੱਕੋ, ਮਿਆਂਮਾਰ, ਫਿਲਪੀਨਜ਼, ਰੂਸ, ਰਵਾਂਡਾ, ਸਾਊਦੀ ਅਰਬ, ਦੱਖਣੀ ਸੂਡਾਨ, ਥਾਈਲੈਂਡ, ਟ੍ਰਿਨੀਡਾਡ ਤੇ ਟੋਬੈਗੋ, ਤੁਰਕੀ, ਤੁਰਕਮੇਨਿਸਤਾਨ ਅਤੇ ਵੈਨੇਜ਼ੁਏਲਾ ਸ਼ਾਮਲ ਹਨ। ਰਿਪੋਰਟ ਦੇ ਦੂਜੇ ਭਾਗ ਵਿਚ ਉਹ ਮੁਲਕ ਹਨ ਜਿਥੇ ਕੇਸ ਚੱਲ ਰਹੇ ਹਨ ਜਿਨ੍ਹਾਂ ਵਿਚ ਅਲਜੀਰੀਆ, ਬਹਿਰੀਨ, ਬੁਰੂੰਡੀ, ਚੀਨ, ਮਿਸਰ, ਭਾਰਤ, ਇਰਾਨ, ਇਰਾਕ, ਜਪਾਨ, ਮੈਕਸੀਕੋ, ਮੋਰੱਕੋ, ਮਿਆਂਮਾਰ, ਪਾਕਿਸਤਾਨ, ਰਵਾਂਡਾ, ਸਾਊਦੀ ਅਰਬ, ਥਾਈਲੈਂਡ, ਸੰਯੁਕਤ ਅਰਬ ਅਮੀਰਾਤ, ਉਜ਼ਬੇਕਿਸਤਾਨ ਅਤੇ ਵੈਨੇਜ਼ੁਏਲਾ ਸ਼ਾਮਲ ਹਨ।




ਭਾਰਤ ਦੇ ਸੰਦਰਭ ਵਿਚ ਰਿਪੋਰਟ ਵਿਚ ਲਿਖਿਆ ਗਿਆ ਹੈ ਕਿ ਨਵੰਬਰ 2017 ਵਿਚ ਦੋ ਵਿਸ਼ੇਸ਼ ਉਪਬੰਧਾਂ ਰਾਹੀਂ ਅਜਿਹੀਆਂ ਗੈਰ ਸਰਕਾਰੀ ਜਥੇਬੰਦੀਆਂ ਦਾ ਕੰਮਕਾਜ ਸੀਮਤ ਕਰ ਦਿੱਤਾ ਗਿਆ ਹੈ ਜੋ ਸੰਯੁਕਤ ਰਾਸ਼ਟਰ ਨਾਲ ਤਾਲਮੇਲ ਰੱਖਦੀਆਂ ਹਨ ਤੇ ਉਨ੍ਹਾਂ ਦੇ ਲਾਇਸੈਂਸ ਨਵਿਆਉਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਮਸਲਨ, ਸੈਂਟਰ ਫਾਰ ਪ੍ਰਮੋਸ਼ਨ ਆਫ ਸੋਸ਼ਲ ਕਨਸਰਨ (ਪੀਪਲਜ਼ ਵਾਚ) ਨੂੰ ਫੌਰੇਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ ਤਹਿਤ ਲਿਆਂਦਾ ਗਿਆ ਤੇ ਅਕਤੂਬਰ 2016 ਵਿਚ ਗ੍ਰਹਿ ਮੰਤਰਾਲੇ ਨੇ ਜਥੇਬੰਦੀ ਨੂੰ ਵਿਦੇਸ਼ੀ ਚੰਦੇ ਹਾਸਲ ਕਰਨ ਲਈ ਲਾਇਸੈਂਸ ਦੇਣ ਤੋਂ ਨਾਂਹ ਕਰ ਦਿੱਤੀ ਤੇ ਇਸ ਦੇ ਬੈਂਕ ਖਾਤੇ ਫ੍ਰੀਜ਼ ਕਰ ਦਿੱਤੇ ਗਏ। ਰਿਪੋਰਟ ਵਿਚ ਦੇ ਸੈਂਟਰ ਫਾਰ ਪ੍ਰਮੋਸ਼ਨ ਆਫ ਸੋਸ਼ਲ ਕਨਸਰਨ ਦੇ ਕਾਰਜਕਾਰੀ ਡਾਇਰੈਕਟਰ ਹੈਨਰੀ ਟਿਫਾਂਗ ਤੇ ਸੈਂਟਰ ਫਾਰ ਸੋਸ਼ਲ ਡਿਵੈਲਪਮੈਂਟ ਤੇ ਇਸ ਦੇ ਸਕੱਤਰ ਨੋਬੋਕਿਸ਼ੋਰ ਉਰੀਖਿੰਬਮ ਦੇ ਕੇਸਾਂ ਦਾ ਹਵਾਲਾ ਦਿੱਤਾ ਗਿਆ ਹੈ। ਜੰਮੂ ਕਸ਼ਮੀਰ ਕੋਲੀਸ਼ਨ ਆਫ ਸਿਵਲ ਸੁਸਾਇਟੀ ਦੇ ਮੈਂਬਰ ਕਾਰਤਿਕ ਮੁਰੂਕੁਤਲਾ, ਏਸ਼ੀਅਨ ਫੈਡਰੇਸ਼ਨ ਅਗੇਂਸਟ ਇਨਵੋਲੰਟਰੀ ਡਿਸਅਪੀਅਰੈਂਸਜ਼ ਤੇ ਸੈਂਟਰਲ ਜੰਮੂ ਐਂਡ ਕਸ਼ਮੀਰ ਕੋਲੀਸ਼ਨ ਆਫ ਸਿਵਲ ਸੁਸਾਇਟੀ ਦੇ ਪ੍ਰੋਗਰਾਮ ਕੋਆਰਡੀਨੇਟਰ ਖੁਰਮ ਪਰਵੇਜ਼ ਦੇ ਕੇਸਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਫੀਲਡ ਵਿਚ ਯੂਐਨ ਕਰਮੀਆਂ ਨਾਲ ਗੱਲਬਾਤ ਕਰਨ ਤੋਂ ਲੋਕਾਂ ਦੇ ਚਿਹਰਿਆਂ ਉਤੇ ਖੌਫ ਝਲਕਦਾ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


## ਆਜ਼ਾਦ ਭਾਰਤ ਦੀ ਪਹਿਲੀ ਮਹਿਲਾ ਆਈ.ਏ.ਐਸ. ਦਾ ਦੇਹਾਂਤ

**ਮੁੰਬਈ:** ਆਜ਼ਾਦ ਭਾਰਤ ਦੀ ਪਹਿਲੀ ਮਹਿਲਾ ਆਈ.ਏ.ਐਸ. ਅਫਸਰ ਅੰਨਾ ਰਾਜਮ ਮਲਹੋਤਰਾ ਦਾ ਦੇਹਾਂਤ ਹੋ ਗਿਆ। 91 ਸਾਲਾ ਮਲਹੋਤਰਾ ਦੀਆਂ ਅੰਤਿਮ ਰਸਮਾਂ ਮੁੰਬਈ ਵਿਚ ਹੀ ਪੂਰੀਆਂ ਕੀਤੀਆਂ ਗਈਆਂ। ਅੰਨਾ ਰਾਜਮ ਜੌਰਜ ਦਾ ਜਨਮ ਕੇਰਲਾ ਦੇ ਇਰਨਾਕੁਲਮ ਜ਼ਿਲ੍ਹੇ ਵਿਚ ਜੁਲਾਈ 1927 ਵਿਚ ਹੋਇਆ ਸੀ।

ਮਲਹੋਤਰਾ ਨੇ 1951 ਵਿਚ ਸਿਵਲ ਸੇਵਾਵਾਂ ਜੁਆਇਨ ਕੀਤੀ ਤੇ ਕੇਡਰ ਵਜੋਂ ਮਦਰਾਸ ਦੀ ਚੋਣ ਕੀਤੀ। ਉਨ੍ਹਾਂ ਮੁੱਖ ਮੰਤਰੀ ਸੀ. ਰਾਜਗੋਪਾਲਾਚਾਰੀ ਦੀ ਸਰਕਾਰ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ। ਉਨ੍ਹਾਂ ਆਰ.ਐਨ. ਮਲਹੋਤਰਾ ਨਾਲ ਵਿਆਹ ਕੀਤਾ, ਜੋ ਮਗਰੋਂ 1985 ਤੋਂ 1990 ਦੇ ਅਰਸੇ ਦੌਰਾਨ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਹੇ। ਮਲਹੋਤਰਾ ਨੂੰ ਮੁਲਕ ਦੇ ਆਧੁਨਿਕ ਪੋਰਟ ਜਵਾਹਰ ਲਾਲ ਨਹਿਰੂ ਪੋਰਟ ਟਰੱਸਟ (ਜੇ.ਐਨ.ਪੀ.ਟੀ.) ਦੀ ਸਥਾਪਤੀ ਵਿਚ ਪਾਏ ਯੋਗਦਾਨ ਲਈ ਯਾਦ ਕੀਤਾ ਜਾਂਦਾ ਹੈ। 1989 ਵਿਚ ਉਨ੍ਹਾਂ ਨੂੰ ਪਦਮ ਭੂਸ਼ਣ ਐਵਾਰਡ ਨਾਲ ਨਿਵਾਜਿਆ ਗਿਆ।

## ਜਲੰਧਰ ਥਾਣੇ 'ਚ ਬੰਬ ਧਮਾਕਿਆਂ ਬਾਰੇ ਬਣਿਆ ਰਹੱਸ

**ਜਲੰਧਰ:** ਜਲੰਧਰ ਦੇ ਮਕਸੂਦਾਂ ਪੁਲਿਸ ਥਾਣੇ 'ਚ ਹੋਏ ਚਾਰ ਬੰਬ ਧਮਾਕਿਆਂ ਬਾਰੇ ਅਜੇ ਵੀ ਰਹੱਸ ਬਣਿਆ ਹੋਇਆ ਹੈ। ਚੰਡੀਗੜ੍ਹ ਤੇ ਦਿੱਲੀ ਤੋਂ ਆਈਆਂ ਉਚ ਤਕਨੀਕ ਤੇ ਮੁਹਾਰਤ ਰੱਖਣ ਵਾਲੀਆਂ ਫੋਰੈਂਸਿਕ ਜਾਂਚ ਟੀਮਾਂ ਵੀ ਬਣੇ ਭੇਦ ਤੋਂ ਪਰਦਾ ਚੁੱਕਣ 'ਚ ਅਸਫਲ ਹੀ ਰਹੀਆਂ ਹਨ।

ਧਮਾਕਿਆਂ ਤੋਂ ਕੁਝ ਸਮੇਂ ਬਾਅਦ ਹੀ ਮੌਕਾ ਦੇਖਣ ਪੁੱਜੇ ਕੁਝ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੰਤਰੀ ਵਾਲੇ ਗੇਟ ਤੇ ਐਸ.ਐਚ.ਓ. ਦੇ ਕਮਰਿਆਂ ਲਾਗੇ ਹੋਏ ਧਮਾਕਿਆਂ ਕਾਰਨ ਨਾ ਤਾਂ ਕਿਧਰੇ ਕੋਈ ਟੋਆ ਵਗੈਰਾ ਪਿਆ ਤੇ ਨਾ ਹੀ ਚੱਲੇ ਬੰਬ ਦਾ ਕੋਈ ਮਲਬਾ ਹੀ ਕਿਧਰੇ ਦਿਖਾਈ ਦਿੱਤਾ।

ਆਮ ਗੱਲਬਾਤ 'ਚ ਅਜਿਹੇ ਅਧਿਕਾਰੀ ਇਨ੍ਹਾਂ ਬੰਬਾਂ 'ਚ ਆਰ.ਡੀ. ਐਕਸ. ਦੀ ਵਰਤੋਂ ਤੋਂ ਤਾਂ ਉੱਕਾ ਹੀ ਇਨਕਾਰ ਕਰ ਰਹੇ ਹਨ। ਇਕ ਅਧਿਕਾਰੀ ਦਾ ਕਹਿਣਾ ਸੀ ਕਿ ਆਰ.ਡੀ. ਐਕਸ ਦੀ ਤਾਂ ਗੰਧ ਤੋਂ ਹੀ ਪਤਾ ਲੱਗ ਜਾਂਦਾ ਹੈ। ਜਾਂਚ ਨਾਲ ਜੁੜੇ ਪੁਲਿਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਅਜੇ ਤੱਕ ਇਸ ਮਾਮਲੇ ਬਾਰੇ ਕਿਸੇ ਪਾਸੇ ਵੀ ਕੋਈ ਗੱਲ ਨਹੀਂ ਤੁਰੀ।

ਬੰਬ ਧਮਾਕਿਆਂ ਦੀ ਜ਼ਿੰਮੇਵਾਰੀ ਲੈਣ ਬਾਰੇ ਜਾਰੀ ਕੀਤੇ ਪੱਤਰ ਉਤੇ ਵੀ ਸਵਾਲ ਉੱਠ ਰਹੇ ਹਨ। ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ ਦੇ ਲੈਟਰ ਪੈਡ 'ਤੇ ਜਾਰੀ ਦਿਲਬਾਗ ਸਿੰਘ ਦੇ ਦਸਤਖਤਾਂ ਵਾਲੇ ਪੱਤਰ ਨੂੰ ਪੁਲਿਸ ਅਧਿਕਾਰੀ ਵੀ ਸ਼ੱਕੀ ਨਜ਼ਰ ਨਾਲ ਦੇਖ ਰਹੇ ਹਨ। ਡੀ.ਜੀ.ਪੀ. ਸੁਰੇਸ਼ ਅਰੋੜਾ ਦਾ ਤਾਂ ਇਥੋਂ ਤੱਕ ਕਹਿਣਾ ਹੈ ਕਿ ਇਹ ਸੰਗਠਨ ਬੰਬ ਧਮਾਕੇ ਕਰਨ ਦੀ ਸਮਰੱਥਾ ਹੀ ਨਹੀਂ ਰੱਖਦਾ।

## ਅਕਾਲ ਤਖਤ ਦੇ ਜਥੇਦਾਰ ਨੂੰ ਫਾਰਗ ਕਰਨ ਦੀ ਮੰਗ ਉਠੀ

**ਅੰਮ੍ਰਿਤਸਰ:** ਕੁਝ ਨਿਹੰਗ ਸਿੰਘ ਜਥੇਬੰਦੀਆਂ ਸਮੇਤ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਾਂ ਮੰਗ ਪੱਤਰ ਦਿੱਤਾ, ਜਿਸ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ 'ਤੇ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਫਾਰਗ ਕਰਨ ਦੀ ਮੰਗ ਕੀਤੀ। ਸਿੱਖ ਜਥੇਬੰਦੀਆਂ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਇਕ ਮਹੀਨੇ ਦਾ ਅਲਟੀਮੇਟਮ ਦਿੱਤਾ ਹੈ।

ਸਿੱਖ ਜਥੇਬੰਦੀਆਂ ਅੱਜ ਇਸ ਮੰਗ ਸਬੰਧੀ ਸ਼੍ਰੋਮਣੀ ਕਮੇਟੀ ਖ਼ਿਲਾਫ਼ ਧਰਨਾ ਦੇਣ ਆਈਆਂ ਸਨ, ਪਰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਹੋਈ ਗੱਲਬਾਤ ਤੋਂ ਬਾਅਦ ਸਿੱਖ ਜਥੇਬੰਦੀਆਂ ਨੇ ਸਿੱਖ ਸੰਸਥਾ ਖ਼ਿਲਾਫ਼ ਧਰਨਾ ਦੇਣ ਦਾ ਫ਼ੈਸਲਾ ਰੱਦ ਕਰ ਦਿੱਤਾ ਅਤੇ ਆਪਣੀ ਮੰਗ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਾਂ ਮੰਗ ਪੱਤਰ ਦਿੱਤਾ ਹੈ, ਜਿਸ ਨੂੰ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਕੱਤਰ ਜਗਜੀਤ ਸਿੰਘ ਜੱਗੀ ਨੇ ਸੂਚਨਾ ਕੇਂਦਰ ਦੇ ਬਾਹਰ ਪ੍ਰਾਪਤ ਕੀਤਾ।

**ਜਥੇਦਾਰ ਦੀ ਤਬਦੀਲੀ ਦੀ ਕੋਈ ਤਜਵੀਜ਼ ਨਹੀਂ:** ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਤਬਦੀਲ ਕਰਨ ਦਾ ਅਜੇ ਕੋਈ ਵਿਚਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਨਵੇਂ ਚਿਹਰੇ ਦੀ ਤਲਾਸ਼ ਦੀ ਲੋੜ ਨਹੀਂ, ਕਿਉਂਕਿ ਗਿਆਨੀ ਗੁਰਬਚਨ ਸਿੰਘ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਨ।

## ਸ਼੍ਰੋਮਣੀ ਕਮੇਟੀ ਮੈਂਬਰ ਲਾਭ ਸਿੰਘ ਦੇਵੀਨਗਰ ਦਾ ਦੇਹਾਂਤ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਲਾਭ ਸਿੰਘ ਦੇਵੀਨਗਰ (75) ਦਾ ਦੇਹਾਂਤ ਹੋ ਗਿਆ। ਉਹ ਕੈਂਸਰ ਤੋਂ ਪੀੜਤ ਸਨ। ਜਥੇਦਾਰ ਦੇਵੀਨਗਰ ਟਕਸਾਲੀ ਅਕਾਲੀ ਵਰਕਰ ਵਜੋਂ ਜਾਣੇ ਜਾਂਦੇ ਸਨ। ਉਹ ਪਾਰਟੀ ਦੇ ਬਾਜ਼ੀਗਰ ਵਿੰਗ ਦੇ ਸੂਬਾਈ ਪ੍ਰਧਾਨ ਵਜੋਂ ਵੀ ਕਾਰਜਸ਼ੀਲ ਸਨ।

ਲੰਘੇ ਵਰ੍ਹੇ ਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਉਹ ਡਕਾਲਾ ਰਾਖਵੇਂ ਹਲਕੇ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਦਾ ਸਸਕਾਰ ਜੱਦੀ ਪਿੰਡ ਦੇਵੀਨਗਰ ਵਿਚ ਕਰ ਦਿੱਤਾ ਗਿਆ ਹੈ।

## ਹੇਠਲੀਆਂ ਅਦਾਲਤਾਂ 'ਚ ਦਹਾਕਿਆਂ ਤੋਂ ਲਟਕ ਰਹੇ ਨੇ 22 ਲੱਖ ਕੇਸ

**ਨਵੀਂ ਦਿੱਲੀ:** ਦੇਸ਼ ਦੀਆਂ ਹੇਠਲੀਆਂ ਅਦਾਲਤਾਂ ਵਿਚ 22 ਲੱਖ ਕੇਸ ਪੈਂਡਿੰਗ ਹਨ, ਜੋ ਦਹਾਕੇ ਪੁਰਾਣੇ ਹਨ। ਇਹ ਜਾਣਕਾਰੀ ਤਾਜ਼ਾ ਸਰਕਾਰੀ ਅੰਕੜਿਆਂ ਤੋਂ ਮਿਲੀ ਹੈ। ਇਹ ਕੇਸ ਹੇਠਲੀਆਂ ਅਦਾਲਤਾਂ ਵਿਚ ਲਗਭਗ ਕੁੱਲ ਪੈਂਡਿੰਗ ਢਾਈ ਕਰੋੜ ਕੇਸਾਂ ਦਾ 8.29 ਫੀਸਦੀ ਹਨ।

ਕੌਮੀ ਜੁਡੀਸ਼ਲ ਡੇਟਾ ਗਰਿੱਡ ਅਨੁਸਾਰ 17 ਸਤੰਬਰ ਸ਼ਾਮ ਤੱਕ ਹੇਠਲੀ ਅਦਾਲਤਾਂ ਵਿਚ ਕੁੱਲ 22,90,364 ਕੇਸ ਪੈਂਡਿੰਗ ਹਨ ਤੇ ਇਹ ਸਾਰੇ ਦਸ ਸਾਲ ਪੁਰਾਣੇ ਹਨ। ਇਨ੍ਹਾਂ ਵਿਚੋਂ 5,97,595 ਦੀਵਾਨੀ ਅਤੇ 16,92,769 ਫੌਜਦਾਰੀ ਕੇਸ ਹਨ। ਦੀਵਾਨੀ ਮਾਮਲੇ ਆਮ ਤੌਰ 'ਤੇ ਕੁਝ ਵਿਅਕਤੀਆਂ ਅਤੇ ਸੰਗਠਨਾਂ ਵਿਚਾਲੇ ਨਿੱਜੀ ਵਿਵਾਦ ਨਾਲ ਸਬੰਧਤ ਹਨ, ਜਦੋਂ ਕਿ ਫੌਜਦਾਰੀ ਮਾਮਲਿਆਂ ਵਿਚ ਅਜਿਹੀ ਕਾਰਵਾਈ ਸ਼ਾਮਲ ਹੈ ਜੋ ਸਮਾਜ ਲਈ ਘਾਤਕ ਹੈ। ਕੌਮੀ ਜੁਡੀਸ਼ਲ ਡੇਟਾ ਗਰਿੱਡ (ਐਨ.ਜੇ.ਡੀ.ਜੀ.) ਈ ਕੋਰਟ ਇੰਟੈਗਰੇਟਿਡ ਮਿਸ਼ਨ ਪ੍ਰੋਜੈਕਟ ਦਾ ਹਿੱਸਾ ਹੈ। ਐਨ.ਜੇ.ਡੀ.ਜੀ. ਪੈਂਡਿੰਗ ਕੇਸਾਂ ਦੀ ਗਿਣਤੀ ਘਟਾਉਣ, ਉਨ੍ਹਾਂ ਦੇ ਪ੍ਰਬੰਧਨ ਅਤੇ ਪਛਾਣ ਕਰਨ ਦਾ ਇਕ ਨਿਗਰਾਨੀ ਉਪਕਰਨ ਹੈ। ਸੁਪਰੀਮ ਕੋਰਟ ਦੀ ਈ- ਕਮੇਟੀ ਨੇ ਦੇਸ਼ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਪੈਂਡਿੰਗ ਕੇਸਾਂ ਸਬੰਧੀ ਡੇਟਾ ਜਾਰੀ ਕਰਨ ਲਈ ਐਨ.ਜੇ.ਡੀ.ਜੀ. ਦੀ ਸ਼ੁਰੂਆਤ ਕੀਤੀ ਸੀ।

ਇਹ ਡੇਟਾ ਦੀਵਾਨੀ ਅਤੇ ਫੌਜਦਾਰੀ ਕੇਸਾਂ ਤਹਿਤ ਦਰਜ ਕੀਤਾ ਗਿਆ ਹੈ ਤੇ ਮਗਰੋਂ ਇਸ ਨੂੰ ਪੈਂਡਿੰਗ ਵਰ੍ਹਿਆਂ ਦੇ ਹਿਸਾਬ ਨਾਲ ਵੰਡਿਆ ਗਿਆ ਹੈ। ਕੇਂਦਰ ਨੇ 24 ਹਾਈ ਕੋਰਟ ਦੇ ਚੀਫ ਜਸਟਿਸਾਂ ਤੋਂ ਅਪੀਲ ਕੀਤੀ ਹੈ ਕਿ ਉਹ ਤੇਜ਼ੀ ਨਾਲ 10 ਵਰ੍ਹੇ ਪੁਰਾਣੇ ਕੇਸਾਂ ਦਾ ਨਿਪਟਾਰਾ ਕਰਾਉਣ।

## ਪੰਚਾਇਤ ਚੋਣਾਂ ਨਵੰਬਰ ਤੱਕ ਟਲਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਵਿਚ ਗਰਾਮ ਪੰਚਾਇਤਾਂ ਦੀਆਂ ਚੋਣਾਂ ਨਵੰਬਰ ਮਹੀਨੇ ਤੱਕ ਲਟਕਣ ਦੇ ਆਸਾਰ ਬਣ ਗਏ ਹਨ। ਸੂਤਰਾਂ ਮੁਤਾਬਕ ਗਰਾਮ ਪੰਚਾਇਤਾਂ ਲਈ ਰਾਖਵੇਂਕਰਨ ਦੀ ਪ੍ਰਕਿਰਿਆ ਸਿਰੇ ਨਾ ਚੜ੍ਹਨ ਕਾਰਨ ਗਰਾਮ ਪੰਚਾਇਤ ਚੋਣਾਂ ਦਾ ਅਮਲ ਸ਼ੁਰੂ ਨਹੀਂ ਹੋ ਰਿਹਾ। ਕਾਂਗਰਸ ਦੇ ਕਈ ਵਿਧਾਇਕਾਂ ਨੇ ਰਾਖਵੇਂਕਰਨ ਸਬੰਧੀ ਸੁਣਵਾਈ ਨਾ ਹੋਣ ਦੇ ਦੋਸ਼ ਲਾਉਂਦਿਆਂ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਕੋਲ ਸਖਤ ਰੋਸ ਪ੍ਰਗਟਾਇਆ ਹੈ। ਪੰਜਾਬ ਵਿਚ 13 ਹਜ਼ਾਰ ਦੇ ਕਰੀਬ ਗਰਾਮ ਪੰਚਾਇਤਾਂ ਦੀ ਚੋਣ ਹੋਣੀ ਹੈ।

ਸਰਕਾਰ ਵੱਲੋਂ 16 ਜੁਲਾਈ ਨੂੰ ਸਮੂਹ ਪੰਚਾਇਤਾਂ ਭੰਗ ਕਰ ਕੇ ਪ੍ਰਸ਼ਾਸਕ ਲਗਾ ਦਿੱਤੇ ਗਏ ਸਨ। ਸੰਵਿਧਾਨਕ ਤੌਰ ਉਤੇ ਗਰਾਮ ਪੰਚਾਇਤਾਂ ਭੰਗ ਹੋਣ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਚੋਣਾਂ ਦਾ ਅਮਲ ਨੇਪਰੇ ਚਾੜ੍ਹਨਾ ਜ਼ਰੂਰੀ ਹੈ। ਪੰਚਾਇਤ ਵਿਭਾਗ ਵੱਲੋਂ ਵੀ ਸਰਕਾਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਦਸੰਬਰ ਦੇ ਅਖੀਰ ਤੱਕ ਚੋਣਾਂ ਦਾ ਅਮਲ ਹਰ ਹਾਲ ਸਿਰੇ ਚਾੜ੍ਹਿਆ ਜਾਵੇ। ਸਰਕਾਰ ਵੱਲੋਂ ਇਸ ਤੋਂ ਪਹਿਲਾਂ ਜ਼ਿਲ੍ਹਾ ਪਰਿਸ਼ਦ, ਪੰਚਾਇਤ ਸਮਿਤੀਆਂ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਦਾ ਅਮਲ 14 ਅਕਤੂਬਰ ਤੱਕ ਸਿਰੇ ਚਾੜ੍ਹਨ ਲਈ ਸੂਬਾਈ ਚੋਣ ਕਮਿਸ਼ਨ ਨੂੰ ਲਿਖਿਆ ਗਿਆ ਸੀ। ਸਰਕਾਰ ਵੱਲੋਂ ਗਰਾਮ ਪੰਚਾਇਤਾਂ ਦੀਆਂ ਚੋਣਾਂ ਸਬੰਧੀ ਦਿਖਾਈ ਜਾ ਰਹੀ ਬੇਰੁਖੀ ਨੂੰ ਦੇਖਦਿਆਂ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਾਰਨ ਪੰਚਾਇਤ ਚੋਣਾਂ 14 ਅਕਤੂਬਰ ਤੱਕ ਨਹੀਂ ਕਰਾਈਆਂ ਜਾ ਸਕਦੀਆਂ।

## ਕਰਤਾਰਪੁਰ ਲਾਂਘਾ: ਮੋਦੀ ਸਰਕਾਰ ਦੀ ਨੀਅਤ 'ਤੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਨੂੰ ਬਗੈਰ ਵੀਜ਼ਾ ਆਉਣ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਸ ਤੋਂ ਤਕਰੀਬਨ ਦਹਾਕੇ ਬਾਅਦ, ਸਾਲ 2010 ਵਿਚ ਪੰਜਾਬ ਵਿਧਾਨ ਸਭਾ ਵਿਚ ਕਰਤਾਰਪੁਰ ਲਾਂਘੇ ਬਾਰੇ ਕੇਂਦਰ ਸਰਕਾਰ ਨੂੰ ਗੱਲਬਾਤ ਲਈ ਅਪੀਲ ਕਰਨ ਬਾਰੇ ਵੀ ਮਤਾ ਪਾਸ ਕੀਤਾ ਗਿਆ ਸੀ। ਇਥੋਂ ਤੱਕ ਕਿ ਗੁਰਦਾਸਪੁਰ ਤੋਂ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਰਤਾਰਪੁਰ ਸਾਹਿਬ ਦੀ ਜ਼ਮੀਨ ਨੂੰ ਗੁਰਦਾਸਪੁਰ ਜ਼ਿਲ੍ਹੇ ਦੀ ਬੇਆਬਾਦ ਜ਼ਮੀਨ ਨਾਲ ਅਦਲਾ-ਬਦਲੀ ਕਰਨ ਦਾ ਵਿਚਾਰ ਵੀ ਪੇਸ਼ ਕੀਤਾ ਸੀ ਪਰ ਉਦੋਂ ਇਹ ਸਭ ਸੱਚ ਨਾ ਹੋ ਸਕਿਆ।

1947 ਦੀ ਵੰਡ ਵੇਲੇ ਫਿਰੋਜ਼ਪੁਰ ਦੇ ਹੁਸੈਨੀਵਾਲਾ ਬਣੇ ਹੋਏ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਕੌਮੀ ਯਾਦਗਾਰ ਨੂੰ ਭਾਰਤ ਵਿਚ ਲਿਆਂਦਾ ਗਿਆ ਸੀ। ਇਸ ਲਈ ਪੰਜਾਬ ਦੇ ਫ਼ਾਜ਼ਿਲਕਾ ਜ਼ਿਲ੍ਹੇ ਸੁਲੇਮਕੀ ਸਥਿਤ 12 ਪਿੰਡਾਂ ਨੂੰ ਪਾਕਿਸਤਾਨ ਨਾਲ ਅਦਲਾ-ਬਦਲੀ ਵੀ ਕੀਤੀ ਗਈ ਸੀ। ਇਸੇ ਤਰਜ਼ 'ਤੇ ਸਾਲ 2010 ਵਿਚ ਅਮਰੀਕਾ ਸਥਿਤ ਮਲਟੀ ਟ੍ਰੈਕ ਕੂਟਨੀਤਕ ਸੰਸਥਾ ਨੇ ਕਰਤਾਰਪੁਰ ਮਾਰਗ ਨੂੰ ਤਿਆਰ ਕਰਨ ਲਈ ਰਿਪੋਰਟ ਤਿਆਰ ਕਰ ਕੇ ਵਾਸ਼ਿੰਗਟਨ ਡੀਸੀ ਵਿਚ ਭਾਰਤੀ ਤੇ ਪਾਕਿਸਤਾਨੀ ਰਾਜਦੂਤਾਂ ਨੂੰ ਸੌਂਪੀ ਗਈ ਸੀ। ਰਿਪੋਰਟ ਮੁਤਾਬਕ ਕਰਤਾਰਪੁਰ ਸਾਹਿਬ ਲਾਂਘੇ 'ਤੇ ਭਾਰਤ ਦਾ 106 ਕਰੋੜ ਰੁਪਏ ਤੇ ਪਾਕਿਸਤਾਨ ਦਾ 16 ਕਰੋੜ ਰੁਪਏ ਦਾ ਖਰਚਾ ਆਵੇਗਾ ਪਰ ਇਸ ਤੋਂ ਬਾਅਦ ਗੱਲਬਾਤ ਠੰਢੇ ਬਸਤੇ ਪੈ ਗਈ।

## 'ਆਪ' ਲੀਡਰਸ਼ਿਪ ਪੁਰਾਣੇ ਲੀਡਰਾਂ ਨੂੰ ਮਨਾਉਣ ਤੁਰੀ

*(ਸਫਾ ਇਕ ਦੀ ਬਾਕੀ)*

ਦਿੱਲੀ ਵਾਲੇ ਖ਼ੁਦਮੁਖ਼ਤਾਰੀ ਦਿੰਦੇ ਹਨ ਤਾਂ ਧਰਮਵੀਰ ਗਾਂਧੀ ਤੇ ਬਾਕੀ ਲੀਡਰ ਵੀ ਪਾਰਟੀ ਵਿਚ ਵਾਪਸ ਆਉਣ ਲਈ ਤਿਆਰ ਹਨ।

ਯਾਦ ਰਹੇ ਕਿ ਪਾਰਟੀ ਨੂੰ ਸੂਬੇ ਵਿਚ ਸਫਲਤਾ ਨਾਲ ਚਲਾਉਣ ਲਈ ਹਾਈਕਮਾਂਡ ਨੂੰ ਕੋਈ ਵੀ ਚਿਹਰਾ ਨਹੀਂ ਮਿਲ ਰਿਹਾ, ਇਸ ਕਰਕੇ ਹਾਈਕਮਾਂਡ ਮੁੜ ਪੁਰਾਣੇ ਚਿਹਰਿਆਂ ਨੂੰ ਪਾਰਟੀ ਵਿਚ ਵੱਡੀਆਂ ਜ਼ਿੰਮੇਵਾਰੀਆਂ ਸੌਂਪਣ ਦਾ ਮਨ ਬਣਾ ਰਹੀ ਹੈ। ਹਾਈਕਮਾਂਡ ਇਸ ਗੱਲੋਂ ਪਰੇਸ਼ਾਨ ਹੈ ਕਿ ਭਗਵੰਤ ਮਾਨ ਪੰਜਾਬ ਦੀ ਪ੍ਰਧਾਨਗੀ ਸੰਭਾਲਣ ਲਈ ਤਿਆਰ ਨਹੀਂ ਹਨ ਅਤੇ ਸਹਿ-ਪ੍ਰਧਾਨ ਡਾ. ਬਲਬੀਰ ਸਿੰਘ ਆਪਣਾ ਚੁੰਬਕੀ ਪ੍ਰਭਾਵ ਦਿਖਾਉਣ ਵਿਚ ਸਫਲ ਨਹੀਂ ਹੋ ਰਹੇ; ਇਸ ਕਰਕੇ ਸੁੱਚਾ ਸਿੰਘ ਛੋਟੇਪੁਰ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਪਿਛਲੇ ਦਿਨੀਂ ਪੱਕਾ ਹੋ ਗਿਆ ਸੀ ਕਿ ਸੁਖਦੇਵ ਸਿੰਘ ਭੌਰ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਬਣਾ ਦਿੱਤਾ ਜਾਵੇ, ਪਰ ਸ੍ਰੀ ਭੌਰ ਨਾਲ ਦਲਿਤ ਭਾਈਚਾਰਾ ਕਾਫੀ ਖ਼ਫ਼ਾ ਹੋਣ ਤੋਂ ਬਾਅਦ ਇਹ ਸੋਚ ਤਿਆਗਣੀ ਪਈ।

## ਪਿਤਾ ਵੱਲੋਂ ਸੱਤ ਸਾਲਾ ਧੀ ਦਾ ਕਤਲ

**ਧੂਰੀ:** ਪਿਉ ਨੇ ਆਪਣੀ 7 ਸਾਲਾ ਧੀ ਦਾ ਕਤਲ ਕਰ ਕੇ ਲਾਸ਼ ਜ਼ਮੀਨ ਵਿਚ ਦੱਬ ਦਿੱਤੀ। ਮੁਲਜ਼ਮ ਦੀ ਪਛਾਣ ਧਰਮਪਾਲ ਸਿੰਘ ਪੁੱਤਰ ਜੱਗਾ ਸਿੰਘ ਪਿੰਡ ਭੁੱਲਰਹੇੜੀ ਵਜੋਂ ਹੋਈ ਹੈ। ਉਹ ਦੋ ਧੀਆਂ ਦਾ ਪਿਤਾ ਹੈ ਅਤੇ ਉਸ ਦੀ ਪਤਨੀ ਰਜਨੀ ਪੁੱਤਰੀ ਬਲਵਿੰਦਰ ਸਿੰਘ ਵਾਸੀ ਕੰਗਣਵਾਲ ਫਰਵਰੀ 2018 ਨੂੰ ਘਰੋਂ ਚਲੀ ਗਈ ਸੀ ਅਤੇ ਉਹ ਮੁਲਜ਼ਮ ਤੋਂ ਅਲੱਗ ਕਿਸੇ ਥਾਂ 'ਤੇ ਰਹਿੰਦੀ ਹੈ, ਜਿਸ ਕਾਰਨ ਧਰਮਪਾਲ ਸਿੰਘ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿਣ ਲੱਗ ਪਿਆ ਸੀ। ਲੜਕੀਆਂ ਨੂੰ ਖ਼ੁਦ 'ਤੇ ਬੋਝ ਸਮਝਣ ਕਾਰਨ ਉਸ ਨੇ ਆਪਣੀ ਛੋਟੀ ਲੜਕੀ ਹਰਜਿੰਦਰ ਕੌਰ (7 ਸਾਲ) ਦਾ ਗਲਾ ਦੱਬਣ ਤੋਂ ਬਾਅਦ ਉਸ ਨੂੰ ਪਾਣੀ ਵਿਚ ਡੁੱਬੋ ਕੇ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਪਿੰਡ ਦੇ ਨੇੜੇ ਡਰੇਨ ਕਿਨਾਰੇ ਟੋਆ ਪੁੱਟ ਕੇ ਮਿੱਟੀ ਵਿਚ ਦੱਬ ਦਿੱਤਾ ਸੀ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਹਵਾ ਦਾ ਰੁਖ ਮੋੜਨ ਲਈ ਅਕਾਲੀ ਲੀਡਰਸ਼ਿਪ ਦੀ ਹਰ ਬਾਜੀ ਪਈ ਪੁੱਠੀ

**ਚੰਡੀਗੜ੍ਹ:** ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਹੋਣ ਤੋਂ ਬਾਅਦ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਘਟਨਾਵਾਂ 'ਚ ਘਿਰੀ ਅਕਾਲੀ ਲੀਡਰਸ਼ਿਪ ਭਾਵੇਂ ਮੁੜ ਖੜ੍ਹੀ ਹੋਣ ਲਈ ਹੱਥ ਪੈਰ ਮਾਰ ਰਹੀ ਹੈ ਪਰ ਲੋਕ ਮਨਾਂ ਵਿਚ ਉਠੇ ਰੋਹ ਕਾਰਨ ਪੰਥਕ ਧਿਰ ਅਖਵਾਉਣ ਵਾਲੀ ਇਸ ਧਿਰ ਦਾ ਕਿਸੇ ਪਾਸਿਉਂ ਵੀ ਦਾਅ ਨਹੀਂ ਲੱਗ ਰਿਹਾ।

ਸਿੱਖ ਜਥੇਬੰਦੀਆਂ ਵੱਲੋਂ ਬਾਦਲਾਂ ਨੂੰ ਘੇਰਨ ਲਈ ਇਕ ਪਿਛੋਂ ਇਕ ਬਣਾਈਆਂ ਜਾ ਰਹੀਆਂ ਰਣਨੀਤੀਆਂ ਅੱਗੇ ਅਕਾਲੀ ਦਲ ਬੇਵੱਸ ਨਜ਼ਰ ਆ ਰਿਹਾ ਹੈ। ਭਾਵੇਂ ਅਕਾਲੀ ਦਲ ਨੇ ਪੂਰੇ ਪੰਜਾਬ ਵਿਚ ਰੈਲੀਆਂ ਕਰਕੇ ਬੇਅਦਬੀ ਕਾਂਡ ਵਿਚ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਤੇ ਕਾਂਗਰਸ ਦੀ ਪੋਲ ਖੋਲ੍ਹਣ ਲਈ ਮੁਹਿੰਮ ਸ਼ੁਰੂ ਕੀਤੀ ਸੀ ਪਰ ਇਹ ਵੀ ਪੁੱਠੀ ਪੈਂਦੀ ਨਜ਼ਰ ਆ ਰਹੀ ਹੈ। ਪੰਥਕ ਧਿਰਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਵੱਲੋਂ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਖਿਲਾਫ਼ ਵਿੱਢੇ ਪ੍ਰਚਾਰ ਦਾ ਸਖਤ ਨੋਟਿਸ ਲਿਆ ਹੈ। ਪੰਥਕ ਆਗੂਆਂ ਨੇ ਬਾਦਲਾਂ ਨੂੰ ਚੁਣੌਤੀ ਦਿੱਤੀ ਹੈ ਕਿ ਜੇਕਰ ਉਨ੍ਹਾਂ 'ਚ ਹਿੰਮਤ ਹੈ, ਤਾਂ ਉਹ ਹਰਿਮੰਦਰ ਸਾਹਿਬ ਜਾ ਕੇ ਅਰਦਾਸ ਕਰਕੇ ਦਾਦੂਵਾਲ 'ਤੇ ਇਲਜ਼ਾਮ ਲਾਉਣ। ਉਧਰ 'ਦਰਬਾਰ ਏ ਖਾਲਸਾ' ਵੱਲੋਂ 14 ਅਕਤੂਬਰ ਨੂੰ 'ਲਾਹਨਤ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।

'ਦਰਬਾਰ ਏ ਖਾਲਸਾ' ਦੇ ਮੁੱਖ ਸੇਵਾਦਾਰ ਹਰਜਿੰਦਰ ਸਿੰਘ ਮਾਝੀ ਨੇ ਕਿਹਾ ਹੈ ਕਿ 14 ਅਕਤੂਬਰ ਦਾ ਦਿਨ ਸਿੱਖ ਕੌਮ ਲਈ ਨਾ ਭੁੱਲਣਯੋਗ ਹੈ। 13 ਅਕਤੂਬਰ 2015 ਨੂੰ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਕੋਟਕਪੁਰਾ ਚੌਕ 'ਤੇ ਸ਼ਾਂਤਮਈ ਧਰਨਾ ਦੇ ਰਹੀ ਸਿੱਖ ਸੰਗਤ ਉਤੇ 14 ਅਕਤੂਬਰ ਨੂੰ ਗੋਲੀਆਂ ਚਲਾ ਦਿੱਤੀਆਂ ਗਈਆਂ, ਜਿਸ ਕਾਰਨ ਦੋ ਨੌਜਵਾਨ ਸ਼ਹੀਦ ਹੋ ਗਏ। 14 ਅਕਤੂਬਰ ਦਾ ਦਿਨ ਸਿੱਖਾਂ ਲਈ ਕਾਲਾ ਦਿਨ ਬਣ ਗਿਆ। ਦੱਸ ਦਈਏ ਕਿ ਅਕਤੂਬਰ 2015 'ਚ ਵਾਪਰੀਆਂ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਦੀਆਂ ਘਟਨਾਵਾਂ ਨੇ ਪੂਰੇ ਪੰਜਾਬ ਨੂੰ ਹੀ ਨਹੀਂ, ਸਗੋਂ ਪੂਰੀ ਦੁਨੀਆਂ 'ਚ ਵਸਦੀ ਸਿੱਖ ਸੰਗਤ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਸਨ। ਅਕਾਲੀ ਲੀਡਰਸ਼ਿਪ ਸਾਹਮਣੇ ਉਸ ਸਮੇਂ ਵੀ ਇਨ੍ਹਾਂ ਘਟਨਾਵਾਂ ਬਾਰੇ ਉਪਜੇ ਪ੍ਰਤੀਕਰਮ ਨੇ ਵੱਡੀਆਂ ਚੁਣੌਤੀਆਂ ਪੇਸ਼ ਕੀਤੀਆਂ ਸਨ, ਪਰ ਅਕਾਲੀ ਲੀਡਰਸ਼ਿਪ ਤੇ ਬਾਦਲ ਸਰਕਾਰ ਇਨ੍ਹਾਂ ਚੁਣੌਤੀਆਂ ਨੂੰ ਹੱਲ ਕੀਤੇ ਬਗੈਰ ਹੀ ਆਖਰ ਫਰਵਰੀ 2017 'ਚ ਸਰਕਾਰੀ ਅਹੁਦਿਆਂ ਤੋਂ ਰੁਖਸਤ ਹੋ ਗਈ ਸੀ।

ਸਰਕਾਰ ਵੱਲੋਂ ਦਰਪੇਸ਼ ਮਸਲਿਆਂ ਦਾ ਹੱਲ ਨਾ ਹੋਣ ਕਾਰਨ ਹੀ ਉਨ੍ਹਾਂ ਮਸਲਿਆਂ ਨੇ ਅਕਾਲੀ ਲੀਡਰਸ਼ਿਪ ਨੂੰ ਮੁੜ ਫਿਰ ਤਿੰਨ ਸਾਲ ਬਾਅਦ ਉਹੋ ਜਿਹੇ ਘਮਸਾਨੀ ਸੰਕਟ ਦੇ ਮੂੰਹ ਪਾ ਦਿੱਤਾ ਹੈ। ਅਕਾਲੀ ਲੀਡਰਸ਼ਿਪ ਅਸਲ ਵਿਚ ਚੋਟੀ ਅਕਾਲੀ ਲੀਡਰਸ਼ਿਪ 2015 ਵਾਂਗ ਅੱਜ ਵੀ ਇਹ ਅਹਿਸਾਸ ਲੈ ਕੇ ਚੱਲ ਰਹੀ ਹੈ ਕਿ ਉਸ ਵੱਲੋਂ ਧਾਰਮਿਕ, ਰਾਜਸੀ ਤੇ ਪ੍ਰਸ਼ਾਸਨਿਕ ਖੇਤਰ ਵਿਚ ਕਦੇ ਕੋਈ ਅਜਿਹੀ ਗਲਤੀ ਨਹੀਂ ਹੋਈ, ਜਿਸ ਕਾਰਨ ਉਨ੍ਹਾਂ ਨੂੰ ਕਟਹਿਰੇ 'ਚ ਖੜ੍ਹਾ ਹੋਣਾ ਪਵੇ।

ਪਾਰਟੀ ਦੇ ਬੁਲਾਰੇ ਤੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਤੇ ਕਾਂਗਰਸ ਆਗੂਆਂ ਦੇ ਯਤਨ ਦੇ ਬਾਵਜੂਦ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਵੀ ਸਾਡੇ ਖਿਲਾਫ਼ ਕੋਈ ਗੰਭੀਰ ਦੋਸ਼ ਸਾਬਤ ਨਹੀਂ ਹੋਇਆ। ਉਨ੍ਹਾਂ ਦਾ ਕਹਿਣਾ ਹੈ ਕਿ ਕਾਂਗਰਸ ਨੇ ਅਕਾਲੀ ਲੀਡਰਸ਼ਿਪ ਨੂੰ ਬਦਨਾਮ ਕਰਨ ਲਈ ਕਮਿਸ਼ਨ ਦੀ ਆੜ ਹੇਠ ਮੁਹਿੰਮ ਅਰੰਭ ਕੀਤੀ ਹੈ ਤੇ ਗਰਮਖ਼ਿਆਲੀ ਸਿੱਖ ਸੰਗਠਨਾਂ ਨੂੰ ਉਤਸ਼ਾਹ ਦੇ ਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਵਾਲੇ ਪਾਸੇ ਤੁਰਿਆ ਜਾ ਰਿਹਾ ਹੈ।



### ਅਮਨ ਲਈ ਕੁਰਬਾਨੀ ਦੇਣ ਲਈ ਤਿਆਰ: ਬਾਦਲ

**ਫਰੀਦਕੋਟ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਫਰੀਦਕੋਟ ਵਿਚ ਰੈਲੀ ਕੀਤੀ ਗਈ ਜਿਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਸਮੁੱਚੀ ਸੀਨੀਅਰ ਲੀਡਰਸ਼ਿਪ ਹਾਜ਼ਰ ਰਹੀ। ਸਾਬਕਾ ਮੁੱਖ ਨੇ ਕਿਹਾ ਕਿ ਉਹ ਸੂਬੇ ਦੀ ਸ਼ਾਂਤੀ ਅਤੇ ਫਿਰਕੂ ਭਾਈਚਾਰੇ ਨੂੰ ਬਚਾਈ ਰੱਖਣ ਲਈ ਆਪਣੀ ਅਤੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਜਾਨ ਕੁਰਬਾਨ ਕਰਨ ਲਈ ਵੀ ਤਿਆਰ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਕੱਟੜਪੰਥੀ ਉਨ੍ਹਾਂ ਨੂੰ ਰੈਲੀ ਵਿਚ ਮਾਰਨ ਲਈ ਆਏ ਸਨ ਅਤੇ ਸੂਚਨਾ ਮੁਤਾਬਕ ਇਕ ਵਿਅਕਤੀ ਨੂੰ ਪਿਸਤੌਲ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਅਜਿਹੀਆਂ ਰਿਪੋਰਟਾਂ ਜਾਂ ਧਮਕੀਆਂ ਤੋਂ ਉਹ ਡਰਨ ਤੇ ਘਬਰਾਉਣ ਵਾਲੇ ਨਹੀਂ ਹਨ।

### ਬਾਦਲ ਪਰਿਵਾਰ ਨੂੰ ਪੰਥਕ ਰਵਾਇਤਾਂ ਮੁਤਾਬਕ ਸਜ਼ਾ ਦੀ ਮੰਗ

ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਪੰਥਕ ਧਿਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਬਾਦਲ ਪਰਿਵਾਰ ਨੂੰ ਪੰਥਕ ਰਵਾਇਤਾਂ ਅਨੁਸਾਰ ਉਨ੍ਹਾਂ ਦੇ ਕੀਤੇ ਗਏ ਗੁਨਾਹਾਂ ਦੀ ਸਜ਼ਾ ਨਿਰਧਾਰਿਤ ਕਰਨ। ਉਨ੍ਹਾਂ ਕਿਹਾ ਕਿ ਭਾਵੇਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਬਾਦਲਾਂ ਨੂੰ ਕਸੂਰਵਾਰ ਮੰਨਿਆ ਹੈ ਪਰ ਖਾਲਸਾ ਪੰਥ ਇਸ ਘੋਰ ਅਪਰਾਧ ਲਈ ਬਾਦਲ ਪਰਿਵਾਰ ਦੀ ਸਜ਼ਾ ਆਪ ਨਿਰਧਾਰਤ ਕਰੇ।

# ਕਾਂਗਰਸ ਤੇ ਬਾਦਲਾਂ ਵਿਚ ਸਿਆਸੀ ਟਕਰਾਅ ਵਧਣ ਦੇ ਆਸਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਅਗਲੇ ਦਿਨਾਂ ਵਿਚ ਸਿਆਸੀ ਘਮਸਾਨ ਹੋਰ ਵਧਣ ਦੇ ਆਸਾਰ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਵੱਲੋਂ ਬੇਅਦਬੀ ਅਤੇ ਹੋਰ ਮਾਮਲਿਆਂ ਬਾਰੇ ਲਾਏ ਦੋਸ਼ਾਂ ਦਾ ਢੁਕਵਾਂ ਜੁਆਬ ਦੇਣ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਨੂੰ ਚੁਣਿਆ ਹੈ। ਉਨ੍ਹਾਂ ਮਹੀਨੇ ਦੇ ਅਖੀਰ ਵਿਚ ਲੰਬੀ ਵਿਚ ਰੈਲੀ ਕਰਨ ਦਾ ਐਲਾਨ ਕੀਤਾ ਹੈ। ਉਧਰ ਅਕਾਲੀ ਦਲ ਨੇ ਇਸ ਦੇ ਬਦਲੇ ਇਸੇ ਦਿਨ ਕੈਪਟਨ ਦੇ ਹਲਕੇ ਪਟਿਆਲਾ ਵਿਚ ਰੈਲੀ ਕਰਨ ਦਾ ਐਲਾਨ ਕਰ ਦਿੱਤਾ ਹੈ।

ਦੱਸ ਦਈਏ ਕਿ ਕੈਪਟਨ ਦੇ ਵਜ਼ਾਰਤੀ ਸਾਥੀ ਵੀ ਬਾਦਲਾਂ ਨੂੰ ਉਨ੍ਹਾਂ ਦੇ ਇਲਾਕੇ 'ਚ ਜਵਾਬ ਦੇਣ ਦੇ ਹੱਕ ਵਿਚ ਹਨ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਜਾਣਬੁੱਝ ਕੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਬਾਰੇ ਲੋਕਾਂ ਵਿਚ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ। ਉਹ ਲੋਕਾਂ ਵਿਚਾਲੇ ਫਿਰਕੂ ਅਫਰਾ-ਤਫਰੀ ਪੈਦਾ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਭ ਜਾਣਦੇ ਹਨ ਕਿ ਬੇਅਦਬੀ ਅਤੇ ਗੋਲੀਕਾਂਡ ਦੀਆਂ ਘਟਨਾਵਾਂ ਪਿਛਲੀ ਅਕਾਲੀ ਸਰਕਾਰ ਸਮੇਂ ਹੋਈਆਂ ਸਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਦੋਂ ਤੋਂ ਜਨਤਕ ਹੋਈ ਹੈ, ਉਦੋਂ ਤੋਂ ਹੀ ਸਾਬਕਾ ਮੁੱਖ ਮੰਤਰੀ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਹਟਾਉਣ ਲਈ ਯਤਨ ਕਰਦੇ ਆ ਰਹੇ ਹਨ। ਚੋਣਾਂ ਵਿਚ ਧਰਮ ਦੀ ਆੜ ਲੈਣਾ ਉਨ੍ਹਾਂ ਲਈ ਆਮ ਗੱਲ ਹੈ।

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਕਾਲੀ ਦਲ ਆਪਣਾ ਖੁੱਸ ਚੁੱਕਾ ਅਧਾਰ ਪ੍ਰਾਪਤ ਕਰਨ ਲਈ ਹਰ ਹੱਥਕੰਡਾ ਵਰਤ ਰਿਹਾ ਹੈ। ਇਸ ਲਈ ਸਰਕਾਰ ਬਾਦਲਾਂ ਨੂੰ ਇਸ ਦਾ ਢੁਕਵਾਂ ਜਵਾਬ ਉਨ੍ਹਾਂ ਦੇ ਹਲਕੇ ਵਿਚ ਰੈਲੀ ਕਰ ਕੇ ਦੇਵੇਗੀ। ਇਸੇ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਫਰੀਦਕੋਟ ਰੈਲੀ ਬਾਰੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਰੀਦਕੋਟ ਵਿਚ ਰੈਲੀ ਕਰ ਕੇ ਕਿਸ ਜਿੱਤ ਦੀਆਂ ਖੁਸ਼ੀਆਂ ਮਨਾ ਰਿਹਾ ਹੈ। ਉਹ ਤਾਂ ਉਨ੍ਹਾਂ ਲੋਕਾਂ ਦੇ ਜ਼ਖਮਾਂ 'ਤੇ ਲੂਣ ਛਿੜਕ ਰਿਹਾ ਹੈ ਜਿਨ੍ਹਾਂ ਨੂੰ ਪਿਛਲੀ ਅਕਾਲੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਵਿਰੋਧ ਕਰਦਿਆਂ ਗੋਲੀਆਂ ਖਾਣੀਆਂ ਪਈਆਂ ਸਨ।

# ਪਤਨੀ ਨੇ ਕਰਵਾਇਆ ਸੀ 'ਆਪ' ਉਮੀਦਵਾਰ ਦਾ ਕਤਲ

**ਬਠਿੰਡਾ:** ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਹਰਵਿੰਦਰ ਸਿੰਘ ਉਰਫ ਹਿੰਦਾ ਨੂੰ ਕਤਲ ਕਰਨ ਦਾ ਮਾਮਲਾ ਬਠਿੰਡਾ ਪੁਲਿਸ ਨੇ ਸੁਲਝਾ ਲਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਹਿੰਦਾ ਦਾ ਕਤਲ ਪ੍ਰੇਮ ਦੇ ਚੱਕਰ 'ਚ ਫਸੀ ਉਸ ਦੀ ਪਤਨੀ ਕਿਰਨਪਾਲ ਕੌਰ ਨੇ ਹੋਰਾਂ ਨਾਲ ਮਿਲ ਕੇ ਕੀਤਾ ਸੀ।

ਪੁਲਿਸ ਨੇ ਇਸ ਮਾਮਲੇ ਵਿਚ ਕਿਰਨਪਾਲ ਕੌਰ, ਮੱਖਣ ਰਾਮ ਉਰਫ ਮੱਖਣ ਬਾਬਾ, ਚਮਕੌਰ ਸਿੰਘ ਉਰਫ ਕੌਰੀ ਅਤੇ ਜੈਮਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਹਿੰਦਾ ਦੀ ਪਤਨੀ ਕਿਰਨਪਾਲ ਕੌਰ ਦੇ ਸੰਦੀਪ ਕੁਮਾਰ ਉਰਫ ਬੰਟੀ ਵਾਸੀ ਬੈਹਣੀਵਾਲ ਜ਼ਿਲ੍ਹਾ ਮਾਨਸਾ ਨਾਲ ਸਬੰਧ ਸਨ ਅਤੇ ਉਹ ਬੰਟੀ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਇਸ ਦੀ ਭਿਣਕ ਹਰਵਿੰਦਰ ਸਿੰਘ ਹਿੰਦਾ ਨੂੰ ਪੈ ਗਈ ਸੀ ਜਿਸ ਕਾਰਨ ਘਰ ਵਿਚ ਕਲੇਸ਼ ਰਹਿਣ ਲੱਗ ਪਿਆ ਸੀ। ਕਿਰਨਪਾਲ ਕੌਰ ਲੜਾਈ-ਝਗੜੇ ਨੂੰ ਹੱਲ ਕਰਨ ਲਈ ਪੁੱਛਾਂ ਦੇਣ ਵਾਲੇ ਬਾਬੇ ਮੱਖਣ ਰਾਮ ਕੋਲ ਜਾਣ ਲੱਗ ਪਈ ਅਤੇ ਉਸ ਨੇ ਆਪਣੇ ਸਬੰਧ ਬਾਬੇ ਨਾਲ ਵੀ ਕਾਇਮ ਕਰ ਲਏ ਸਨ। ਉਸ ਨੇ ਬਾਬੇ ਕੋਲ ਪਤੀ ਨੂੰ ਮਰਵਾਉਣ ਦੀ ਖਾਹਿਸ਼ ਦੱਸੀ। ਉਸ ਨੇ ਇਹ ਗੱਲ ਪ੍ਰੇਮੀ ਸੰਦੀਪ ਨੂੰ ਵੀ ਦੱਸ ਦਿੱਤੀ ਸੀ ਕਿ ਬਾਬਾ ਉਨ੍ਹਾਂ ਦਾ ਕੰਮ ਕਰ ਦੇਵੇਗਾ। ਬਾਬੇ ਨੇ ਆਪਣੇ ਕੋਲ ਕੰਮ ਕਰਦੇ ਚਮਕੌਰ ਸਿੰਘ ਅਤੇ ਜੈਮਲ ਸਿੰਘ ਨਾਲ ਰਾਬਤਾ ਕਾਇਮ ਕੀਤਾ ਅਤੇ ਹਿੰਦਾ ਦੇ ਕਤਲ ਲਈ ਦੋਹਾਂ ਨੂੰ 5-5 ਹਜ਼ਾਰ ਰੁਪਏ ਦਾ ਲਾਲਚ ਦਿੱਤਾ ਅਤੇ ਬਾਬੇ ਨੇ ਉਨ੍ਹਾਂ ਨੂੰ ਕੋਈ ਕੇਸ ਨਾ ਪੈਣ ਦੇਣ ਦਾ ਭਰੋਸਾ ਦਿੱਤਾ ਸੀ।

ਪੁਲਿਸ ਮੁਤਾਬਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਕਿਰਨਪਾਲ ਕੌਰ ਨੇ ਆਪਣੇ ਪਤੀ ਨੂੰ ਦੁੱਧ ਵਿੱਚ ਨੀਂਦ ਦੀਆਂ ਗੋਲੀਆਂ ਪਾ ਕੇ ਉਸ ਨੂੰ ਬੇਹੋਸ਼ ਕਰ ਦਿੱਤਾ ਅਤੇ ਬਾਅਦ ਵਿਚ ਮੱਖਣ ਬਾਬੇ ਨੂੰ ਫੋਨ ਕਰਕੇ ਚਮਕੌਰ ਤੇ ਜੈਮਲ ਨੂੰ ਘਰ ਸੱਦ ਲਿਆ। ਉਸ ਨੇ ਪਹਿਲਾਂ ਉਨ੍ਹਾਂ ਨੂੰ ਸ਼ਰਾਬ ਪਿਲਾਈ ਅਤੇ ਫਿਰ ਮਿਲ ਕੇ ਹਾਕੀ ਨਾਲ ਸੱਟਾਂ ਮਾਰੀਆਂ ਅਤੇ ਫਿਰ ਸਿਰਹਾਣੇ ਨਾਲ ਮੂੰਹ ਬੰਦ ਕਰ ਕੇ ਹਰਵਿੰਦਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

# ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਸੂਰਜ ਦੀ ਅੱਖ' ਨੂੰ ਢਾਹਾਂ ਪੁਰਸਕਾਰ

**ਚੰਡੀਗੜ੍ਹ:** ਪੰਜਾਬ ਦੇ ਸਾਹਿਤਕਾਰਾਂ ਨੂੰ ਦਿੱਤੇ ਜਾਂਦੇ ਢਾਹਾਂ ਪੁਰਸਕਾਰਾਂ ਦਾ ਐਲਾਨ ਕੈਨੇਡਾ ਵਿਚ ਕਰ ਦਿੱਤਾ ਗਿਆ ਹੈ। ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਸੂਰਜ ਦੀ ਅੱਖ' ਦੀ ਚੋਣ ਪਹਿਲੇ ਸਥਾਨ ਉਤੇ ਹੋਈ ਹੈ। ਉਨ੍ਹਾਂ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਪੁਰਸਕਾਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਪਾਕਿਸਤਾਨੀ ਲੇਖਕ ਨਾਸਿਰ ਬਲੋਚ ਦੀ ਰਚਨਾ 'ਝੂਠਾ ਸੱਚਾ ਕੋਈ ਨਾ' ਨੂੰ ਦੂਜਾ ਇਨਾਮ ਦਿੱਤਾ ਜਾਵੇਗਾ। ਇਹ ਸ਼ਾਹਮੁਖੀ ਲਿੱਪੀ ਵਿਚ ਛਪਿਆ ਨਾਸਿਰ ਬਲੋਚ ਦੀਆਂ ਕਹਾਣੀਆਂ ਦਾ ਨਵਾਂ ਪਰਾਗਾ ਹੈ। ਇਸੇ ਤਰ੍ਹਾਂ ਹਰਪ੍ਰੀਤ ਸੇਖਾ ਸਰੀ ਨੂੰ ਵੀ ਦੂਜਾ ਇਨਾਮ ਦਿੱਤਾ ਜਾਵੇਗਾ। ਦੂਜੇ ਨੰਬਰ 'ਤੇ ਆਉਣ ਵਾਲੀਆਂ ਰਚਨਾਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਿੱਤੇ ਜਾਣਗੇ।

ਡਾ. ਰਘਬੀਰ ਸਿੰਘ ਸਿਰਜਣਾ ਨੇ ਦੱਸਿਆ ਕਿ 'ਸੂਰਜ ਦੀ ਅੱਖ' ਨਾਵਲ ਉਤੇ ਬਲਦੇਵ ਸਿੰਘ ਨੂੰ ਇਹ ਵੱਕਾਰੀ ਇਨਾਮ ਮਿਲਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਤੇ ਕਾਲ ਦੇ ਸਭ ਪੱਖਾਂ 'ਤੇ ਝਾਤ ਪਾਉਣ ਵਾਲਾ ਸੜਕਨਾਮਾ ਦਾ ਇਹ ਸ਼ਾਹਕਾਰ ਨਾਵਲ ਹੈ। ਬਲਦੇਵ ਸਿੰਘ ਸੜਕਨਾਮਾ ਨੂੰ ਸਾਲ 2011 ਵਿਚ ਲੋਕ ਨਾਇਕ ਦੁੱਲਾ ਭੱਟੀ ਬਾਰੇ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਿਆ ਹੈ। ਇਸ ਲੇਖਕ ਨੇ ਆਪਣਾ ਸਿਰਜਣਾਤਮਕ ਸਫਰ 1977 ਵਿਚ ਕਹਾਣੀ ਸੰਗ੍ਰਹਿ 'ਗਿੱਲੀਆਂ ਛਿਟੀਆਂ ਦੀ ਅੱਗ' ਨਾਲ ਸ਼ੁਰੂ ਕੀਤਾ ਸੀ। ਟਰੱਕ ਡਰਾਈਵਰ ਵਜੋਂ ਉਸ ਦਾ ਅਨੁਭਵ 'ਸੜਕਨਾਮਾ' ਲਿਖਣ ਲਈ ਪ੍ਰੇਰਨਾ ਸਰੋਤ ਬਣਿਆ, ਜੋ ਅੰਮ੍ਰਿਤਾ ਪ੍ਰੀਤਮ ਦੇ ਰਸਾਲੇ 'ਨਾਗਮਣੀ' ਵਿਚ ਬਾਕਾਇਦਾ ਕਾਲਮ ਵਜੋਂ ਛਪਦਾ ਰਿਹਾ। ਬਲਦੇਵ ਸਿੰਘ ਨੇ ਨਾਵਲ ਤੇ ਕਹਾਣੀ ਸਮੇਤ ਨਾਟਕ, ਵਾਰਤਕ, ਸਫ਼ਰਨਾਮਾ ਅਤੇ ਬਾਲ ਸਾਹਿਤ ਦੀ ਵੀ ਰਚਨਾ ਕੀਤੀ ਹੈ।

ਇਸੇ ਤਰ੍ਹਾਂ ਦੂਜੇ ਸਥਾਨ ਲਈ ਚੁਣੇ ਕਹਾਣੀਆਂ ਦੇ ਪਰਾਗੇ 'ਝੂਠਾ ਸੱਚਾ ਕੋਈ ਨਾ' ਦੀ ਰਚਨਾ ਨਾਸਿਰ ਬਲੋਚ, ਖੁਸ਼ਾਬ (ਪਾਕਿਸਤਾਨ) ਨੇ ਕੀਤੀ ਹੈ। ਬਲੋਚ, ਸੂਖਮ ਸੋਝੀ ਨਾਲ ਰਚੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹੀ ਕਹਾਣੀ ਦਾ ਸ਼ਾਹ-ਸਵਾਰ ਹੈ, ਜੋ ਆਪਣੀ ਰਚਨਾ ਵਿਚ ਭ੍ਰਿਸ਼ਟਾਚਾਰ, ਅੱਧੋਗਤੀ ਤੇ ਖੜੋਤ ਦੀ ਭਾਂਤ-ਸੁਭਾਂਤੀ ਦਲਦਲ ਵਿਚ ਧਸੇ ਸਮਕਾਲੀ ਸਮਾਜੀ ਨਿਜ਼ਾਮ ਦਾ ਪਰਦਾਫਾਸ਼ ਕਰਦਾ ਹੈ।

ਡਾ. ਨਾਸਿਰ ਬਲੋਚ ਉਰਦੂ ਅਤੇ ਪੰਜਾਬੀ ਦੇ ਪ੍ਰੋਫੈਸਰ ਹਨ, ਜੋ ਇਸ ਸਮੇਂ ਮਿਨਹਾਜ਼ ਯੂਨੀਵਰਸਿਟੀ, ਲਾਹੌਰ ਵਿਚ ਪੜ੍ਹਾ ਰਹੇ ਹਨ। ਉਰਦੂ ਅਤੇ ਪੰਜਾਬੀ ਵਿਚ ਲਿਖੇ ਉਨ੍ਹਾਂ ਦੇ ਡਰਾਮਿਆਂ ਦੀ ਗਿਣਤੀ 150 ਤੱਕ ਹੈ, ਜਿਨ੍ਹਾਂ ਵਿਚੋਂ 16 ਲੜੀਵਾਰ ਵਜੋਂ ਟੀ.ਵੀ. ਉਤੇ ਵਿਖਾਏ ਗਏ ਹਨ। ਪਾਕਿਸਤਾਨ ਟੀ.ਵੀ. ਵੱਲੋਂ ਉਸ ਨੂੰ ਬਿਹਤਰੀਨ ਡਰਾਮਾ ਲੇਖਕ ਦਾ ਐਵਾਰਡ ਵੀ ਦਿੱਤਾ ਜਾ ਚੁੱਕਿਆ ਹੈ।

ਇਸੇ ਤਰ੍ਹਾਂ ਹਰਪ੍ਰੀਤ ਸੇਖਾ ਸਰੀ, ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਨੂੰ ਵੀ ਦੂਜੇ ਇਨਾਮ ਲਈ ਚੁਣਿਆ ਹੈ। ਦੂਜੇ ਸਥਾਨ ਲਈ ਚੁਣਿਆ 'ਪ੍ਰਿਜ਼ਮ' ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਦਾ ਸੱਜਰਾ ਸੰਗ੍ਰਹਿ ਹੈ। ਹਰਪ੍ਰੀਤ ਸੇਖਾ ਸਰੀ ਵਾਸੀ ਕੈਨੇਡੀਅਨ-ਪੰਜਾਬੀ ਲੇਖਕ ਹੈ, ਜਿਸ ਨੇ 1988 ਵਿਚ ਆਪਣੇ ਮਾਪਿਆਂ ਨਾਲ ਕੈਨੇਡਾ ਪਰਵਾਸ ਕੀਤਾ ਸੀ। ਉਸ ਦੀਆਂ ਪ੍ਰਕਾਸ਼ਿਤ ਪੁਸਤਕਾਂ ਵਿਚ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' (2006) ਅਤੇ 'ਬਾਰਾਂ ਬੂਹੇ' (2013) ਤੋਂ ਇਲਾਵਾ ਸਾਲ 2011 ਵਿਚ ਛਪੀ ਵਾਰਤਕ 'ਟੈਕਸੀਨਾਮਾ' ਵੀ ਸ਼ਾਮਲ ਹੈ। ਹਰਪ੍ਰੀਤ ਦੀਆਂ ਕਹਾਣੀਆਂ ਭਾਰਤ ਦੇ ਸਕੂਲ ਸਿੱਖਿਆ ਬੋਰਡਾਂ ਅਤੇ ਯੂਨੀਵਰਸਿਟੀਆਂ ਵਿਚ ਪਾਠ ਪੁਸਤਕਾਂ ਵਜੋਂ ਪੜ੍ਹਾਏ ਜਾਂਦੇ ਸੰਗ੍ਰਹਿਆਂ ਵਿਚ ਸ਼ਾਮਲ ਹਨ। ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਪੰਜਾਬੀ ਐਮਏ ਵਿਚ ਉਸ ਦੀ ਕਿਤਾਬ 'ਟੈਕਸੀਨਾਮਾ' ਸ਼ਾਮਲ ਰਹੀ ਹੈ।

ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਉਨ੍ਹਾਂ ਨੇ ਇਹ ਕਿਤਾਬ ਲਿਖਣ ਲਈ ਚਾਰ ਵਰ੍ਹੇ ਖੋਜ ਕੀਤੀ। ਇਸ ਨਾਵਲ ਬਾਰੇ ਹੋਏ ਵਾਦ-ਵਿਵਾਦ ਸਬੰਧੀ ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਸਾਡੇ ਨਾਇਕ ਸਨ, ਪਰ ਵੱਖ ਵੱਖ ਲੇਖਕ ਤੇ ਵਿਦਵਾਨ ਆਪਣੇ ਨਾਇਕਾਂ ਨੂੰ ਵੱਖ-ਵੱਖ ਦ੍ਰਿਸ਼ਟੀ ਤੋਂ ਵੇਖਦੇ ਹਨ। ਬਲਦੇਵ ਸਿੰਘ ਸੜਕਨਾਮਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਹਮੇਸ਼ਾਂ ਉਸਾਰੂ ਆਲੋਚਨਾ ਦਾ ਸਵਾਗਤ ਕੀਤਾ ਹੈ।






### ਵਿਵਾਦਾਂ 'ਚ ਘਿਰਿਆ ਰਿਹਾ ਸੀ ਨਾਵਲ

**ਚੰਡੀਗੜ੍ਹ:** ਸੜਕਨਾਮਾ ਦਾ ਨਾਵਲ 'ਸੂਰਜ ਦੀ ਅੱਖ' ਪਿਛਲੇ ਸਾਲ ਵਿਵਾਦਾਂ ਵਿਚ ਘਿਰਿਆ ਰਿਹਾ, ਜਿਸ ਕਾਰਨ ਪ੍ਰਕਾਸ਼ਕਾਂ ਨੇ ਇਸ ਦੀ ਵਿਕਰੀ ਵੀ ਬੰਦ ਕਰ ਦਿੱਤੀ ਸੀ। ਕੁਝ ਸਿੱਖ ਜਥੇਬੰਦੀਆਂ ਤੇ ਹੋਰਾਂ ਨੇ ਬਲਦੇਵ ਸਿੰਘ ਉਤੇ ਮਹਾਰਾਜਾ ਰਣਜੀਤ ਸਿੰਘ ਬਾਰੇ ਤੱਥ ਤੋੜ-ਮਰੋੜ ਕੇ ਪੇਸ਼ ਕਰਨ ਤੇ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਦੇ ਦੋਸ਼ ਲਾਏ ਸਨ। ਉਸ ਸਮੇਂ ਸੜਕਨਾਮਾ ਨੂੰ ਬੋਲ-ਕੁਬੋਲਾਂ ਤੋਂ ਇਲਾਵਾ ਧਮਕੀਆਂ ਭਰੀਆਂ ਫੋਨ ਕਾਲਾਂ ਤੇ ਕਾਨੂੰਨੀ ਨੋਟਿਸ ਦਾ ਵੀ ਸਾਹਮਣਾ ਕਰਨਾ ਪਿਆ ਸੀ।

# ਹੁਣ ਜਥੇਦਾਰ ਵੇਦਾਂਤੀ ਨੇ ਖੋਲ੍ਹੇ ਰਾਮ ਰਹੀਮ ਨੂੰ ਮੁਆਫੀ ਦੇ ਰਾਜ

**ਅੰਮ੍ਰਿਤਸਰ:** ਬੇਅਦਬੀ ਕਾਂਡ ਰਿਪੋਰਟ ਤੋਂ ਬਾਅਦ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਵਿਰੁੱਧ ਫਿਰ ਤੋਂ ਉਠੀ ਆਲੋਚਨਾ ਲਹਿਰ ਨੇ ਪੰਥਕ ਅਦਾਰਿਆਂ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰ ਦਿੱਤਾ ਹੈ। ਇਹ ਸਵਾਲ ਉਦੋਂ ਹੋਰ ਵੀ ਗੰਭੀਰ ਹੋ ਜਾਂਦੇ ਹਨ ਜਦ ਇਨ੍ਹਾਂ ਨੂੰ ਚੁੱਕਣ ਵਾਲੇ ਇਨ੍ਹਾਂ ਸਿਰਮੌਰ ਅਦਾਰਿਆਂ ਦੇ ਅਹੁਦੇਦਾਰ ਰਹਿ ਚੁਕੇ ਹੋਣ। ਗਿਆਨੀ ਗੁਰਬਚਨ ਸਿੰਘ ਵੱਲੋਂ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਮੁਆਫੀ ਤੇ ਫਿਰ ਰੱਦ ਕਰਨ ਦਾ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਵਿਚ ਖੁੱਲ੍ਹ ਕੇ ਵਿਰੋਧ ਕੀਤਾ। ਇਕ ਚੈਨਲ ਨੂੰ ਇੰਟਰਵਿਊ ਵਿਚ ਉਨ੍ਹਾਂ ਸ੍ਰੀ ਅਕਾਲ ਤਖਤ ਦੀ ਮੌਜੂਦਾ ਸਥਿਤੀ ਦੀ ਇਕ ਪੁਲਿਸ ਥਾਣੇ ਨਾਲ ਤੁਲਨਾ ਕਰਦਿਆਂ ਵੀ ਚਿੰਤਾ ਜ਼ਾਹਰ ਕੀਤੀ।

ਵੇਦਾਂਤੀ ਨੇ ਦੱਸਿਆ ਕਿ ਰਾਮ ਰਹੀਮ ਨੂੰ ਮਰਿਆਦਾ ਮੁਤਾਬਕ ਮੁਆਫੀ ਨਹੀਂ ਮਿਲ ਸਕਦੀ ਤੇ ਨਾ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਹੁਕਮਨਾਮਾ ਵਾਪਸ ਨਹੀਂ ਹੋ ਸਕਦਾ।



ਉਨ੍ਹਾਂ ਮੁਆਫੀਨਾਮਾ ਜਾਰੀ ਕਰਨ ਵਾਲੇ ਜਥੇਦਾਰਾਂ 'ਤੇ ਉਂਗਲ ਚੁੱਕਦਿਆਂ ਕਿਹਾ ਕਿ ਹੁਕਮਨਾਮੇ ਦੀ ਮਰਿਆਦਾ ਨਾਲ ਵੱਡਾ ਖਿਲਵਾੜ ਕੀਤਾ ਗਿਆ ਹੈ। ਇਸ ਲਈ ਪੰਥ ਦੀ ਬਿਹਤਰੀ ਲਈ ਅਕਾਲ ਤਖਤ ਦੇ ਜਥੇਦਾਰ ਆਪਣੇ ਅਹੁਦੇ ਤੋਂ ਹੱਟ ਜਾਣ। ਉਨ੍ਹਾਂ ਦੱਸਿਆ ਕਿ ਡੇਰਾ ਮੁਖੀ ਨੂੰ ਮੁਆਫੀ ਦੇਣਾ ਸਿਧਾਂਤਕ ਤੌਰ 'ਤੇ ਹੀ ਸਹੀ ਨਹੀਂ, ਧਾਰਮਿਕ ਤੌਰ 'ਤੇ ਤਾਂ ਕੀ ਸਹੀ ਹੋਣੀ ਸੀ। ਵੇਦਾਂਤੀ ਨੇ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਨੂੰ ਨਾ ਸਿਰਫ ਸੇਵਾ ਛੱਡ ਦੇਣੀ ਚਾਹੀਦੀ ਹੈ, ਬਲਕਿ ਉਨ੍ਹਾਂ ਨੂੰ ਆਪਣੀ ਭੁੱਲ ਵੀ ਬਖਸ਼ਾਉਣੀ ਚਾਹੀਦੀ ਹੈ। ਉਹ ਪੰਜ ਸਿੰਘ ਸਾਹਿਬਾਨ ਕੋਲ ਜਾ ਕੇ ਮੁਆਫੀ ਮੰਗਣ। ਸਾਬਕਾ ਜਥੇਦਾਰ ਨੇ ਕਿਹਾ ਕਿ ਧਾਰਮਿਕ ਬੰਦਿਆਂ ਦਾ ਬੋਲਿਆ 'ਝੂਠ' ਪੱਥਰ 'ਤੇ ਲਕੀਰ ਵਾਂਗ ਹੁੰਦਾ ਹੈ ਜੋ ਕਦੇ ਨਹੀਂ ਮਿਟਦਾ।

ਮਈ 2007 ਵਿਚ ਗੁਰਮੀਤ ਰਾਮ ਰਹੀਮ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਧਾਰਨ ਦਾ ਸਿੱਖਾਂ ਦੇ ਮਨਾਂ ਵਿਚ ਬੇਹੱਦ ਰੋਸ ਸੀ। ਉਦੋਂ ਜੋਗਿੰਦਰ ਸਿੰਘ ਵੇਦਾਂਤੀ ਅਕਾਲ ਤਖਤ ਦੇ ਜਥੇਦਾਰ ਸਨ। ਵੇਦਾਂਤੀ ਨੇ ਆਪਣੇ ਕਾਰਜਕਾਲ ਦੌਰਾਨ ਡੇਰਾ ਮੁਖੀ ਨਾਲੋਂ ਸਿੱਖਾਂ ਨੂੰ ਹਰ ਕਿਸਮ ਦਾ ਨਾਤਾ ਤੋੜਨ ਲਈ ਹੁਕਮਨਾਮਾ ਜਾਰੀ ਕੀਤਾ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਹੁਕਮਨਾਮਾ ਜਾਰੀ ਕੀਤੇ ਜਾਣ ਤੋਂ ਕੁਝ ਸਮੇਂ ਬਾਅਦ ਹੀ ਡੇਰਾ ਮੁਖੀ ਨੂੰ ਮੁਆਫੀ ਦੇਣ ਦੀ ਗੱਲ ਛਿੜਨ ਲੱਗ ਗਈ ਸੀ, ਪਰ ਮੈਂ ਡੇਰਾ ਮੁਖੀ ਨੂੰ ਮੁਆਫੀ ਦੀ ਗੱਲ ਪ੍ਰਵਾਨ ਨਹੀਂ ਸੀ ਕੀਤੀ।

ਵੇਦਾਂਤੀ ਨੇ ਦੱਸਿਆ ਕਿ ਉਦੋਂ ਆਰ. ਐਸ. ਐਸ. ਦਾ ਦਬਾਅ ਵੀ ਸੀ ਪਰ ਮੈਂ ਹੁਕਮਨਾਮਾ ਨਹੀਂ ਸੀ ਬਦਲਿਆ। ਉਨ੍ਹਾਂ ਇਹ ਵੀ ਦੱਸਿਆ ਕਿ ਅਡਵਾਨੀ ਹੁਕਮਨਾਮੇ ਤੋਂ ਨਾਰਾਜ਼ ਸਨ ਪਰ ਫਿਰ ਇਸ ਨੂੰ ਬਦਲਿਆ ਨਹੀਂ ਗਿਆ। ਉਨ੍ਹਾਂ ਖੁਲਾਸਾ ਕੀਤਾ ਕਿ ਸਵਾਮੀ ਅਗਨੀਵੇਸ਼ ਤੇ ਤਰਲੋਚਨ ਸਿੰਘ ਨੇ ਵੀ ਮੁਆਫੀ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ। ਸਾਬਕਾ ਜਥੇਦਾਰ ਨੇ ਕਿਹਾ ਕਿ ਆਰ.ਐਸ.ਐਸ. ਦੀਆਂ ਗਤੀਵਿਧੀਆਂ ਪੰਥ ਅਨੁਕੂਲ ਨਹੀਂ ਸਨ। ਫਿਰ ਉਨ੍ਹਾਂ ਵਿਰੁੱਧ ਮਾਹੌਲ ਖਰਾਬ ਹੋਣਾ ਸ਼ੁਰੂ ਹੋ ਗਿਆ ਤੇ ਅਸਤੀਫੇ ਦੀ ਗੱਲ ਉਠਣ ਲੱਗੀ। ਵੇਦਾਂਤੀ ਨੇ ਸਾਫ ਕੀਤਾ ਕਿ ਮੈਂ ਅਸਤੀਫਾ ਦਿੱਤਾ ਨਹੀਂ ਸਗੋਂ ਮੇਰੇ ਤੋਂ ਮੰਗਿਆ ਗਿਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਮੈਨੂੰ ਅਸਤੀਫਾ ਨਾ ਦੇਣ 'ਤੇ ਹਟਾਉਣ ਦੇ ਸੰਕੇਤ ਦਿੱਤੇ ਗਏ ਸਨ।

ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਕਾਰਨ ਜਥੇਦਾਰਾਂ ਦਾ ਮਾਣ ਸਨਮਾਨ ਘਟਿਆ ਹੈ ਤੇ ਪੰਥਕ ਪਾਰਟੀ (ਅਕਾਲੀ ਦਲ) ਨੇ ਮੁਆਫੀ ਦੇ ਕੇ ਪੰਥ ਦੀ ਵੋਟ ਗਵਾਈ ਹੈ। ਡੇਰਾ ਮੁਖੀ ਨੂੰ ਮੁਆਫੀਨਾਮਾ ਦੇਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਬਿਆਨ ਦੇਣ ਵਾਲੇ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਬਦਲਣ ਤੋਂ ਬਾਅਦ ਮੁੜ ਤੋਂ ਉਸੇ ਥਾਂ 'ਤੇ ਬਹਾਲ ਕਰਨ ਵਾਲਿਆਂ ਨੂੰ ਵੇਦਾਂਤੀ ਨੇ 'ਢੀਠ' ਕਰਾਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਗੁਰਮੁਖ ਸਿੰਘ ਵਰਗੇ ਚਿੱਚੜ ਵਾਂਗ ਚਿੰਬੜੇ ਹੋਏ ਹਨ।

# ਬੇਅਦਬੀ ਕਾਂਡ: ਤਿੰਨ ਪੁਲਿਸ ਅਫਸਰਾਂ ਖਿਲਾਫ ਕਾਰਵਾਈ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਤੇ ਪੁਲਿਸ ਫਾਇਰਿੰਗ ਵਿੱਚ ਹੋਈਆਂ ਮੌਤਾਂ ਦੀ ਜਾਂਚ ਲਈ ਸਰਕਾਰ ਵੱਲੋਂ ਕਾਇਮ ਕੀਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਤਤਕਾਲੀ ਐਸ.ਐਸ.ਪੀ. ਚਰਨਜੀਤ ਸਿੰਘ, ਰਘਬੀਰ ਸਿੰਘ ਸੰਧੂ ਤੇ ਐਸ.ਐਚ.ਓ. ਅਮਰਜੀਤ ਸਿੰਘ ਖਿਲਾਫ਼ ਦਰਜ ਕੀਤੇ ਦੋ ਕੇਸਾਂ ਵਿਚ ਅਗਲੀ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ।

ਪੰਜਾਬ ਸਰਕਾਰ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਸਬੰਧਤ ਹੋਰਨਾਂ ਧਿਰਾਂ ਨੂੰ ਨੋਟਿਸ ਜਾਰੀ ਕਰਦਿਆਂ ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਸਪੱਸ਼ਟ ਕੀਤਾ ਕਿ ਇਹ ਰੋਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਕੀਤੀਆਂ ਸਿਫਾਰਸ਼ਾਂ ਤਹਿਤ ਅਗਲੇਰੀ ਕਾਰਵਾਈ ਕਰਨ 'ਤੇ ਲਾਈ ਗਈ ਹੈ। ਜੱਜ ਨੇ ਇਹ ਫੈਸਲਾ ਤਿੰਨ ਪੁਲਿਸ ਅਫਸਰਾਂ ਵੱਲੋਂ ਆਪਣੇ ਵਕੀਲ ਸੰਤ ਪਾਲ ਸਿੰਘ ਸਿੱਧੂ ਤੇ ਅਮਨਦੀਪ ਸਿੰਘ ਤਲਵਾੜ ਰਾਹੀਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਤੋਂ ਬਾਅਦ ਦਿੱਤਾ। ਸੀਨੀਅਰ ਐਡਵੋਕੇਟ ਅਸ਼ਯ ਭਾਨ ਤੇ ਸ੍ਰੀ ਸਿੱਧੂ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਪਹਿਲੀ ਸਰਕਾਰ ਵੇਲੇ ਕਾਇਮ ਕੀਤੇ ਗਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਤੋਂ ਬਾਅਦ ਦੂਜਾ ਕਮਿਸ਼ਨ ਕਾਇਮ ਨਹੀਂ ਕੀਤਾ ਜਾ ਸਕਦਾ ਸੀ। ਦੂਜਾ, ਜਸਟਿਸ ਰਣਜੀਤ ਸਿੰਘ ਕਮਿਸ਼ਨ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਚਲਿਆ ਗਿਆ ਤੇ ਇਸ ਨੇ ਤੈਅਸ਼ੁਦਾ ਵਿਧੀਆਂ ਦਾ ਪਾਲਣ ਨਾ ਕੀਤਾ। ਉਨ੍ਹਾਂ ਕਿਹਾ ਕਿ ਦੂਜਾ ਕਮਿਸ਼ਨ ਕਾਇਮ ਕਰਨ ਤੋਂ ਪਹਿਲਾਂ ਪਹਿਲੇ ਕਮਿਸ਼ਨ ਨੂੰ ਡੀਨੋਟੀਫਾਈ ਕੀਤਾ ਜਾਣਾ ਚਾਹੀਦਾ ਸੀ।

ਕਮਿਸ਼ਨ ਦਾ ਕੰਮ ਤੱਥ ਖੋਜਣ ਤੱਕ ਮਹਿਦੂਦ ਸੀ ਤੇ ਇਹ ਫੈਸਲਾ ਲੈਣਾ ਰਾਜ ਸਰਕਾਰ ਦਾ ਜ਼ਿੰਮਾ ਸੀ ਕਿ ਕੀ ਗੋਲੀਬਾਰੀ ਜਾਇਜ਼ ਸੀ ਜਾਂ ਨਹੀਂ। ਕਮਿਸ਼ਨ ਨੇ ਬੇਅਦਬੀ ਦੀਆਂ ਘਟਨਾਵਾਂ ਦੀ ਤੱਥਾਤਮਕ ਸਥਿਤੀ ਦੀ ਬੇਲਾਗ ਪੇਸ਼ਕਾਰੀ ਨਹੀਂ ਕੀਤੀ ਸਗੋਂ ਇਸ ਨੇ ਗੋਲੀਬਾਰੀ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਭੂਮਿਕਾ ਅਖਤਿਆਰ ਕਰ ਲਈ ਜਿਸ ਕਰ ਕੇ ਕਮਿਸ਼ਨ ਦੀ ਰਿਪੋਰਟ ਕਾਨੂੰਨ ਦੀਆਂ ਨਜ਼ਰਾਂ ਵਿੱਚ ਮੰਨਣਯੋਗ ਨਹੀਂ ਹੈ। ਬਚਾਅ ਪੱਖ ਦੇ ਵਕੀਲਾਂ ਨੇ ਇਹ ਵੀ ਕਿਹਾ ਕਿ ਹਾਲਾਂਕਿ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਪਟੀਸ਼ਨਰ ਚਰਨਜੀਤ ਸਿੰਘ ਨੂੰ ਧਾਰਾ 8-ਬੀ ਤਹਿਤ ਨੋਟਿਸ ਜਾਰੀ ਕਰਨ ਦੀ ਗੱਲ ਕਹੀ ਗਈ ਹੈ ਪਰ ਇਹ ਨੋਟਿਸ ਐਕਟ ਦੀ ਧਾਰਾ 8-ਬੀ ਤਹਿਤ ਜਾਰੀ ਨਹੀਂ ਕੀਤਾ ਗਿਆ ਸੀ ਜਿਸ ਤਹਿਤ ਕਿਸੇ ਵਿਅਕਤੀ ਨੂੰ ਆਪਣਾ ਪੱਖ ਪੇਸ਼ ਕਰਨ ਤੇ ਆਪਣੇ ਬਚਾਅ ਦੇ ਸਬੂਤ ਪੇਸ਼ ਕਰਨ ਦਾ ਢੁਕਵਾਂ ਸਮਾਂ ਦਿੱਤਾ ਜਾਂਦਾ ਹੈ।

# ਪੰਜਾਬੀ 'ਵਰਸਿਟੀ ਵੱਲੋਂ ਛਾਪੇ 'ਮਹਾਨ ਕੋਸ਼' 'ਤੇ ਜਾਰੀ ਰਹੇਗੀ ਪਾਬੰਦੀ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵੱਲੋਂ ਅਨੁਵਾਦ ਕਰ ਕੇ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿਚ ਛਾਪੇ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਉਤੇ ਫਿਲਹਾਲ ਪਾਬੰਦੀ ਜਾਰੀ ਰਹੇਗੀ। ਇਸ ਤੋਂ ਇਲਾਵਾ ਪੰਜਾਬੀ ਵਿਚ ਮੁੜ ਛਾਪੇ 'ਮਹਾਨ ਕੋਸ਼' ਨੂੰ ਵੀ ਪਾਬੰਦੀ ਦੇ ਘੇਰੇ ਵਿਚ ਰੱਖਿਆ ਗਿਆ ਹੈ।




ਅਨੁਵਾਦ ਮਗਰੋਂ 'ਮਹਾਨ ਕੋਸ਼' ਵਿਚ ਗੰਭੀਰ ਉਕਾਈਆਂ ਤੇ ਗਲਤੀਆਂ ਸਾਹਮਣੇ ਆਉਣ ਉਤੇ ਪੰਜਾਬੀ ਯੂਨੀਵਰਸਿਟੀ ਨੇ ਇਸ ਦੀ ਵਿਕਰੀ 'ਤੇ ਭਾਵੇਂ ਪਿਛਲੇ ਸਾਲ ਹੀ ਪਾਬੰਦੀ ਲਾ ਦਿੱਤੀ ਸੀ, ਪਰ ਹੁਣ ਇਸ ਵਿਵਾਦ ਦੇ ਹੱਲ ਲਈ ਗਠਿਤ ਵਿਦਵਾਨਾਂ ਦੀ ਕਮੇਟੀ ਨੇ ਵੀ ਇਸ ਕੋਸ਼ 'ਤੇ ਪਾਬੰਦੀ ਜਾਰੀ ਰੱਖਣ ਦੀ ਵਕਾਲਤ ਕੀਤੀ ਹੈ।

ਇਸ ਤੋਂ ਇਲਾਵਾ ਮਾਹਿਰ ਕਮੇਟੀ ਨੇ ਕੋਸ਼ ਦੀਆਂ ਤਿੰਨੋਂ ਭਾਸ਼ਾਵਾਂ ਲਈ ਵੱਖ-ਵੱਖ ਤਿੰਨ-ਤਿੰਨ ਵਿਦਵਾਨਾਂ 'ਤੇ ਆਧਾਰਿਤ ਤਿੰਨ ਸਬ ਕਮੇਟੀਆਂ ਵੀ ਬਣਾਈਆਂ ਹਨ, ਜਿਸ ਦੀ ਤਿੰਨ ਹਫਤਿਆਂ ਵਿਚ ਨਿਰੀਖਣ ਰਿਪੋਰਟ ਮੰਗੀ ਗਈ ਹੈ। ਇਸ ਤੋਂ ਬਾਅਦ ਅਗਲੀ ਬੈਠਕ ਸੱਦਣ ਦਾ ਅਹਿਦ ਲਿਆ ਹੈ। 'ਮਹਾਨ ਕੋਸ਼' ਦੀਆਂ ਗਲਤੀਆਂ ਪੰਜਾਬੀ ਯੂਨੀਵਰਸਿਟੀ ਲਈ ਗਲੇ ਦੀ ਹੱਡੀ ਬਣ ਰਹੀਆਂ ਹਨ। ਹੈਰਾਨੀ ਗੱਲ ਹੈ ਕਿ ਯੂਨੀਵਰਸਿਟੀ ਵੱਲੋਂ ਪੰਜਾਬੀ ਭਾਸ਼ਾ ਵਿਚ ਮੁੜ ਛਾਪੇ ਮਹਾਨ ਕੋਸ਼ ਵਿਚ ਵੀ ਗਲਤੀਆਂ ਸਾਹਮਣੇ ਆਈਆਂ ਹਨ। ਅੰਗਰੇਜ਼ੀ ਤੇ ਹਿੰਦੀ ਦੇ ਅਨੁਵਾਦ ਵਿਚ ਤਾਂ ਗਲਤੀਆਂ ਦੀ ਭਰਮਾਰ ਹੀ ਦੱਸੀ ਜਾ ਰਹੀ ਹੈ।

ਮਹਾਨ ਕੋਸ਼ ਦੇ ਅਨੁਵਾਦਕ ਪ੍ਰੋਜੈਕਟ ਲਈ ਪੰਜਾਬੀ ਯੂਨੀਵਰਸਿਟੀ ਨੂੰ ਪਿਛਲੀ ਕੈਪਟਨ ਸਰਕਾਰ ਦੌਰਾਨ 2.75 ਕਰੋੜ ਦੀ ਗ੍ਰਾਂਟ ਮੁਹੱਈਆ ਕਰਵਾਈ ਗਈ ਸੀ, ਜਿਸ ਨੂੰ ਯੂਨੀਵਰਸਿਟੀ ਦੇ 'ਪੰਜਾਬੀ ਭਾਸ਼ਾ ਵਿਕਾਸ ਵਿਭਾਗ' ਤੇ ਪਬਲੀਕੇਸ਼ਨਜ਼ ਬਿਊਰੋ ਵੱਲੋਂ ਸਾਂਝੇ ਤੌਰ 'ਤੇ ਛਾਪਿਆ ਗਿਆ ਸੀ।

ਸ਼੍ਰੋਮਣੀ ਕਮੇਟੀ ਨੇ ਗਲਤੀਆਂ ਦਾ ਗੰਭੀਰ ਨੋਟਿਸ ਲਿਆ ਸੀ। ਹੁਣ ਮਾਹਿਰਾਂ ਦੀ ਕਮੇਟੀ ਵਿਚ ਇਹ ਗੱਲ ਸਾਹਮਣੇ ਆਈ ਕਿ ਅਨੁਵਾਦਤ ਕੋਸ਼ ਨੂੰ ਰੱਦੀ 'ਚ ਦੇਣ ਦੀ ਬਜਾਏ ਕੋਈ ਦੂਜਾ ਰਾਹ ਨਹੀਂ ਲੱਭ ਰਿਹਾ। ਮਾਹਿਰਾਂ ਨੇ ਆਖਿਆ ਕਿ ਅਨੁਵਾਦਤ ਕੋਸ਼ ਵਿਚਲੀਆਂ ਗਲਤੀਆਂ ਨੂੰ ਅਣਗੌਲਿਆ ਕਰਨਾ ਮੁਸ਼ਕਲ ਹੈ।

## ਧਾਰਮਿਕ ਗ੍ਰੰਥਾਂ ਦੀ ਬੇਅਬਦੀ ਦੇ ਮਾਮਲਿਆਂ ਬਾਰੇ ਬਿੱਲ 'ਤੇ ਰਾਜਪਾਲ ਦੀ ਮੋਹਰ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਵਿਚ ਮੁਲਜ਼ਮਾਂ ਨੂੰ ਦੋ ਸਾਲ ਦੀ ਥਾਂ ਦਸ ਸਾਲ ਦੀ ਸਜ਼ਾ ਦੇਣ ਦੇ ਫੈਸਲੇ ਉਤੇ ਮੋਹਰ ਲਾ ਦਿੱਤੀ ਹੈ। ਹੁਣ ਇਹ ਬਿੱਲ ਪ੍ਰਵਾਨਗੀ ਲਈ ਰਾਸ਼ਟਰਪਤੀ ਨੂੰ ਭੇਜਿਆ ਜਾਵੇਗਾ। ਕੈਪਟਨ ਸਰਕਾਰ ਨੇ ਇਹ ਬਿੱਲ ਅਗਸਤ ਵਿਚ ਵਿਧਾਨ ਸਭਾ ਦੇ ਸੈਸ਼ਨ 'ਚ ਪਾਸ ਕੀਤਾ ਸੀ। ਇਹ ਬਿੱਲ ਪਿਛਲੀ ਸਰਕਾਰ ਨੇ ਵੀ ਕੇਂਦਰ ਨੂੰ ਭੇਜਿਆ ਸੀ, ਪਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਕਰਕੇ ਬਿੱਲ ਰਾਜ ਸਰਕਾਰ ਨੂੰ ਵਾਪਸ ਭੇਜ ਦਿੱਤਾ ਸੀ, ਕਿਉਂਕਿ ਇਸ ਵਿਚ ਸਿਰਫ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਵਿਵਸਥਾ ਸੀ। ਇਸ ਵਾਰ ਕੈਪਟਨ ਸਰਕਾਰ ਵੱਲੋਂ ਪਾਸ ਕੀਤੇ ਬਿੱਲ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਧਾਰਮਿਕ ਗ੍ਰੰਥਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

# ਕੈਮੀਕਲ ਨਸ਼ਿਆਂ ਨੇ ਤਬਾਹ ਕੀਤੀ ਪੰਜਾਬ ਦੀ ਜਵਾਨੀ


**ਚੰਡੀਗੜ੍ਹ:** ਉਤਰ ਤੇ ਪੂਰਬੀ ਭਾਰਤ ਵਿਚ ਚਿੱਟੇ ਦੇ ਨਸ਼ੇ ਤੋਂ ਬਾਅਦ ਹੁਣ ਕੈਮੀਕਲ ਨਸ਼ੇ ਏ.ਟੀ.ਐਸ. (ਐਮਫੇਟਾਮਾਈਨ ਟਾਈਪ ਸਟਿਮੂਲੈਂਟਸ) ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਇਹ ਨਸ਼ਾ ਚਾਰ ਤੋਂ ਪੰਜ ਕੈਮੀਕਲਾਂ ਦਾ ਜੋੜ (ਕੰਪਾਊਂਡ) ਹੈ। ਜਿਨ੍ਹਾਂ 'ਚੋਂ ਆਈਸ ਡਰੱਗ ਵੀ ਇਕ ਹੈ। ਇਸ ਨਸ਼ੇ ਦਾ ਅਸਰ 4 ਤੋਂ 8 ਘੰਟੇ ਤੱਕ ਰਹਿੰਦਾ ਹੈ। ਇਸ ਤੋਂ ਬਾਅਦ ਜਦ ਅਸਰ ਘੱਟ ਹੋਣਾ ਸ਼ੁਰੂ ਹੁੰਦਾ ਹੈ ਤਾਂ ਨਸ਼ਾ ਕਰਨ ਵਾਲੇ ਨੂੰ ਕਾਫੀ ਮਾਯੂਸੀ ਮਹਿਸੂਸ ਹੋਣ ਲੱਗਦੀ ਹੈ ਅਤੇ ਇਸ ਨਾਲ ਡਿਪਰੈਸ਼ਨ ਤੇ ਆਤਮ ਹੱਤਿਆ ਦੇ ਖਿਆਲ ਵੀ ਆ ਸਕਦੇ ਹਨ, ਜਿਸ ਕਾਰਨ ਨਸ਼ਾ ਮੁੜ ਲੈਣਾ ਪੈਂਦਾ ਹੈ।

ਚਿੱਟੇ ਦਾ ਅਸਰ ਨਾੜੀ ਤੰਤਰ ਨੂੰ ਹੌਲੀ (ਡਾਊਨ) ਕਰ ਦਿੰਦਾ ਹੈ ਜਦ ਕਿ ਏ.ਟੀ.ਐਸ. ਦਾ ਨਸ਼ਾ ਨਾੜੀ ਤੰਤਰ ਨੂੰ ਤੇਜ਼ (ਅੱਪ) ਕਰ ਦਿੰਦਾ ਹੈ। ਇਸ ਨਸ਼ੇ ਦਾ ਦਿਲ 'ਤੇ ਕਾਫੀ ਜ਼ਿਆਦਾ ਅਸਰ ਪੈਂਦਾ ਹੈ ਜਿਸ ਕਾਰਨ ਖੂਨ ਦਾ ਦਬਾਅ ਵੀ ਵਧ ਜਾਂਦਾ ਹੈ ਅਤੇ ਬਾਅਦ ਵਿਚ ਇਸ ਦੀ ਆਦਤ ਵੀ ਪੈ ਸਕਦੀ ਹੈ। ਹੋਰ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਸ ਦੇ ਇਲਾਜ ਲਈ ਕੋਈ ਵੀ ਦਵਾਈ ਕੰਮ ਨਹੀਂ ਆਉਂਦੀ ਹੈ। ਸਿਰਫ ਮਰੀਜ਼ ਦੀ ਕੌਂਸਲਿੰਗ ਕੀਤੀ ਜਾਂਦੀ ਹੈ। ਪੀ.ਜੀ.ਆਈ. ਦੇ ਮਾਨਸਿਕ ਰੋਗਾਂ ਵਿਭਾਗ ਦੇ ਡਾ. ਡੀ. ਬਾਸੂ ਨੇ ਦੱਸਿਆ ਕਿ ਹਾਲਾਂਕਿ ਪੀ.ਜੀ.ਆਈ. 'ਚ ਸਾਲ ਦੌਰਾਨ ਏ.ਟੀ.ਐਸ. ਨਸ਼ੇ ਦੇ ਆਦਿ ਮਰੀਜ਼ ਪੰਜ ਤੋਂ ਛੇ ਇਲਾਜ ਲਈ ਆਏ ਹਨ ਪਰ ਡਾਕਟਰ ਇਸ ਗੱਲ ਤੋਂ ਚਿੰਤਤ ਹਨ ਕਿਉਂਕਿ ਜੋ ਮਰੀਜ਼ ਇਲਾਜ ਲਈ ਆਏ ਹਨ, ਉਨ੍ਹਾਂ ਸਭ ਨੂੰ 15 ਤੋਂ 20 ਹੋਰ ਅਜਿਹੇ ਲੋਕਾਂ ਦਾ ਪਤਾ ਹੈ ਜੋ ਕਿ ਏ.ਟੀ.ਐਸ. ਦਾ ਨਸ਼ਾ ਕਰਦੇ ਹਨ ਪਰ ਉਹ ਅਜੇ ਇਲਾਜ ਲਈ ਨਹੀਂ ਆਏ।

ਡਾਕਟਰਾਂ ਨੂੰ ਵੀ ਅਜੇ ਏ.ਟੀ.ਐਸ. ਬਾਰੇ ਪੂਰੀ ਤਰ੍ਹਾਂ ਜਾਣਕਾਰੀ ਨਹੀਂ ਹੈ। ਏ.ਟੀ.ਐਸ. 1 ਗ੍ਰਾਮ ਦੀ ਕੀਮਤ 10 ਤੋਂ 20 ਹਜ਼ਾਰ ਤੱਕ ਹੈ। ਭਾਰਤ ਤੇ ਚੀਨ ਏ.ਟੀ.ਐਸ. ਵਿਚ ਵਰਤੇ ਜਾਣ ਵਾਲੇ ਕੈਮੀਕਲਾਂ ਨੂੰ ਬਣਾ ਕੇ ਹੋਰਨਾਂ ਦੇਸ਼ਾਂ 'ਚ ਭੇਜਣ 'ਚ ਸਭ ਤੋਂ ਅੱਗੇ ਹਨ। ਏ.ਟੀ.ਐਸ. ਵਿਚਲੇ ਕੈਮੀਕਲਾਂ ਵਿਚੋਂ ਕੁਝ ਗੈਰ-ਕਾਨੂੰਨੀ ਢੰਗ ਨਾਲ ਭਾਰਤ ਤੇ ਚੀਨ 'ਚ ਬਣਾਏ ਜਾਂਦੇ ਹਨ ਪਰ ਇਨ੍ਹਾਂ ਦਾ ਜ਼ਿਆਦਾਤਰ ਹਿੱਸਾ ਬਾਹਰਲੇ ਮੁਲਕਾਂ 'ਚ ਭੇਜ ਦਿੱਤਾ ਜਾਂਦਾ ਹੈ, ਜਦ ਕਿ ਕੁਝ ਹਿੱਸਾ ਭਾਰਤ 'ਚ ਹੀ ਵਰਤਿਆ ਜਾਂਦਾ ਹੈ।

# ਭੂੰਦੜ ਨੂੰ ਤਨਖਾਹ ਲਾਉਣ ਦੇ ਢੰਗ 'ਤੇ ਉਠੇ ਇਤਰਾਜ਼

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵਿਰੋਧੀ ਧਿਰ ਦੇ ਮੈਂਬਰ ਭਾਈ ਅਮਰੀਕ ਸਿੰਘ ਸ਼ਾਹਪੁਰ, ਭਾਈ ਗੁਰਪ੍ਰੀਤ ਸਿੰਘ ਰੰਧਾਵਾ, ਜਸਵੰਤ ਸਿੰਘ ਪੁੜੈਣ ਤੇ ਸਰਬੰਸ ਸਿੰਘ



ਮਾਣਕੀ ਨੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਤਖਤ ਦਮਦਮਾ ਸਾਹਿਬ ਤੋਂ ਤਨਖਾਹ ਲਾਏ ਜਾਣ ਦੇ ਢੰਗ 'ਤੇ ਇਤਰਾਜ਼ ਜਤਾਇਆ ਹੈ।

ਸ਼੍ਰੋਮਣੀ ਗੁਰਦੁਆਰਾ ਕਮੇਟੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਿਹਾ ਕਿ ਕਿਸੇ ਵੀ ਪੰਥ ਦੋਖੀ ਨੂੰ ਧਾਰਮਿਕ ਸਜ਼ਾ ਸੁਣਾਉਣ ਦਾ ਹੱਕ ਸਿਰਫ ਤੇ ਸਿਰਫ ਅਕਾਲ ਤਖਤ ਨੂੰ ਹੈ।

ਹੁਣ ਤੱਕ ਦੇ ਸਿੱਖ ਇਤਿਹਾਸ ਵਿਚ ਅਕਾਲ ਤਖਤ ਸਾਹਿਬ ਤੋਂ ਬਿਨਾ ਕਿਸੇ ਹੋਰ ਤਖਤ ਤੋਂ ਸਜ਼ਾ ਨਹੀਂ ਸੁਣਾਈ ਗਈ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਭੂੰਦੜ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਪੰਥ ਵਿਰੋਧੀ ਗਤੀਵਿਧੀਆਂ ਦਾ ਮਾਮਲਾ ਜਨਤਕ ਹੋਣ ਤੋਂ ਬਾਅਦ ਸਿੱਖ ਪੰਥ ਕੋਲੋਂ ਮੁਆਫੀ ਮੰਗ ਚੁੱਕੇ ਸਨ ਤਾਂ ਇਸ ਮਾਮਲੇ ਨੂੰ ਦੁਬਾਰਾ ਵਿਚਾਰਿਆ ਹੀ ਨਹੀਂ ਜਾਣਾ ਚਾਹੀਦਾ ਸੀ। ਜੇਕਰ ਅਜਿਹਾ ਜ਼ਰੂਰੀ ਸੀ ਤਾਂ ਸਿੱਖੀ ਸਿਧਾਂਤਾਂ ਅਨੁਸਾਰ ਧਾਰਮਿਕ ਸਜ਼ਾ ਲਾਉਣੀ ਚਾਹੀਦੀ ਸੀ।

ਉਨ੍ਹਾਂ ਕਿਹਾ ਕਿ ਅਕਾਲੀ ਆਗੂ ਨੂੰ ਚੁੱਪ-ਚੁਪੀਤੇ ਤਖ਼ਤ ਦਮਦਮਾ ਸਾਹਿਬ ਸੱਦ ਕੇ ਜਦੋਂ ਸਜ਼ਾ ਸੁਣਾਈ ਗਈ ਸੀ ਤਾਂ ਸ੍ਰੀ ਭੂੰਦੜ ਨੂੰ ਆਪਣੇ ਨਾਲ ਬਰਾਬਰ ਬਿਠਾਉਣਾ ਗ਼ੈਰ ਵਾਜਬ ਹੈ। ਇਸ ਤੋਂ ਇੰਜ ਜਾਪਦਾ ਹੈ ਕਿ ਅਕਾਲੀ ਆਗੂ ਤਨਖਾਹੀਆ ਨਹੀਂ, ਬਲਕਿ ਕਿਸੇ ਮੀਟਿੰਗ ਵਿਚ ਹਾਜ਼ਰੀ ਭਰ ਰਿਹਾ ਹੋਵੇ। ਉਨ੍ਹਾਂ ਕਿਹਾ ਕਿ ਅੰਮ੍ਰਿਤ ਛਕਣ ਵੇਲੇ ਜਾਂ ਕੋਈ ਭੁੱਲ ਬਖਸ਼ਾਉਣ ਸਮੇਂ ਤਖ਼ਤ ਸਾਹਿਬਾਨ ਜਾਂ ਪੰਜ ਪਿਆਰਿਆਂ ਸਾਹਮਣੇ ਤਨਖਾਹੀਆ ਦਾੜ੍ਹੀ ਬੰਨ੍ਹ ਕੇ ਪੇਸ਼ ਨਹੀਂ ਹੋ ਸਕਦਾ, ਪਰ ਭੂੰਦੜ ਦਾੜ੍ਹੀ ਬੰਨ੍ਹ ਕੇ ਪੇਸ਼ ਹੋਏ ਸਨ।

## ਤਖਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਨਾਂ ਖੁੱਲ੍ਹਾ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਆਗੂ ਐਡਵੋਕੇਟ ਜਸਵਿੰਦਰ ਸਿੰਘ ਨੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਇਕ ਖੁੱਲ੍ਹਾ ਪੱਤਰ ਲਿਖਿਆ ਹੈ, ਜਿਸ ਵਿਚ ਉਨ੍ਹਾਂ ਬਲਵਿੰਦਰ ਸਿੰਘ ਭੂੰਦੜ ਖਿਲਾਫ਼ ਬੰਦ ਕਮਰੇ ਵਿਚ ਕੀਤੀ ਕਾਰਵਾਈ 'ਤੇ ਇਤਰਾਜ਼ ਪ੍ਰਗਟਾਇਆ ਹੈ।

ਐਡਵੋਕੇਟ ਜਸਵਿੰਦਰ ਸਿੰਘ ਨੇ ਆਖਿਆ ਕਿ ਇਹ ਕੋਈ ਸਥਾਨਕ ਮਸਲਾ ਨਹੀਂ ਹੈ, ਜਿਸ 'ਤੇ ਇਕ ਬੰਦ ਕਮਰੇ ਵਿਚ ਬੈਠ ਕੇ ਫੈਸਲਾ ਕੀਤਾ ਜਾਵੇ। ਉਨ੍ਹਾਂ ਸਵਾਲ ਕੀਤਾ ਕਿ ਹੁਣ ਤੱਕ ਅਜਿਹੇ ਕਿੰਨੇ ਮਸਲੇ ਤਖਤ ਦਮਦਮਾ ਸਾਹਿਬ ਵਿਖੇ ਹੱਲ ਕੀਤੇ ਗਏ ਹਨ।

# ਬੇਰੁਜ਼ਗਾਰੀ ਦੇ ਝੰਬੇ ਪੰਜਾਬੀ ਨੌਜਵਾਨ ਬਣ ਰਹੇ ਨੇ ਮਨੁੱਖੀ ਤਸਕਰਾਂ ਦਾ ਸ਼ਿਕਾਰ

**ਪਟਿਆਲਾ:** ਬੇਰੁਜ਼ਗਾਰੀ ਦੇ ਝੰਬੇ ਪੰਜਾਬੀ ਨੌਜਵਾਨ ਆਪਣੀ ਜਾਨ ਜੋਖਮ ਵਿਚ ਪਾ ਕੇ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ਾਂ 'ਚ ਜਾਣ ਲਈ ਮਜਬੂਰ ਹਨ। ਇਹੀ ਮਜਬੂਰੀ ਇਨ੍ਹਾਂ ਨੂੰ ਗਲਤ ਰਸਤੇ ਰਾਹੀਂ ਪਰਦੇਸ ਜਾਣ ਲਈ ਉਕਸਾ ਰਹੀ ਹੈ। ਜੇਕਰ ਵਿਦੇਸ਼ ਜਾਣ ਦੇ ਚੱਕਰ 'ਚ ਹੋਣ ਵਾਲਿਆਂ ਹਾਦਸਿਆਂ ਉਤੇ ਇਕ ਝਾਤ ਮਾਰੀਏ ਤਾਂ ਸਾਲ 1996 'ਚ ਮਾਲਟਾ ਘਟਨਾ ਵਿਚ 238 ਨੌਜਵਾਨ ਗੈਰ-ਕਾਨੂੰਨੀ ਢੰਗ ਨਾਲ ਪਾਣੀ ਦੇ ਰਸਤੇ ਇਟਲੀ ਜਾ ਰਹੇ ਸਨ ਪਰ ਕਿਸ਼ਤੀ ਡੁੱਬਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਇਕ ਹੋਰ ਘਟਨਾ 'ਚ ਗੈਰ-ਕਾਨੂੰਨੀ ਪਰਵਾਸ ਕਰ ਕੇ ਕਿਸ਼ਤੀ 'ਚ ਜ਼ਿਆਦਾ ਨੌਜਵਾਨ ਬੈਠੇ ਹੋਣ ਕਾਰਨ ਸਾਲ 2002 'ਚ ਗਰੀਸ ਨੂੰ ਜਾਂਦੇ ਹੋਏ ਦੁਆਬੇ ਦੇ 30 ਨੌਜਵਾਨਾਂ ਦੀ ਮੌਤ ਹੋ ਗਈ ਸੀ।

ਇਕ ਹੋਰ ਘਟਨਾ 'ਚ ਅਮਰੀਕਾ ਨੂੰ ਜਾ ਰਹੇ ਪੰਜਾਬ ਦੇ 32 ਵਿਅਕਤੀਆਂ ਦੀ ਮੌਤ ਕਿਸ਼ਤੀ ਡੁੱਬਣ ਕਾਰਨ ਹੋਈ ਸੀ। ਗੈਰ-ਕਾਨੂੰਨੀ ਢੰਗ ਨਾਲ ਇਰਾਕ ਗਏ ਕਈ ਭਾਰਤੀਆਂ ਨੂੰ ਆਈ.ਐਸ.ਆਈ. ਦੇ ਅਤਿਵਾਦੀਆਂ ਵੱਲੋਂ ਮਾਰ ਦਿੱਤਾ ਗਿਆ ਸੀ। ਨੈਸ਼ਨਲ ਕ੍ਰਾਈਮ ਬਿਊਰੋ ਦੇ ਅੰਕੜਿਆਂ ਮੁਤਾਬਕ ਸਾਲ 2016 'ਚ ਮਨੁੱਖ ਤਸਕਰੀ ਦੇ ਭਾਰਤ ਵਿਚ 8 ਹਜ਼ਾਰ 132 ਕੇਸ ਦਰਜ ਹੋਏ ਸਨ। ਇਨ੍ਹਾਂ ਕੇਸਾਂ ਵਿਚ ਮਨੁੱਖੀ ਤਸਕਰੀ ਕਰਨ ਵਾਲੇ 10 ਹਜ਼ਾਰ 815 ਵਿਅਕਤੀ ਭਾਰਤ ਦੇ ਸਾਰੇ ਰਾਜਾਂ ਤੋਂ ਗ੍ਰਿਫਤਾਰ ਕੀਤੇ ਗਏ ਸਨ ਜਿਨ੍ਹਾਂ 'ਚੋਂ 7 ਹਜ਼ਾਰ 292 ਖਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਇਨ੍ਹਾਂ 'ਚੋਂ 159 ਮੁਲਜ਼ਮਾਂ ਨੂੰ ਅਦਾਲਤਾਂ ਨੇ ਦੋਸ਼ੀ ਕਰਾਰ ਦਿੱਤਾ ਸੀ ਜਦਕਿ 753 ਨੂੰ ਬਰੀ ਕਰ ਦਿੱਤਾ ਗਿਆ ਸੀ। ਗਲਤ ਢੰਗ ਨਾਲ ਵਿਦੇਸ਼ ਜਾਣ 'ਚ ਇਨੀਆਂ ਮਨੁੱਖੀ ਜਾਨਾਂ ਜਾਣ ਦੇ ਬਾਵਜੂਦ ਵੀ ਭਾਰਤੀਆਂ ਦੀ ਪਰਦੇਸਾਂ 'ਚ ਗੈਰ-ਕਾਨੂੰਨੀ ਢੰਗ ਨਾਲ ਜਾਣ ਦੀ ਚਾਹ ਰੁਕ ਨਹੀਂ ਰਹੀ। ਇਸ ਦਾ ਸਬੂਤ ਆਏ ਦਿਨ ਗੈਰ-ਕਾਨੂੰਨੀ ਟਰੈਵਲ ਏਜੰਟਾਂ ਹੱਥੇ ਚੜ੍ਹ ਕੇ ਆਪਣੀ ਪੂੰਜੀ ਨੂੰ ਖਰਾਬ ਕਰਨ ਦੀਆਂ ਖਬਰਾਂ ਅਕਸਰ ਪੜ੍ਹਨ ਨੂੰ ਮਿਲਦੀਆਂ ਹਨ।

ਗੈਰ-ਕਾਨੂੰਨੀ ਢੰਗ ਨਾਲ ਪਰਦੇਸ ਜਾਣ ਵਾਲੇ ਇਕ ਲੜਕੇ ਨੇ ਦੱਸਿਆ ਕਿ ਉਹ ਆਪਣੀ ਜ਼ਮੀਨ ਗਹਿਣੇ ਰੱਖ ਕੇ ਇਟਲੀ ਗਿਆ ਸੀ, ਜਿਥੇ ਉਸ ਨੂੰ ਪਹੁੰਚਣ ਲਈ 9 ਮਹੀਨੇ ਦਾ ਸਮਾਂ ਲੱਗਾ ਸੀ ਤੇ ਉਸ ਰਸਤੇ ਉਸ ਨੂੰ ਜਿਹੜੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਉਹ ਬਿਆਨ ਨਹੀਂ ਕਰ ਸਕਦਾ। ਨੌਜਵਾਨ ਦਾ ਕਹਿਣਾ ਸੀ ਕਿ ਸੱਤ ਸਾਲ ਇਟਲੀ 'ਚ ਰਹਿਣ ਦੇ ਬਾਵਜੂਦ ਵੀ ਉਸ ਨੂੰ ਵਾਪਸ ਪੰਜਾਬ ਆਉਣਾ ਪਿਆ ਕਿਉਂਕਿ ਉਹ ਗੈਰ-ਕਾਨੂੰਨੀ ਢੰਗ ਨਾਲ ਉਥੇ ਗਿਆ ਸੀ। ਬੁੱਧੀਜੀਵੀ ਡਾ. ਸ਼ਿਵਾਨੀ ਠਾਕੁਰ ਨੇ ਦੱਸਿਆ ਵਿਦੇਸ਼ਾਂ 'ਚ ਪਹੁੰਚਣ ਦੀਆਂ ਸ਼ਰਤਾਂ ਸਖਤ ਹੋਣ ਕਾਰਨ, ਜਿਨ੍ਹਾਂ ਤੋਂ ਇਹ ਕਾਇਦੇ ਪੂਰੇ ਨਹੀਂ ਹੁੰਦੇ ਤਾਂ ਉਹ ਵਿਦੇਸ਼ਾਂ ਤੋਂ ਆਏ ਲੋਕਾਂ ਦੀ ਚਮਕ-ਦਮਕ ਤੋਂ ਪ੍ਰਭਾਵਿਤ ਹੋ ਕੇ ਗਲਤ ਢੰਗ ਨਾਲ ਵਿਦੇਸ਼ ਜਾਣ ਦਾ ਜੋਖਮ ਲੈਂਦੇ ਹਨ। ਇਸ ਤੋਂ ਇਲਾਵਾ ਦੇਸ ਭਰ 'ਚ ਖੇਤੀਬਾੜੀ ਦਾ ਧੰਦਾ ਘੱਟ ਲਾਹੇਵੰਦਾ ਹੋਣਾ ਅਤੇ ਨੌਵੀਂ ਪੀੜ੍ਹੀ ਦਾ ਖੇਤੀਬਾੜੀ ਦਾ ਕਿੱਤਾ ਅਪਣਾਉਣ 'ਚ ਘੱਟ ਰੁਚੀ ਹੋਣਾ ਵੀ ਇਕ ਹੈ।

# ਝੂਠੇ ਪੁਲਿਸ ਮੁਕਾਬਲੇ: ਪੀੜਤ ਪਰਿਵਾਰਾਂ ਨੂੰ ਕੈਪਟਨ ਸਰਕਾਰ ਨਾਲ ਗਿਲਾ

**ਅੰਮ੍ਰਿਤਸਰ:** ਪੰਜਾਬ ਵਿਚ ਕਾਲੇ ਦੌਰ ਦੌਰਾਨ ਜਿਨ੍ਹਾਂ ਪਰਿਵਾਰਾਂ ਦੇ ਨਿਰਦੋਸ਼ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ-ਮੁਕਾਇਆ ਗਿਆ ਸੀ, ਉਨ੍ਹਾਂ ਦੇ ਪਰਿਵਾਰ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਨਸਾਫ ਲਈ ਲੜਾਈ ਲੜ ਰਹੇ ਹਨ ਤੇ ਹੁਣ ਜਦੋਂ ਸੀ.ਬੀ.ਆਈ. ਨੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਸ਼ੁਰੂ ਕੀਤੀ ਹੈ ਤਾਂ ਪੁਲਿਸ ਵੱਲੋਂ ਕਸੂਰਵਾਰ ਪੁਲਿਸ ਅਫਸਰਾਂ ਨੂੰ ਮੁਆਫੀ ਦਿਵਾਉਣ ਲਈ ਸ਼ੁਰੂ ਕੀਤੀ ਕਾਰਵਾਈ ਨੇ ਪੀੜਤਾਂ ਨੂੰ ਵੱਡਾ ਝਟਕਾ ਦਿੱਤਾ ਹੈ।

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਵਿਚ ਪੁੱਜੇ ਪੀੜਤ ਪਰਿਵਾਰਾਂ ਨੇ ਕਿਹਾ ਕਿ ਲੰਮੇ ਅਰਸੇ ਬਾਅਦ ਆਸ ਬੱਝੀ ਸੀ ਤੇ ਪੰਜਾਬ ਸਰਕਾਰ ਨੂੰ ਵੀ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਸੀ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲੋਂ ਝੂਠੇ ਮੁਕਾਬਲਿਆਂ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਮੁਆਫ ਕਰਨ ਦੀ ਕੀਤੀ ਮੰਗ ਪੀੜਤ ਪਰਿਵਾਰਾਂ ਨਾਲ ਬੇਇਨਸਾਫੀ ਹੈ। ਪੁਲਿਸ ਵੱਲੋਂ ਜੁਲਾਈ 1993 ਵਿਚ ਘਰੋਂ ਚੁੱਕ ਕੇ ਝੂਠੇ ਮੁਕਾਬਲੇ 'ਚ ਮਾਰੇ ਗੁਲਸ਼ਨ ਕੁਮਾਰ ਦੇ ਭਰਾ ਪਰਵੀਨ ਕੁਮਾਰ ਨੇ ਕਿਹਾ ਕਿ ਉਹ 26 ਸਾਲ ਤੋਂ ਇਨਸਾਫ਼ ਲਈ ਲੜਾਈ ਲੜ ਰਹੇ ਹਨ।

ਬੀਬੀ ਸੁਖਵੰਤ ਕੌਰ (76), ਜਿਨ੍ਹਾਂ ਦੇ ਆਜ਼ਾਦੀ ਘੁਲਾਟੀਏ ਪਿਤਾ, ਉਨ੍ਹਾਂ ਦਾ ਪਤੀ ਤੇ ਵੱਡਾ ਬੇਟਾ ਕਾਲੇ ਦਿਨਾਂ ਦੌਰਾਨ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਸਨ, ਨੇ ਕਿਹਾ ਕਿ ਸੀ. ਬੀ. ਆਈ. ਨੇ ਹਾਲ ਹੀ ਵਿਚ ਮੁਹਾਲੀ ਵਿਚ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਹੈ ਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਇਨਸਾਫ ਦੀ ਆਸ ਬੱਝੀ ਹੈ ਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੋਸ਼ੀਆਂ ਨੂੰ ਮੁਆਫ਼ੀ ਦਿਵਾਉਣ ਦੀ ਕਾਰਵਾਈ ਤੋਂ ਪਿੱਛੇ ਹਟੇ। ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ, ਜਿਨ੍ਹਾਂ ਨੇ ਹਜ਼ਾਰਾਂ ਨੌਜਵਾਨਾਂ ਨੂੰ ਨਾਜਾਇਜ਼ ਤੌਰ 'ਤੇ ਮਾਰੇ ਜਾਣ ਦਾ ਮੁੱਦਾ ਉਠਾਇਆ ਸੀ, ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਨੂੰ ਵੀ ਝੂਠੇ ਮੁਕਾਬਲੇ 'ਚ ਮਾਰਿਆ ਗਿਆ ਸੀ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੁਲਿਸ ਅਧਿਕਾਰੀਆਂ ਦੀ ਮੁਆਫੀ ਕਰਨ ਲਈ ਗ੍ਰਹਿ ਮੰਤਰਾਲੇ ਕੋਲੋਂ ਕੀਤੀ ਮੰਗ ਦੀ ਨਿੰਦਾ ਕੀਤੀ ਹੈ।

# ਕੁਦਰਤੀ ਗੈਸ ਨਾਲ ਪੱਕੇਗਾ ਹਰਿਮੰਦਰ ਸਾਹਿਬ 'ਚ ਲੰਗਰ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰੂ ਰਾਮਦਾਸ ਲੰਗਰ ਘਰ ਵਿਚ ਛੇਤੀ ਹੀ ਹੁਣ ਐਲ.ਪੀ.ਜੀ. ਗੈਸ ਅਤੇ ਲੱਕੜ ਦੇ ਬਾਲਣ ਦੀ ਥਾਂ ਕੰਪਰੈਸ਼ਡ ਨੈਚੁਰਲ ਗੈਸ (ਸੀ.ਐਨ.ਜੀ.) ਦੀ ਵਰਤੋਂ ਸ਼ੁਰੂ ਹੋ ਜਾਵੇਗੀ। ਇਸ ਸਬੰਧੀ ਪਾਈਪ ਲਾਈਨ ਤੇਜ਼ੀ ਨਾਲ ਵਿਛਾਈ ਜਾ ਰਹੀ ਹੈ। ਇਸ ਦੀ ਵਰਤੋਂ ਨਾਲ ਇਥੇ ਪ੍ਰਦੂਸ਼ਣ ਰੋਕਣ ਵਿੱਚ ਹੋਰ ਮਦਦ ਮਿਲੇਗੀ।

ਸੀ.ਐਨ.ਜੀ. ਦੀ ਸਪਲਾਈ ਅਗਲੇ ਮਹੀਨੇ ਅਕਤੂਬਰ ਵਿਚ ਲੰਗਰ ਘਰ ਤੱਕ ਪੁੱਜਣ ਦੀ ਸੰਭਾਵਨਾ ਹੈ। ਇਸ ਸਬੰਧੀ ਗੁਜਰਾਤ ਸਟੇਟ ਪੈਟਰੋਲੀਅਮ ਕਾਰਪੋਰੇਸ਼ਨ ਵਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਇਹ ਕੰਪਨੀ 16000 ਕਿਲੋਮੀਟਰ ਲੰਮੀ ਪਾਈਪ ਲਾਈਨ ਵਿਛਾ ਰਹੀ ਹੈ, ਜਿਸ ਉਪਰ 233 ਸੀ.ਐਨ.ਜੀ. ਸਟੇਸ਼ਨ ਬਣਨਗੇ। ਇਸ ਸਮੁੱਚੇ ਪ੍ਰੋਜੈਕਟ ਕੇਂਦਰ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ, ਜਿਸ 'ਤੇ 500 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਇਸ ਵੇਲੇ ਸੀਐਨਜੀ ਸਪਲਾਈ ਵਾਸਤੇ ਲਗਭਗ ਸਾਢੇ 4 ਕਿਲੋਮੀਟਰ ਖੇਤਰ ਵਿਚ ਪਾਈਪ ਲਾਈਨ ਵਿਛਾਈ ਜਾ ਚੁੱਕੀ ਹੈ ਤੇ ਬਾਕੀ ਰਸਤੇ ਵਿਚ ਵਿਛਾਈ ਜਾ ਰਹੀ ਹੈ। ਇਹ ਪਾਈਪ ਸੁਲਤਾਨਵਿੰਡ ਖੇਤਰ ਵਿਚ ਵਿਛਾਈ ਗਈ ਹੈ। ਇਸ ਤੋਂ ਇਲਾਵਾ ਮਜੀਠਾ ਰੋਡ ਤੇ ਕੋਰਟ ਰੋਡ ਵਿਚ ਵੀ ਪਾਈਪ ਵਿਛਾਈ ਜਾਵੇਗੀ। ਨਗਰ ਨਿਗਮ ਵੱਲੋਂ ਇਥੇ ਸ਼ਹਿਰ ਵਿਚ ਸੀ.ਐਨ.ਜੀ. ਗੈਸ ਦੇ ਦਸ ਸਟੇਸ਼ਨ ਸਥਾਪਤ ਕੀਤੇ ਜਾਣਗੇ, ਜਿਸ ਸਬੰਧੀ ਕੰਮ ਚੱਲ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਨੂੰ ਸੀ.ਐਨ.ਜੀ. ਦੀ ਸਪਲਾਈ ਸ਼ੁਰੂ ਹੋਣ ਪਿਛੋਂ ਸਾਲ 'ਚ ਸ਼ਹਿਰ ਦੇ ਹੋਰ ਇਲਾਕਿਆਂ ਵਿਚ ਵੀ ਇਸ ਗੈਸ ਦੀ ਸਪਲਾਈ ਸ਼ੁਰੂ ਹੋਣ ਦੀ ਉਮੀਦ ਹੈ।

ਵੇਰਵਿਆਂ ਮੁਤਾਬਕ ਪਹਿਲੇ ਪੜਾਅ ਵਿਚ ਸ਼ਹਿਰ 'ਚ ਲਗਭਗ 25 ਹਜ਼ਾਰ ਘਰਾਂ ਨੂੰ ਸੀ. ਐਨ. ਜੀ. ਗੈਸ ਦੀ ਸਪਲਾਈ ਮੁਹੱਈਆ ਕੀਤੀ ਜਾਵੇਗੀ, ਜਿਸ ਤਹਿਤ ਕੇਂਦਰ ਸਰਕਾਰ ਨਾਲ ਸਬੰਧਤ ਵਿਭਾਗਾਂ ਦੇ ਕਰਮਚਾਰੀਆਂ ਦੀਆਂ ਕਾਲੋਨੀਆਂ ਵਿਚ ਸਪਲਾਈ ਨੂੰ ਤਰਜੀਹ ਹੋਵੇਗੀ। ਇਸ ਵੇਲੇ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿਚ ਵਧੇਰੇ ਐਲ.ਪੀ.ਜੀ. ਗੈਸ ਦੇ ਸਿਲੰਡਰ ਵਰਤੇ ਜਾ ਰਹੇ ਹਨ। ਇਸ ਤੋਂ ਬਿਨਾ ਲੱਕੜ ਦਾ ਬਾਲਣ ਵੀ ਲੰਗਰ ਘਰ 'ਚ ਵਰਤਿਆ ਜਾਂਦਾ ਹੈ। ਕੋਈ 90 ਸਿਲੰਡਰ ਰੋਜ਼ ਵਰਤੇ ਜਾਂਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਇਥੇ ਹਾਲ ਹੀ ਵਿਚ ਨਵੀਂ ਤੇ ਆਧੁਨਿਕ ਰਸੋਈ ਬਣਾਈ ਗਈ ਹੈ, ਜਿਥੇ ਪਹਿਲਾਂ ਹੀ ਸੀ.ਐਨ.ਜੀ. ਗੈਸ ਦੀ ਵਰਤੋਂ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਸੀ.ਐਨ.ਜੀ. ਤੋਂ ਇਲਾਵਾ ਭਵਿੱਖ ਵਿਚ ਇਥੇ ਲੰਗਰ ਘਰ ਵਿਚ ਬਾਇਓ ਗੈਸ ਪਲਾਂਟ ਸਥਾਪਤ ਕਰਨ ਦੀ ਵੀ ਤਜਵੀਜ਼ ਹੈ।

## ਦਿੱਲੀ ਦੇ ਗੁਰਦੁਆਰਿਆਂ 'ਚ ਬਾਇਓ ਗੈਸ ਨਾਲ ਬਣੇਗਾ ਲੰਗਰ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਜਧਾਨੀ ਦੇ ਸਾਰੇ 10 ਇਤਿਹਾਸਕ ਗੁਰਦੁਆਰਿਆਂ ਵਿਚ ਲੰਗਰ ਬਣਾਉਣ ਲਈ ਬਾਇਓ ਗੈਸ ਪਲਾਂਟ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ ਤਾਂ ਕਿ ਲੰਗਰ ਦੀ ਰਸੋਈ 'ਚ ਬਚੀਆਂ ਸਬਜ਼ੀਆਂ, ਫਲਾਂ ਅਤੇ ਬਚੇ ਖਾਣੇ ਦਾ ਵੱਧ ਤੋਂ ਵੱਧ ਸਹੀ ਉਪਯੋਗ ਕਰਕੇ ਇਸ ਨੂੰ ਕਲੀਨ ਊਰਜਾ ਦੇ ਰੂਪ 'ਚ ਪ੍ਰਯੋਗ ਕੀਤਾ ਜਾ ਸਕੇ। ਨਾਲ ਹੀ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਪੂਰੀ ਤਰ੍ਹਾਂ ਕੂੜੇ ਤੇ ਜੂਠ ਤੋਂ ਮੁਕਤ ਕੀਤਾ ਜਾ ਸਕੇ ਅਤੇ



ਨਾਲੀਆਂ ਦੇ ਬੰਦ ਹੋਣ ਦੀ ਸਮੱਸਿਆ ਤੋਂ ਪੂਰੀ ਤਰ੍ਹਾਂ ਛੁਟਕਾਰਾ ਮਿਲ ਸਕੇ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਸਵੱਛ ਭਾਰਤ ਮੁਹਿੰਮ ਤਹਿਤ ਕਾਰਬਨ ਫੁੱਟ ਪ੍ਰਿੰਟ ਨੂੰ ਘੱਟ ਕਰਨ ਤੇ ਵਾਤਾਵਰਨ ਨੂੰ ਸੁਧਾਰਨ ਲਈ ਗੁਰਦੁਆਰਾ ਰਕਾਬਗੰਜ ਸਾਹਿਬ ਤੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਬਾਇਓ ਗੈਸ ਪਲਾਂਟ ਸਥਾਪਤ ਕੀਤੇ ਜਾਣਗੇ, ਜਿਥੇ ਹਰੇਕ ਗੁਰਦੁਆਰੇ 'ਚ ਰੋਜ਼ਾਨਾ ਲਗਭਗ 30000 ਲੋਕ ਲੰਗਰ ਛਕਦੇ ਹਨ।

# ਗੁਰਦੁਆਰਾ ਚੋਣਾਂ ਬਾਰੇ ਮੁੱਖ ਕਮਿਸ਼ਨਰ ਦਾ ਅਹੁਦਾ ਸੰਭਾਲਣ ਤੋਂ ਇਨਕਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾ-ਮੁਕਤ ਜੱਜ ਜਸਟਿਸ ਦਰਸ਼ਨ ਸਿੰਘ ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਯੂ.ਟੀ. ਚੰਡੀਗੜ੍ਹ ਦੇ ਇਤਿਹਾਸਕ ਗੁਰਦੁਆਰਿਆਂ (ਐਸ. ਜੀ.ਪੀ.ਸੀ.) ਦੀ ਸੇਵਾ ਸੰਭਾਲ ਲਈ ਆਮ ਚੋਣਾਂ ਕਰਾਉਣ ਬਾਰੇ ਮੁੱਖ ਗੁਰਦੁਆਰਾ ਚੋਣ ਕਮਿਸ਼ਨ ਦਾ ਅਹੁਦਾ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਅਹੁਦੇ ਲਈ ਉਨ੍ਹਾਂ ਦੀ ਨਿਯੁਕਤੀ 2 ਅਗਸਤ ਨੂੰ ਕੀਤੀ ਗਈ ਸੀ ਪਰ ਉਹ ਸ਼ੁਰੂ ਤੋਂ ਹੀ ਅਹੁਦਾ ਸੰਭਾਲਣ ਬਾਰੇ ਦੁਵਿਧਾ 'ਚ ਸਨ।

ਦੱਸਿਆ ਜਾਂਦਾ ਹੈ ਕਿ ਉਹ ਇਥੇ ਸੈਕਟਰ-17 ਵਿਚ ਸਥਿਤ ਗੁਰਦੁਆਰਾ ਚੋਣਾਂ ਬਾਰੇ ਮੁੱਖ ਕਮਿਸ਼ਨ ਆਫਿਸ ਦੀ ਹਾਲਤ ਦੇਖ ਕੇ ਹੈਰਾਨ ਪਰੇਸ਼ਾਨ ਰਹਿ ਗਏ।

# ਪੂਰੀ ਤਨਖਾਹ ਵਾਲੇ ਅਦਾਲਤੀ ਹੁਕਮਾਂ ਨੇ ਵਧਾਈਆਂ ਕੈਪਟਨ ਦੀਆਂ ਮੁਸ਼ਕਿਲਾਂ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪਾਵਰਕੌਮ ਦੇ ਮੁਲਾਜ਼ਮਾਂ ਨੂੰ ਮੂਲ ਵੇਤਨ ਦੀ ਥਾਂ ਪੂਰਾ ਤਨਖਾਹ ਸਕੇਲ ਦੇਣ ਦੇ ਦਿੱਤੇ ਹੁਕਮਾਂ ਨੇ ਵਿੱਤ ਵਿਭਾਗ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਸਾਲ 2015 ਤੋਂ ਬਾਅਦ ਕੀਤੀ ਭਰਤੀ ਦੌਰਾਨ ਕਰਮਚਾਰੀਆਂ ਨੂੰ ਮੂਲ ਸਕੇਲ ਹੀ ਦਿੱਤਾ ਜਾ ਰਿਹਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਇਨ੍ਹਾਂ ਮੁਲਾਜ਼ਮਾਂ ਦੀ ਗਿਣਤੀ 25 ਹਜ਼ਾਰ ਦੇ ਕਰੀਬ ਹੈ। ਮੁਢਲਾ ਤਨਖਾਹ ਸਕੇਲ ਲੈਣ ਵਾਲੇ ਮੁਲਾਜ਼ਮਾਂ ਨੂੰ ਸਰਕਾਰ ਵੱਲੋਂ ਮਹਿਜ਼ 10 ਹਜ਼ਾਰ ਰੁਪਏ ਤਨਖਾਹ ਦਿੱਤੀ ਜਾਂਦੀ ਹੈ। ਭੱਤਿਆਂ ਸਮੇਤ ਪੰਜਾਬ ਦੇ ਮੁਲਾਜ਼ਮਾਂ ਦੀ ਤਨਖਾਹ ਘੱਟ ਤੋਂ ਘੱਟ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਬਣਦੀ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਮੁਢਲੇ ਤਨਖਾਹ ਸਕੇਲ ਅਧੀਨ ਕੰਮ ਕਰ ਰਹੇ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦੇ ਇਸ ਕਾਨੂੰਨ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਵੱਖਰੇ ਤੌਰ ਉਤੇ ਚੁਣੌਤੀ ਦਿੱਤੀ ਹੋਈ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਨੂੰ ਖਦਸ਼ਾ ਹੈ ਕਿ ਪਾਵਰਕੌਮ ਦੇ ਮੁਲਾਜ਼ਮਾਂ ਨੂੰ ਰਾਹਤ ਮਿਲਣ ਤੋਂ ਬਾਅਦ ਪੰਜਾਬ ਦੇ ਹੋਰਨਾਂ ਵਿਭਾਗਾਂ ਵਿਚ ਕੰਮ ਕਰਦੇ ਕਰਮਚਾਰੀਆਂ ਨੂੰ ਵੀ ਹਾਈ ਕੋਰਟ ਤੋਂ ਰਾਹਤ ਮਿਲਣ ਦੇ ਆਸਾਰ ਹਨ। ਜੇਕਰ ਪੰਜਾਬ ਸਰਕਾਰ ਨੂੰ ਮੁਢਲੇ ਤਨਖਾਹ ਸਕੇਲ ਤਹਿਤ ਕੰਮ ਕਰਦੇ ਮੁਲਾਜ਼ਮਾਂ ਨੂੰ ਭੱਤਿਆਂ ਸਮੇਤ ਤਨਖਾਹਾਂ ਦਾ ਭੁਗਤਾਨ ਕਰਨਾ ਪੈ ਗਿਆ ਤਾਂ ਪੰਜਾਬ ਸਰਕਾਰ ਉਤੇ ਸਾਲਾਨਾ 8 ਹਜ਼ਾਰ ਕਰੋੜ ਦਾ ਵਿੱਤੀ ਭਾਰ ਵਧੇਗਾ।

ਪੰਜਾਬ ਦੇ ਸੀਨੀਅਰ ਅਧਿਕਾਰੀਆਂ ਦਾ ਦੱਸਣਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ ਢਾਈ ਕੁ ਸਾਲਾਂ ਦੌਰਾਨ ਪੰਜਾਬ ਪੁਲਿਸ ਅਤੇ ਸਿੱਖਿਆ ਵਿਭਾਗਾਂ ਵਿਚ ਤਾਂ 20 ਹਜ਼ਾਰ ਦੇ ਕਰੀਬ ਕਰਮਚਾਰੀਆਂ ਦੀ ਭਰਤੀ ਕੀਤੀ ਗਈ। ਇਸੇ ਤਰ੍ਹਾਂ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਵੀ 5 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਭਰਤੀ ਕੀਤੀ ਗਈ। ਇਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਮੁਢਲਾ ਤਨਖਾਹ ਸਕੇਲ ਹੀ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਸਾਲ 2015 ਤੋਂ ਬਾਅਦ ਭਰਤੀ ਹੋਏ ਸਿਰਫ ਡਾਕਟਰਾਂ ਅਤੇ ਜੱਜਾਂ ਨੂੰ ਹੀ ਭੱਤਿਆਂ ਸਮੇਤ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ। ਅਕਾਲੀ-ਭਾਜਪਾ ਸਰਕਾਰ ਵੱਲੋਂ ਨਵਾਂ ਕਾਨੂੰਨ ਬਣਾ ਕੇ ਨਵੇਂ ਭਰਤੀ ਹੋਏ ਮੁਲਜ਼ਮਾਂ ਨੂੰ ਤਿੰਨ ਸਾਲਾਂ ਦਾ ਪ੍ਰੋਬੇਸ਼ਨ ਸਮਾਂ ਨਿਰਧਾਰਤ ਕਰ ਕੇ ਮੂਲ ਵੇਤਨ ਹੀ ਦੇਣ ਦਾ ਫੈਸਲਾ ਕੀਤਾ ਸੀ ਤਾਂ ਜੋ ਵਿੱਤੀ ਸੰਕਟ ਨੂੰ ਟਾਲਿਆ ਜਾ ਸਕੇ। ਨਵੇਂ ਭਰਤੀ ਹੋਏ ਮੁਲਾਜ਼ਮਾਂ ਨੇ ਨੌਕਰੀਆਂ ਤਾਂ ਜੁਆਇਨ ਕਰ ਲਈਆਂ ਪਰ ਸਰਕਾਰ ਦੇ ਫੈਸਲੇ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਚੁਣੌਤੀ ਦੇ ਦਿੱਤੀ।

## ਰੋਕੀਆਂ ਤਨਖਾਹਾਂ ਬਾਰੇ 4 ਮਹੀਨੇ 'ਚ ਫੈਸਲਾ ਲਏ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਆਪਣੇ ਮੁਲਾਜ਼ਮਾਂ ਦੀਆਂ ਰੋਕੀਆਂ ਗਈਆਂ ਤਨਖਾਹਾਂ ਜਾਰੀ ਕਰਨ ਸਬੰਧੀ ਫੈਸਲਾ ਲੈਣ ਲਈ ਚਾਰ ਮਹੀਨੇ ਦਾ ਸਮਾਂ ਦਿੱਤਾ ਹੈ। ਬੈਂਚ ਨੇ ਸਬੰਧਤ ਸੂਬਾਈ ਅਥਾਰਿਟੀ ਨੂੰ ਵੱਖ-ਵੱਖ ਵਰਗਾਂ ਦੇ ਮੁਲਾਜ਼ਮਾਂ ਦੇ ਦਾਅਵਿਆਂ 'ਤੇ ਚਾਰ ਮਹੀਨਿਆਂ ਵਿਚ ਫੈਸਲਾ ਲੈਣ ਲਈ ਕਿਹਾ ਹੈ। ਇਸ ਸਬੰਧੀ ਅਦਾਲਤ ਵਿਚ ਇਕ ਲੋਕ ਹਿੱਤ ਪਟੀਸ਼ਨ ਪਾਈ ਗਈ ਸੀ।

## ਇੰਨਾ ਪੈਸਾ ਕਿਥੋਂ ਦੇਵੇਗੀ ਸਰਕਾਰ?

ਪੰਜਾਬ ਦੇ ਮੁਲਾਜ਼ਮਾਂ ਨੂੰ ਇਸ ਸਮੇਂ ਤਨਖਾਹਾਂ ਦੇ ਰੂਪ ਵਿਚ ਸਲਾਨਾ 25 ਹਜ਼ਾਰ ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ 10 ਹਜ਼ਾਰ ਕਰੋੜ ਰੁਪਏ ਪੈਨਸ਼ਨਾਂ ਦੇ ਭੁਗਤਾਨ 'ਤੇ ਚਲਾ ਜਾਂਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਮੁਢਲਾ ਤਨਖਾਹ ਸਕੇਲ ਹਾਸਲ ਕਰਨ ਵਾਲੇ ਮੁਲਾਜ਼ਮਾਂ ਨੂੰ ਪੂਰੀਆਂ ਤਨਖਾਹਾਂ ਦੇਣੀਆਂ ਪੈ ਗਈਆਂ ਤਾਂ ਖ਼ਜ਼ਾਨਾ ਬੰਦ ਹੋਣ ਕੰਢੇ ਪਹੁੰਚ ਜਾਵੇਗਾ। ਪੰਜਾਬ ਸਰਕਾਰ ਦੇ ਯੋਜਨਾਬੱਧ ਖਰਚਿਆਂ ਵਿਚ 12 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ, 16 ਹਜ਼ਾਰ ਕਰੋੜ ਰੁਪਏ ਕਰਜ਼ੇ ਦਾ ਵਿਆਜ ਤੇ ਕਿਸ਼ਤਾਂ ਦਾ ਭੁਗਤਾਨ ਸ਼ਾਮਲ ਹੈ। ਇਸੇ ਤਰ੍ਹਾਂ 1500 ਕਰੋੜ ਰੁਪਏ ਬੁਢਾਪਾ ਪੈਨਸ਼ਨਾਂ 'ਤੇ ਖਰਚ ਕੀਤਾ ਜਾਂਦਾ ਹੈ।

# ਫੂਲਕਾ ਨੇ ਅਸਤੀਫੇ ਬਾਰੇ ਮਨ ਬਦਲਿਆ

**ਪਟਿਆਲਾ:** ਆਮ ਆਦਮੀ ਪਾਰਟੀ (ਆਪ) ਦੇ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਦੇ ਸਾਰੇ ਆਗੂਆਂ ਨੇ ਐਚ.ਐਸ. ਫੂਲਕਾ 'ਤੇ ਅਸਤੀਫੇ ਦਾ ਫੈਸਲਾ ਵਾਪਸ ਲੈਣ ਲਈ ਕਾਫੀ ਜ਼ੋਰ ਪਾਇਆ ਹੈ, ਪਰ ਸ੍ਰੀ ਫੂਲਕਾ ਅਸਤੀਫੇ ਦਾ ਫੈਸਲਾ ਵਾਪਸ ਲੈਣ ਲਈ ਨਹੀਂ ਮੰਨੇ, ਉਂਜ ਉਨ੍ਹਾਂ ਅਸਤੀਫੇ ਦਾ ਫੈਸਲਾ ਹਫਤੇ ਲਈ ਟਾਲ ਦਿੱਤਾ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਹਾਈ ਕੋਰਟ ਵਿਚ ਸੁਣਵਾਈ ਹੋਣ ਤੋਂ ਬਾਅਦ ਵੀ ਸ੍ਰੀ ਫੂਲਕਾ ਨੇ 20 ਸਤੰਬਰ ਤੋਂ ਬਾਅਦ ਸਮਾਂ ਤੈਅ ਕਰਕੇ ਅਸਤੀਫਾ ਦੇਣ ਦੀ ਗੱਲ ਆਖੀ ਹੈ।

ਸ੍ਰੀ ਫੂਲਕਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਕਿ 15 ਦਿਨਾਂ ਅੰਦਰ ਮੁਲਜ਼ਮਾਂ ਖਿਲਾਫ਼ ਕਾਰਵਾਈ ਕੀਤੀ ਜਾਵੇ, ਨਹੀਂ ਤਾਂ ਉਹ 16 ਸਤੰਬਰ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਜਾ ਕੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇਣਗੇ। ਬਹੁਤੇ 'ਆਪ' ਆਗੂਆਂ ਨੇ ਸ੍ਰੀ ਫੂਲਕਾ ਦੇ ਇਸ ਫੈਸਲੇ ਦਾ ਬੁਰਾ ਮਨਾਇਆ ਹੈ। ਇਕ ਆਗੂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਜੇਕਰ ਸ੍ਰੀ ਫੂਲਕਾ ਵਿਰੋਧੀ ਧਿਰ ਦੇ ਨੇਤਾ ਹੁੰਦੇ ਤਾਂ ਕੀ ਉਹ ਫੇਰ ਵੀ ਅਸਤੀਫਾ ਦਿੰਦੇ? ਦੂਜੇ ਪਾਸੇ, ਖਹਿਰਾ ਧੜੇ ਵੱਲੋਂ ਵਿਧਾਇਕ ਕੰਵਰ



ਸੰਧੂ ਵੱਲੋਂ ਵੀ ਇਸ ਗੱਲ ਦਾ ਬੁਰਾ ਮਨਾਇਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਜਦੋਂ ਤਿੰਨ ਸਾਲਾਂ ਵਿਚ ਕਾਰਵਾਈ ਨਹੀਂ ਹੋਈ ਤਾਂ 15 ਦਿਨਾਂ ਵਿਚ ਕਾਰਵਾਈ ਕਿਵੇਂ ਹੋ ਸਕਦੀ ਹੈ, ਇਸ ਕਰਕੇ ਸ੍ਰੀ ਫੂਲਕਾ ਅਸਤੀਫੇ ਦੇ ਕੇ ਇਕ ਤਰ੍ਹਾਂ ਨਾਲ ਪਾਰਟੀ ਨੂੰ ਕਮਜ਼ੋਰ ਹੀ ਕਰਨਗੇ।

# ਵੈਟ ਵਸੂਲੀ 'ਚ ਪੰਜਾਬ ਤੋਂ ਅੱਗੇ ਨਿਕਲਿਆ ਹਰਿਆਣਾ

**ਚੰਡੀਗੜ੍ਹ:** ਪੈਟਰੋਲ, ਡੀਜ਼ਲ ਉਤੇ ਜ਼ਿਆਦਾ ਵੈਟ ਤੇ ਇਸ ਵਾਰ ਮਹਿੰਗੇ ਹੋਣ ਦੇ ਸਾਰੇ ਰਿਕਾਰਡ ਟੁੱਟਣ ਤੋਂ ਬਾਅਦ ਵੀ ਪੰਜਾਬ ਲਈ ਬੁਰੀ ਖਬਰ ਹੈ। ਪੰਜਾਬ ਵੈਟ ਵਸੂਲੀ ਮਾਮਲੇ 'ਚ ਹਰਿਆਣਾ ਤੋਂ ਬੁਰੀ ਤਰ੍ਹਾਂ ਪੱਛੜ ਗਿਆ ਹੈ। ਵੈਟ ਵਸੂਲੀ ਦਾ ਫਰਕ ਜਿਹੜਾ ਕਦੇ 1500 ਤੋਂ ਲੈ ਕੇ 1600 ਕਰੋੜ ਦੇ ਕਰੀਬ ਸੀ, ਹੁਣ ਇਹ ਫਰਕ 2000 ਕਰੋੜ ਹੋ ਗਿਆ ਹੈ।

ਸਮਝਿਆ ਜਾਂਦਾ ਹੈ ਕਿ ਪੈਟਰੋਲ, ਡੀਜ਼ਲ ਮਹਿੰਗਾ ਹੋਣ ਨਾਲ ਹੀ 300 ਕਰੋੜ ਦੇ ਕਰੀਬ ਵੈਟ ਵਸੂਲੀ ਘਟ ਗਈ ਹੈ। ਹੁਣ ਤੱਕ ਪੰਜਾਬ ਦਾ ਜੀ.ਐਸ.ਟੀ. ਵਿਭਾਗ ਪੈਟਰੋਲ ਤੇ ਡੀਜ਼ਲ ਉਤੇ ਵੈਟ ਦੀ ਦਰ ਇਸ ਕਰ ਕੇ ਨਹੀਂ ਘਟਾ ਰਿਹਾ ਸੀ, ਕਿਉਂਕਿ ਇਹ ਦਾਅਵੇ ਕੀਤੇ ਜਾ ਰਹੇ ਸਨ ਕਿ ਜੇਕਰ ਵੈਟ ਦੀਆਂ ਦਰਾਂ ਘਟਾਈਆਂ ਗਈਆਂ ਤਾਂ ਵੈਟ ਵਸੂਲੀ ਘਟ ਜਾਏਗੀ ਪਰ ਹੁਣ ਨਵੇਂ ਆਏ ਅੰਕੜਿਆਂ ਨੇ ਵਿਭਾਗ ਦੇ ਦਾਅਵਿਆਂ ਦਾ ਪਰਦਾ ਵੀ ਉਤਾਰ ਦਿੱਤਾ ਹੈ, ਕਿਉਂਕਿ ਜ਼ਿਆਦਾ ਵੈਟ ਦਰਾਂ ਹੋਣ ਦੇ ਬਾਵਜੂਦ ਪੰਜਾਬ ਆਪਣੇ ਗੁਆਂਢੀ ਰਾਜ ਤੋਂ ਪਿੱਛੇ ਰਹਿ ਗਿਆ ਹੈ।

ਪੀ.ਪੀ.ਏ.ਸੀ. ਦੇ ਨਵੇਂ ਜਾਰੀ ਹੋਏ ਅੰਕੜਿਆਂ ਵਿਚ ਇਸ ਵਸੂਲੀ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਮੁਤਾਬਕ ਸਾਲ 2014-15 ਵਿਚ ਪੰਜਾਬ ਨੂੰ ਪੈਟਰੋਲ ਤੇ ਡੀਜ਼ਲ ਤੋਂ 4179 ਕਰੋੜ ਰੁਪਏ ਦੀ ਵੈਟ ਵਸੂਲੀ ਆਈ ਅਤੇ ਸਾਲ 2015-16 ਵਿਚ ਇਹ ਵਧ ਕੇ 4907 ਕਰੋੜ, ਸਾਲ 2016-17 ਵਿਚ ਇਹ ਵਸੂਲੀ 5833 ਕਰੋੜ ਤੇ ਸਾਲ 2017-18 'ਚ ਇਹ ਵਸੂਲੀ ਘਟ ਕੇ 5658 ਕਰੋੜ ਰਹਿ ਗਈ ਸੀ। ਇਸੇ ਤਰ੍ਹਾਂ ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਵਿਚ ਪੈਟਰੋਲ ਤੇ ਡੀਜ਼ਲ ਤੋਂ ਵੈਟ ਵਸੂਲੀ ਸਾਲ 2014-15 ਵਿਚ 5112 ਕਰੋੜ, ਸਾਲ 2015-16 ਵਿਚ 5977 ਕਰੋੜ, ਸਾਲ 2016-17 ਵਿਚ 7000 ਕਰੋੜ ਤੇ ਸਾਲ 2017-18 ਵਿਚ ਇਹ ਵਸੂਲੀ ਵਧ ਕੇ 7655 ਕਰੋੜ ਤੱਕ ਪੁੱਜ ਗਈ ਹੈ।

ਪੰਜਾਬ ਤੋਂ ਹਰਿਆਣਾ ਇਸ ਸਾਲ 11 ਜੂਨ 2018 ਤੱਕ 2000 ਕਰੋੜ ਰੁਪਏ ਅੱਗੇ ਨਿਕਲ ਗਿਆ ਹੈ। ਇਸ ਵੇਲੇ ਪੰਜਾਬ 'ਚ ਪੈਟਰੋਲ ਉਤੇ ਵੈਟ ਦੀ ਦਰ 35.25 ਫੀਸਦੀ ਤੇ ਡੀਜ਼ਲ 'ਤੇ 16.82 ਫੀਸਦੀ ਜਦਕਿ ਹਰਿਆਣਾ 'ਚ ਪੈਟਰੋਲ ਉਤੇ 26.25 ਫੀਸਦੀ ਤੇ ਡੀਜ਼ਲ 'ਤੇ 14.36 ਫੀਸਦੀ ਹੈ, ਜਦਕਿ ਚੰਡੀਗੜ੍ਹ 'ਚ ਪੈਟਰੋਲ ਉਤੇ 19.76 ਫੀਸਦੀ ਤੇ ਡੀਜ਼ਲ 'ਤੇ 11.42 ਫੀਸਦੀ ਵੈਟ ਦੀ ਦਰ ਹੈ। ਪੰਜਾਬ ਦਾ ਜੀ.ਐਸ.ਟੀ. ਵਿਭਾਗ ਤੇ ਵਿੱਤ ਵਿਭਾਗ ਹੁਣ ਤੱਕ ਇਹੋ ਮੰਨ ਕੇ ਚੱਲ ਰਹੇ ਸੀ ਕਿ ਪੰਜਾਬ 'ਚ ਪੈਟਰੋਲ ਅਤੇ ਡੀਜ਼ਲ ਉਤੇ ਵੈਟ ਦੀ ਦਰ ਜ਼ਿਆਦਾ ਹੈ, ਇਸ ਕਰ ਕੇ ਉਨ੍ਹਾਂ ਦੀ ਵੈਟ ਵਸੂਲੀ ਜ਼ਿਆਦਾ ਆ ਰਹੀ ਹੈ ਪਰ ਪੈਟਰੋਲ ਤੇ ਡੀਜ਼ਲ ਦੀ ਇਸ ਸਾਲ ਦੇ ਪਹਿਲੇ 6 ਮਹੀਨਿਆਂ ਦੀ ਵਸੂਲੀ ਨੇ ਇਹ ਭੁਲੇਖੇ ਦੂਰ ਕਰ ਦਿੱਤੇ ਹਨ।

ਇਸ ਦਾ ਇਕ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਦੂਜੇ ਰਾਜਾਂ ਤੋਂ ਸਸਤਾ ਪੈਟਰੋਲ ਤੇ ਡੀਜ਼ਲ ਪੰਜਾਬ 'ਚ ਤਸਕਰੀ ਰਾਹੀਂ ਲਿਆ ਕੇ ਵੇਚਿਆ ਜਾ ਰਿਹਾ ਹੈ ਜਦਕਿ ਦੂਜੇ ਪਾਸੇ ਪੰਜਾਬ ਦੇ ਸਰਹੱਦੀ ਪੰਪਾਂ ਦੀ ਜਗ੍ਹਾ ਇਨ੍ਹਾਂ ਇਲਾਕਿਆਂ ਦੇ ਲੋਕ ਹਰਿਆਣਾ ਦੇ ਪੈਟਰੋਲ ਪੰਪਾਂ ਤੋਂ ਪੈਟਰੋਲ, ਡੀਜ਼ਲ ਦੀ ਵਿੱਕਰੀ ਕਰਨ 'ਚ ਅੱਗੇ ਹੋ ਗਏ ਹਨ। ਇਸ ਸਾਲ ਦੀ ਵਸੂਲੀ ਨੇ ਵੀ ਦੱਸ ਦਿੱਤਾ ਹੈ ਕਿ ਲਗਾਤਾਰ ਮਹਿੰਗੇ ਹੁੰਦੇ ਪੈਟਰੋਲ, ਡੀਜ਼ਲ ਕਰ ਕੇ ਤੇ ਵੈਟ ਦੀ ਦਰ ਜ਼ਿਆਦਾ ਹੋਣ ਕਰ ਕੇ ਲੋਕਾਂ ਨੇ ਹਰਿਆਣਾ ਤੋਂ ਪੈਟਰੋਲ ਤੇ ਡੀਜ਼ਲ ਦੀ ਖਰੀਦ ਵਧਾ ਦਿੱਤੀ ਹੈ।

# ਗੁਰੂ ਨਗਰੀ ਨੂੰ ਹਰਿਆ-ਭਰਿਆ ਬਣਾਉਣ ਲਈ ਮੁਹਿੰਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਹਰਿਮੰਦਰ ਸਾਹਿਬ ਸਮੂਹ ਦੇ ਅੰਦਰੂਨੀ ਹਿੱਸੇ ਨੂੰ 'ਵਰਟੀਕਲ ਗਾਰਡਨ' ਦੀ ਮਦਦ ਨਾਲ ਹਰਿਆ-ਭਰਿਆ ਬਣਾਉਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਇਸ ਦੀ ਸ਼ੁਰੂਆਤਗੁਰੂ ਰਾਮਦਾਸ ਲੰਗਰ ਘਰ ਦੀ ਇਮਾਰਤ ਦੇ ਬਾਹਰੀ ਹਿੱਸੇ ਤੋਂ ਕੀਤੀ ਗਈ ਹੈ ਅਤੇ ਲੰਗਰ ਘਰ ਦੀ ਇਮਾਰਤ ਦੇ ਬਾਹਰੀ ਹਿੱਸੇ ਅਤੇ ਗੁਰੂ ਅਰਜਨ ਦੇਵ ਨਿਵਾਸ ਦੀ ਇਮਾਰਤ ਦੇ ਬਾਹਰੀ ਹਿੱਸੇ ਉਤੇ ਪਲਾਸਟਿਕ ਦੀਆਂ ਬੋਤਲਾਂ 'ਚ ਪੌਦੇ ਲਾਏ ਗਏ ਹਨ।

ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਾਤਾਵਰਨ ਦੀ ਸੰਭਾਲ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਤਹਿਤ ਇਥੇ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਨੂੰ ਹਰਿਆ-ਭਰਿਆ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਹਰਿਮੰਦਰ ਸਾਹਿਬ ਸਮੂਹ ਦੀਆਂ ਇਮਾਰਤਾਂ ਨੂੰ ਹਰਿਆ-ਭਰਿਆ ਬਣਾਉਣ ਲਈ ਇਥੇ 'ਵਰਟੀਕਲ ਗਾਰਡਨ' ਵਿਧੀ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਦੀ ਸ਼ੁਰੂਆਤ ਕੀਤੀ ਹੈ। ਇਸ ਵਾਸਤੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਤੇ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਦਾ ਸਹਿਯੋਗ ਲਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਹਰਿਮੰਦਰ ਸਾਹਿਬ ਸਮੂਹ ਵਿਚ ਪਲਾਸਟਿਕ ਦੇ ਲਿਫਾਫ਼ਿਆਂ ਦੀ ਵਰਤੋਂ ਬੰਦ ਕਰ ਦਿੱਤੀ ਗਈ ਹੈ।

ਇਸੇ ਯੋਜਨਾ ਤਹਿਤ ਇੱਥੇ ਗੁਰੂ ਕੇ ਬਾਗ ਦੇ ਨਾਂ ਉਤੇ ਵੱਡਾ ਆਧੁਨਿਕ ਬਾਗ ਉਸਾਰਿਆ ਜਾ ਰਿਹਾ ਹੈ, ਜਿਸ ਵਿਚ ਚੰਦਨ ਦੇ ਬੂਟੇ ਵੀ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਹਰਿਮੰਦਰ ਸਾਹਿਬ ਦੇ ਵਰਾਂਡਿਆਂ ਦੀਆਂ ਛੱਤਾਂ 'ਤੇ ਵੀ ਗਮਲਿਆਂ ਰਾਹੀਂ ਹਰਿਆਵਲ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਇਸੇ ਤਹਿਤ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਨੂੰ ਵੀ ਹਰਿਆ-ਭਰਿਆ ਬਣਾਉਣ ਲਈ ਵੀ ਯਤਨ ਕੀਤੇ ਜਾਣਗੇ।

# ਡੀ. ਜੀ. ਪੀ. ਅਰੋੜਾ ਦਾ ਸੇਵਾਕਾਲ ਵਧਾਇਆ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਦੇ ਕਾਰਜਕਾਲ ਵਿਚ ਤਿੰਨ ਮਹੀਨੇ ਦੇ ਵਾਧੇ ਲਈ ਕੇਂਦਰੀ ਕੈਬਨਿਟ ਦੀ ਨਿਯੁਕਤੀਆਂ ਸਬੰਧੀ ਕਮੇਟੀ ਨੇ ਪ੍ਰਵਾਨਗੀ ਦੇ ਦਿੱਤੀ ਹੈ। ਸ੍ਰੀ ਅਰੋੜਾ, ਜਿਨ੍ਹਾਂ 30 ਸਤੰਬਰ ਨੂੰ ਸੇਵਾ ਮੁਕਤ ਹੋਣਾ ਸੀ, ਦਾ ਹੁਣ ਕਾਰਜਕਾਲ 31 ਦਸੰਬਰ ਤੱਕ ਦਾ ਹੋਵੇਗਾ।

ਸੂਬੇ ਦੇ ਨਵੇਂ ਡੀ.ਜੀ.ਪੀ. ਦੀ ਨਿਯੁਕਤੀ ਲਈ ਸੀਨੀਅਰ ਪੁਲਿਸ ਅਧਿਕਾਰੀਆਂ ਦਰਮਿਆਨ ਚੱਲ ਰਹੀ ਰੱਸਾਕਸ਼ੀ ਦੀ ਖੇਡ ਵੀ ਹੁਣ ਤਿੰਨ ਮਹੀਨਿਆਂ ਲਈ ਮੁਲਤਵੀ ਹੋ ਗਈ ਹੈ। ਸ੍ਰੀ ਅਰੋੜਾ ਨੂੰ ਅਕਾਲੀ-ਭਾਜਪਾ ਸਰਕਾਰ ਨੇ ਅਕਤੂਬਰ 2015 ਵਿਚ ਬਰਗਾੜੀ ਵਿਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਪੈਦਾ ਹੋਏ ਮਾਹੌਲ ਉਪਰੰਤ ਡੀ.ਜੀ.ਪੀ. ਦੇ ਅਹੁਦੇ ਉਤੇ ਨਿਯੁਕਤ ਕੀਤਾ ਸੀ। ਪਿਛਲੇ ਸਾਲ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੇ ਗਠਨ ਮਗਰੋਂ ਵੀ ਸ੍ਰੀ ਅਰੋੜਾ ਨੂੰ ਇਸ ਵੱਕਾਰੀ ਅਹੁਦੇ 'ਤੇ ਕਾਇਮ ਰੱਖਿਆ ਗਿਆ। ਉਂਜ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਹੋਰ ਕਾਂਗਰਸ ਨੇਤਾਵਾਂ ਵੱਲੋਂ ਸ੍ਰੀ ਅਰੋੜਾ ਨੂੰ ਇਸ ਅਹੁਦੇ 'ਤੇ ਕਾਇਮ ਰੱਖਣ ਦਾ ਵਿਰੋਧ ਕੀਤਾ ਗਿਆ ਸੀ।

ਸੂਤਰਾਂ ਮੁਤਾਬਕ ਕਾਂਗਰਸ ਹਾਈ ਕਮਾਨ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਡੀ.ਜੀ.ਪੀ. ਦੇ ਸੇਵਾਕਾਲ ਵਿਚ ਵਾਧੇ ਖਿਲਾਫ਼ ਵੀ ਸਨ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਅੰਦਰਲੇ ਵਿਰੋਧ ਨੂੰ ਦਰਕਿਨਾਰ ਕਰ ਦਿੱਤਾ। ਇਥੋਂ ਤੱਕ ਕਿ ਸ੍ਰੀ ਅਰੋੜਾ ਦੇ ਸੇਵਾਕਾਲ ਵਿਚ ਵਾਧੇ ਤੋਂ ਪਹਿਲਾਂ ਸ਼ੁਰੂ ਹੋਈ ਪ੍ਰਕਿਰਿਆ ਸਬੰਧੀ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਤੇ ਮੁੱਖ ਮੰਤਰੀ



ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਤੇ ਹੋਰਨਾਂ ਅਧਿਕਾਰੀਆਂ ਨੂੰ ਭਿਣਕ ਨਹੀਂ ਸੀ ਪੈਣ ਦਿੱਤੀ ਗਈ। ਪੰਜਾਬ ਪੁਲਿਸ ਲਈ ਆਉਣ ਵਾਲੇ ਕਈ ਮਹੀਨੇ ਅਹਿਮ ਮੰਨੇ ਜਾ ਰਹੇ ਹਨ। ਬੇਅਦਬੀ ਅਤੇ ਗੋਲੀ ਕਾਂਡ ਦੀ ਪੜਤਾਲ ਲਈ ਵਧੀਕ ਡੀ.ਜੀ.ਪੀ. ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਮਾਮਲਾ ਕਠਿਨ ਪ੍ਰੀਖਿਆ ਦੇ ਬਰਾਬਰ ਹੈ। ਉਕਤ ਘਟਨਾਵਾਂ ਦੀ ਪੜਤਾਲ ਲਈ ਕੈਪਟਨ ਸਰਕਾਰ ਵੱਲੋਂ ਗਠਿਤ ਕੀਤੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਅਧਾਰਿਤ ਕਮਿਸ਼ਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਇਸੇ ਤਰ੍ਹਾਂ ਸਾਬਕਾ ਡੀ.ਜੀ.ਪੀ. ਤੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਪੁਲੀਸ ਅਧਿਕਾਰੀ ਸੁਮੇਧ ਸਿੰਘ ਸੈਣੀ ਸਮੇਤ 14 ਸੀਨੀਅਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ 'ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪੁਲਿਸ ਅਧਿਕਾਰੀਆਂ ਦਰਮਿਆਨ ਡੀ.ਜੀ.ਪੀ. ਦਾ ਅਹੁਦਾ ਹਥਿਆਉਣ ਲਈ ਪਿਛਲੇ ਕਈ ਮਹੀਨਿਆਂ ਤੋਂ ਜੱਦੋ-ਜਹਿਦ ਚੱਲ ਰਹੀ ਸੀ।

# ਜਹਾਜ਼ 'ਚ ਮੱਛਰ ਬਦਲੇ ਕੰਪਨੀ ਦੇਵੇਗੀ ਯਾਤਰੀਆਂ ਨੂੰ ਹਰਜਾਨਾ

**ਅੰਮ੍ਰਿਤਸਰ:** ਜਹਾਜ਼ 'ਚ ਮੱਛਰਾਂ ਦੀ ਵਜ੍ਹਾ ਨਾਲ ਪਰੇਸ਼ਾਨ ਹੋਏ ਤਿੰਨ ਯਾਤਰੀਆਂ ਨੂੰ ਇੰਡੀਗੋ ਏਅਰਲਾਈਨਜ਼ ਕੁੱਲ 1.20 ਲੱਖ ਰੁਪਏ ਹਰਜਾਨੇ ਦੇ ਰੂਪ 'ਚ ਦੇਵੇਗੀ। ਇਸ ਤੋਂ ਇਲਾਵਾ 15 ਹਜ਼ਾਰ ਰੁਪਏ ਕੋਰਟ 'ਚ ਜਮ੍ਹਾ ਕਰਵਾਉਣੇ ਪੈਣਗੇ। ਐਡਵੋਕੇਟ ਦੀਪਇੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਾਥੀਆਂ ਉਪਦੀਪ ਸਿੰਘ ਤੇ ਸੁਖਨਦੀਪ ਸਿੰਘ ਨਾਲ 12 ਅਪਰੈਲ ਨੂੰ ਇੰਡੀਗੋ ਏਅਰਲਾਈਨਜ਼ ਰਾਹੀਂ ਦਿੱਲੀ ਗਏ ਸਨ। ਇਸ ਦੌਰਾਨ ਤਿੰਨਾਂ ਦੀਆਂ ਸੀਟਾਂ ਪਿੱਛੇ ਸਨ ਤੇ ਸੀਟਾਂ 'ਤੇ ਮੱਛਰ ਭਿਣਭਿਣਾ ਰਹੇ ਸਨ।

ਇਸ ਬਾਰੇ ਉਨ੍ਹਾਂ ਏਅਰ ਹੋਸਟੈਸ ਨੂੰ ਸ਼ਿਕਾਇਤ ਕੀਤੀ ਪਰ ਉਸ ਨੇ ਗੰਭੀਰਤਾ ਨਾਲ ਨਹੀਂ ਲਿਆ। ਅੰਮ੍ਰਿਤਸਰ ਪਹੁੰਚਣ 'ਤੇ ਉਨ੍ਹਾਂ ਕੰਪਨੀ ਦੇ ਅਫਸਰਾਂ ਕੋਲ ਸ਼ਿਕਾਇਤ ਕੀਤੀ ਪਰ ਉਨ੍ਹਾਂ ਵੀ ਕੋਈ ਗੰਭੀਰਤਾ ਨਹੀਂ ਦਿਖਾਈ। ਇਸ ਤੋਂ ਬਾਅਦ ਉਹ ਮਾਮਲਾ ਕੰਜ਼ਿਊਮਰ ਕੋਰਟ ਲੈ ਕੇ ਗਏ। ਇਸ 'ਤੇ ਪ੍ਰੀਜ਼ਾਈਡਿੰਗ ਮੈਂਬਰ ਅਨੂਪ ਸ਼ਰਮਾ ਤੇ ਰਚਨਾ ਅਰੋੜਾ ਨੇ ਕੰਪਨੀ ਦੀਆਂ ਸੇਵਾਵਾਂ 'ਚ ਕਮੀ ਪਾਉਂਦਿਆਂ ਕੰਪਨੀ ਨੂੰ ਤਿੰਨਾਂ ਯਾਤਰੀਆਂ ਨੂੰ 30-30 ਹਜ਼ਾਰ ਰੁਪਏ ਹਰਜਾਨਾ ਤੇ 10-10 ਹਜ਼ਾਰ ਕੇਸ ਦਾ ਖਰਚ ਤੇ 5-5 ਹਜ਼ਾਰ ਰੁਪਏ ਲੀਗਲ ਏਡ ਲਈ ਕੋਰਟ ਵਿਚ ਜਮ੍ਹਾ ਕਰਾਉਣ ਦੇ ਨਿਰਦੇਸ਼ ਦਿੱਤੇ ਹਨ।

## ਲੋਕ ਗਾਇਕ ਜਸਦੇਵ ਯਮਲਾ ਜੱਟ ਨਹੀਂ ਰਹੇ

**ਲੁਧਿਆਣਾ:** ਤੂੰਬੀ ਦੀ ਵਿਲੱਖਣ ਟੁਣਕਾਰ ਨਾਲ ਗਾਉਣ ਵਾਲੇ ਲੋਕ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਪੁੱਤਰ ਜਸਦੇਵ ਯਮਲਾ ਜੱਟ (60) ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਜਸਦੇਵ ਯਮਲਾ ਜੱਟ ਦੀ ਸਿਹਤ ਅਚਾਨਕ ਖਰਾਬ ਹੋ ਗਈ, ਜਿਸ ਤੋਂ ਬਾਅਦ ਪਰਿਵਾਰ ਨੇ ਉਨ੍ਹਾਂ ਨੂੰ ਲੁਧਿਆਣਾ ਦੇ ਮਾਡਲ ਟਾਊਨ ਸਥਿਤ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਭਰਤੀ ਕਰਵਾਇਆ, ਪਰ ਹਾਲਤ ਗੰਭੀਰ ਹੋਣ ਕਰਕੇ ਡਾਕਟਰਾਂ ਨੇ ਉਨ੍ਹਾਂ ਨੂੰ ਡੀ.ਐਮ.ਸੀ. ਹਸਪਤਾਲ ਲੁਧਿਆਣਾ ਲਈ ਰੈਫਰ ਕਰ ਦਿੱਤਾ, ਜਿਥੇ ਜਾਂਦੇ ਸਮੇਂ ਰਾਸਤੇ 'ਚ ਉਹ ਦਮ ਤੋੜ ਗਏ। ਉਨ੍ਹਾਂ ਜਿਉਂਦੇ ਜੀਅ ਆਪਣੇ ਪਿਤਾ ਲਾਲ ਚੰਦ ਯਮਲਾ ਜੱਟ ਦੇ ਗੀਤਾਂ ਨੂੰ ਅਮਰ ਰੱਖਿਆ। ਉਨ੍ਹਾਂ ਦੀ ਪਤਨੀ ਸਰਬਜੀਤ ਕੌਰ ਚਿਮਟੇਵਾਲੀ ਨੇ ਵੀ ਆਪਣੇ ਪਤੀ ਦੀ ਤੂੰਬੀ ਵਾਂਗ ਚਿਮਟੇ ਦੀ ਵਿਰਾਸਤ ਨੂੰ ਸੰਭਾਲੀ ਰੱਖਿਆ ਤੇ ਦੇਸ਼ਾਂ-ਵਿਦੇਸ਼ਾਂ 'ਚ ਲੋਕ ਸਾਜ਼ਾਂ ਦੇ ਨਾਲ ਆਪਣੀ ਗਾਇਕੀ ਦੇ ਝੰਡੇ ਗੱਡੇ।



# ਆਰ. ਟੀ. ਆਈ. ਦੇ ਘੇਰੇ 'ਚ ਆਏ ਵਸੀਕਾ ਨਵੀਸ

**ਚੰਡੀਗੜ੍ਹ:** ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਵਸੀਕਾ ਨਵੀਸਾਂ ਨੂੰ ਸੂਚਨਾ ਦੇ ਅਧਿਕਾਰ ਐਕਟ ਦੇ ਦਾਇਰੇ ਵਿਚ ਲਿਆਂਦਾ ਹੈ। ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹਾ ਦੇ ਨਾਭਾ ਦੇ ਐਡਵੋਕੇਟ ਸ਼ਿਆਮ ਸਿੰਘ ਨੇ ਆਰ.ਟੀ.ਆਈ. ਐਕਟ 2005 ਤਹਿਤ ਵਸੀਕਾ ਨਵੀਸ ਤੋਂ ਜਾਣਕਾਰੀ ਮੰਗੀ ਸੀ।

ਵਸੀਕਾ ਨਵੀਸ ਨੇ ਇਹ ਕਹਿੰਦਿਆਂ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਅਪੀਲ ਕਰਤਾ ਵੱਲੋਂ ਮਾਮਲਾ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਧਿਆਨ 'ਚ ਲਿਆਂਦਾ ਗਿਆ, ਜਿਸ 'ਤੇ ਕਮਿਸ਼ਨ ਨੇ ਹੁਕਮ ਜਾਰੀ ਕਰਦਿਆਂ 15 ਦਿਨਾਂ ਵਿਚ ਜਾਣਕਾਰੀ ਦੇਣ ਲਈ ਕਿਹਾ ਸੀ, ਪਰ ਵਸੀਕਾ ਨਵੀਸ ਨੇ ਇਹ ਕਹਿੰਦਿਆਂ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਨਿੱਜੀ ਤੌਰ 'ਤੇ ਆਮ ਲੋਕਾਂ ਨਾਲ ਕੰਮ ਕਰਦੇ ਹਨ। ਨਵੇਂ ਹੁਕਮਾਂ ਅਨੁਸਾਰ ਜੇ ਕੋਈ ਵਸੀਕਾ ਨਵੀਸ ਜਾਣਕਾਰੀ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਖਿਲਾਫ਼ ਕਾਰਵਾਈ ਹੋਵੇਗੀ।

# ਜਸਟਿਸ ਰੰਜਨ ਗੋਗੋਈ ਭਾਰਤ ਦੇ ਨਵੇਂ ਚੀਫ ਜਸਟਿਸ ਨਿਯੁਕਤ

**ਨਵੀਂ ਦਿੱਲੀ:** ਜਸਟਿਸ ਰੰਜਨ ਗੋਗੋਈ ਨੂੰ ਦੇਸ਼ ਦੇ 46ਵੇਂ ਚੀਫ ਜਸਟਿਸ ਨਿਯੁਕਤ ਕਰ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਤਿੰਨ ਅਕਤੂਬਰ ਨੂੰ ਅਹੁਦਾ ਸੰਭਾਲੇ ਜਾਣ ਦੀ ਉਮੀਦ ਹੈ। ਦੋ ਜੁਲਾਈ ਨੂੰ ਚੀਫ ਜਸਟਿਸ ਦੀਪਕ ਮਿਸ਼ਰਾ ਦਾ ਕਾਰਜਕਾਲ



ਪੂਰਾ ਹੋ ਰਿਹਾ ਹੈ।

ਜਸਟਿਸ ਗੋਗੋਈ ਦੇ ਚੀਫ ਜਸਟਿਸ ਵਜੋਂ ਅਹੁਦੇ ਦੀ ਮਿਆਦ 13 ਮਹੀਨਿਆਂ ਤੋਂ ਥੋੜ੍ਹੀ ਉਪਰ ਹੋਵੇਗੀ ਤੇ ਉਹ 17 ਨਵੰਬਰ, 2019 ਨੂੰ ਸੇਵਾ ਮੁਕਤ ਹੋ ਜਾਣਗੇ। ਉਨ੍ਹਾਂ ਦੀ ਨਿਯੁਕਤੀ ਸਬੰਧੀ ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਹੋਣ ਬਾਅਦ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਨਿਯੁਕਤੀ ਸਬੰਧੀ ਵਾਰੰਟ ਉਤੇ ਹਸਤਾਖਰ ਕਰ ਦਿੱਤੇ ਹਨ।

# ਭਾਰਤ ਵਿਚ ਕੁਦਰਤੀ ਆਫਤਾਂ ਕਾਰਨ ਗਈਆਂ 1567 ਜਾਨਾਂ

**ਚੰਡੀਗੜ੍ਹ:** ਦੇਸ਼ ਵਿਚ ਚੱਕਰਵਰਤੀ ਤੂਫਾਨ, ਹੜ੍ਹਾਂ, ਜ਼ਮੀਨ ਦਾ ਖਿਸਕਣ, ਬੱਦਲ ਫਟਣਾ ਆਦਿ ਆਫਤਾਂ ਨਾਲ ਨਜਿੱਠਣ ਲਈ ਭਾਰਤ ਸਰਕਾਰ ਵੱਲੋਂ ਦੇਸ਼ ਭਰ ਦੇ ਰਾਜਾਂ 'ਚ ਕੁਦਰਤੀ ਆਫਤ ਪ੍ਰਬੰਧਨ ਦੇ ਅਦਾਰਿਆਂ ਰਾਹੀਂ ਪੀੜਤ ਵਿਅਕਤੀਆਂ ਦੀ ਸਹਾਇਤਾ ਲਈ ਤੁਰਤ ਕਾਰਵਾਈ ਕੀਤੀ ਜਾਂਦੀ ਹੈ। ਇਨ੍ਹਾਂ ਕੁਦਰਤੀ ਮੁਸੀਬਤਾਂ ਸਮੇਂ ਇਹ ਅਦਾਰੇ ਕਈ ਹੋਰ ਸਰਕਾਰੀ ਮਹਿਕਮਿਆਂ ਨਾਲ ਮਿਲ ਕੇ ਕੰਮ ਕਰਦੇ ਹਨ। ਇਸ ਸਭ ਕੁਝ ਦੇ ਬਾਵਜੂਦ ਸਰਕਾਰੀ ਅੰਕੜਿਆਂ ਮੁਤਾਬਕ ਜਨਵਰੀ 2018 ਤੋਂ ਜੁਲਾਈ ਮਹੀਨੇ ਤੱਕ ਭਾਰਤ ਦੇ 23 ਰਾਜਾਂ 'ਚ ਕੁਦਰਤੀ ਆਫਤਾਂ ਵਿਚ ਇਕ ਹਜ਼ਾਰ 567 ਵਿਅਕਤੀਆਂ ਨੇ ਆਪਣੀ ਜਾਨ ਗਵਾਉਣ ਦੇ ਨਾਲ 96207 ਘਰਾਂ ਦਾ ਵੀ ਨੁਕਸਾਨ ਹੋਇਆ ਸੀ।

ਇਨ੍ਹਾਂ ਕੁਦਰਤੀ ਕਰੋਪੀਆਂ 'ਚ 7 ਰਾਜਾਂ ਦੀ 0.87 ਲੱਖ ਹੈਕਟੇਅਰ ਏਰੀਆ ਵਿਚ ਫਸਲ ਵੀ ਪ੍ਰਭਾਵਿਤ ਹੋਈ ਤੇ 17 ਰਾਜਾਂ ਦੇ 8 ਹਜ਼ਾਰ 874 ਪਸ਼ੂਆਂ ਦਾ ਵੀ ਜਾਨੀ ਨੁਕਸਾਨ ਹੋਇਆ ਜਦਕਿ ਲੰਘੇ ਵਰ੍ਹੇ ਦੌਰਾਨ ਭਾਰਤ ਦੇ 26 ਰਾਜਾਂ 'ਚ ਇਨ੍ਹਾਂ ਆਫਤਾਂ ਕਾਰਨ 2 ਹਜ਼ਾਰ 57 ਮਨੁੱਖਾਂ ਨੇ ਆਪਣੀਆਂ ਜਾਨਾਂ ਗਵਾਈਆਂ ਸੀ। ਇਨ੍ਹਾਂ ਕਰੋਪੀਆਂ ਵਿਚ 9 ਲੱਖ 15 ਹਜ਼ਾਰ 878 ਘਰਾਂ ਨੂੰ ਨੁਕਸਾਨ ਹੋਇਆ ਸੀ ਤੇ 47 ਲੱਖ ਹੈਕਟੇਅਰ 'ਚ ਫਸਲ ਦਾ ਨੁਕਸਾਨ ਹੋਇਆ ਸੀ। ਇਸੇ ਤਰ੍ਹਾਂ 46 ਹਜ਼ਾਰ 488 ਪਸ਼ੂਆਂ ਵੀ ਇਨ੍ਹਾਂ ਕੁਦਰਤੀ ਆਫਤਾਂ 'ਚ ਗੁਆਚ ਗਏ ਸੀ। ਚੱਕਰਵਰਤੀ ਤੂਫਾਨ, ਹੜ੍ਹਾਂ, ਜ਼ਮੀਨ ਖਿਸਕਣ, ਬੱਦਲ ਦਾ ਫਟਣ ਦੀ ਘਟਨਾਵਾਂ 'ਚ ਇਹ ਅੰਕੜਾ ਸਾਲ 2016 'ਚ 1487 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 5 ਲੱਖ 46 ਹਜ਼ਾਰ 518 ਘਰਾਂ ਨੂੰ ਦੇਸ਼ ਭਰ ਵਿਚ ਨੁਕਸਾਨੇ ਗਏ ਸੀ। 41 ਹਜ਼ਾਰ 965 ਪਸ਼ੂ ਗੁਆਚ ਗਏ ਸੀ ਤੇ 25 ਲੱਖ ਹੈਕਟੇਅਰ 'ਚ ਫਸਲ ਪ੍ਰਭਾਵਿਤ ਹੋਈ ਸਨ। ਸਾਲ 2015 'ਚ ਕੁਦਰਤੀ ਆਫਤਾਂ 'ਚ 1460 ਵਿਅਕਤੀਆਂ ਦੀ ਜਾਨਾਂ ਇਨ੍ਹਾਂ ਕੁਦਰਤੀ ਆਫਤਾਂ ਵਿਚ ਚਲੀਆਂ ਗਈਆਂ ਸੀ ਅਤੇ 13 ਲੱਖ 13 ਹਜ਼ਾਰ 371 ਘਰ ਦੇਸ਼ ਦੇ 22 ਰਾਜਾਂ 'ਚ ਨੁਕਸਾਨੇ ਗਏ ਸਨ।

31 ਲੱਖ ਹੈਕਟੇਅਰ ਇਲਾਕੇ 'ਚ ਫਸਲ ਨੁਕਸਾਨੀ ਗਈ। ਸਾਲ 2015 'ਚ ਮਰਨ ਵਾਲੇ ਪਸ਼ੂਆਂ ਦੀ ਗਿਣਤੀ 59 ਹਜ਼ਾਰ ਤੋਂ ਵੱਧ ਸੀ। ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਹਰ ਇਕ ਰਾਜ ਕੋਲ ਆਫਤਾਂ ਨਾਲ ਨਿਪਟਣ ਵਾਲੇ ਫੰਡਾਂ ਤਹਿਤ ਕੁਦਰਤੀ ਕਰੋਪੀਆਂ 'ਚ ਫਸੇ ਲੋਕਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਇੰਨੇ ਫੰਡਾਂ ਦੀ ਪੂਰਤੀ ਲਈ ਸਮੇਂ-ਸਮੇਂ ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਫੰਡ ਵੰਡੇ ਜਾਂਦੇ ਹਨ। ਇਸ ਸਾਲ ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ 46 ਹਜ਼ਾਰ ਕਰੋੜ ਰੁਪਏ ਤੋਂ ਵੱਧ ਰਾਸ਼ੀ ਵੰਡੀ ਗਈ ਹੈ।


## ਕਸ਼ਮੀਰ: ਘਰ 'ਚ ਦਾਖਲ ਹੋ ਕੇ ਜਵਾਨ ਦੀ ਹੱਤਿਆ

**ਸ੍ਰੀਨਗਰ:** ਦੱਖਣੀ ਕਸ਼ਮੀਰ ਦੇ ਅਤਿਵਾਦ ਪ੍ਰਭਾਵਿਤ ਇਲਾਕੇ ਕੁਲਗਾਮ ਵਿਚ ਸ਼ੱਕੀ ਅਤਿਵਾਦੀ ਫੌਜ ਦੇ ਜਵਾਨ ਦੇ ਘਰ 'ਚ ਜਬਰਦਸਤੀ ਦਾਖਲ ਹੋ ਕੇ ਉਸ ਨੂੰ ਗੋਲੀਆਂ ਮਾਰਨ ਬਾਅਦ ਫਰਾਰ ਹੋ ਗਏ।

ਸੂਤਰਾਂ ਅਨੁਸਾਰ ਕੁਲਗਾਮ ਦੇ ਸੁਰਾਤ ਪਿੰਡ 'ਚ ਸ਼ੱਕੀ ਅਤਿਵਾਦੀ 162 ਖੇਤਰੀ ਫੌਜ (ਟੀ.ਏ.) ਨਾਲ ਸੰਬਧਤ ਮੁਖਤਾਰ ਅਹਿਮਦ ਮਲਿਕ ਉਰਫ਼ ਮੁਖਤਾਰ ਗੋਲਾ ਦੇ ਘਰ 'ਚ ਆ ਵੜੇ ਅਤੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਕਿਸੇ ਅਤਿਵਾਦੀ ਸੰਗਠਨ ਨੇ ਅਜੇ ਤੱਕ ਉਸ ਦੀ ਹੱਤਿਆ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

# ਕੇਂਦਰੀ ਸਿਆਸਤ ਦੇ ਚੌਖਟੇ 'ਚ ਪੰਜਾਬ ਦੀ ਹੋਣੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਰਾਜਨੀਤੀ ਦੀ ਤਾਣੀ ਉਲਝੀ ਪਈ ਹੈ, ਤੇ ਇਸ ਦੀ ਨਬਜ਼ ਵੇਖਣ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਵੱਡੇ ਮਾਹਰਾਂ ਦੀ ਆਸ ਤੋਂ ਵੀ ਵੱਧ ਉਲਝੀ ਪਈ ਹੈ। ਇਹ ਅੰਦਰੋ-ਅੰਦਰ ਉਬਲਦੀ ਵੀ ਪਈ ਹੈ। ਉਬਾਲੇ ਤੋਂ ਹਰ ਕੋਈ ਆਪਣੇ ਢੰਗ ਨਾਲ ਭਵਿੱਖ ਦੇ ਨਕਸ਼ ਪੜ੍ਹਨ ਦਾ ਯਤਨ ਕਰ ਰਿਹਾ ਹੈ, ਪਰ ਬਹੁਤਾ ਕੁਝ ਸਾਫ ਨਹੀਂ ਹੁੰਦਾ ਜਾਪਦਾ ਤੇ ਜੋ ਕੁਝ ਝਲਕ ਦਿੰਦਾ ਹੈ, ਉਸ ਉਤੇ ਛੇਤੀ ਕੀਤੇ ਯਕੀਨ ਕਰਨਾ ਔਖਾ ਹੈ। ਜਦੋਂ ਅਗਲੀ ਪਾਰਲੀਮੈਂਟ ਚੋਣ ਦਾ ਸਮਾਂ ਆਉਣ ਵਿਚ ਅੱਧੇ ਸਾਲ ਨਾਲੋਂ ਕੁਝ ਦਿਨ ਉਪਰ-ਹੇਠਾਂ ਹੋਣ, ਉਸ ਵੇਲੇ ਅਜਿਹੀ ਸਥਿਤੀ ਹੋਣ ਨਾਲ ਪੰਜਾਬ ਦੇ ਲੋਕ ਹੀ ਨਹੀਂ, ਰਾਜਸੀ ਆਗੂ ਵੀ ਇਸ ਮੌਕੇ ਕੋਈ ਗੱਲ ਖੁੱਲ੍ਹ ਕੇ ਕਹਿਣ ਜੋਗੇ ਨਹੀਂ ਜਾਪਦੇ।

ਇਸ ਵਕਤ ਇੱਕ ਮੋਰਚਾ ਬਰਗਾੜੀ ਵਿਚ ਲੱਗਾ ਹੋਇਆ ਹੈ, ਜਿੱਥੇ ਬੈਠੇ ਕੁਝ ਸਿੱਖ ਆਗੂਆਂ ਦਾ ਬੋਲਣ ਦਾ ਢੰਗ ਏਦਾਂ ਦਾ ਹੈ, ਜਿਵੇਂ ਸਿੱਖੀ ਨਾਲ ਜੁੜੀ ਹੋਈ ਸਾਰੀ ਰਾਜਨੀਤੀ ਉਨ੍ਹਾਂ ਦੀ ਅੱਖ ਦਾ ਇਸ਼ਾਰਾ ਉਡੀਕਦੀ ਹੋਵੇ। ਓਦਾਂ ਸੱਚਾਈ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਜਣੇ ਆਪੋ-ਆਪਣੇ ਹਲਕੇ ਵਿਚ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਵੀ ਲੜਨ ਜੋਗੇ ਨਹੀਂ ਤੇ ਜਦੋਂ ਕਦੀ ਉਨ੍ਹਾਂ ਵਿਚੋਂ ਕਿਸੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜੀ ਸੀ, ਉਥੋਂ ਵੀ ਹਾਰ ਜਾਂਦੇ ਰਹੇ ਸਨ। ਜਿਸ ਪੜਾਅ ਉਤੇ ਉਨ੍ਹਾਂ ਨੇ ਆਪਣਾ ਮੋਰਚਾ ਪੁਚਾ ਲਿਆ ਹੈ, ਉਥੇ ਉਹ ਨਾ ਇਸ ਨੂੰ ਛੱਡ ਸਕਦੇ ਹਨ, ਨਾ ਬਹੁਤਾ ਚਿਰ ਚਲਾ ਸਕਦੇ ਹਨ ਸਰਕਾਰ ਦੇ ਕੁਝ ਲੋਕਾਂ ਨੇ ਜਿੰਨੀ ਕੁ ਸ਼ਹਿ ਦਿੱਤੀ ਜਾਂ ਦੇਣ ਦਾ ਸੰਕੇਤ ਦਿੱਤਾ ਸੀ, ਉਹ ਉਨ੍ਹਾਂ ਦਾ ਭਲਾ ਕਰਨ ਵਾਲੀ ਸਾਬਤ ਨਹੀਂ ਹੋਈ। ਹਾਲਤ ਅਜ 'ਮੈਂ ਤਾਂ ਕੰਬਲ ਨੂੰ ਛੱਡਦਾਂ, ਕੰਬਲ ਮੈਨੂੰ ਨਹੀਂ ਛੱਡਦਾ' ਵਾਲੀ ਬਣੀ ਜਾਪਦੀ ਹੈ। ਫਿਰ ਵੀ ਕੁਝ ਲੋਕ ਸਰਕਾਰ-ਦਰਬਾਰ ਤੱਕ ਪਹੁੰਚ ਕਰਦੇ ਪਏ ਹਨ ਕਿ ਕੋਈ ਰਾਹ ਕੱਢਿਆ ਜਾਵੇ।

ਆਮ ਆਦਮੀ ਪਾਰਟੀ ਦੇ ਵਿਧਾਇਕ ਐਚ. ਐਸ. ਫੂਲਕਾ ਨੇ ਕਿਹਾ ਸੀ ਕਿ ਪੰਦਰਾਂ ਦਿਨਾਂ ਤੱਕ ਬਹਿਬਲ ਕਲਾਂ ਤੇ ਬਰਗਾੜੀ ਕਾਂਡ ਵਿਚ ਕੋਈ ਠੋਸ ਕਾਰਵਾਈ ਨਾ ਹੋਈ ਤਾਂ ਉਹ ਵਿਧਾਨ ਸਭਾ ਛੱਡ ਦੇਣਗੇ। ਕਾਰਵਾਈ ਕੀ ਹੋ ਸਕਦੀ ਹੈ, ਇਸ ਬਾਰੇ ਕਾਨੂੰਨੀ ਮਾਹਰ ਵੀ ਭੰਬਲਭੂਸੇ ਵਿਚ ਹਨ। ਜਿਹੜੀ ਗੱਲ ਸ. ਫੂਲਕਾ ਨੇ ਕਹੀ ਹੈ, ਉਹ ਬਾਕੀ ਕਾਨੂੰਨੀ ਮਾਹਰਾਂ ਦੇ ਸੰਘੋਂ ਨਹੀਂ ਉਤਰ ਰਹੀ। ਉਹ ਕਹਿੰਦੇ ਹਨ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੇ ਆਧਾਰ ਉਤੇ ਪੰਜਾਬ ਦੇ ਉਸ ਵਕਤ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਦੋਂ ਦੇ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦੇ ਖਿਲਾਫ ਕਾਰਵਾਈ ਕਰਨ ਵੱਲ ਪੰਜਾਬ ਸਰਕਾਰ ਮੂੰਹ ਕਰੇ।

ਕਾਨੂੰਨੀ ਮਾਹਰ ਕਹਿੰਦੇ ਹਨ ਕਿ ਕੋਈ ਸ਼ਿਕਾਇਤਕਰਤਾ ਉਨ੍ਹਾਂ ਦੋਵਾਂ ਦੇ ਖਿਲਾਫ ਜਦੋਂ ਤੱਕ ਸਿੱਧਾ ਨਾਂ ਲੈ ਕੇ ਸ਼ਿਕਾਇਤ ਨਹੀਂ ਕਰਦਾ, ਇਹ ਕਾਰਵਾਈ ਕੀਤੀ ਨਹੀਂ ਜਾ ਸਕਦੀ ਤੇ ਜਾਂਚ ਕਮਿਸ਼ਨ ਦੀ ਸਾਰੀ ਰਿਪੋਰਟ ਇਸੇ ਤਰ੍ਹਾਂ ਦੇ ਸੰਕੇਤ ਕਰਦੀ ਹੈ। ਕਿਸੇ ਸ਼ਿਕਾਇਤਕਰਤਾ ਦਾ ਹਲਫੀਆ ਬਿਆਨ ਜਾਂ ਸਿੱਧਾ ਇਹ ਬਿਆਨ ਉਸ ਰਿਪੋਰਟ ਵਿਚ ਨਹੀਂ ਲਾਇਆ ਗਿਆ ਕਿ ਪ੍ਰਕਾਸ਼ ਸਿੰਘ ਬਾਦਲ ਜਾਂ ਸੁਮੇਧ ਸਿੰਘ ਸੈਣੀ ਨੇ ਆਹ ਕੀਤਾ ਜਾਂ ਕਰਵਾਇਆ ਸੀ। ਇਸ ਆਧਾਰ ਉਤੇ ਕਾਰਵਾਈ ਸ਼ੁਰੂ ਹੁੰਦੇ ਸਾਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਬਰੇਕਾਂ ਲੱਗ ਜਾਣਗੀਆਂ। ਪੰਜਾਬ ਦੀ ਮੌਜੂਦਾ ਸਰਕਾਰ ਚਲਾਉਣ ਵਾਲਿਆਂ ਦੀ ਇਸ ਮੋਰਚੇ ਵੱਲ ਅਗਲੇ ਕਦਮ ਦੀ ਕਿਸੇ ਦਿਸ਼ਾ ਦੀ ਸਪੱਸ਼ਟਤਾ ਵੀ ਦਿਖਾਈ ਨਹੀਂ ਦੇ ਰਹੀ ਤੇ ਕਾਨੂੰਨ ਦੀਆਂ ਏਜੰਸੀਆਂ ਵੀ ਇਸ ਬਾਰੇ ਬੁਰੀ ਤਰ੍ਹਾਂ ਵੰਡੀਆਂ ਪਈਆਂ ਹਨ।

ਪੰਜਾਬ ਵਿਚ ਹਾਲੇ ਤੱਕ ਮੁੱਖ ਤੌਰ 'ਤੇ ਦੋ ਸਿਆਸੀ ਧਿਰਾਂ ਹੁੰਦੀਆਂ ਸਨ, ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇੱਕ ਤੀਸਰੀ ਧਿਰ ਉਭਰੀ ਤੇ ਅਕਾਲੀ ਦਲ ਨੂੰ ਪਛਾੜ ਕੇ ਮੁੱਖ ਵਿਰੋਧੀ ਧਿਰ ਦਾ ਦਰਜਾ ਹਾਸਲ ਕਰ ਗਈ। ਵਿਰੋਧ ਦੀ ਮੁੱਖ ਧਿਰ ਦਾ ਇਹੋ ਦਰਜਾ ਉਸ ਤੀਸਰੀ ਧਿਰ ਦੇ ਜੜ੍ਹੀਂ ਬੈਠਾ ਤੇ ਅੱਜ ਉਹ ਧਿਰ ਬੁਰੀ ਤਰ੍ਹਾਂ ਵੰਡੀ ਪਈ ਹੈ। ਅਗਲੀਆਂ ਚੋਣਾਂ ਤੱਕ ਇਕੱਠੇ ਹੋਣ ਦਾ ਕੋਈ ਸੰਕੇਤ ਨਹੀਂ ਮਿਲਦਾ ਤੇ ਪਾਟਕ ਦੀਆਂ ਗੱਲਾਂ ਸੁਖਪਾਲ ਸਿੰਘ ਖਹਿਰੇ ਨੂੰ ਲੁਧਿਆਣੇ ਦੇ ਬੈਂਸਾਂ ਨਾਲ ਹੱਥ ਮਿਲਾ ਕੇ ਇੱਕ ਚੌਥੀ ਧਿਰ ਖੜ੍ਹੀ ਕਰਨ ਤੱਕ ਪੁਚਾ ਰਹੀਆਂ ਜਾਪਦੀਆਂ ਹਨ। ਇਸ ਪਿੱਛੋਂ ਕਈ ਲੋਕ ਇਹ ਕਹਿਣ ਲੱਗੇ ਹਨ ਕਿ ਫਿਰ ਕਾਂਗਰਸ ਤੇ ਅਕਾਲੀਆਂ ਦੇ ਸਿੱਧੇ ਆਪਸੀ ਪੇਚੇ ਦਾ ਮਾਹੌਲ ਬਣ ਸਕਦਾ ਹੈ।

ਇਹ ਸਾਰਾ ਪ੍ਰਭਾਵ ਰਾਜਨੀਤੀ ਦੇ ਉਪਰਲੇ ਵਹਿਣ ਵਾਲਾ ਹੈ। ਇਸ ਦੇ ਹੇਠਾਂ ਹੋਰ ਵੀ ਕਈ ਕੁਝ ਵਗਦਾ ਹੋਣ ਦੇ ਸੰਕੇਤ ਮਿਲਦੇ ਪਏ ਹਨ ਤੇ ਉਹ ਸੰਕੇਤ ਕਾਂਗਰਸ ਅਤੇ ਅਕਾਲੀ ਦਲ-ਦੋਵਾਂ ਲਈ ਭਲੇ ਭਵਿੱਖ ਵਾਲੇ ਨਹੀਂ।

ਬਹੁਤ ਸਾਰੇ ਲੋਕਾਂ ਨੂੰ ਇਹ ਗੱਲ ਯਾਦ ਨਹੀਂ ਰਹੀ ਕਿ ਜਦੋਂ ਪਿਛਲੀ ਵਾਰੀ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਸਰ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਅਤੇ ਭਾਜਪਾ ਦੇ ਉਮੀਦਵਾਰ ਅਰੁਣ ਜੇਤਲੀ ਦੀ ਹਾਰ ਹੋਈ ਸੀ, ਉਸ ਦੇ ਬਾਅਦ ਕੁਝ ਦਿਨ ਅਕਾਲੀ ਦਲ ਤੇ ਭਾਜਪਾ ਦੇ ਆਗੂਆਂ ਦੀ ਆਪਸੀ ਖਹਿਬਾਜ਼ੀ ਦਾ ਦੌਰ ਚੱਲਦਾ ਰਿਹਾ ਸੀ। ਉਸੇ ਖਹਿਬਾਜ਼ੀ ਕਾਰਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਅਕਾਲੀਆਂ ਨੂੰ ਅੱਖਾਂ ਵਿਖਾਈਆਂ ਅਤੇ ਫਿਰ ਅੰਮ੍ਰਿਤਸਰ ਵਿਚ ਰੈਲੀ ਕਰਨ ਦਾ ਐਲਾਨ ਕਰ ਦਿੱਤਾ ਸੀ ਤੇ ਮੁੱਦਾ ਨਸ਼ੀਲੇ ਪਦਾਰਥਾਂ ਦੀ ਸਪਲਾਈ ਨੂੰ ਬਣਾਇਆ ਸੀ। ਇਸ ਤੋਂ ਚਿੜੇ ਹੋਏ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਨਸ਼ੀਲੇ ਪਦਾਰਥ ਪਾਕਿਸਤਾਨ ਤੋਂ ਆਉਂਦੇ ਹਨ ਤੇ ਕੇਂਦਰੀ ਫੋਰਸਾਂ ਉਸ ਦੀ ਰੋਕ ਲਈ ਕੁਝ ਨਹੀਂ ਕਰਦੀਆਂ, ਇਸ ਲਈ ਅਕਾਲੀ ਦਲ ਪਾਕਿਸਤਾਨ ਨਾਲ ਜੋੜਦੇ ਲਾਂਘਿਆਂ ਉਤੇ ਰੈਲੀਆਂ ਕਰ ਕੇ ਆਪਣੀ ਗੱਲ ਪੰਜਾਬ ਦੇ ਲੋਕਾਂ ਸਾਹਮਣੇ ਰੱਖੇਗਾ।

ਅਗਲੇ ਦਿਨ ਕੈਪਟਨ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਕਿ ਅਮਿਤ ਸ਼ਾਹ ਦੀ ਰੈਲੀ ਦੇ ਦਿਨ ਹੀ ਅੰਮ੍ਰਿਤਸਰ ਵਿਚ ਮੈਂ ਵੀ ਰੈਲੀ ਕਰਾਂਗਾ ਤੇ ਪਤਾ ਲੱਗ ਜਾਵੇਗਾ ਕਿ ਕੌਣ ਕਿੰਨੇ ਪਾਣੀ ਵਿਚ ਹੈ ਤਾਂ ਅਮਿਤ ਸ਼ਾਹ ਆਪਣੀ ਰੈਲੀ ਰੱਦ ਕਰਨ ਲਈ ਮਜਬੂਰ ਹੋ ਗਿਆ ਸੀ। ਇਸ ਦੇ ਬਾਵਜੂਦ ਅਕਾਲੀ ਦਲ ਦੀਆਂ ਰੈਲੀਆਂ ਹੋਈਆਂ ਸਨ ਤੇ ਭਾਜਪਾ ਉਨ੍ਹਾਂ ਰੈਲੀਆਂ ਤੋਂ ਨਾ ਸਿਰਫ ਲਾਂਭੇ ਰਹੀ, ਸਗੋਂ ਇਹ ਕਹਿੰਦੀ ਰਹੀ ਕਿ ਇਹ ਰੈਲੀਆਂ ਸਾਡੇ ਪ੍ਰਧਾਨ ਅਮਿਤ ਸ਼ਾਹ ਵਿਰੁਧ ਕੀਤੀਆਂ ਜਾ ਰਹੀਆਂ ਹਨ। ਉਦੋਂ ਤੋਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅੰਦਰੋਂ ਚਿੜੀ ਹੋਈ ਹੈ।

ਅੱਜ ਦੇ ਹਾਲਾਤ ਵਿਚ ਜੋ ਕੁਝ ਦਿੱਲੀ ਤੋਂ ਸੁਣਨ ਨੂੰ ਮਿਲ ਰਿਹਾ ਹੈ, ਉਹ ਇਹ ਹੈ ਕਿ ਅਕਾਲੀ ਦਲ ਦੇ ਆਗੂਆਂ ਨੂੰ ਦਿੱਲੀ ਗਿਆਂ ਨੂੰ ਬਹੁਤਾ ਮੋਹ ਨਹੀਂ ਮਿਲਦਾ ਤੇ ਬਹੁਤੀ ਵਾਰੀ ਖਾਲੀ ਹੱਥ ਮੁੜ ਕੇ ਇਹ ਬਿਆਨ ਦੇਣ ਲੱਗ ਜਾਂਦੇ ਹਨ ਕਿ ਕੇਂਦਰ ਦੇ ਫਲਾਣੇ-ਫਲਾਣੇ ਆਗੂ ਨਾਲ ਸਾਡੀ ਬੜੀ ਲਾਹੇਵੰਦੀ ਗੱਲਬਾਤ ਹੋਈ ਹੈ। ਅੰਦਰੋਂ ਭਾਜਪਾ ਲੀਡਰਸ਼ਿਪ ਨੇ ਆਪਣੇ ਦੂਤ ਪੰਜਾਬ ਵਿਚ ਇਹ ਘੋਖਣ ਲਈ ਤੋਰੇ ਹੋਏ ਹਨ ਕਿ ਅਕਾਲੀ ਦਲ ਤੋਂ ਕਿਨਾਰਾ ਕਰਨ ਤੇ ਕਿਸੇ ਤੀਜੀ ਧਿਰ ਨਾਲ ਹੱਥ ਮਿਲਾ ਲੈਣ ਦਾ ਲਾਭ ਜਾਂ ਨੁਕਸਾਨ ਕਿੰਨਾ ਕੁ ਹੋਵੇਗਾ? ਇਸ ਪੱਖੋਂ ਪਿਛਲੀਆਂ ਚੋਣਾਂ ਵਿਚ ਉਭਰੀ ਤੇ ਫਿਰ ਪਾਟਦੀ ਗਈ ਆਮ ਆਦਮੀ ਪਾਰਟੀ ਦੇ ਕੁਝ ਆਗੂਆਂ ਦਾ ਜਨਤਕ ਆਧਾਰ ਵੀ ਟੋਹਿਆ ਜਾ ਰਿਹਾ ਹੈ।

ਇੱਕ ਖਬਰ ਇਹ ਵੀ ਸੁਣੀ ਜਾ ਰਹੀ ਹੈ ਕਿ ਸੁਖਪਾਲ ਸਿੰਘ ਖਹਿਰਾ ਦੇ ਜਲਸਿਆਂ ਵਿਚ ਹਾਜ਼ਰੀ ਉਤੇ ਭਾਜਪਾ ਦੇ ਸ਼ਹਿਰੀ ਆਗੂ ਚੋਖੀ ਦਿਲਚਸਪੀ ਨਾਲ ਅੱਖ ਰੱਖ ਰਹੇ ਹਨ ਤੇ ਇਸ ਵਿਚੋਂ ਕਈ ਤਰ੍ਹਾਂ ਦੇ ਅੰਦਾਜ਼ੇ ਵੀ ਲੱਗੇ ਸੁਣੇ ਜਾ ਰਹੇ ਹਨ। ਭਾਜਪਾ ਨੇ ਹਰਿਆਣੇ ਵਿਚ ਕਦੇ ਚੌਧਰੀ ਦੇਵੀ ਲਾਲ ਅਤੇ ਉਸ ਦੇ ਪੁੱਤਰ ਓਮ ਪ੍ਰਕਾਸ਼ ਚੌਟਾਲਾ ਨਾਲ ਤੇ ਕਦੀ ਉਨ੍ਹਾਂ ਦੇ ਪੱਕੇ ਵਿਰੋਧੀ ਚੌਧਰੀ ਬੰਸੀ ਲਾਲ ਨਾਲ ਗੰਢਜੋੜ ਕਰਦੇ-ਤੋੜਦੇ ਹੋਏ ਆਪਣੇ ਪੈਰ ਜਮਾਏ ਸਨ। ਇਸ ਵਕਤ ਉਸ ਦੀ ਨਜ਼ਰ ਪੰਜਾਬ ਉਤੇ ਹੈ।

ਅਕਾਲੀ ਆਗੂਆਂ ਬਾਰੇ ਪੰਜਾਬ ਵਿਚ ਇਸ ਵੇਲੇ ਜਿੱਦਾਂ ਦਾ ਮਾਹੌਲ ਹੈ, ਭਾਜਪਾ ਇਸ ਦੌਰਾਨ ਬਾਦਲ ਪਰਿਵਾਰ ਦੇ ਪੱਖ ਜਾਂ ਵਿਰੋਧ ਲਈ ਕੁਝ ਵੀ ਕਹਿਣ ਤੋਂ ਗੁਰੇਜ਼ ਕਰਦੀ ਹੋਈ ਬਿਆਸ ਤੋਂ ਨੂਰਮਹਿਲ ਤੱਕ ਦੇ ਡੇਰਿਆਂ ਨਾਲ ਤਾਰਾਂ ਜੋੜਨ ਤੇ ਸਿਆਸਤ ਦੇ ਨਵੇਂ ਫਾਰਮੂਲੇ ਅਜ਼ਮਾਉਣ ਦੀ ਸਰਗਰਮੀ ਕਰਦੀ ਦੱਸੀ ਜਾਂਦੀ ਹੈ। ਅੱਗੇ ਪੰਜਾਬ ਵਿਚ ਭਾਜਪਾ ਵਾਲੇ ਅਕਾਲੀਆਂ ਮਗਰ ਫਿਰਦੇ ਹੁੰਦੇ ਸਨ, ਅੱਜ-ਕੱਲ੍ਹ ਭਾਜਪਾ ਦਾ ਕੋਈ ਲੀਡਰ ਦਿੱਲੀ ਤੋਂ ਆਵੇ ਤਾਂ ਅਕਾਲੀ ਉਸ ਦੇ ਗੋਡੀਂ ਹੱਥ ਲਾਉਣ ਦਾ ਬਹਾਨਾ ਭਾਲਦੇ ਸੁਣੇ ਜਾਣ ਲੱਗ ਪਏ ਹਨ। ਦਿੱਲੀ ਵਿਚ ਭਾਜਪਾ ਨਾਲ ਮਿਲ ਕੇ ਚੱਲਣ ਵਾਲੇ ਦੋ ਅਕਾਲੀ ਲੀਡਰ ਵੀ ਇਸ ਵਕਤ ਪੰਜਾਬ ਵਿਚ ਚੋਖੇ ਸਰਗਰਮ ਹੋਏ ਸੁਣੇ ਜਾ ਰਹੇ ਹਨ ਤੇ ਇਹ ਸਰਗਰਮੀ ਕਿਸੇ ਖਾਸ ਮਕਸਦ ਲਈ ਹੈ।

ਇਹੋ ਜਿਹੀ ਕੋਈ ਆਸ ਨਹੀਂ ਰੱਖਣੀ ਚਾਹੀਦੀ ਕਿ ਇਸ ਉਲਝਣ ਦੀ ਸਥਿਤੀ ਵਿਚ ਕੋਈ ਭਵਿੱਖ ਨਕਸ਼ਾ ਜਲਦੀ ਦਿਖਾਈ ਦੇਣ ਲੱਗ ਜਾਵੇਗਾ। ਇਸ ਵਿਚ ਹਾਲੇ ਸਮਾਂ ਲੱਗ ਸਕਦਾ ਹੈ, ਪਰ ਜੇ ਹਾਲਾਤ ਦਾ ਵਹਿਣ ਇਸੇ ਤਰ੍ਹਾਂ ਵਗਣ ਲੱਗਾ ਰਿਹਾ ਤਾਂ ਕੁਝ ਅਜਿਹਾ ਨਵਾਂ ਪੇਸ਼ ਹੋ ਸਕਦਾ ਹੈ, ਜਿਸ ਦਾ ਹਾਲ ਦੀ ਘੜੀ ਕਿਸੇ ਨੂੰ ਸੁਫਨਾ ਨਹੀਂ ਆਇਆ। ਜਿਹੜੇ ਹਾਲਾਤ ਬਣੀ ਜਾ ਰਹੇ ਹਨ, ਉਨ੍ਹਾਂ ਵਿਚ ਕਿਸੇ ਪਲ ਕੁਝ ਵੀ ਨਵਾਂ ਵਾਪਰਨ ਦੀ ਆਸ ਰੱਖੀ ਜਾ ਸਕਦੀ ਹੈ ਤੇ ਉਸ ਨਵੀਂ ਬਣਤਰ ਲਈ ਬਾਦਲਪੁਰੇ ਦੀ ਥਾਂ ਭਾਜਪਾ ਆਗੂਆਂ ਦੀਆਂ ਕਾਰਾਂ ਭੁਲੱਥ ਵੱਲ ਵੀ ਦੌੜ ਸਕਦੀਆਂ ਹਨ। ਹੈ ਨਾ ਹੈਰਾਨੀ ਵਾਲੀ ਗੱਲ, ਪਰ ਦਿੱਲੀ ਜੋ ਕੁਝ ਸੋਚਦੀ-ਗੁੰਦਦੀ ਪਈ ਹੈ, ਉਸ ਦੇ ਚੌਖਟੇ ਵਿਚ ਇਹ ਸਭ ਕੁਝ ਹੋ ਸਕਦਾ ਹੈ।

# ਨੱਥੂ ਰਾਮ ਦੀ ਕਰਾਮਾਤ

ਗਰੀਬ ਹੱਟੀ ਵਾਲੇ ਬ੍ਰਾਹਮਣ (?) ਹਿੰਦੂ ਹੀਰਾਨੰਦ ਦੇ ਘਰ ਬੇਟੇ ਨੇ ਜਨਮ ਲਿਆ। ਲੋਕ ਵਿਸ਼ਵਾਸ ਮੁਤਾਬਕ ਉਸ ਦੇ ਨੱਥ ਪਾਈ ਗਈ ਅਤੇ ਲਾਡ ਨਾਲ ਉਸ ਦਾ ਨਾਂ ਨੱਥੂ ਰਾਮ ਰੱਖਿਆ। ਸੁਰਤ ਸੰਭਾਲੀ ਤਾਂ ਉਸ ਨੇ ਪੰਜਾਬੀ ਦੇ ਪ੍ਰਸਿੱਧ ਕਿੱਸਾਕਾਰ ਹਾਸ਼ਮ ਸ਼ਾਹ ਦੇ ਬੇਟੇ ਮੌਲਵੀ ਹਯਾਤ ਸ਼ਾਹ ਕੋਲ ਫਾਰਸੀ ਭਾਸ਼ਾ ਸਿੱਖਣੀ ਅਰੰਭ ਕੀਤੀ।

ਫਿਰ ਉਸ ਨੇ ਸਿੱਖ ਸੈਨਿਕਾਂ ਦੀ ਰੋਅਬੀਲੀ ਦਿੱਖ ਦੇ ਪ੍ਰਭਾਵ ਵਿਚ ਸਿੱਖ ਸਜਣ ਦਾ ਸੰਕਲਪ ਧਾਰ ਲਿਆ ਤੇ ਅੰਮ੍ਰਿਤਪਾਨ ਕਰਕੇ ਨੱਥੂ ਰਾਮ ਤੋਂ ਸਾਹਿਬ ਸਿੰਘ ਹੋ ਗਿਆ। ਗੁਰਬਾਣੀ ਪ੍ਰਤੀ ਪਿਆਰ ਜਾਗਿਆ ਤਾਂ ਸੰਸਕ੍ਰਿਤ ਭਾਸ਼ਾ ਦੇ ਗਿਆਨ ਦੀ ਕਮੀ ਮਹਿਸੂਸ ਹੋਈ। ਉਹ ਸੰਸਕ੍ਰਿਤ ਭਾਸ਼ਾ ਦਾ ਗੂੜ੍ਹ ਗਿਆਨ ਹਾਸਲ ਕਰਨ ਵਿਚ ਜੁੱਟ ਗਿਆ।

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਅੰਤਾਂ ਦੀ ਗਰੀਬੀ ਨੇ ਉਸ ਦੀ ਜਿਗਿਆਸਾ ਨੂੰ ਮਾਰਕਸ ਵੱਲ੍ਹ ਮੋੜ ਦਿੱਤਾ; ਮਾਰਕਸਵਾਦ ਪੜ੍ਹਿਆ ਤਾਂ ਮਨ ਦੀ ਜਿਗਿਆਸਾ ਮਾਰਕਸਵਾਦ ਤੋਂ ਵਿਗਿਆਨਵਾਦ ਵੱਲ ਪਰਤ ਗਈ। ਫਿਰ ਖਿਆਲ ਆਇਆ ਕਿਉਂ ਨਾ ਗੁਰਮਤਿ ਦੀ ਵਿਗਿਆਨਕ ਵਿਆਖਿਆ ਕੀਤੀ ਜਾਵੇ?

ਗੁਰਬਾਣੀ ਦੇ ਭਾਸ਼ਾਈ ਗਿਆਨ ਲਈ ਫਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਹਾਸਲ ਕਰਨਾ ਕਿੰਨਾ ਜਰੂਰੀ ਹੈ, ਇਹ ਗੱਲ ਥੋੜ੍ਹੇ ਜਿਹੇ ਪੜ੍ਹੇ ਲਿਖੇ ਵੀ ਔਖੀ ਤਰ੍ਹਾਂ ਸਮਝ ਸਕਦੇ ਹਨ।

ਉਹ ਭਾਸ਼ਾਈ ਮੁਹਾਰਤ ਨਾਲ ਲੈਸ ਹੋ ਕੇ ਗੁਰਬਾਣੀ ਦੀ ਟੀਕਾ-ਕਾਰੀ ਵਿਚ ਰੁੱਝ ਗਿਆ। ਸਭ ਤੋਂ ਪਹਿਲਾਂ ਭੱਟਾਂ ਦੇ ਸਵੱਈਏ ਧਿਆਨ ਹਿਤ ਆਏ; ਸੰਸਕ੍ਰਿਤ ਦਾ ਗਿਆਨ ਕੰਮ ਆਇਆ ਤੇ ਭੱਟਾਂ ਦੇ ਸਵੱਈਆਂ ਦਾ ਸਟੀਕ ਤਿਆਰ ਹੋਇਆ। ਫਿਰ ਚੱਲ ਸੋ ਚੱਲ।

ਪ੍ਰਥਮ ਬਾਣੀ-ਕਾਰ ਬਾਬਾ ਫਰੀਦ ਸਾਹਿਬ ਦੇ ਸ਼ਬਦ ਅਤੇ ਸਲੋਕਾਂ ਦਾ ਸਟੀਕ ਤਿਆਰ ਕੀਤਾ; ਹਯਾਤਸ਼ਾਹ ਤੋਂ ਸਿੱਖੀ ਹੋਈ ਫਾਰਸੀ ਭਾਸ਼ਾ ਦਾ ਗਿਆਨ ਕੰਮ ਆਇਆ। ਹੌਸਲਾ ਵਧਿਆ ਤਾਂ ਨਿੱਤ-ਨੇਮ ਦੀਆਂ ਬਾਣੀਆਂ ਦਾ ਟੀਕਾ ਤਿਆਰ ਕੀਤਾ ਤਾਂ ਗੁਰਬਾਣੀ ਦੇ ਵਿਆਖਿਆਕਾਰ ਵਜੋਂ ਪਹਿਚਾਣ ਬਣ ਗਈ।

ਇਸ ਸਿਲਸਿਲੇ 'ਚ ਗੁਰਬਾਣੀ ਦਾ ਮੁਕੰਮਲ ਅਤੇ ਮੁਸੱਲਸਲ ਵਿਆਕਰਣ ਤਿਆਰ



ਸਾਹਿਬ ਸਿੰਘ

ਕੀਤਾ ਅਤੇ ਉਸ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਗਿਆਨਕ ਟੀਕਾ ਤਿਆਰ ਕਰਨ ਦਾ ਬੀੜਾ ਚੁਕ ਲਿਆ। ਇਸ ਮਹਾਨ ਅਤੇ ਮੁਕੱਦਸ ਕਾਰਜ ਵਿਚ ਹੀ ਉਸ ਦੀ ਉਮਰ ਬੀਤ ਗਈ।

ਇੰਨੇ ਵੱਡੇ ਕਾਰਜ ਨੂੰ ਕੋਈ ਸਿੱਖ ਪਬਲਿਸ਼ਰ ਛਾਪਣ ਲਈ ਤਿਆਰ ਨਾ ਹੋਇਆ ਕਿ ਸਿੱਖਾਂ ਨੂੰ ਪੜ੍ਹਨ ਦੀ ਆਦਤ ਹੈ ਕੋਈ ਨਹੀਂ; ਮੁਕੰਮਲ ਟੀਕਾ ਕੌਣ ਖਰੀਦੂ; ਸਭ ਨੂੰ ਘਾਟੇ ਵਾਲਾ ਸੌਦਾ ਪ੍ਰਤੀਤ ਹੋਇਆ।

ਵੱਡੇ ਵੱਡੇ ਨਾਮੀ ਸਿੱਖ ਪਬਲਿਸ਼ਰ ਟਾਲ-ਮਟੋਲ ਕਰਨ ਲੱਗੇ। ਕਹਿੰਦੇ ਹਨ ਕਿ ਪਹਿਲੀ ਵੇਰ ਕਿਸੇ ਪਬਲਿਸ਼ਰ ਨੇ ਸਾਹਿਬ ਸਿੰਘ ਦੀ ਲਿਖਤ ਛਾਪਣ ਲਈ ਕੀਮਤ ਵਜੋਂ ਉਸ ਨੂੰ ਸੋਢੇ ਦੀ ਬੋਤਲ ਦੀ ਪੇਸ਼ਕਸ਼ ਕੀਤੀ ਸੀ।

ਅਖੀਰ ਜਲੰਧਰ ਦੇ ਇੱਕ ਹਿੰਦੂ 'ਰਾਜ ਪਬਲਿਸ਼ਰਜ਼' ਨੇ 'ਘਾਟੇ ਵਾਲਾ' 'ਸੱਚਾ ਸੌਦਾ' ਜਾਣ ਕੇ ਹਾਂ ਕਰ ਦਿੱਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਵਿਆਕਰਣਕ ਤੇ ਵਿਗਿਆਨਕ ਟੀਕਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਨਾਂ ਹੇਠ ਛਪ ਕੇ ਤਿਆਰ ਹੋ ਗਿਆ।

ਦਰਪਣ ਦੀ ਦੂਰ ਦੂਰ ਤੱਕ ਚਰਚਾ ਹੋਣੀ ਸ਼ੁਰੂ ਹੋ ਗਈ, ਧੁੰਮਾਂ ਪੈ ਗਈਆਂ। ਦੂਰੋਂ ਦੂਰੋਂ ਆਰਡਰ ਆਉਣੇ ਸ਼ੁਰੂ ਹੋ ਗਏ; ਦਰਪਣ ਦੀ ਮੰਗ ਵਧ ਗਈ; ਸਪਲਾਈ ਘਟ ਗਈ। ਰਾਜ ਪਬਲਿਸ਼ਰ ਨੇ ਬਾਕੀ ਸਭ ਕੰਮ ਠੱਪ ਕਰ ਦਿੱਤੇ ਅਤੇ ਦਰਪਣ ਦੀ ਧੜਾਧੜ ਛਪਾਈ ਅਰੰਭ ਦਿੱਤੀ।

ਫਿਰ ਦੇਸ਼ ਦੀਆਂ ਸੜਕਾਂ 'ਤੇ ਦੌੜਦੀ ਇੱਕ ਵੈਨ ਦਿਖਾਈ ਦੇਣ ਲੱਗੀ, ਜਿਸ 'ਤੇ ਵੱਡੇ ਅੱਖਰਾਂ 'ਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਲਿਖਿਆ ਹੋਇਆ ਸੀ। ਲੋਕ ਸਤਿਕਾਰ ਵਜੋਂ ਇਸ ਵੈਨ ਨੂੰ ਰਾਹ ਦੇ ਦਿੰਦੇ ਤੇ ਕੋਈ ਓਵਰਟੇਕ ਕਰਨ ਦੀ ਕੋਸ਼ਿਸ਼ ਵੀ ਨਾ ਕਰਦਾ; ਜੇ ਕਰਦਾ ਵੀ ਤਾਂ ਸਿਰ ਝੁਕਾ ਕੇ ਲੰਘਦਾ।

ਡਰਾਈਵਰ ਵੀ ਸਿਰ ਕੱਜ ਕੇ ਬੈਠਦਾ ਤੇ ਡੈਕ ਵਿਚ ਹਮੇਸ਼ਾ ਕੀਰਤਨ ਦੀ ਕੈਸਟ ਚੱਲਦੀ; ਵੈਨ ਕਾਹਦੀ, ਜਿਵੇਂ ਸਟੀਕ ਦਰਪਣ ਦੀ ਤੇਜ਼ ਰਫਤਾਰ ਪਾਲਕੀ ਜਾ ਰਹੀ ਹੋਵੇ। ਵਿਸ਼ਵ ਦੇ ਇਤਿਹਾਸ ਵਿਚ ਸ਼ਾਇਦ ਹੀ ਕਿਸੇ ਟੀਕੇ ਨੂੰ ਪਹਿਲਾਂ ਕਦੀ ਏਨਾ ਸਤਿਕਾਰ ਮਿਲਿਆ ਹੋਵੇ।

ਬੇਸ਼ੱਕ ਹੁਣ ਸੋਢੇ ਦੀ ਬੋਤਲ ਤੋਂ ਗੱਲ ਬਹੁਤ ਅਗਾਂਹ ਲੰਘ ਚੁੱਕੀ ਸੀ, ਪਰ ਬੌਧਿਕ ਪ੍ਰਤਿਭਾ ਦੀ ਮਸ਼ਹੂਰੀ ਨੇ ਸਾਹਿਬ ਸਿੰਘ ਨੂੰ ਕਮਾਲ ਦੀ ਸਾਦਗੀ ਦਾ ਮੁਜੱਸਮਾ ਬਣਾ ਦਿੱਤਾ।

ਪੰਜਾਬੀ ਯੂਨੀਵਰਸਿਟੀ, ਪਟਿਆਲੇ ਦਾ ਇਸ ਪਾਸੇ ਧਿਆਨ ਗਿਆ ਤਾਂ ਉਸ ਨੇ ਸਾਹਿਬ ਸਿੰਘ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਡਿਗਰੀ 'ਡੀ ਲਿਟ' ਨਾਲ ਸਨਮਾਨਤ ਕੀਤਾ। ਕਹਿੰਦੇ ਹਨ ਕਿ ਉਸ ਦਿਨ, ਨਾਸਾਜ਼ ਤਬੀਅਤ ਕਾਰਨ, ਸਾਹਿਬ ਸਿੰਘ ਨੂੰ ਕੁਝ ਪਤਾ ਨਹੀਂ ਸੀ ਕਿ ਉਸ ਨੂੰ ਕਿਉਂ ਬੁਲਾਇਆ ਅਤੇ ਕੀ ਦਿੱਤਾ ਗਿਆ ਹੈ?

ਸਾਹਿਬ ਸਿੰਘ ਨੇ ਵੱਡੇ ਬੇਟੇ ਨੂੰ ਅੱਖਾਂ ਦਾ ਵੱਡਾ ਡਾਕਟਰ ਬਨਣ ਲਈ ਪ੍ਰੇਰਿਤ ਕੀਤਾ।



ਡਾ. ਦਲਜੀਤ ਸਿੰਘ

ਕਰਾਮਾਤੀ ਪ੍ਰਤਿਭਾ ਵਾਲੇ ਨਵੇਂ ਸਜੇ ਸਿੱਖ ਬਾਪ ਦਾ ਬੇਟਾ, ਡਾ. ਦਲਜੀਤ ਸਿੰਘ ਅੱਖਾਂ ਦਾ ਵਿਸ਼ਵ ਪ੍ਰਸਿੱਧ ਸਰਜਨ, ਵੱਡਾ ਡਾਕਟਰ ਮਸ਼ਹੂਰ ਹੋ ਗਿਆ।

ਲੋਕ ਅਮਰੀਕਾ ਨੂੰ ਇਲਾਜ ਲਈ ਜਾਂਦੇ ਹਨ। ਪਰ ਅੱਖਾਂ ਲਈ ਅਮਰੀਕਨ ਲੋਕ ਅੰਮ੍ਰਿਤਸਰ ਆਉਣੇ ਸ਼ੁਰੂ ਹੋ ਗਏ, ਜਿਵੇਂ ਦਲਜੀਤ ਸਿੰਘ ਅੱਖਾਂ ਦਾ ਰੱਬ ਹੋਵੇ। ਆਮ ਤੌਰ 'ਤੇ ਡਾ. ਲੋਕ ਵਿਦਵਾਨ ਨਹੀਂ ਹੁੰਦੇ ਤੇ ਵਿਦਵਾਨ ਸੰਵੇਦਨਸ਼ੀਲ ਨਹੀਂ ਹੁੰਦੇ, ਪਰ ਦਲਜੀਤ ਸਿੰਘ ਸੰਵੇਦਨਸ਼ੀਲ ਵੀ, ਵਿਦਵਾਨ ਵੀ ਤੇ ਡਾਕਟਰ ਵੀ ਸੀ।

ਉਸ ਨੂੰ ਸਮਾਜ ਸੁਧਾਰ ਦਾ 'ਚੰਦਰਾ' ਖਿਆਲ ਆਇਆ। ਕੇਜਰੀਵਾਲ ਨੇ ਟਿਕਟ ਦੇ ਦਿੱਤੀ; ਮਨ ਵਿਚ ਸੀ ਕਿ ਉਸ ਨੂੰ ਕੌਣ ਨਹੀਂ ਵੋਟ ਪਾਵੇਗਾ! ਪਰ ਕੇਜਰੀਵਾਲ ਨੂੰ ਸਿੱਖ ਮਾਨਸਿਕਤਾ ਦਾ ਪਤਾ ਨਹੀਂ ਸੀ। ਸਿੱਖਾਂ ਦੀ 'ਸਮਝਦਾਰੀ' ਅਤੇ 'ਫਰਾਖਦਿਲੀ' ਦਾ ਕੇਜਰੀਵਾਲ ਨੂੰ ਉਦੋਂ ਪਤਾ ਲੱਗਾ, ਜਦੋਂ ਸਾਹਿਬ ਸਿੰਘ ਦੇ ਬੇਟੇ ਡਾ. ਦਲਜੀਤ ਸਿੰਘ ਦੀ ਗੁਰੂ ਕੀ ਨਗਰੀ ਵਿਖੇ ਜ਼ਮਾਨਤ ਜ਼ਬਤ ਹੋਣੋਂ ਮਸਾਂ ਬਚੀ।

ਇਹੋ ਜਿਹੇ ਇਨਸਾਨ ਸਮਾਜ ਦੀ ਸ਼ਾਨ ਹੁੰਦੇ ਹਨ ਅਤੇ ਸਨਮਾਨ ਦੇ ਪਾਤਰ ਹੁੰਦੇ ਹਨ। ਅਜਿਹੇ ਇਨਸਾਨ ਦਾ ਵਿਰੋਧ ਕਰਕੇ ਕੋਈ ਸਮਾਜ ਆਪਣੇ ਪੈਰਾਂ 'ਤੇ ਕੁਹਾੜਾ ਨਹੀਂ ਮਾਰਦਾ, ਸਗੋਂ ਆਪਣੇ ਮੱਥੇ 'ਤੇ ਦੁਗਾੜਾ ਦਾਗਦਾ ਹੈ। ਅਜਿਹਾ ਵਤੀਰਾ ਸਮਾਜਕ ਖੁਦਕੁਸ਼ੀ ਤੋਂ ਘੱਟ ਨਹੀਂ ਹੁੰਦਾ। ਅਸੀਂ ਲਗਾਤਾਰ ਸਮਾਜਕ ਖੁਦਕੁਸ਼ੀ ਦਾ ਰਾਹ ਫੜਿਆ ਹੋਇਆ ਹੈ।

ਡਾ. ਦਲਜੀਤ ਸਿੰਘ ਕਿਸੇ ਹੋਰ ਸਮਾਜ ਵਿਚ ਹੁੰਦਾ ਤਾਂ ਉਹ ਬਿਨਾ ਮੁਕਾਬਲਾ ਜੇਤੂ ਕਰਾਰ ਦੇ ਦਿੱਤਾ ਜਾਂਦਾ। ਜਿਨ੍ਹਾਂ ਦੀਆਂ ਅੱਖਾਂ ਨੂੰ ਡਾ. ਦਲਜੀਤ ਸਿੰਘ ਨੇ ਦੇਖਣ ਦੀ ਤੌਫੀਕ ਦਿੱਤੀ, ਉਹ ਅੱਖਾਂ, ਦੇਸ਼ ਦੀ ਤਕਦੀਰ ਬਦਲਣ ਵਾਲੇ ਡਾ. ਦਲਜੀਤ ਸਿੰਘ ਨੂੰ ਨਾ ਤਾਂ ਦੇਖ ਸਕੀਆਂ ਤੇ ਨਾ ਪਛਾਣ ਸਕੀਆਂ।

ਪਛਾਣਦੀਆਂ ਵੀ ਕਿਵੇਂ? ਟੋਪੀ ਵਾਲੇ ਦੀ ਪਾਰਟੀ ਵਿਚ ਹਟਵਾਣੀਏ ਦਾ ਪੱਗ ਵਾਲਾ ਪੋਤਾ ਕਿਸੇ ਨੂੰ ਵੀ ਪ੍ਰਵਾਨ ਨਹੀਂ ਸੀ। ਸਿੱਖ ਅੱਖਾਂ ਨੇ ਅੱਖਾਂ ਦੇ ਡਾਕਟਰ ਦੀਆਂ ਅੱਖਾਂ ਵਿਚੋਂ ਵੀ ਹਟਵਾਣੀਆ ਪਛਾਣ ਲਿਆ ਸੀ। ਨੱਥੂ ਰਾਮ ਦਾ ਕਰਾਮਾਤੀ ਟੀਕਾ ਵੀ ਉਸ ਨੂੰ ਜਿਤਾ ਨਾ ਸਕਿਆ।

ਡਾ. ਦਲਜੀਤ ਸਿੰਘ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਉਹ ਕੌਣ ਹੈ ਤੇ ਕੀ ਹੈ? ਉਹ ਕਰੂਪ ਅਤੇ ਕਰੂਰ ਸੱਚ ਬਰਦਾਸ਼ਤ ਨਾ ਕਰ ਸਕਿਆ ਤੇ ਪੂਰਾ ਹੋ ਗਿਆ। 'ਕਿਉਂਕਿ ਉਹ ਪੂਰਾ ਹੋ ਗਿਆ ਸੀ।'

ਮੈਂ ਜਦ ਵੀ ਕਿਸੇ ਹਟਵਾਣੀਏ ਨੂੰ ਦੇਖਦਾ ਹਾਂ ਤਾਂ ਮੈਨੂੰ ਪ੍ਰੋ. ਸਾਹਿਬ ਸਿੰਘ ਦੀ ਯਾਦ ਆ ਜਾਂਦੀ ਹੈ। ਆਓ, ਉਨ੍ਹਾਂ ਦੇ ਸਤਿਕਾਰ ਵਿਚ ਸਿਰ ਝੁਕਾਈਏ ਤੇ ਆਪਣੇ ਨਾਸ਼ੁਕਰੇਪਣ 'ਤੇ ਪ੍ਰਸ਼ਨ-ਚਿੰਨ੍ਹ ਲਾਈਏ।

ਪੰਜਾਬ ਟਾਈਮਜ਼

*ਸਨਿਚਰਵਾਰ, 22 ਸਤੰਬਰ 2018*

## ਕਰਤਾਰਪੁਰ ਲਾਂਘਾ ਅਤੇ ਸੱਚ ਦਾ ਸੁਨੇਹਾ

ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਹਾੜੇ ਮੌਕੇ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਮਸਲੇ ਦਾ ਸਿਆਸੀਕਰਨ ਬੇਲੋੜਾ ਅਤੇ ਮੰਦਭਾਗਾ ਹੈ। ਸ਼ਰਧਾਲੂਆਂ ਦੀ ਸ਼ਰਧਾ ਤਾਂ ਸਰਹੱਦ ਉਤੇ ਖਲੋ ਕੇ ਦੂਰਬੀਨ ਰਾਹੀਂ ਦਰਸ਼ਨ ਤੋਂ ਹੀ ਭਲੀਭਾਂਤ ਹੋ ਜਾਂਦੀ ਹੈ ਪਰ ਸਿਆਸੀ ਰੱਸਾਕਸ਼ੀ ਨੇ ਬੇਵਜ੍ਹਾ ਹੀ ਬਾਤ ਦਾ ਬਤੰਗੜ ਬਣਾ ਲਿਆ ਹੈ। ਇਤਿਹਾਸ ਗਵਾਹ ਹੈ ਕਿ ਦੋਹਾਂ ਮੁਲਕਾਂ ਦੇ ਸਿਆਸੀ ਸੱਤਾਧਾਰੀ ਆਪੋ-ਆਪਣੀ ਸਿਆਸਤ ਮੁਤਾਬਕ ਇਕ-ਦੂਜੇ ਖਿਲਾਫ ਸਦਾ ਹੀ ਤਲਵਾਰਾਂ ਖਿੱਚਦੇ ਰਹੇ ਹਨ। ਇਸੇ ਕਰਕੇ ਜਦੋਂ ਪਾਕਿਸਤਾਨ ਵਿਚ ਸੱਤਾ ਤਬਦੀਲੀ ਵੇਲੇ ਉਥੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸੱਦੇ ਉਤੇ ਪੰਜਾਬ ਦਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਹਲਫਦਾਰੀ ਸਮਾਗਮ ਵਿਚ ਹਿੱਸਾ ਲੈਣ ਲਈ ਇਸਲਾਮਾਬਾਦ ਗਿਆ ਤਾਂ ਕੁਝ ਦੇਸ਼ਭਗਤ ਤਾਕਤਾਂ ਨੇ ਇਸ ਨੂੰ ਵਿਵਾਦ ਦੀ ਚਾਸ਼ਣੀ ਚੜ੍ਹਾ ਦਿੱਤੀ ਅਤੇ ਸਿੱਧੂ ਤੇ ਪਾਕਿਸਤਾਨੀ ਫੌਜ ਦੇ ਮੁਖੀ ਦੀ ਜੱਫੀ ਨੂੰ ਵੱਡਾ ਮਸਲਾ ਬਣਾ ਦਿੱਤਾ। ਇਹ ਵਿਵਾਦ ਉਨ੍ਹਾਂ 'ਦੇਸ਼ਭਗਤ ਤਾਕਤਾਂ' ਵਲੋਂ ਅਰੰਭ ਕੀਤਾ ਗਿਆ ਸੀ, ਜਿਨ੍ਹਾਂ ਨੇ ਅੰਗਰੇਜ਼ਾਂ ਖਿਲਾਫ ਕਦੀ ਆਪਣੀ 'ਦੇਸ਼ਭਗਤੀ' ਦਾ ਇਜ਼ਹਾਰ ਨਹੀਂ ਕੀਤਾ। ਇਮਰਾਨ ਖਾਨ ਨੇ ਆਪਣੀ ਜਿੱਤ ਤੋਂ ਤੁਰੰਤ ਬਾਅਦ ਸਪਸ਼ਟ ਆਖਿਆ ਕਿ ਜੇ ਭਾਰਤ ਇਕ ਕਦਮ ਅਗਾਂਹ ਵਧਾਏਗਾ ਤਾਂ ਪਾਕਿਸਤਾਨ ਦੋ ਕਦਮ ਪੁੱਟੇਗਾ। ਉਸ ਵਕਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਜਿੱਤ ਦੀ ਵਧਾਈ ਲਈ ਇਮਰਾਨ ਖਾਨ ਨਾਲ ਫੋਨ 'ਤੇ ਗੱਲਬਾਤ ਕੀਤੀ। ਉਦੋਂ ਇਕ ਵਾਰ ਫਿਰ ਲੱਗਿਆ ਸੀ ਕਿ ਦੋਹਾਂ ਮੁਲਕਾਂ ਵਿਚਾਲੇ ਪੈਦਾ ਹੋਈ ਬੇਭਰੋਸਗੀ ਦਾ ਟੋਆ ਕੁਝ ਤਾਂ ਜ਼ਰੂਰ ਹੀ ਪੂਰਿਆ ਜਾਵੇਗਾ। ਗੌਰਤਲਬ ਹੈ ਕਿ ਇਸ ਟੋਏ ਦਾ ਸਭ ਤੋਂ ਵੱਧ ਨੁਕਸਾਨ ਦੋਹੀਂ ਪਾਸੀਂ ਵੱਸਦੇ ਪੰਜਾਬੀ ਹੀ ਝੱਲ ਰਹੇ ਹਨ। ਸੰਨ ਸੰਤਾਲੀ ਵਿਚ ਮੁਲਕ ਦੀ ਵੰਡ ਵੇਲੇ ਕਤਲ-ਓ-ਗਾਰਤ ਦੀ ਜੋ ਹਨੇਰੀ ਝੁੱਲੀ ਸੀ, ਉਸ ਦਾ ਖਮਿਆਜ਼ਾ ਵੀ ਪੰਜਾਬੀਆਂ ਨੇ ਸਭ ਤੋਂ ਵੱਧ ਭੁਗਤਿਆ ਸੀ ਅਤੇ ਅੱਜ ਵੀ ਭੁਗਤ ਰਹੇ ਹਨ। ਪਰ ਦੋਹਾਂ ਪ੍ਰਧਾਨ ਮੰਤਰੀਆਂ ਦੀਆਂ ਇਹ ਕਾਰਵਾਈਆਂ ਦੋ ਮੁਲਕਾਂ ਦੇ ਮੁਖੀਆਂ ਦੀਆਂ ਰਸਮੀ ਕਾਰਵਾਈ ਬਣ ਕੇ ਰਹਿ ਗਈਆਂ।

ਹੁਣ ਰਹਿੰਦੀ ਕਸਰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੱਢ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਵਿਚ ਸਰਕਾਰ ਬਦਲਣ ਦੇ ਬਾਵਜੂਦ ਇਸ ਦਾ ਭਾਰਤ ਪ੍ਰਤੀ ਰਵੱਈਆ ਬਦਲਿਆ ਨਹੀਂ ਹੈ। ਉਨ੍ਹਾਂ ਇਹ ਖਦਸ਼ਾ ਵੀ ਜਾਹਰ ਕੀਤਾ ਕਿ ਪਤਾ ਵੀ ਨਹੀਂ, ਇਸ ਰਵੱਈਏ ਵਿਚ ਕੋਈ ਤਬਦੀਲੀ ਆਵੇਗੀ ਜਾਂ ਨਹੀਂ। ਗ੍ਰਹਿ ਮੰਤਰੀ ਦੇ ਇਸ ਬਿਆਨ ਵਿਚ ਵਜ਼ਨ ਹੋ ਸਕਦਾ ਹੈ, ਕਿਉਂਕਿ ਪਾਕਿਸਤਾਨ ਵਿਚ ਫੌਜ ਦਾ ਸੱਤਾ ਉਤੇ ਪੂਰਾ ਕੰਟਰੋਲ ਹੈ ਅਤੇ ਉਥੇ ਇਮਰਾਨ ਖਾਨ ਦੀ ਸਰਕਾਰ ਪਾਕਿਸਤਾਨੀ ਫੌਜ ਦੀ ਮਰਜ਼ੀ ਨਾਲ ਹੀ ਬਣੀ ਹੈ, ਕਿਉਂਕਿ ਫੌਜ ਹਰ ਹਾਲ ਸ਼ਰੀਫ ਭਰਾਵਾਂ ਦੀ ਪਾਰਟੀ ਨੂੰ ਸੱਤਾ ਤੋਂ ਲਾਂਭੇ ਕਰਨਾ ਚਾਹੁੰਦੀ ਸੀ। ਫੌਜ ਨੇ ਤਾਂ ਪੰਜਾਬ ਵਿਚ ਸ਼ਰੀਫ ਭਰਾਵਾਂ ਦਾ ਗੜ੍ਹ ਤੋੜਨ ਵਿਚ ਇਮਰਾਨ ਖਾਨ ਦੀ ਵੱਡੀ ਇਮਦਾਦ ਕੀਤੀ ਸੀ। ਹਾਲ ਹੀ ਵਿਚ ਫੌਜ ਦੇ ਮੁਖੀ ਜਨਰਲ ਕਮਰ ਬਾਜਵਾ ਨੇ ਵੀ ਖੜਕਾ ਕੇ ਆਖਿਆ ਹੈ ਕਿ ਮੁਲਕ ਦੀ ਸਰਹੱਦ ਉਤੇ ਡੁੱਲ੍ਹ ਰਹੇ ਖੂਨ ਦਾ ਕੋਈ ਕਤਰਾ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਇਸ ਬਿਆਨ ਵਿਚ ਸਿੱਧਾ ਇਸ਼ਾਰਾ ਭਾਰਤ ਵੱਲ ਹੀ ਹੈ। ਇਹੀ ਨਹੀਂ, ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਜਿਸ ਢੰਗ ਨਾਲ ਆਪਣੇ ਮੁਲਕ ਦੀ ਖੁਫੀਆ ਏਜੰਸੀ ਆਈ. ਐਸ. ਆਈ. ਦੀ ਤਾਰੀਫ ਕੀਤੀ ਹੈ, ਉਸ ਤੋਂ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਫੌਜ ਦਾ ਨਵੀਂ ਸਰਕਾਰ ਉਤੇ ਕਿਸ ਕਦਰ ਪ੍ਰਭਾਵ ਹੈ। ਉਧਰ, ਹਾਲਾਤ ਇਹ ਹਨ ਕਿ ਅਗਲੇ ਸਾਲ ਭਾਰਤ ਵਿਚ ਲੋਕ ਸਭਾ ਚੋਣਾਂ ਆ ਰਹੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਦਾ ਚੋਣ ਪ੍ਰਚਾਰ ਪਾਕਿਸਤਾਨ ਬਾਰੇ ਚਰਚਾ ਤੋਂ ਬਿਨਾ ਅਧੂਰਾ ਹੀ ਰਹਿੰਦਾ ਹੈ। ਉਂਜ ਵੀ ਇਸ ਪਾਰਟੀ ਦੇ ਆਗੂ ਧਾਰਮਿਕ ਆਧਾਰ ਉਤੇ ਆਪਣੇ ਪੱਕੇ ਵੋਟਰਾਂ ਦੀਆਂ ਭਾਵਨਾਵਾਂ ਨੂੰ ਉਕਸਾਉਣ ਲਈ ਪਾਕਿਸਤਾਨ ਬਾਰੇ ਲਗਾਤਾਰ ਬਿਆਨ ਦਾਗਦੇ ਰਹਿੰਦੇ, ਜੋ ਅਕਸਰ ਮੀਡੀਆ ਵਿਚ ਚਰਚਾ ਦਾ ਵਿਸ਼ਾ ਬਣਦੇ ਹਨ। ਇਸ ਤੋਂ ਸਾਫ ਜਾਹਰ ਹੈ ਕਿ ਦੋਹਾਂ ਮੁਲਕਾਂ ਦੇ ਸੱਤਾਧਾਰੀ ਲੋਕ, ਆਵਾਮ ਦੀ ਥਾਂ ਆਪੋ-ਆਪਣੀ ਸਿਆਸਤ ਨੂੰ ਹੀ ਪਹਿਲ ਦਿੰਦੇ ਹਨ। ਸਿੱਟੇ ਵਜੋਂ ਸਰਹੱਦਾਂ ਉਤੇ ਤਣਾਅ ਅਤੇ ਮਾਰ-ਕਾਟ ਰੁਕਣ ਦਾ ਨਾਂ ਨਹੀਂ ਲੈ ਰਹੇ। ਪ੍ਰਧਾਨ ਮੰਤਰੀ ਮੋਦੀ ਤਾਂ ਆਪਣੇ ਸੀਨੇ ਦਾ ਨਾਪ ਦੱਸਦਿਆਂ ਕੂਕ ਕੂਕ ਕੇ ਵਾਰ ਵਾਰ ਕਹਿੰਦੇ ਰਹੇ ਹਨ ਕਿ ਗੱਲਬਾਤ ਅਤੇ ਗੋਲੀ ਨਾਲੋ-ਨਾਲ ਨਹੀਂ ਚੱਲ ਸਕਦੇ।

ਇਸ ਸਭ ਦੇ ਬਾਵਜੂਦ, ਤੱਥ ਇਹ ਹਨ ਕਿ ਦੋਵੇਂ ਗੁਆਂਢੀ ਮੁਲਕ ਹਨ। ਦੋਹਾਂ ਵਿਚਕਾਰ ਬਹੁਤ ਕੁਝ ਸਾਂਝਾ ਹੈ। ਇਹ ਵੀ ਤੱਥ ਹਨ ਕਿ ਦੋਹਾਂ ਮੁਲਕਾਂ, ਖਾਸ ਕਰਕੇ ਦੋਹਾਂ ਪੰਜਾਬਾਂ ਦਾ ਆਵਾਮ ਸਦਾ ਹੀ ਨਿੱਘੇ ਰਿਸ਼ਤਿਆਂ ਦੀ ਤਾਂਘ ਰੱਖਦਾ ਰਿਹਾ ਹੈ। ਮਾਹਿਰਾਂ ਮੁਤਾਬਕ ਜੇ ਦੋਵੇਂ ਮੁਲਕ ਕਾਰੋਬਾਰ ਨੂੰ ਹੁਲਾਰਾ ਦੇਣ ਤਾਂ ਦੋਹੀਂ ਪਾਸੀਂ ਨਫਾ ਖੱਟਿਆ ਜਾ ਸਕਦਾ ਹੈ ਪਰ ਇਸ ਪਾਸੇ ਲੀਹ ਅਜੇ ਤਕ ਕਿਸੇ ਢੰਗ-ਤਰੀਕੇ ਪਈ ਨਹੀਂ ਹੈ। ਬਿਨਾ ਸ਼ੱਕ, ਹੁਣ ਕਰਤਾਰਪੁਰ ਲਾਂਘੇ ਵਾਲਾ ਮਸਲਾ ਇਸ ਪਾਸੇ ਪਹਿਲਕਦਮੀ ਦਾ ਜ਼ਰੀਆ ਬਣ ਸਕਦਾ ਹੈ। ਮੰਦਭਾਗੀ ਗੱਲ ਇਹ ਹੈ ਕਿ ਅਜੇ ਤਕ ਇਸ ਬਾਬਤ ਵਿਵਾਦ ਹੀ ਸਾਹਮਣੇ ਆਇਆ ਹੈ। ਇਸ ਮਸਲੇ 'ਤੇ ਅਗਾਂਹ ਵਧਣ ਲਈ ਨਾ ਭਾਰਤ ਅਤੇ ਨਾ ਹੀ ਪਾਕਿਸਤਾਨ ਨੇ ਪਹਿਲ ਕਰਨ ਦੀ ਕੋਸ਼ਿਸ਼ ਕੀਤੀ। ਹਾਂ, ਸਿਆਸਤ ਕਾਰਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਵਿਚਕਾਰ ਬਿਆਨਬਾਜ਼ੀ ਜ਼ਰੂਰ ਸਾਹਮਣੇ ਆ ਗਈ ਹੈ। ਅਸਲ ਵਿਚ, ਇਹ ਅਜਿਹਾ ਵਧੀਆ ਮੌਕਾ ਹੈ, ਜਿਸ ਰਾਹੀਂ ਦੋਹਾਂ ਮੁਲਕਾਂ ਵਿਚਕਾਰ ਪਿਆ ਪਾੜਾ ਘਟਾਉਣ ਵਿਚ ਮਦਦ ਮਿਲ ਸਕਦੀ ਹੈ। ਉਂਜ ਵੀ ਕਿਰਤ ਕਰਨ ਦਾ ਸੁਨੇਹਾ ਦੇਣ ਵਾਲੇ ਮਹਾਨ ਗੁਰੂ, ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਹਾੜੇ ਮੌਕੇ ਸਹੀ ਅਤੇ ਸੱਚੀ ਪਹੁੰਚ ਇਹੀ ਹੋਵੇਗੀ ਕਿ ਦੋਹਾਂ ਮੁਲਕਾਂ ਦੇ ਰਿਸ਼ਤਿਆਂ ਵਿਚਕਾਰ ਆਈ ਤਲਖੀ ਦੂਰ ਕਰਕੇ ਪਿਆਰ ਦੀਆਂ ਤੰਦਾਂ ਹੋਰ ਪੀਡੀਆਂ ਕੀਤੀ ਜਾਣ। ਗੁਰੂ ਨਾਨਕ ਵਲੋਂ ਦਿਖਾਏ ਰਾਹ ਦਾ ਸੱਚਾ ਸੁਨੇਹਾ ਇਹੀ ਹੋਵੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਹੋਊ ਬਿਸਤਰਾ ਗੋਲ?*

ਗੁਰੂ ਗ੍ਰੰਥ ਬੇਅਦਬੀ ਦੇ ਮਾਮਲੇ 'ਤੇ, ਸਿਆਸੀ ਪਿੜਾਂ ਵਿਚ ਹੋ ਰਿਹਾ ਘੋਲ ਮੀਆਂ।
ਜਿਨ੍ਹਾਂ ਲਾਈ ਸੀ ਅੱਗ ਸ਼ਰਾਰਤਾਂ ਦੀ, ਲਏ ਕੈਪਟਨ ਸਰਕਾਰ ਨੇ ਟੋਲ੍ਹ ਮੀਆਂ।
ਸਜ਼ਾ ਦੇਣ ਲਈ ਪਈ ਸਰਕਾਰ ਸੋਚੇ, ਜੱਕੋ-ਤੱਕੀ ਵਿਚ ਪਰਾਂ ਨੂੰ ਤੋਲ ਮੀਆਂ।
ਕੱਢੋਂ ਹੌਲੇ ਕਮਿਸ਼ਨ ਨੇ ਕਰੇ ਜਿਹੜੇ, ਹੁਣ ਉਹ ਫਿਰਦੇ ਨੇ ਖੋਲ੍ਹਦੇ ਪੋਲ ਮੀਆਂ।
ਵਿਚ ਰੈਲੀਆਂ ਸੱਦ ਕੇ ਵੈਲੀਆਂ ਨੂੰ, ਕੁੱਟੀ ਜਾਂਦੇ ਨੇ ਕੁਫਰ ਦੇ ਢੋਲ ਮੀਆਂ।
ਲੱਗਦੇ ਖਿਝੇ ਪੰਜਾਬ ਦੇ ਵਾਸੀਆਂ ਨੇ, ਕਰਨਾ ਬਿਸਤਰਾ ਇਨ੍ਹਾਂ ਦਾ ਗੋਲ ਮੀਆਂ।

# ਬਾਦਲ ਪਰਿਵਾਰ ਦਾ ਅਜੋਕਾ ਸੰਕਟ ਅਤੇ ਅਕਾਲੀ ਦਲ

*ਬਾਦਲ ਪਰਿਵਾਰ ਇਸ ਵੇਲੇ ਬੇਹੱਦ ਮੁਸ਼ਕਿਲ ਦੌਰ ਵਿਚੋਂ ਲੰਘ ਰਿਹਾ ਹੈ। ਬੇਅਦਬੀ ਦੇ ਮਾਮਲੇ ਨਾਲ ਸਹੀ ਢੰਗ ਨਾਲ ਨਾ ਨਜਿੱਠਣ ਅਤੇ ਨਸ਼ਿਆਂ ਵਰਗੇ ਕੁਝ ਹੋਰ ਮਸਲਿਆਂ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਆਵਾਮ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਆਗੂਆਂ ਨੇ ਲੋਕਾਂ ਅੰਦਰ ਗੁੱਸੇ ਦਾ ਲਾਵਾ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਦੇਖ ਹੀ ਲਿਆ ਸੀ। ਹੁਣ ਵੀ ਲੋਕ ਇਨ੍ਹਾਂ ਆਗੂਆਂ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ; ਹਾਲਾਂਕਿ ਅਜੇ ਤਕ ਪੰਜਾਬ ਸਰਕਾਰ ਅਤੇ ਕਾਂਗਰਸ ਲੋਕਾਂ ਨੂੰ ਸੰਤੁਸ਼ਟ ਕਰਨ ਵਿਚ ਨਾਕਾਮ ਹੀ ਰਹੀ ਹੈ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਬਾਦਲ ਪਰਿਵਾਰ ਅਤੇ ਪਾਰਟੀ ਬਾਰੇ ਅਹਿਮ ਟਿੱਪਣੀਆਂ ਕੀਤੀਆਂ ਹਨ ਜੋ ਅਸੀਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ*

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਪੰਜਾਬ ਦੇ ਧਾਰਮਿਕ ਤੇ ਸਿਆਸੀ ਖੇਤਰ ਵਿਚ ਆਏ ਭੂਚਾਲ ਨੇ ਪੰਜ ਵਾਰੀ ਮੁੱਖ ਮੰਤਰੀ ਰਹੇ ਫਖਰ-ਏ-ਕੌਮ ਅਤੇ ਪੰਥ ਰਤਨ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਵੱਕਾਰ ਅਤੇ ਵਿਰਾਸਤ ਲਈ ਖਤਰਾ ਖੜ੍ਹਾ ਹੋ ਗਿਆ ਹੈ। ਇਹ ਸੰਕਟ ਬਹੁ-ਪਰਤੀ ਹੈ ਕਿਉਂਕਿ ਇਸ ਨੇ ਉਸ ਦੇ ਪੁੱਤਰ ਅਤੇ ਸਿਆਸੀ ਵਾਰਸ ਸੁਖਬੀਰ ਸਿੰਘ ਬਾਦਲ ਨੂੰ ਵੀ ਲਪੇਟ ਵਿਚ ਲੈ ਲਿਆ ਹੈ, ਜਿਹੜਾ ਪਿਛਲੇ ਸਮੇਂ ਵਿਚ ਸਭ ਤੋਂ ਸ਼ਕਤੀਸ਼ਾਲੀ ਆਗੂ ਵਜੋਂ ਉਭਰਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਭਾਵੇਂ ਪਹਿਲੀ ਵਾਰੀ ਉਸ

ਜਗਤਾਰ ਸਿੰਘ
ਫੋਨ: 91-97797-11201

ਦੇ ਕੰਮ ਕਰਨ ਦੇ ਤਾਨਾਸ਼ਾਹੀ ਢੰਗ ਉਤੇ ਇਤਰਾਜ਼ ਪ੍ਰਗਟਾਇਆ ਹੈ, ਫਿਰ ਵੀ ਅਜੇ ਉਸ ਦੇ ਸਿਆਸੀ ਭਵਿਖ ਬਾਰੇ ਕੋਈ ਟਿੱਪਣੀ ਕਰਨੀ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ।

ਬਾਦਲ ਪਰਿਵਾਰ ਅਤੇ ਅਕਾਲੀ ਦਲ 'ਤੇ ਅਜੋਕੇ ਸੰਕਟ ਦੀ ਇਕ ਪਰਤ ਇਹ ਵੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦਿਨਾਂ ਵਿਚ ਆਪਣੇ ਆਪ ਨੂੰ ਖਾੜਕੂ ਸਿਆਸਤ ਤੋਂ ਨਿਖੇੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ, ਜਦੋਂ ਕਿ ਇਤਿਹਾਸ ਗਵਾਹ ਹੈ ਕਿ ਨਾ ਸਿਰਫ ਉਸ ਦੀ ਪਾਰਟੀ, ਬਲਕਿ ਉਹ ਖੁਦ ਵੀ ਖਾੜਕੂਵਾਦ ਨੂੰ ਸ਼ਹਿ ਤੇ ਹੱਲਾਸ਼ੇਰੀ ਦਿੰਦੇ ਰਹੇ ਹਨ। ਖਾੜਕੂ ਸੰਘਰਸ਼ ਦੇ ਪ੍ਰਤੀਕ ਰਹੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਤਾਮੀਰ ਕਰਵਾਈ ਹੈ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਤੋਂ ਬਾਅਦ ਸ਼੍ਰੋਮਣੀ ਕਮੇਟੀ 'ਤੇ ਕੌਣ ਕਬਜ਼ ਹੈ, ਸਭ ਜਾਣਦੇ ਹਨ।

ਅਕਾਲੀ ਦਲ ਦੇ ਸੂਤਰਾਂ ਅਨੁਸਾਰ, ਵਿਧਾਨ ਸਭਾ ਸੈਸ਼ਨ ਦੌਰਾਨ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਦੇ ਬਾਈਕਾਟ ਦਾ ਫੈਸਲਾ ਕਿਸੇ ਹੋਰ ਦਾ ਨਹੀਂ, ਖੁਦ ਪ੍ਰਕਾਸ਼ ਸਿੰਘ ਬਾਦਲ ਦਾ ਸੀ। ਉਸ ਅਤੇ ਉਸ ਦੇ ਸਾਬਕਾ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਕੀਤੀ ਜਾ ਰਹੀ ਜਾਂਚ ਦਾ ਇਹ ਕਹਿ ਕੇ ਬਾਈਕਾਟ ਕੀਤਾ ਸੀ ਕਿ ਇਹ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਦੀ ਸਿਆਸੀ ਗਿਣਤੀ-ਮਿਣਤੀ ਪੁੱਠੀ ਤਰ੍ਹਾਂ ਗਲਤ ਨਿਕਲੀ ਅਤੇ ਉਨ੍ਹਾਂ ਨੂੰ ਮਹਿੰਗੀ ਵੀ ਪਈ। ਪੰਜਾਬ ਵਿਚ ਇਸ ਵੇਲੇ ਮੁੱਦਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਉਹ ਘਟਨਾਵਾਂ ਹਨ ਜਿਨ੍ਹਾਂ ਦਾ ਸਿੱਟਾ ਆਖਰਕਾਰ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਗੋਲੀਕਾਂਡਾਂ ਦੇ ਰੂਪ ਵਿਚ ਨਿਕਲਿਆ। ਇਨ੍ਹਾਂ ਘਟਨਾਵਾਂ ਕਾਰਨ ਹੀ 2017 ਦੀ ਵਿਧਾਨ ਸਭਾ ਚੋਣ ਵਿਚ ਅਕਾਲੀ ਦਲ ਮਹਿਜ਼ 15 ਸੀਟਾਂ ਉਤੇ ਸਿਮਟ ਕੇ ਰਹਿ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਸਿਆਸੀ ਦਸਤਾਵੇਜ਼ ਹੈ ਪਰ ਹੁਣ ਇਸ ਨੂੰ ਪੰਜਾਬ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਦਿੱਤੀ ਗਈ ਪ੍ਰਵਾਨਗੀ ਹਾਸਿਲ ਹੈ। ਇਸ ਵਿਚ ਹੋਏ ਇਕ ਅਹਿਮ ਇੰਕਸਾਫ ਤੋਂ ਬਿਨਾਂ ਇਹ ਰਿਪੋਰਟ ਉਨ੍ਹਾਂ ਸਾਰੀਆਂ ਘਟਨਾਵਾਂ ਦਾ ਵੇਰਵਾ ਮਾਤਰ ਹੀ ਹੈ, ਜਿਨ੍ਹਾਂ ਬਾਰੇ ਲੋਕ ਪਹਿਲਾਂ ਹੀ ਜਾਣਦੇ ਸਨ।

ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਉਤੇ ਸੱਤ ਘੰਟੇ ਲੰਮੀ ਚੱਲੀ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਬਹਿਸ ਦੌਰਾਨ ਬਾਦਲ ਦੀ ਮੌਕਾਪ੍ਰਸਤ ਅਤੇ ਸਮਝੌਤਾਵਾਦੀ ਸਿਆਸਤ ਕਾਰਨ ਉਸ ਦੀ ਸਭ ਤੋਂ ਪਹਿਲੀ ਸਰਕਾਰ ਦੌਰਾਨ ਸੂਬੇ ਵਿਚ ਸ਼ੁਰੂ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਜ਼ਿਕਰ ਵੀ ਹੋਇਆ। ਵਰਣਨਯੋਗ ਹੈ ਕਿ ਗ਼ਦਰ ਪਾਰਟੀ ਦੇ 80 ਸਾਲਾ ਬਜ਼ੁਰਗ ਇਨਕਲਾਬੀ ਬਾਬਾ ਬੂਝਾ ਸਿੰਘ ਨੂੰ 28 ਜੁਲਾਈ 1970 ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਨੇ 27 ਮਾਰਚ 1970 ਨੂੰ ਪਹਿਲੀ ਦਫਾ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ।

ਅਕਾਲੀ ਦਲ ਦੇ ਇਤਿਹਾਸ ਵਿਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਆਗੂਆਂ ਨੂੰ ਵੀ ਕਿਸੇ ਨਾ ਕਿਸੇ ਸਮੇਂ ਜਨਤਕ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ; ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਬਿਲਕੁਲ ਇਸੇ ਤਰ੍ਹਾਂ ਵਾਪਰਿਆ ਹੈ। ਸ਼ਾਇਦ ਇਸੇ ਅਹਿਸਾਸ ਕਰਕੇ ਹੀ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਹਿਲੀ ਵਾਰੀ 9 ਸਤੰਬਰ ਨੂੰ ਅਬੋਹਰ ਰੈਲੀ ਨੂੰ ਸੰਬੋਧਿਤ ਹੋਏ ਪਰ ਇਸੇ ਸਿਲਸਿਲੇ ਵਿਚ ਉਹ ਹੋਰ ਵੱਡੀਆਂ ਗਲਤੀਆਂ



ਕਰ ਬੈਠੇ ਅਤੇ ਇਨ੍ਹਾਂ ਵਿਚ ਸਭ ਤੋਂ ਉਘੜਵੀਂ ਇਹ ਸੀ ਕਿ ਪੰਜਾਬ ਵਿਚ ਕਾਂਗਰਸ ਪਾਰਟੀ ਨੇ ਖਾੜਕੂਵਾਦ ਪੈਦਾ ਕੀਤਾ ਅਤੇ ਫਿਰ ਇਸ ਨੂੰ ਸ਼ਹਿ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਸ ਨੇ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸੰਤ ਭਿੰਡਰਾਂਵਾਲੇ ਦੀ ਯਾਦਗਾਰ ਬਣਾਉਣ ਦੀ ਇਜਾਜ਼ਤ ਕਿਉਂ ਦਿੱਤੀ?

ਪੰਜਾਬ ਵਿਚ ਤਕਰੀਬਨ ਡੇਢ ਦਹਾਕੇ ਤੱਕ ਝੁੱਲੀ ਖਾੜਕੂਵਾਦ ਦੀ ਹਨੇਰੀ ਦੀਆਂ ਜੜ੍ਹਾਂ ਅੰਮ੍ਰਿਤਸਰ ਵਿਚ 13 ਅਪਰੈਲ 1978 ਨੂੰ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਵਾਪਰੀ ਖੂਨੀ ਝੜਪ ਵਿਚ ਹਨ। ਇਸ ਘਟਨਾ ਨੇ ਸੰਤ ਜਰਨੈਲ ਸਿੰਘ ਨੂੰ ਪੰਜਾਬ ਦੇ ਧਾਰਮਿਕ ਅਤੇ ਸਿਆਸੀ ਸੀਨ 'ਤੇ ਲਿਆਂਦਾ। ਉਸ ਸਮੇਂ ਵੀ ਪ੍ਰਕਾਸ਼ ਸਿੰਘ ਬਾਦਲ ਹੀ ਮੁੱਖ ਮੰਤਰੀ ਸਨ। ਸੰਤ ਜਰਨੈਲ ਸਿੰਘ ਨੇ 25 ਅਗਸਤ 1977 ਨੂੰ ਦਮਦਮੀ ਟਕਸਾਲ ਦੇ ਮੁਖੀ ਵਜੋਂ ਜਦੋਂ ਸੇਵਾ ਸੰਭਾਲੀ, ਉਸ ਸਮੇਂ ਕਾਂਗਰਸ ਕੇਂਦਰ ਦੀ ਸੱਤਾ ਤੋਂ ਬਾਹਰ ਹੋ ਚੁੱਕੀ ਸੀ। ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸੰਜੇ ਗਾਂਧੀ ਨੂੰ ਆਪਣੀ ਸਿਆਸੀ ਤੇ ਨਿੱਜੀ ਹੋਂਦ ਬਚਾਉਣ ਦੇ ਲਾਲੇ ਪਏ ਹੋਏ ਸਨ। ਕੀ ਉਸ ਸਮੇਂ ਇਹ ਦੋਵੇਂ ਮਾਂ-ਪੁੱਤ ਅਕਾਲੀਆਂ ਦੇ ਟਾਕਰੇ ਲਈ ਸੰਤ ਜਰਨੈਲ ਸਿੰਘ ਨੂੰ ਖੜ੍ਹਾ ਕਰ ਸਕਦੇ ਸਨ? ਕਦੇ ਵੀ ਨਹੀਂ। ਸੰਤ ਕਰਤਾਰ ਸਿੰਘ ਦੇ ਦੇਹਾਂਤ ਤੋਂ ਬਾਅਦ ਦਮਦਮੀ ਟਕਸਾਲ ਦੋ ਧੜਿਆਂ ਵਿਚ ਵੰਡੀ ਗਈ। ਇਕ ਧੜੇ ਨੇ ਜਦੋਂ ਸੰਤ ਜਰਨੈਲ ਸਿੰਘ ਨੂੰ ਆਪਣਾ ਮੁਖੀ ਥਾਪਣ ਦੀ ਰਸਮ ਅਦਾ ਕੀਤੀ ਤਾਂ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਅਕਾਲੀ ਆਗੂਆਂ ਵਿਚ ਸ਼ਾਮਿਲ ਸਨ, ਜਿਨ੍ਹਾਂ ਨੇ ਇਸ ਸਮਾਗਮ ਵਿਚ ਭਾਗ ਲਿਆ ਅਤੇ ਸੰਤ ਜਰਨੈਲ ਸਿੰਘ ਨੂੰ ਸਿਰੋਪਾਓ ਦੇ ਕੇ ਦਮਦਮੀ ਟਕਸਾਲ ਦੇ ਮੁਖੀ ਵਜੋਂ ਪ੍ਰਵਾਨਗੀ ਦਿੱਤੀ।

ਸਿੱਖ ਖਾੜਕੂ ਸਿਆਸਤ ਨਾਲ ਜੁੜਿਆ ਪਹਿਲਾ ਕਤਲ 24 ਅਪਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਸੀ। ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦੀ 20 ਅਗਸਤ 1980 ਨੂੰ ਹੋਈ ਮੀਟਿੰਗ ਵਿਚ ਇਸ ਕਤਲ ਦੀ ਸ਼ਲਾਘਾ ਕਰਕੇ ਇਸ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਸੰਦ ਵਜੋਂ ਵਰਤਣ ਨੂੰ ਵਾਜਬੀਅਤ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਇਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਸੀ। ਉਸ ਨੇ ਖਾਲਿਸਤਾਨ ਦੀ ਮੰਗ ਕਰਨ ਵਾਲੇ ਉਸ ਮੈਮੋਰੰਡਮ ਉਤੇ ਵੀ ਦਸਤਖਤ ਕੀਤੇ ਹੋਏ ਹਨ, ਜਿਹੜਾ 22 ਅਪਰੈਲ 1992 ਨੂੰ ਯੂਐਨਓ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਸਿੱਖ ਆਗੂਆਂ ਵਲੋਂ ਦਿੱਤਾ ਗਿਆ ਸੀ।

ਇਸ ਸਿਆਸੀ ਸੰਕਟ ਦੀ ਇਕ ਪਰਤ ਇਹ ਵੀ ਹੈ ਕਿ ਬਾਦਲ ਦਲ ਵਲੋਂ ਫਿਰਕੂ ਇਕਸੁਰਤਾ ਅਤੇ ਭਾਈਚਾਰਕ ਸਾਂਝ ਨੂੰ ਖਤਰਾ ਖੜ੍ਹਾ ਹੋਣ ਦਾ ਪਾਇਆ ਜਾ ਰਿਹਾ ਰੌਲਾ ਹੈ। ਅਜੋਕਾ ਵਾਵਰੋਲਾ ਸਿੱਖ ਧਾਰਮਿਕ ਤੇ ਸਿਆਸੀ ਖੇਤਰ ਵਿਚ ਖੜ੍ਹਾ ਹੋਇਆ ਹੈ, ਜਿਸ ਦਾ ਹਿੰਦੂ-ਸਿੱਖ ਸਬੰਧਾਂ ਤੇ ਸਾਂਝ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਬੋਹਰ ਵਿਚ ਹੋਈ ਪਾਰਟੀ ਰੈਲੀ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਣ ਦੌਰਾਨ ਦੋ ਹੀ ਨੁਕਤੇ ਉਭਾਰੇ- ਇਕ ਸੂਬੇ ਵਿਚ ਭਾਈਚਾਰਕ ਸਾਂਝ ਨੂੰ ਖਤਰਾ ਅਤੇ ਦੂਜਾ ਕਾਂਗਰਸ ਪਾਰਟੀ ਹੀ ਪੰਜਾਬ ਵਿਚ ਪੈਦਾ ਹੋਏ ਖਾੜਕੂਵਾਦ ਦੀ ਜਨਮਦਾਤੀ ਹੈ। ਅਸਲੀਅਤ ਅਤੇ ਤੱਥ ਇਨ੍ਹਾਂ ਦੋਨਾਂ ਹੀ ਦਲੀਲਾਂ ਨੂੰ ਝੁਠਲਾਉਂਦੇ ਹਨ।

ਸਭ ਨੂੰ ਪਤਾ ਹੈ ਕਿ ਬਾਦਲ ਪਰਿਵਾਰ ਵਲੋਂ ਫਰੀਦਕੋਟ ਦੀ ਥਾਂ ਬਠਿੰਡਾ ਲੋਕ ਸਭਾ ਸੀਟ ਅਪਨਾਉਣ ਤੋਂ ਬਾਅਦ ਉਹ ਡੇਰਾ ਮੁਖੀ ਨਾਲ ਲੈਣ-ਦੇਣ ਕਰਦਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ 2009 ਵਿਚ ਪਹਿਲੀ ਵਾਰ ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜੀ ਸੀ ਅਤੇ ਹੁਣ ਤੱਕ ਇਸੇ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ। ਸੁਖਬੀਰ ਬਾਦਲ ਨੇ 2009 ਦੀ ਇਸ ਚੋਣ ਤੋਂ ਪਹਿਲਾਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਸਮਝੌਤਾ ਕਰ ਲਿਆ ਸੀ। ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਦੋਸ਼ੀ ਇਸ ਡੇਰੇ ਦੇ ਪੈਰੋਕਾਰ ਹੀ ਨਿਕਲੇ ਅਤੇ ਫੜ ਵੀ ਲਏ ਗਏ ਹਨ। ਇਸ ਡੇਰੇ ਦੇ ਮੁਖੀ ਨੂੰ 2015 ਵਿਚ ਮੁਆਫੀ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਵਰਗੀਆਂ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਪਰ ਇਸ ਮੁਆਫੀ ਵਿਰੁਧ ਪੈਦਾ ਹੋਏ ਰੋਸ ਕਾਰਨ ਕੁਝ ਦਿਨਾਂ ਬਾਅਦ ਹੀ ਅਕਾਲ ਤਖਤ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ। ਉਂਜ, ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਇਸ ਫੈਸਲੇ ਨੂੰ ਸਹੀ ਠਹਿਰਾਉਣ ਲਈ 97 ਲੱਖ ਰੁਪਏ ਇਸ਼ਤਿਹਾਰਬਾਜ਼ੀ ਉਤੇ ਖਰਚ ਦਿੱਤੇ ਸਨ।

ਸਿੱਖ ਧਾਰਮਿਕ ਤੇ ਸਿਆਸੀ ਖੇਤਰ ਨੂੰ ਹਮੇਸ਼ਾ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਆਗੂ ਦੀ ਲੋੜ ਰਹਿੰਦੀ ਹੈ, ਜਿਹੜਾ ਅਕਾਲੀ ਦਲ ਅਤੇ ਇਨ੍ਹਾਂ ਪੰਥਕ ਸੰਸਥਾਵਾਂ ਦੌਰਾਨ ਕੜੀ ਦਾ ਕੰਮ ਕਰਦਾ ਸੀ। ਮੂਲੋਂ ਹੀ ਹੌਲੇ ਵਿਅਕਤੀਆਂ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਾ ਕੇ ਇਸ ਅਹਿਮ ਕੜੀ ਨੂੰ ਖਤਮ ਕਰਨ ਦੀ ਬਾਦਲਾਂ ਨੂੰ ਹੁਣ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਅਜੋਕੇ ਸੰਕਟ 'ਚ ਅਸਲ ਖਤਰਾ ਸੂਬੇ ਦੀ ਫਿਰਕੂ ਇਕਸੁਰਤਾ ਜਾਂ ਭਾਈਚਾਰਕ ਸਾਂਝ ਨੂੰ ਨਹੀਂ, ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਨੂੰ ਹੈ।

# ਜੇ. ਐਨ. ਯੂ. ਦੇ ਚੋਣ ਨਤੀਜੇ ਅਤੇ ਸੰਘ ਬ੍ਰਿਗੇਡ ਦੀ ਬੁਖਲਾਹਟ

ਬੂਟਾ ਸਿੰਘ
ਫੋਨ: 91-94634-74342

ਹਾਲ ਹੀ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ. ਐਨ. ਯੂ.), ਦਿੱਲੀ ਦੀਆਂ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿਚ ਚਾਰ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਦੇ ਸਾਂਝੇ ਮੁਹਾਜ਼ ਦੇ ਉਮੀਦਵਾਰਾਂ ਵਲੋਂ ਹਾਸਲ ਕੀਤੀ ਹੂੰਝਾਫੇਰੂ ਜਿੱਤ ਗੌਰਤਲਬ ਪੇਸ਼ਕਦਮੀ ਹੈ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ), ਡੈਮੋਕਰੇਟਿਕ ਸਟੂਡੈਂਟਸ ਫਰੰਟ (ਡੀ. ਐਸ. ਐਫ.), ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐਸ. ਐਫ. ਆਈ.) ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਫ.) ਵਲੋਂ ਹਿੰਦੂਤਵ ਫਾਸ਼ੀਵਾਦ ਦਾ ਮੁਕਾਬਲਾ ਕਰਨ ਲਈ ਸਾਂਝੇ ਤੌਰ 'ਤੇ ਚੋਣ ਲੜੀ ਗਈ। ਆਇਸਾ ਦੇ ਉਮੀਦਵਾਰ ਐਨ. ਸਾਈ ਬਾਲਾਜੀ ਪ੍ਰਧਾਨ, ਡੀ. ਐਸ. ਐਫ. ਦੀ ਸਾਰਿਕਾ ਚੌਧਰੀ ਮੀਤ ਪ੍ਰਧਾਨ, ਐਸ. ਐਫ. ਆਈ. ਦੇ ਏਜ਼ਾਜ ਅਹਿਮਦ ਜਨਰਲ ਸਕੱਤਰ, ਏ.ਆਈ.ਐਸ.ਐਫ. ਦੀ ਅਮੂਤਾ ਜੈਯਾਦੀਪ ਜਾਇੰਟ ਸਕੱਤਰ ਚੁਣੇ ਗਏ।

ਖੱਬੇਪੱਖੀ ਉਮੀਦਵਾਰਾਂ ਨੂੰ ਸੰਘੀਆਂ ਦੇ ਮੁਕਾਬਲੇ ਪ੍ਰਧਾਨ ਦੇ ਅਹੁਦੇ ਲਈ 1179, ਮੀਤ ਪ੍ਰਧਾਨ ਦੇ ਅਹੁਦੇ ਲਈ 1579, ਸਕੱਤਰ ਦੇ ਅਹੁਦੇ ਲਈ 1193 ਅਤੇ ਜਾਇੰਟ ਸਕੱਤਰ ਦੇ ਅਹੁਦੇ ਲਈ 753 ਵੋਟਾਂ ਵੱਧ ਪਈਆਂ। ਪਿਛਲੇ ਸਾਲ ਵੀ ਖੱਬੀ ਧਿਰ ਨੇ ਕੇਂਦਰੀ ਪੈਨਲ ਦੇ ਇਨ੍ਹਾਂ ਚਾਰ ਅਹੁਦਿਆਂ ਉਪਰ ਇਸੇ ਤਰ੍ਹਾਂ ਵੱਡੀ ਜਿੱਤ ਹਾਸਲ ਕੀਤੀ ਸੀ। ਇਹ ਵੱਕਾਰੀ ਜੇ. ਐਨ. ਯੂ. ਦੇ ਜਾਗਰੂਕ ਵਿਦਿਆਰਥੀਆਂ ਦਾ ਸੰਘ ਦੀ ਫਾਸ਼ੀਵਾਦੀ ਸਿਆਸਤ ਅਤੇ ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਐਨ.ਐਸ.ਯੂ.ਆਈ. ਦੀ ਲੋਕ ਵਿਰੋਧੀ ਸਿਆਸਤ ਦੇ ਖਿਲਾਫ ਸਪਸ਼ਟ ਫਤਵਾ ਹੈ। ਬਾਪਸਾ (ਬਿਰਸਾ, ਅੰਬੇਡਕਰ, ਫੂਲੇ ਸਟੂਡੈਂਟਸ ਐਸੋਸੀਏਸ਼ਨ) ਨੂੰ ਵੀ ਬਹੁਤ ਘੱਟ ਵੋਟ ਮਿਲੇ ਜੋ ਦਲਿਤ ਵਿਦਿਆਰਥੀਆਂ ਦੀ ਨੁਮਾਇੰਦਗੀ ਲਈ ਬਣਾਈ ਅੰਬੇਡਕਰਵਾਦੀ ਜਥੇਬੰਦੀ ਹੈ।

ਇਸ ਤੋਂ ਇਹ ਵੀ ਸਪਸ਼ਟ ਹੈ ਕਿ ਪਛਾਣਾਂ ਦੀ ਸਿਆਸਤ ਨੂੰ ਵੀ ਵਿਦਿਆਰਥੀਆਂ ਨੇ ਸਵੀਕਾਰ ਨਹੀਂ ਕੀਤਾ। ਬਾਪਸਾ ਨੇ ਐਨ. ਸਾਈ ਬਾਲਾਜੀ ਦੇ ਮਾਪਿਆਂ ਦੇ ਅੰਤਰਜਾਤੀ ਵਿਆਹ ਦਾ ਮੁੱਦਾ ਉਛਾਲ ਕੇ ਹੋਛੀ ਸਿਆਸਤ ਖੇਡੀ ਅਤੇ ਬਾਲਾਜੀ ਨੂੰ 'ਅਸ਼ੁੱਧ ਲਹੂ' ਦੇ ਤੌਰ 'ਤੇ ਭੰਡ ਕੇ ਜ਼ਲੀਲ ਅਤੇ ਅਲੱਗ-ਥਲੱਗ ਕਰਨਾ ਚਾਹਿਆ; ਲੇਕਿਨ ਵਿਦਿਆਰਥੀਆਂ ਨੇ ਇਸ ਚਾਲ ਦੇ ਝਾਂਸੇ ਵਿਚ ਆਉਣ ਦੀ ਬਜਾਏ ਇਸ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ।

ਇਹ ਜਿੱਤ ਇਸ ਕਰਕੇ ਵਧੇਰੇ ਮਹੱਤਵਪੂਰਨ ਹੈ ਕਿ ਆਰ.ਐਸ.ਐਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਨੇ ਮੋਦੀ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਤਹਿਤ ਮੁਲਕ ਦੀਆਂ ਕੇਂਦਰੀ ਯੂਨੀਵਰਸਿਟੀਆਂ ਦੇ ਅਗਾਂਹਵਧੂ ਜਮਹੂਰੀ ਮਾਹੌਲ ਨੂੰ ਖਤਮ ਕਰਨ ਲਈ ਅਤੇ ਆਪਣਾ ਹਿੰਦੂਤਵ ਦਾ ਏਜੰਡਾ ਥੋਪ ਕੇ ਇਨ੍ਹਾਂ ਨੂੰ ਭਗਵੇਂ ਸਾਂਚੇ ਵਿਚ ਢਾਲਣ ਲਈ ਮਈ 2014 ਤੋਂ ਲੈਕੇ ਜੰਗੀ ਪੈਮਾਨੇ 'ਤੇ ਮੁਹਿੰਮ ਵਿੱਢੀ ਹੋਈ ਹੈ। ਸੰਘ ਨੂੰ ਸ਼ਾਇਦ ਭਰਮ ਸੀ ਕਿ ਰਾਸ਼ਟਰਵਾਦ ਦਾ ਮਖੌਟਾ ਪਾ ਕੇ ਉਹ ਆਪਣੀ ਲੋਕ ਦੁਸ਼ਮਣ ਅਤੇ ਮੁਲਕ ਦੇ ਹਿਤ ਕਾਰਪੋਰੇਟ ਨੂੰ ਵੇਚਣ ਵਾਲੀ ਦਲਾਲ ਖਸਲਤ ਨੂੰ ਲੁਕੋ ਲੈਣਗੇ। ਇਸੇ ਦੇ ਹਿੱਸੇ ਵਜੋਂ ਫਰਵਰੀ 2016 ਵਿਚ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਜੇ. ਐਨ. ਯੂ. ਨੂੰ ਨਿਸ਼ਾਨਾ ਬਣਾਇਆ ਗਿਆ।

ਹਿੰਦੂਤਵਾਦੀਆਂ ਵਲੋਂ ਆਪਣਾ ਰਾਸ਼ਟਰਵਾਦ ਥੋਪਣ ਦੀ ਕੋਸ਼ਿਸ਼ ਕੀਤੀ ਗਈ ਜੋ ਜਾਅਲੀ ਦੇਸ਼ਭਗਤੀ ਅਤੇ ਅਸਹਿਮਤੀ ਨੂੰ ਦਬਾਉਣ ਲਈ ਪੁਲਿਸ ਤਾਕਤ ਦੇ ਬੇਦਰੇਗ ਇਸਤੇਮਾਲ ਦਾ ਫਾਸ਼ੀਵਾਦੀ ਮਿਸ਼ਰਨ ਸੀ। ਉਮਰ ਖਾਲਿਦ ਅਤੇ ਉਸ ਦੇ ਸਾਥੀਆਂ ਵਲੋਂ ਅਫਜ਼ਲ ਗੁਰੂ ਦੀ ਬਰਸੀ ਮਨਾਏ ਜਾਣ ਨੂੰ ਬਹਾਨਾ ਬਣਾ ਕੇ ਵਿਦਿਆਰਥੀਆਂ ਦੇ ਚੁਣੇ ਹੋਏ ਪ੍ਰਧਾਨ ਕਨ੍ਹੱਈਆ ਕੁਮਾਰ, ਉਮਰ ਖਾਲਿਦ ਅਤੇ ਅਨਿਰਬਨ ਭੱਟਾਚਾਰੀਆ ਨੂੰ ਗ੍ਰਿਫਤਾਰ ਕਰਕੇ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ। ਜੇ. ਐਨ. ਯੂ. ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਸ ਦਾ ਡਟ ਕੇ ਮੁਕਾਬਲਾ ਕੀਤਾ। ਕੈਂਪਸ ਦੀ ਦ੍ਰਿੜਤਾ ਅਤੇ ਪੂਰੇ ਮੁਲਕ ਅੰਦਰੋਂ ਜੇ. ਐਨ. ਯੂ. ਦੇ ਹੱਕ ਵਿਚ ਉਠੀ ਇਕਮੁੱਠਤਾ ਦੀ ਵਿਆਪਕ ਆਵਾਜ਼ ਨੇ ਸੰਘ ਬ੍ਰਿਗੇਡ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

ਦਰਅਸਲ, ਜਾਗਰੂਕ ਲੋਕਾਂ ਨੇ ਸਮਝ ਲਿਆ ਕਿ ਸੰਘ ਦਾ ਅਸਲ ਮਨੋਰਥ ਇਸ ਸੰਸਥਾ ਦੇ ਸੰਵਾਦ ਦੇ ਜਮਹੂਰੀ ਮਾਹੌਲ ਨੂੰ ਖਤਮ ਕਰਨਾ ਅਤੇ ਇਥੇ ਆਪਣੀ ਧੌਂਸ ਥੋਪ ਕੇ ਇਸ ਨੂੰ ਆਪਣੇ ਫਾਸ਼ੀਵਾਦੀ ਏਜੰਡੇ ਦੇ ਪ੍ਰਚਾਰ ਦਾ ਸਾਧਨ ਬਣਾਉਣਾ ਹੈ। ਇਸੇ ਤਰ੍ਹਾਂ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ, ਹੈਦਰਾਬਾਦ ਸੈਂਟਰਲ ਯੂਨੀਵਰਸਿਟੀ, ਯਾਦਵਪੁਰ ਯੂਨੀਵਰਸਿਟੀ ਕਲਕੱਤਾ, ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਵੀ ਜਾਗਰੂਕ ਵਿਦਿਆਰਥੀਆਂ ਨੂੰ ਦਬਾਉਣ ਲਈ ਹਰ ਹਰਬਾ ਇਸਤੇਮਾਲ ਕੀਤਾ ਗਿਆ; ਲੇਕਿਨ ਸੰਘ ਨੂੰ ਇਨ੍ਹਾਂ ਸੰਸਥਾਵਾਂ ਵਿਚ ਆਪਣੇ ਖਾਸ ਵਾਈਸ ਚਾਂਸਲਰ ਲਗਾ ਕੇ ਵੀ ਬਹੁਤੀ ਸਫਲਤਾ ਹਾਸਲ ਨਹੀਂ ਹੋਈ।

ਉਚੇਰੀਆਂ ਵਿਦਿਅਕ ਸੰਸਥਾਵਾਂ ਅੰਦਰ ਇਹ ਘਿਨਾਉਣੇ ਯਤਨ ਇਕ ਜਾਂ ਦੂਜੀ ਸ਼ਕਲ ਵਿਚ ਹੁਣ ਵੀ ਜਾਰੀ ਹਨ। ਵਿਦਿਆਰਥੀਆਂ ਨੂੰ ਚੁਣ-ਚੁਣ ਕੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਹਿੰਦੂਤਵੀ ਬੁਰਛਾਗਰਦਾਂ ਵਲੋਂ ਧਮਕੀਆਂ, ਹਮਲੇ, ਕੁੱਟਮਾਰ, ਵਿਦਿਆਰਥਣਾਂ ਨਾਲ ਛੇੜਛਾੜ, ਪੁਲਿਸ ਵਲੋਂ ਸੱਤਾਧਾਰੀ ਭਾਜਪਾ ਦੇ ਇਸ਼ਾਰੇ ਉਪਰ ਪੀੜਤ ਵਿਦਿਆਰਥੀਆਂ ਦੇ ਖਿਲਾਫ ਝੂਠੇ ਪਰਚੇ, ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਗਿਣ-ਮਿਥ ਕੇ ਜੁਰਮਾਨੇ ਤੇ ਮੁਅੱਤਲੀਆਂ ਆਦਿ ਤਰ੍ਹਾਂ-ਤਰ੍ਹਾਂ ਦੇ ਦਬਾਓ ਦੇ ਬਾਵਜੂਦ ਵੀ ਜਾਗਰੂਕ ਵਿਦਿਆਰਥੀ ਜਮਹੂਰੀ ਅਕਾਦਮਿਕ ਮਾਹੌਲ ਦੀ ਰਾਖੀ ਲਈ ਅਤੇ ਆਪਣੇ ਤਮਾਮ ਹੱਕਾਂ ਤੇ ਸਮਾਜੀ ਇਨਸਾਫ ਲਈ ਲੜ ਰਹੇ ਹਨ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਵਿਦਿਆਰਥੀਆਂ ਨੇ ਸੱਤਾ ਦੀ ਸਰਪ੍ਰਸਤੀ ਵਾਲੇ ਟੋਲਿਆਂ ਅਤੇ ਸਥਾਪਤੀ ਪੱਖੀ ਸਿਆਸਤ ਨੂੰ ਹਰਾ ਕੇ ਲੋਕ ਸਰੋਕਾਰਾਂ ਦੀ ਸਿਆਸਤ ਦੀ ਝੰਡਾਬਰਦਾਰ ਉਮੀਦਵਾਰ ਕਨੂਪ੍ਰਿਯਾ ਨੂੰ ਪ੍ਰਧਾਨ ਚੁਣਿਆ। ਇਸ ਨਵੀਂ ਉਭਰੀ ਜਥੇਬੰਦੀ ਸਟੂਡੈਂਟਸ ਫਾਰ ਸੁਸਾਇਟੀ (ਐਸ.ਐਫ.ਐਸ.) ਨੇ ਆਪਣੇ ਮੁੱਠੀ ਭਰ ਕਾਰਕੁਨਾਂ ਦੀ ਘਾਲਣਾ ਦੀ ਬਦੌਲਤ ਇਸ ਦਹਾਕੇ ਵਿਚ ਗੰਭੀਰ ਸਿਆਸਤ ਦਾ ਸੰਚਾਰ ਕਰਕੇ ਅਤੇ ਵਿਦਿਆਰਥੀਆਂ ਦੇ ਹਕੀਕੀ ਮੁੱਦਿਆਂ ਉਪਰ ਲਗਾਤਾਰ ਜੁਝਾਰੂ ਸੰਘਰਸ਼ ਕਰਕੇ ਆਪਣੀ ਥਾਂ ਬਣਾਈ ਅਤੇ ਨਵਾਂ ਇਤਿਹਾਸ ਰਚਿਆ ਹੈ।

ਚੋਣਾਂ ਅਗਵਾ ਕਰਨ ਵਿਚ ਸੰਘ ਦੀ ਪੂਰੀ ਮੁਹਾਰਤ ਹੈ। ਫਿਰ ਵੀ ਉਤਰਖੰਡ, ਮਹਾਂਰਾਸ਼ਟਰ, ਰਾਜਸਥਾਨ, ਕੇਰਲਾ ਵਿਚ ਏ.ਬੀ.ਵੀ.ਪੀ. ਨੂੰ ਜਿੱਤ ਹਾਸਲ ਨਹੀਂ ਹੋਈ। ਦਿੱਲੀ ਯੂਨੀਵਰਸਿਟੀ ਵਿਚ ਖੁੱਲ੍ਹੇਆਮ ਇਲਜ਼ਾਮ ਲੱਗ ਰਹੇ ਹਨ ਕਿ ਸੰਘ ਬ੍ਰਿਗੇਡ ਵਲੋਂ ਈ.ਵੀ.ਐਮ. ਘੁਟਾਲੇ ਰਾਹੀਂ ਹਾਲੀਆ ਚੋਣ ਜਿੱਤੀ ਗਈ।

ਜੇ. ਐਨ. ਯੂ. ਵਿਚ ਇੰਜ ਕਰਨਾ ਸੰਭਵ ਨਹੀਂ ਸੀ। ਇਸ ਸੰਸਥਾ ਦੀ ਚੋਣ ਪ੍ਰਣਾਲੀ ਮੁਤਾਬਿਕ ਚੋਣਾਂ ਦੇ ਪਹਿਲੇ ਪੜਾਅ ਦੀ ਕੌਂਸਲਰ ਚੋਣ ਨੇ ਸੰਕੇਤ ਦੇ ਦਿੱਤਾ ਕਿ ਸੰਘ ਬ੍ਰਿਗੇਡ ਦੇ ਪੱਲੇ ਨਮੋਸ਼ੀ ਭਰੀ ਹਾਰ ਪਵੇਗੀ। ਇਸ ਤੋਂ ਬੁਖਲਾਹਟ ਵਿਚ ਆ ਕੇ ਸੰਘ ਦੇ ਕਾਰਿੰਦੇ ਸ਼ਰੇਆਮ ਗੁੰਡਾਗਰਦੀ 'ਤੇ ਉਤਰ ਆਏ। ਚੋਣ ਕਮਿਸ਼ਨ ਉਪਰ ਪੱਖਪਾਤ ਦਾ ਇਲਜ਼ਾਮ ਲਗਾ ਕੇ ਇਨ੍ਹਾਂ ਨੇ ਚੋਣ ਅਮਲ ਵਿਚ ਖਲਲ ਪਾਇਆ। ਇਹ ਦਲੀਲ ਦੇ ਕੇ 14 ਘੰਟੇ ਵੋਟਾਂ ਦੀ ਗਿਣਤੀ ਨਹੀਂ ਹੋਣ ਦਿੱਤੀ ਕਿ ਏ.ਬੀ.ਵੀ.ਪੀ. ਦੇ ਉਮੀਦਵਾਰਾਂ ਨੂੰ ਗਿਣਤੀ ਸ਼ੁਰੂ ਮੌਕੇ ਹਾਜ਼ਰ ਹੋਣ ਦੀ ਸੂਚਨਾ ਨਹੀਂ ਦਿੱਤੀ ਗਈ। ਆਖਿਰ ਸ਼ਿਕਾਇਤ ਨਿਵਾਰਨ ਸੈਲ ਦੇ ਦੋ ਪ੍ਰੋਫੈਸਰਾਂ ਨੂੰ ਵੋਟਾਂ ਦੀ ਗਿਣਤੀ ਦੇ ਨਿਗਰਾਨ ਲਾਏ ਜਾਣ ਤੋਂ ਬਾਅਦ ਗਿਣਤੀ ਦੁਬਾਰਾ ਸ਼ੁਰੂ ਹੋਈ ਅਤੇ ਚੋਣ ਨਤੀਜਿਆਂ ਵਿਚ ਸੰਘੀਆਂ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ।

ਸੰਘ ਦੇ ਸਮੁੱਚੇ ਤੰਤਰ ਅਤੇ ਮੋਦੀ ਸਰਕਾਰ ਵਲੋਂ ਜੇ. ਐਨ. ਯੂ. ਉਪਰ ਕਬਜ਼ਾ ਕਰਨ ਲਈ ਪੂਰੀ ਤਾਕਤ ਝੋਕਣ ਦੇ ਬਾਵਜੂਦ ਏ.ਬੀ.ਵੀ.ਪੀ. ਨੂੰ ਵਧੇਰੇ ਨਮੋਸ਼ੀ ਇਹ ਝੱਲਣੀ ਪਈ ਕਿ ਕੈਂਪਸ ਦੇ ਪੰਜ ਹਜ਼ਾਰ ਤੋਂ ਵੱਧ (ਭਾਵ 67.8 ਫੀਸਦੀ) ਵਿਦਿਆਰਥੀਆਂ ਨੇ ਵੋਟਾਂ ਪਾਈਆਂ ਅਤੇ ਵੱਡੀ ਤਾਦਾਦ ਵਿਚ ਵਿਦਿਆਰਥੀਆਂ ਨੇ ਸੰਘ ਦੀ ਸਿਆਸਤ ਨੂੰ ਰੱਦ ਕਰ ਦਿੱਤਾ। ਇਸ ਤੋਂ ਬੁਖਲਾ ਕੇ ਏ.ਬੀ.ਵੀ.ਪੀ. ਦੇ ਗੁੰਡਿਆਂ ਨੇ ਆਪਣੇ ਮੁਖੀ ਸੌਰਵ ਸ਼ਰਮਾ ਦੀ ਅਗਵਾਈ ਵਿਚ ਅੱਧੀ ਰਾਤ ਨੂੰ ਕੈਂਪਸ ਵਿਚ ਅਗਾਂਹਵਧੂ ਵਿਦਿਆਰਥੀਆਂ ਉਪਰ ਲਾਠੀਆਂ ਨਾਲ ਹਮਲਾ ਕਰਕੇ ਦੋ ਵਿਦਿਆਰਥੀਆਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਜਦੋਂ ਸਾਬਕਾ ਪ੍ਰਧਾਨ ਗੀਤਾ ਕੁਮਾਰੀ ਨੇ ਨਵੇਂ ਚੁਣੇ ਗਏ ਪ੍ਰਧਾਨ ਐਨ. ਸਾਈ ਬਾਲਾਜੀ ਉਪਰ ਹਮਲੇ ਨੂੰ ਰੋਕਣਾ ਚਾਹਿਆ ਤਾਂ ਸੰਘੀ ਆਗੂ ਸੌਰਵ ਨੇ ਉਸ ਨੂੰ ਵੀ ਧੱਕਾ ਦੇ ਕੇ ਜ਼ਮੀਨ ਉਪਰ ਸੁੱਟ ਦਿੱਤਾ ਅਤੇ ਉਸ ਦਾ ਗਲ ਵੱਢਣ ਦੀ ਧਮਕੀ ਦਿੱਤੀ। ਜਦੋਂ ਚੁਣੇ ਹੋਏ ਨੁਮਾਇੰਦਿਆਂ ਨੇ ਥਾਣੇ ਰਿਪੋਰਟ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਥੇ ਵੀ ਉਨ੍ਹਾਂ ਉਪਰ ਹਮਲਾ ਕੀਤਾ ਗਿਆ।

ਇਹੀ ਨਹੀਂ, ਕੈਂਪਸ ਦੇ ਬਾਹਰ ਹਿੰਦੂਤਵੀ ਹਜੂਮ ਇਕੱਠੇ ਕਰਕੇ ਵਿਦਿਆਰਥੀਆਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ; ਲੇਕਿਨ ਆਗੂਆਂ ਨੇ ਸੰਘ ਦੀ ਸਾਜ਼ਿਸ਼ ਨੂੰ ਤਾੜ ਕੇ ਮਾਹੌਲ ਨੂੰ ਸ਼ਾਂਤਮਈ ਬਣਾਈ ਰੱਖਿਆ। ਸ਼ਾਮ ਨੂੰ ਹਜ਼ਾਰਾਂ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਇਨਸਾਫਪਸੰਦ ਲੋਕਾਂ ਨੇ ਇਕੱਠੇ ਹੋ ਕੇ ਅਤੇ ਕੈਂਪਸ ਵਿਚ ਮਾਰਚ ਕਰਕੇ ਸੰਘ ਦੇ ਇਸ ਫਾਸ਼ੀਵਾਦੀ ਹਮਲੇ ਦਾ ਡਟ ਕੇ ਵਿਰੋਧ ਕੀਤਾ। ਉਨ੍ਹਾਂ ਸੰਘੀਆਂ ਨੂੰ ਚੁਣੌਤੀ ਦਿੱਤੀ ਕਿ ਜੇ ਉਨ੍ਹਾਂ ਵਿਚ ਦਮ ਹੈ ਤਾਂ ਸੰਵਾਦ ਰਾਹੀਂ ਵਿਦਿਆਰਥੀਆਂ ਨੂੰ ਆਪਣੀ ਸਿਆਸਤ ਬਾਰੇ ਕਾਇਲ ਕਰਨ ਜੋ ਇਕ ਸੰਦੇਸ਼ ਹੈ ਕਿ ਜਾਗਰੂਕ ਵਿਦਿਆਰਥੀ ਮੋਦੀ-ਅਮਿਤ ਸ਼ਾਹ ਦੇ ਚੋਣ ਜੁਮਲਿਆਂ ਦੇ ਝਾਂਸੇ ਵਿਚ ਨਹੀਂ ਆਉਣਗੇ ਅਤੇ ਸੰਘ ਦੇ ਫਾਸ਼ੀਵਾਦ ਤੋਂ ਦਹਿਸ਼ਤਜ਼ਦਾ ਹੋ ਕੇ ਇਨ੍ਹਾਂ ਦੀ ਡੰਡੌਤ ਹਰਗਿਜ਼ ਨਹੀਂ ਕਰਨਗੇ। ਵਾਈਸ ਚਾਂਸਲਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਸੰਘ ਬ੍ਰਿਗੇਡ ਦੀ ਗੁੰਡਾਗਰਦੀ ਸਮੇਂ ਮੂਕ ਦਰਸ਼ਕ ਬਣਿਆ ਰਿਹਾ ਜਦੋਂ ਇਸ ਦੇ ਵਿਰੋਧ ਵਿਚ ਹਜ਼ਾਰਾਂ ਵਿਦਿਆਰਥੀ ਤੇ ਅਧਿਆਪਕ ਸੜਕਾਂ ਉਪਰ ਆ ਨਿਕਲੇ ਤਾਂ ਕੈਂਪਸ ਅੰਦਰ ਰੈਲੀਆਂ ਮੁਜ਼ਾਹਰਿਆਂ ਉਪਰ ਪਾਬੰਦੀ ਲਗਾ ਦਿੱਤੀ ਗਈ।

ਸੰਘ ਦੀ ਅਸਲ ਖਸਲਤ ਇਸ ਦੇ ਦੋਹਰੇ ਮਿਆਰਾਂ ਤੋਂ ਸਪਸ਼ਟ ਹੋ ਜਾਂਦੀ ਹੈ। ਜਦੋਂ ਇਹ ਟੋਲਾ ਆਪ ਚੋਣਾਂ ਜਿੱਤਦਾ ਹੈ ਤਾਂ ਸੰਘ ਪਾੜ ਕੇ ਜਮਹੂਰੀਅਤ ਦਾ ਰਾਗ ਅਲਾਪਦਾ ਹੋਇਆ ਆਪਣੇ ਹੱਕ ਵਿਚ ਆਏ ਚੋਣ ਨਤੀਜਿਆਂ ਨੂੰ ਵੋਟਰਾਂ ਦਾ ਫਤਵਾ ਦੱਸਦਾ ਹੈ ਪਰ ਜਦੋਂ ਵੋਟਰ ਇਨ੍ਹਾਂ ਨੂੰ ਦੁਰਕਾਰ ਦਿੰਦੇ ਹਨ, ਉਦੋਂ ਇਸ ਦੀ ਬ੍ਰਾਹਮਣਵਾਦੀ ਹਊਮੈ ਆਪਣੀ ਹਾਰ ਨੂੰ ਵੋਟਰਾਂ ਦਾ ਫਤਵਾ ਮੰਨ ਕੇ ਸਵੀਕਾਰ ਨਹੀਂ ਕਰਦੀ। ਇਹ ਲੋਕ ਕਦੇ ਵੀ ਖੁੱਲ੍ਹੇ ਸੰਵਾਦ ਦੀ ਚੁਣੌਤੀ ਸਵੀਕਾਰ ਨਹੀਂ ਕਰਦੇ ਬਲਕਿ ਬੁਜ਼ਦਿਲ ਫਾਸ਼ੀਵਾਦੀਆਂ ਦੇ ਨਕਸ਼ੇ-ਕਦਮਾਂ ਉਪਰ ਚੱਲਦਿਆਂ ਹਮੇਸ਼ਾ ਸਾਜ਼ਿਸ਼ੀ ਚਾਲਾਂ ਨੂੰ ਅੰਜਾਮ ਦਿੰਦੇ ਹਨ।

ਗੋਰਖਪੁਰ ਯੂਨੀਵਰਸਿਟੀ ਵਿਚ ਅਦਿਤਿਆਨਾਥ ਸਰਕਾਰ ਵਲੋਂ ਵਿਦਿਆਰਥੀ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਹਨ। ਇਹ ਸੰਘ ਬ੍ਰਿਗੇਡ ਦੀ ਲੀਡਰਸ਼ਿਪ ਅੰਦਰ ਅਗਲੀਆਂ ਚੋਣਾਂ ਨੂੰ ਲੈ ਕੇ ਉਭਰ ਰਹੇ ਤੌਖਲੇ ਦਾ ਸੰਕੇਤ ਹੈ ਜੋ ਦਾਅਵੇ ਤਾਂ 2019 ਦੀਆਂ ਚੋਣਾਂ ਜਿੱਤ ਕੇ ਲਗਾਤਾਰ ਪੰਜਾਹ ਸਾਲ ਰਾਜ ਕਰਨ ਦੇ ਕਰਦੇ ਹਨ ਪਰ ਅੰਦਰੋਂ ਬੁਰੀ ਤਰ੍ਹਾਂ ਹਿੱਲੇ ਹੋਏ ਹਨ। ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਸੰਘ ਬ੍ਰਿਗੇਡ ਆਪਣੀ ਮਾਯੂਸੀ ਵਿਚੋਂ ਫਿਰਕੂ ਪਾਲਾਬੰਦੀ ਵਧਾਉਣ ਅਤੇ ਆਪਣੇ ਹੱਕ ਵਿਚ ਉਚ ਜਾਤੀ ਹਿੰਦੂਆਂ ਦੀ ਹਮਦਰਦੀ ਬਟੋਰਨ ਲਈ ਕਈ ਤਰ੍ਹਾਂ ਦੀਆਂ ਸਾਜ਼ਿਸ਼ਾਂ ਅਤੇ ਹਿੰਸਕ ਕਾਰਵਾਈਆਂ ਨੂੰ ਅੰਜਾਮ ਦੇ ਸਕਦਾ ਹੈ।

ਚਾਹੇ ਇਨ੍ਹਾਂ ਚੋਣ ਨਤੀਜਿਆਂ ਦੀ ਦਨਦਨਾ ਰਹੇ ਹਿੰਦੂਤਵ ਫਾਸ਼ੀਵਾਦ ਨੂੰ ਰੋਕਣ ਵਿਚ ਕੋਈ ਫੈਸਲਾਕੁਨ ਭੂਮਿਕਾ ਤਾਂ ਨਹੀਂ, ਲੇਕਿਨ ਨਤੀਜੇ ਇਹ ਜ਼ਰੂਰ ਦਿਖਾਉਂਦੇ ਹਨ ਕਿ ਜੇ ਲੋਕ ਸੰਵਾਦ ਨੂੰ ਹਕੀਕੀ ਲੋਕ ਮੁੱਦਿਆਂ ਅਤੇ ਅਗਾਂਹਵਧੂ ਸਿਆਸਤ ਉਪਰ ਕੇਂਦਰਤ ਕਰਕੇ ਲਗਾਤਾਰ ਸੰਜੀਦਗੀ ਨਾਲ ਕੰਮ ਕੀਤਾ ਜਾਵੇ ਤਾਂ ਖੌਫਨਾਕ ਫਾਸ਼ੀਵਾਦੀ ਵਰਤਾਰੇ ਵਿਰੁਧ ਵੀ ਤਕੜੀ ਲੋਕ ਰਾਇ ਤਿਆਰ ਕੀਤੀ ਜਾ ਸਕਦੀ ਹੈ।

# ਵਿਜੈ ਮਾਲਿਆ ਅਤੇ ਭਾਰਤੀ ਸਿਆਸਤ ਦਾ ਸੰਕਟ

ਅਭੈ ਕੁਮਾਰ ਦੂਬੇ

ਭਾਰਤ ਦੀ ਸਿਆਸਤ ਜਿਸ ਰਸਤੇ 'ਤੇ ਚੱਲ ਰਹੀ ਹੈ, ਉਸ ਨੂੰ ਦੇਖ ਕੇ 2011-12 ਵਿਚ ਹੋਏ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਯਾਦ ਆਉਣੀ ਸੁਭਾਵਿਕ ਹੈ। ਉਨ੍ਹਾਂ ਦਿਨਾਂ ਵਿਚ ਕੈਗ (ਸੀ.ਏ.ਜੀ.) ਦੀ ਰਿਪੋਰਟ ਦੇ ਆਧਾਰ 'ਤੇ ਅਕਸਰ ਨਵੇਂ-ਨਵੇਂ ਘੁਟਾਲੇ ਸਾਹਮਣੇ ਲਿਆਂਦੇ ਜਾ ਰਹੇ ਸਨ ਅਤੇ ਕਟਹਿਰੇ ਵਿਚ ਕਾਂਗਰਸ ਦੀ ਅਗਵਾਈ ਵਾਲੀ ਤਤਕਾਲੀ ਸਰਕਾਰ ਖੜ੍ਹੀ ਨਜ਼ਰ ਆਉਂਦੀ ਸੀ ਪਰ ਸਿਆਸਤ 'ਤੇ ਬਾਰੀਕ ਨਿਗ੍ਹਾ ਰੱਖਣ ਵਾਲੇ ਵਿਸ਼ਲੇਸ਼ਕਾਂ ਨੂੰ ਇਹ ਵੀ ਦਿਖਾਈ ਦਿੰਦਾ ਸੀ ਕਿ ਕੋਲਾ ਘੁਟਾਲੇ ਵਰਗੀਆਂ ਘਟਨਾਵਾਂ ਵਿਚ ਭਾਜਪਾ (ਜੋ ਉਸ ਸਮੇਂ ਵਿਰੋਧੀ ਧਿਰ ਵਿਚ ਸੀ) ਦੀਆਂ ਸੂਬਾ ਸਰਕਾਰਾਂ ਨੇ ਵੀ ਇਤਰਾਜ਼ਯੋਗ ਭੂਮਿਕਾ ਨਿਭਾਈ ਹੈ।

ਇਕ ਤਰ੍ਹਾਂ ਨਾਲ ਹਾਲ ਇਹ ਸੀ ਕਿ ਕਾਂਗਰਸ ਸਰਕਾਰ ਦਾ ਚਿਹਰਾ ਦੋਸ਼ਾਂ ਦਾ ਸਾਹਮਣਾ ਕਰਦੇ ਹੋਏ ਦਿਖਾਈ ਦਿੰਦਾ ਸੀ ਪਰ ਥੋੜ੍ਹਾ ਜਿਹਾ ਧੁੰਦਲੇ ਵਿਚ ਭਾਜਪਾ ਦਾ ਚਿਹਰਾ ਵੀ ਦੇਖਣ ਵਾਲਿਆਂ ਦੀ ਨਜ਼ਰ ਤੋਂ ਪਰ੍ਹੇ ਨਹੀਂ ਸੀ। ਇਹੀ ਸੀ ਉਹ ਕਾਰਨ ਜਿਸ ਦੀ ਵਜ੍ਹਾ ਨਾਲ 2013 ਵਿਚ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਨ ਤੋਂ ਪਹਿਲਾਂ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਸਿਆਸੀ ਲਾਭ ਭਾਜਪਾ ਨੂੰ ਮਿਲਣਾ ਸ਼ੁਰੂ ਨਹੀਂ ਹੋ ਸਕਿਆ ਸੀ। ਸੀ.ਐਸ.ਡੀ.ਐਸ. ਦਾ ਸਰਵੇਖਣ ਦੱਸਦਾ ਹੈ ਕਿ ਜੇ ਉਦੋਂ ਕਾਂਗਰਸ ਨੇ ਪ੍ਰਧਾਨ ਮੰਤਰੀ ਬਦਲ ਕੇ ਨਵੀਂ ਅਗਵਾਈ ਵਿਚ ਆਮ ਚੋਣਾਂ ਕੁਝ ਸਮਾਂ ਪਹਿਲਾਂ ਕਰਵਾ ਦਿੱਤੀਆਂ ਹੁੰਦੀਆਂ ਤਾਂ ਉਹ ਆਪਣੇ ਸਿਆਸੀ ਨੁਕਸਾਨ ਨੂੰ ਘੱਟ ਕਰ ਸਕਦੀ ਸੀ ਪਰ ਕਾਂਗਰਸ ਇਹ ਰਣਨੀਤਕ ਕਦਮ ਉਠਾਉਣ ਵਿਚ ਅਸਫਲ ਰਹੀ ਅਤੇ ਜਿਉਂ ਹੀ ਵਿਰੋਧੀ ਧਿਰ ਦੀ ਕਮਾਨ ਅਧਿਕਾਰਤ ਤੌਰ 'ਤੇ ਮੋਦੀ ਦੇ ਹੱਥਾਂ ਵਿਚ ਆਈ, ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਸਿਆਸੀ ਲਾਭ ਵੀ ਭਾਜਪਾ ਦੀ ਝੋਲੀ ਵਿਚ ਡਿਗ ਪਿਆ। ਅੱਜ ਇਕ ਵਾਰ ਫਿਰ ਵਿਜੈ ਮਾਲਿਆ ਅਤੇ ਰਾਫੇਲ ਸੌਦੇ ਨਾਲ ਸਬੰਧਿਤ ਗੱਲਾਂ ਇਕ-ਇਕ ਕਰਕੇ ਸਾਹਮਣੇ ਆ ਰਹੀਆਂ ਹਨ। ਕੋਈ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤਾਂ ਨਹੀਂ ਚੱਲ ਰਿਹਾ ਹੈ ਪਰ ਮਾਹੌਲ ਉਵੇਂ ਦਾ ਹੀ ਬਣ ਰਿਹਾ ਹੈ।

ਦਰਅਸਲ, ਵਿਜੈ ਮਾਲਿਆ ਦੀ ਘਟਨਾ ਨੇ ਭਾਰਤੀ ਲੋਕਤੰਤਰ ਦੇ ਉਸ ਸਿਆਸੀ ਸੰਕਟ 'ਤੇ ਉਂਗਲੀ ਰੱਖੀ ਹੈ, ਜਿਹੜਾ ਸੀ ਤਾਂ ਹਮੇਸ਼ਾ ਤੋਂ, ਪਰ ਪਿਛਲੇ 7 ਸਾਲ ਤੋਂ ਉਸ ਨੇ ਹੋਰ ਭਿਆਨਕ ਰੂਪ ਧਾਰ ਕਰ ਲਿਆ ਹੈ। ਪਹਿਲਾਂ ਇਸ ਬਿਮਾਰੀ ਨੂੰ ਦੋ ਮੁਹਾਵਰਿਆਂ ਨਾਲ ਦੱਸਿਆ ਜਾਂਦਾ ਸੀ। ਪਹਿਲਾ ਮੁਹਾਵਰਾ ਸੀ- ਸਿਆਸਤ ਦੇ ਹਮਾਮ ਵਿਚ ਸਭ ਨੰਗੇ ਹਨ ਅਤੇ ਦੂਜਾ ਮੁਹਾਵਰਾ ਸੀ- ਸਿਆਸਤ ਕਾਲਖ ਦੀ ਕੋਠੜੀ ਹੈ ਜਿਸ ਵਿਚ ਕੋਈ ਵੀ ਬੇਦਾਗ਼ ਨਹੀਂ ਰਹਿ ਸਕਦਾ।

ਅੱਜ ਹਾਲਾਤ ਹੋਰ ਵੀ ਗੰਭੀਰ ਹਨ ਅਤੇ ਮੁਹਾਵਰਾ ਬਦਲਣ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ। ਦਰਅਸਲ ਹੁਣ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਸਿਆਸਤ ਕਟਹਿਰਾ ਹੈ, ਜਿਸ ਵਿਚ ਵੱਡੀਆਂ-ਛੋਟੀਆਂ ਸਿਆਸੀ ਪਾਰਟੀਆਂ ਦੋਸ਼ੀਆਂ ਵਾਂਗ ਖੜ੍ਹੀਆਂ ਹਨ। ਕਦੇ ਕਿਸੇ ਦਾ ਵੀ ਚਿਹਰਾ ਸੰਭਾਵਿਤ ਅਪਰਾਧੀ ਵਾਂਗ ਸਾਹਮਣੇ ਆ ਜਾਂਦਾ ਹੈ ਅਤੇ ਉਸ ਦੇ ਪਿੱਛੇ ਦੂਜੀਆਂ ਪਾਰਟੀਆਂ ਦੇ ਮੁਲਜ਼ਮ ਚਿਹਰੇ ਲੁਕ ਜਾਂਦੇ ਹਨ। ਮਾਲਿਆ ਦੀ ਘਟਨਾ ਨੇ ਇਹ ਦਰਸਾਇਆ ਹੈ ਕਿ ਇਸ ਸਿਆਸੀ ਕਟਹਿਰੇ ਵਿਚ ਇਕ ਨਹੀਂ, ਸਗੋਂ ਦੋ-ਦੋ ਮੁਲਜ਼ਮ ਹਨ। ਇਨ੍ਹਾਂ ਦੇ ਚਿਹਰਿਆਂ 'ਤੇ ਪਏ ਪਰਦਿਆਂ ਨੂੰ ਇਸ ਘਟਨਾਕ੍ਰਮ ਨੇ ਹਟਾ ਦਿੱਤਾ ਹੈ। ਸਿਆਸੀ ਨੈਤਿਕਤਾ ਦੀ ਬੇਰਹਿਮ ਰੌਸ਼ਨੀ ਵਿਚ ਦੇਸ਼ ਦੀਆਂ ਦੋਵੇਂ ਵੱਡੀਆਂ ਕੌਮੀ ਪਾਰਟੀਆਂ ਦਾ ਚਿਹਰਾ ਨੰਗਾ ਹੋ ਗਿਆ ਹੈ।

ਜਿਵੇਂ ਹੀ ਮਾਲਿਆ ਨੇ ਲੰਡਨ ਵਿਚ ਕਿਹਾ ਕਿ ਉਹ ਭਾਰਤ ਤੋਂ ਭੱਜਣ ਤੋਂ ਪਹਿਲਾਂ ਵਿੱਤ ਮੰਤਰੀ ਨੂੰ ਮਿਲਿਆ ਸੀ, ਉਵੇਂ ਹੀ ਉਹ ਸਾਰੇ ਸ਼ੱਕ, ਚਰਚੇ ਤੇ ਗੱਲਾਂ ਸੱਚ ਲੱਗਣ ਲੱਗੀਆਂ, ਜਿਹੜੀਆਂ ਉਸ ਸਮੇਂ ਹੋਈਆਂ ਸਨ, ਜਦੋਂ ਮਾਲਿਆ ਨੇ ਜਾਣ ਤੋਂ ਇਕ ਦਿਨ ਪਹਿਲਾਂ ਰਾਜ ਸਭਾ ਦਾ ਦੌਰਾ ਕੀਤਾ ਸੀ। ਇਸ ਘਟਨਾ ਦੇ ਆਧਾਰ 'ਤੇ ਕਾਂਗਰਸ ਇਹ ਕਹਿੰਦੀ ਹੈ ਕਿ ਭਾਜਪਾ ਨੇ ਮਾਲਿਆ ਨੂੰ ਜਾਣਬੁੱਝ ਕੇ ਭਜਾਇਆ ਜਾਂ ਭੱਜ ਜਾਣ ਦਿੱਤਾ। ਜਵਾਬ ਵਿਚ ਭਾਜਪਾ ਇਹ ਕਹਿੰਦੀ ਹੈ ਕਿ ਮਾਲਿਆ ਨੂੰ ਕਾਂਗਰਸ ਦੇ ਜ਼ਮਾਨੇ ਵਿਚ ਨਾਜਾਇਜ਼ ਕਰਜ਼ੇ ਦਿੱਤੇ ਗਏ ਸਨ। ਭਾਜਪਾ ਇਸ ਗੱਲ ਦਾ ਕੋਈ ਜਵਾਬ ਨਹੀਂ ਦਿੰਦੀ ਕਿ ਸੀ.ਬੀ.ਆਈ. ਦੇ ਲੁਕਆਊਟ ਸਰਕੂਲਰ ਨੂੰ ਕਿਉਂ ਬਦਲਿਆ ਗਿਆ, ਭਾਵ ਪਹਿਲਾਂ ਇਸ ਸਰਕੂਲਰ ਮੁਤਾਬਿਕ ਮਾਲਿਆ ਨੂੰ ਹਵਾਈ ਅੱਡੇ ਤੋਂ ਹਿਰਾਸਤ ਵਿਚ ਲਿਆ ਜਾਣਾ ਸੀ ਪਰ ਇਸ ਨੂੰ ਅਚਾਨਕ ਸਿਰਫ ਰੋਕਣ ਤੱਕ ਸੀਮਤ ਕਰ ਦਿੱਤਾ ਗਿਆ, ਕਿਉਂਕਿ ਸੀ.ਬੀ.ਆਈ. ਮੁਤਾਬਿਕ ਮਾਲਿਆ ਵਿਰੁਧ ਪੂਰੇ ਸਬੂਤ ਨਹੀਂ ਸਨ। ਇਸੇ ਤਰ੍ਹਾਂ ਕਾਂਗਰਸ ਇਹ ਦੱਸਣ ਲਈ ਤਿਆਰ ਨਹੀਂ ਹੈ ਕਿ ਉਸ ਦੀ ਸਰਕਾਰ ਸਮੇਂ ਮਾਲਿਆ ਦੀ ਏਅਰਲਾਈਨਜ਼ ਨੂੰ ਉਪਰੋਂ ਦਬਾਅ ਪਾ ਕੇ ਵੱਡੇ-ਵੱਡੇ ਕਰਜ਼ੇ ਕਿਉਂ ਦਿਵਾਏ ਗਏ?

ਆਮ ਜਨਤਾ ਅਤੇ ਲੋਕਤੰਤਰ ਨਾਲ ਕੀਤੀ ਗਈ ਸਾਜਿਸ਼ ਦੀ ਇਸ ਖੇਡ ਵਿਚ ਕੁਝ ਹੋਰ ਵੀ ਸ਼ਕਤੀਆਂ ਸ਼ਾਮਿਲ ਹਨ; ਜਿਵੇਂ ਦੇਸ਼ ਦਾ ਸਭ ਤੋਂ ਵੱਡਾ ਸਰਕਾਰੀ ਬੈਂਕ ਜੋ ਮਾਲਿਆ ਨੂੰ ਭੱਜਣ ਤੋਂ ਰੋਕਣ ਲਈ ਪਹਿਲਾਂ ਵਕੀਲ ਦੀ ਸਲਾਹ ਲੈਂਦਾ ਹੈ ਅਤੇ ਫਿਰ ਚੁੱਪ ਕਰ ਜਾਂਦਾ ਹੈ; ਜਿਵੇਂ ਸੀ.ਬੀ.ਆਈ. ਜੋ ਖ਼ੁਦਮੁਖਤਿਆਰ ਸੰਸਥਾ ਹੈ ਤੇ ਜਦੋਂ ਚਾਹੁੰਦੀ ਹੈ, ਉਸ ਕੋਲ ਸਬੂਤ ਆ ਜਾਂਦੇ ਹਨ ਅਤੇ ਜਦੋਂ ਚਾਹੁੰਦੀ ਹੈ, ਉਸ ਕੋਲ ਸਬੂਤ ਘਟ ਜਾਂਦੇ ਹਨ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਦੀ ਜ਼ਬਰਦਸਤ ਘਟਨਾ ਵਿਚ ਪੈਸੇ ਦੀ ਤਾਕਤ 'ਤੇ ਰਾਜ ਸਭਾ ਦੀ ਮੈਂਬਰਸ਼ਿਪ ਇਕ ਵਾਰ ਨਹੀਂ, ਸਗੋਂ ਦੋ-ਦੋ ਵਾਰ ਹਾਸਲ ਕਰਨਾ ਵੀ ਸ਼ਾਮਿਲ ਹੈ। ਆਖਰ 'ਡਾਕਟਰ' ਵਿਜੈ ਮਾਲਿਆ ਨੂੰ ਕਿਹੜੀਆਂ ਸਿਆਸੀ ਸ਼ਕਤੀਆਂ ਨੇ ਸੰਸਦ ਮੈਂਬਰ ਜਾਂ ਲੋਕਾਂ ਦਾ ਨੁਮਾਇੰਦਾ ਬਣਾਇਆ? ਕੀ ਉਨ੍ਹਾਂ ਨੂੰ ਵੋਟ ਦੇਣ ਵਾਲਿਆਂ ਵਿਚ ਭਾਜਪਾ, ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਦੇ ਵਿਧਾਇਕ ਨਹੀਂ ਸਨ? ਕੀ ਇਨ੍ਹਾਂ ਪਾਰਟੀਆਂ ਦੀ ਅਗਵਾਈ ਦੀ ਮਰਜ਼ੀ ਤੋਂ ਬਿਨਾਂ ਮਾਲਿਆ ਨੂੰ ਰਾਜ ਸਭਾ ਦੀ ਮੈਂਬਰਸ਼ਿਪ ਮਿਲ ਸਕਦੀ ਸੀ?

ਮੁਸ਼ਕਿਲ ਇਹ ਹੈ ਕਿ ਬਾਜ਼ਾਰਵਾਦੀ ਮੀਡੀਆ ਇਸ ਪੂਰੇ ਘਟਨਾਕ੍ਰਮ ਦੇ ਇਸ ਪਹਿਲੂ 'ਤੇ ਚਰਚਾ ਕਰਨ ਤੋਂ ਜਾਣਬੁੱਝ ਕੇ ਪਰਹੇਜ਼ ਕਰਦਾ ਹੈ। ਨਾ ਸਿਰਫ ਇਹ ਸਗੋਂ ਉਸ ਨੂੰ ਚਿੰਤਾ ਇਸ ਗੱਲ ਦੀ ਜ਼ਿਆਦਾ ਹੈ ਕਿ ਮਾਲਿਆ ਨੂੰ ਲੰਡਨ ਤੋਂ ਵਾਪਸ ਲਿਆਉਣ ਦੇ ਚੱਕਰ ਵਿਚ ਕਿਤੇ ਭਾਰਤੀ ਸਨਅਤੀ ਦੁਨੀਆ ਦਾ ਅਕਸ ਖਲਨਾਇਕਾਂ ਜਿਹਾ ਨਾ ਹੋ ਜਾਵੇ।

ਮੀਡੀਆ ਇਹ ਸਵਾਲ ਕਦੇ ਨਹੀਂ ਚੁੱਕਦਾ ਕਿ, ਕੀ ਭਾਰਤੀ ਸਨਅਤੀ ਦੁਨੀਆ ਨੂੰ ਕਿਸੇ ਨੈਤਿਕ, ਸਮਾਜਿਕ ਪਰੰਪਰਾਵਾਂ ਦਾ ਪਾਲਣ ਨਹੀਂ ਕਰਨਾ ਚਾਹੀਦਾ? ਮੀਡੀਆ ਸਿਆਸਤ ਦੇ ਸਨਅਤੀਕਰਨ ਦਾ ਵਿਰੋਧ ਕਿਉਂ ਨਹੀਂ ਕਰਦਾ? ਕਿਸੇ ਉਦਯੋਗਪਤੀ ਨੂੰ ਰਾਜ ਸਭਾ ਵਿਚ ਜਾਣ ਦੀ ਕੀ ਜ਼ਰੂਰਤ ਹੈ? ਲੋਕਾਂ ਦਾ ਨੁਮਾਇੰਦਾ ਹੋਣਾ ਅਤੇ ਲਾਭ ਕਮਾਉਣ ਨੂੰ ਹੀ ਚਾਲਕ ਸ਼ਕਤੀ ਸਮਝਣਾ, ਇਹ ਦੋਵੇਂ ਗੱਲਾਂ ਵਿਰੋਧਾਭਾਸੀ ਹਨ। ਬਾਜ਼ਾਰਵਾਦੀ ਮੀਡੀਆ ਉਨ੍ਹਾਂ ਸਨਅਤੀ ਘਰਾਣਿਆਂ ਦੇ ਨਾਂਵੀ ਛੁਪਾਉਣ ਦੇ ਚੱਕਰ ਵਿਚ ਰਹਿੰਦਾ ਹੈ, ਜਿਨ੍ਹਾਂ ਕਾਰਨ ਭਾਰਤੀ ਬੈਂਕਾਂ 'ਤੇ ਐਨ.ਪੀ.ਏ. (ਡੁੱਬੇ ਕਰਜ਼ੇ) ਦਾ ਏਨਾ ਵੱਡਾ ਬੋਝ ਬਣ ਗਿਆ। ਅਜੇ ਤੱਕ ਜਨਤਕ ਜੀਵਨ ਵਿਚ ਉਨ੍ਹਾਂ ਕੰਪਨੀਆਂ ਦੇ ਨਾਂ ਨਹੀਂ ਆਏ ਹਨ, ਜਿਹੜੀਆਂ ਬੈਂਕਾਂ ਦੀ ਨਜ਼ਰ ਵਿਚ 'ਵਿਲਫੁੱਲ ਡਿਫਾਲਟਰ' ਹਨ ਭਾਵ ਜਾਣਬੁੱਝ ਕੇ ਕਰਜ਼ ਵਾਪਸ ਨਹੀਂ ਕਰ ਰਹੀਆਂ।

ਜਿਥੋਂ ਤੱਕ ਸਿਆਸੀ ਲਾਭ ਦੀ ਗੱਲ ਹੈ, ਇਸ ਘਟਨਾ ਵਿਚ ਕਿਸੇ ਨੂੰ ਕੋਈ ਸਿਆਸੀ ਲਾਭ ਨਹੀਂ ਹੋਣ ਵਾਲਾ ਹੈ। ਸਿਰਫ ਨੁਕਸਾਨ ਹੋ ਰਿਹਾ ਹੈ ਸਾਡੇ ਲੋਕਤੰਤਰ ਨੂੰ ਅਤੇ ਸਿਆਸੀ ਪ੍ਰਣਾਲੀ ਨੂੰ। ਇਨ੍ਹਾਂ ਦੋਵਾਂ ਵਿਚ ਲੋਕਾਂ ਦੇ ਵਿਸ਼ਵਾਸ ਦਾ ਵੀ ਘਾਣ ਹੋ ਰਿਹਾ ਹੈ।

# ਸ਼ੇਕਸਪੀਅਰ ਦੀ ਕਵਿਤਾ ਦੇ ਉਤਰਾ-ਚੜ੍ਹਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਸਾਹਿਤਕਾਰਾਂ ਵਿਚ ਸੁਰਜੀਤ ਹਾਂਸ ਅਜਿਹਾ ਬੁੱਧੀਜੀਵੀ ਹੈ, ਜੋ ਹਰ ਵਿਧਾ ਵਿਚ ਸਾਹਿਤ ਰਚਦਾ ਹੈ ਅਤੇ ਔਖੇ ਤੋਂ ਔਖੇ ਅੰਗਰੇਜ਼ੀ ਸਾਹਿਤ ਨੂੰ ਪੰਜਾਬੀ ਵਿਚ ਉਲਥਾਉਣ ਦਾ ਮਾਹਿਰ ਹੈ। ਉਸ ਨੇ ਸ਼ੇਕਸਪੀਅਰ ਦੇ ਕੁੱਲ ਨਾਟਕ, ਸੌਨੇਟ ਤੇ ਕਵਿਤਾਵਾਂ ਪੰਜਾਬੀ ਵਿਚ ਉਲਥਾ ਕੇ ਭਾਰਤੀ ਭਾਸ਼ਾਵਾਂ ਦੇ ਸਾਹਿਤ ਰਸੀਆਂ ਨੂੰ ਹੈਰਾਨ ਕਰ ਛੱਡਿਆ ਹੈ। ਕੇਂਦਰੀ ਸਾਹਿਤ ਅਕਾਦਮੀ, ਕਲਕੱਤਾ ਵਾਲੇ ਸਮਾਗਮ ਵਿਚ ਇਹ ਤੱਥ ਸਰੋਤਿਆਂ ਦੇ ਸਾਹਮਣੇ ਆਇਆ ਤਾਂ ਉਹ ਇੱਕ-ਦੂਜੇ ਦੇ ਮੂੰਹਾਂ ਵਲ ਵੇਖਣ ਲੱਗੇ। ਦੋ ਦਹਾਕੇ ਤੋਂ ਵਧ ਸਮਾਂ ਲਾ ਕੇ ਨੇਪਰੇ ਚਾੜ੍ਹੇ ਇਸ ਕਾਰਜ ਨੂੰ ਹੁਣ ਉਸ ਨੇ 'ਸ਼ੇਕਸਪੀਅਰ ਦੀ ਚੋਣਵੀਂ ਸ਼ਾਇਰੀ' (ਟਵੰਟੀ ਫਰਸਟ ਸੈਂਚੁਰੀ ਪਬਲੀਕੇਸ਼ਨ, ਪਟਿਆਲਾ; ਪੰਨੇ 432, ਮੁੱਲ 400 ਰੁਪਏ) ਵਿਚ ਸਮੇਟਣ ਦਾ ਕੰਮ ਕੀਤਾ ਹੈ। ਇਸ ਵਿਚ ਸ਼ੇਕਸਪੀਅਰ ਦੀਆਂ ਰਚਨਾਵਾਂ ਵਿਚ ਆਈ ਵਧੀਆ ਕਵਿਤਾ ਇੱਕ ਜਿਲਦ ਵਿਚ ਇਕੱਠੀ ਕੀਤੀ ਗਈ ਹੈ।

ਸ਼ੇਕਸਪੀਅਰ ਤੋਂ ਅਣਜਾਣ ਲੋਕਾਂ ਲਈ ਤਾਂ ਇਹ ਗੱਲ ਵੀ ਨਵੀਂ ਹੋਵੇਗੀ ਕਿ ਉਸ ਦੇ ਜੀਵਨ ਕਾਲ ਵਿਚ ਉਸ ਦੀਆਂ ਕੇਵਲ ਦੋ ਕਵਿਤਾਵਾਂ ਛਾਪੇਖਾਨੇ ਦੀ ਚੱਕੀ ਵਿਚੋਂ ਲੰਘੀਆਂ। ਨਾਟਕ ਤਾਂ ਇੱਕ ਵੀ ਨਹੀਂ। ਉਂਜ ਉਸ ਦੀ ਕਵਿਤਾ ਨੇ ਜਿੰਨੀ ਵੀ ਉਤਮਤਾਈ ਪ੍ਰਾਪਤ ਕੀਤੀ, ਉਸ ਦੀ ਨਾਟਕੀ ਵਾਰਤਾਲਾਪ ਵਿਚ ਹੀ ਹੈ। ਪੇਸ਼ ਹੈ, ਇੱਕ ਨ੍ਰਿਤ ਗਾਇਨ ਜਿਸ ਵਿਚ ਮਰਦਾਂ ਦੀ ਧੋਖੇਬਾਜ਼ੀ ਤੇ ਬੇਵਫਾਈ ਦਾ ਜ਼ਿਕਰ ਹੈ:

ਹਉਕੇ ਭਰ ਨਾ, ਹਉਕੇ ਨੱਢੀਏ
ਧੋਖੇਬਾਜ਼ ਰਹੇ ਨੇ ਬੰਦੇ।
ਇੱਕ ਪੈਰ ਹੁੰਦਾ ਸਾਗਰ ਵਿਚ
ਦੂਜਾ ਹੁੰਦਾ ਕੰਢੇ।
ਜੋ ਗੱਲ ਦੇ, ਨਹੀਂ ਪੱਕੇ ਅੜੀਏ
ਛੱਡ ਉਨ੍ਹਾਂ ਨੂੰ ਛੱਡ ਪਰੇ ਤੂੰ,
ਕੀ ਰੋਣਾ ਤੇ ਧੋਣਾ ਹੋਇਆ
ਸੋਗ ਦੋਖ ਦਾ ਦੇਣਾ ਕੀ ਹੈ।
ਮਰਦ ਰਿਹਾ ਇੱਕ ਝੂਠ ਸਮੋਇਆ
ਅੰਤ ਕਿਸੇ ਦਾ ਲੈਣਾ ਕੀ ਹੈ?


'ਹੈਨਰੀ ਛੇਵਾਂ' ਵਿਚ ਇਕ ਅਜਿਹੇ ਸਰਕਾਰੀ ਕਰਮਚਾਰੀ ਦੀ ਮਿਸਾਲ ਹੈ, ਜੋ ਕੰਮ ਤੋਂ ਹਟਾਏ ਜਾਣ ਉਤੇ ਬਾਦਸ਼ਾਹ ਨਾਲ ਗਿਲਾ ਨਹੀਂ ਕਰਦਾ:

ਖੈਰਬਾਦ ਹੈ ਭੱਦਰ ਬਾਦਸ਼ਾਹ!
ਮੈਂ ਗਤ ਹੋਣਾ ਜਦੋਂ ਪਲਤ ਨੂੰ।
ਮਾਣੀ ਅਮਨ ਚੈਨ ਦੀ ਆਸ਼ਿਖ,
ਦੇਵੇ ਅੱਲਾ, ਦੇਵੇ ਤੇਰੇ ਤਖਤ ਨੂੰ।

ਹਾਂਸ ਉਕਤ ਨੁਕਤਾ ਸਮਝਾਉਣ ਲਈ ਪੰਜਾਬ ਦੇ ਰਹਿ ਚੁਕੇ ਰਾਜਪਾਲ ਧਰਮਵੀਰ ਦੀ ਮਿਸਾਲ ਦਿੰਦਾ ਹੈ, ਜਿਸ ਨੇ ਇਸ ਅਹੁਦੇ ਤੋਂ ਅਚਾਨਕ ਹਟਾਏ ਜਾਣ ਦਾ ਉਕਾ ਗਮ ਨਹੀਂ ਸੀ ਕੀਤਾ।

ਸ਼ੇਕਸਪੀਅਰ ਆਪਣੇ ਸਾਹਿਤਕ ਪਾਤਰਾਂ ਨੂੰ ਸਿਆਸੀ ਪਾਤਰਾਂ ਵਾਲਾ ਸਥਾਨ ਨਹੀਂ ਦਿੰਦਾ ਕਿਉਂਕਿ ਸਾਹਿਤਕ ਪਾਤਰ ਸਾਹਿਤਕਾਰ ਦੀ ਕਲਪਨਾ ਨੇ ਸਿਰਜੇ ਹੁੰਦੇ ਹਨ ਪਰ ਰਾਜਸੀ ਪਾਤਰ ਯਥਾਰਥ ਦੇ ਨੇੜੇ ਹੁੰਦੇ ਹਨ। ਕਾਲਪਨਿਕ ਪਾਤਰਾਂ ਵਿਚ ਕਾਵਿਕ ਚਮਕ-ਦਮਕ ਵਧੇਰੇ ਹੁੰਦੀ ਹੈ। ਇਥੋਂ ਤਕ ਕਿ ਆਸ਼ਿਕਾਂ, ਪਾਗਲਾਂ ਤੇ ਕਵੀਆਂ ਨੂੰ ਇੱਕੋ ਰੱਸੇ ਬੰਨ੍ਹਦਾ ਹੈ:

ਕੀ ਆਸ਼ਿਕ ਤੇ ਪਾਗਲ ਬੰਦੇ
ਮਗਜ਼ ਜਿਵੇਂ ਕੀ ਉਬਲਦੇ ਹਨ
ਬਿੰਬ ਬਲਿ ਜੋ ਰਹਿਣ ਬਣਾਉਂਦੇ



ਜਿਸ ਦਾ ਸਤਿ-ਗ੍ਰਹਿਣ ਰਿਹਾ ਹੈ
ਜਿਹੜਾ ਇਹਨੂੰ ਬਹੁਤਾ ਸਮਝਣ
ਠੰਢੀ ਮਤਿ ਦੀ ਕਰਨੀ ਨਾਲੋਂ
ਇੱਕ ਪਾਗਲ ਤੇ ਦੂਜਾ ਆਸ਼ਿਕ
ਤੀਜਾ ਰਲਿਆ ਆਪ ਕਵੀ ਹੈ
ਇਨ੍ਹਾਂ ਦੀ ਉਤਪੱਤੀ ਸੰਭਵ
ਸ਼ੁਧ ਕਲਪਨਾ ਵਾਲੇ ਘਰ ਤੋਂ।

ਸ਼ੇਕਸਪੀਅਰ ਦਾ ਇੱਕ ਹੋਰ ਰੰਗ ਦੇਖੋ। 'ਜਿਵੇਂ ਚਾਹੋ' ਨਾਟਕ ਵਿਚ ਜਦੋਂ ਔਰਲੈਂਡੋ ਦੇ ਭਰਾ ਔਲੀਵਰ ਨੂੰ ਕਤਲ ਦੇ ਦੋਸ਼ ਵਿਚ ਦਰ-ਬਦਰ ਕਰਕੇ ਮਾਰਡਨ ਦੇ ਜੰਗਲ ਵਿਚ ਭੇਜ ਦਿੱਤਾ ਜਾਂਦਾ ਹੈ, ਤਾਂ ਵੀ ਔਰਲੈਂਡੋ ਉਸ ਦੀ ਖਬਰ ਲੈਣ ਲਈ ਉਥੇ ਜਾਂਦਾ ਹੈ। ਕੀ ਵੇਖਦਾ ਹੈ ਕਿ ਔਲੀਵਰ ਸੁੱਤਾ ਪਿਆ ਹੈ ਤੇ ਇੱਕ ਸੱਪ ਉਸ ਨੂੰ ਡੱਸਣਾ ਚਾਹੁੰਦਾ ਹੈ। ਉਧਰ ਇੱਕ ਸ਼ੇਰਨੀ ਵੀ ਘਾਤ ਲਾਈ ਬੈਠੀ ਹੈ ਕਿ ਸੱਪ ਪਾਸੇ ਹੋਵੇ ਤਾਂ ਉਹ ਖੁਦ ਉਸ ਨੂੰ ਖਾਵੇ। ਨਾਟਕੀ ਸਿਖਰ ਇਹ ਹੈ ਕਿ ਔਰਲੈਂਡੋ 'ਕਾਤਲ' ਭਾਈ ਨੂੰ ਬਚਾਉਣ ਖਾਤਰ ਜਗਾਉਣ ਦੀ ਦੁਬਿਧਾ ਵਿਚ ਹੈ:

ਦੋ ਵਾਰੀ ਉਹ ਪਿੱਛੇ ਮੁੜਿਆ
ਐਸਾ ਰਿਹਾ ਇਰਾਦਾ ਉਸ ਦਾ
ਪਰ ਜੋ ਕਰੁਣਾ, ਬਦਲੇ ਨਾਲੋਂ
ਬਹੁਤੀ ਆਰਯ ਸਾਬਤ ਹੋ

ਜਿਸ ਨੇ ਉਹਨੂੰ ਸ਼ੇਰਨੀ ਨਾਲ
ਲੜਦੇ ਘੁਲਦੇ ਕੀਤਾ।
ਇਸ ਰੱਫੜ ਨੇ ਕਾਤਲ ਭਰਾ ਨੂੰ
ਆਪਣੀ ਨਿੰਦਰਾ ਤੋਂ ਉਠਵਾ ਦਿੱਤਾ।

ਪੰਜਾਬੀ ਬੰਦਾ ਰਿਜ਼ਕ ਦੀ ਖਾਤਰ ਦੇਸ-ਵਿਦੇਸ਼ ਧੱਕੇ ਖਾਂਦਾ ਹੈ, ਜਿਸ ਦਾ ਅਜੋਕੇ ਪੰਜਾਬੀ ਕਵੀਆਂ ਨੇ ਬੜਾ ਕਰੁਣਾਮਈ ਵਰਣਨ ਕੀਤਾ ਹੈ। ਸ਼ੇਕਸਪੀਅਰ ਦੇ ਸਮਿਆਂ ਵਿਚ ਵੀ ਯੁਵਕ ਲੋਕ ਧੱਕੇ ਖਾਂਦੇ ਸਨ। ਪੇਸ਼ ਹਨ, ਉਸ ਦੇ ਇੱਕ ਪਾਤਰ ਦੇ ਬੋਲ:

ਜਗ ਜਹਾਨੀ ਅੰਦਰ ਪੌਣ
ਵਕੀਰਨ ਕਰਦੀ ਯੁਵਕਾਂ ਨੂੰ ਹੈ
ਕਿਸਮਤ ਨੂੰ ਹਨ ਲਭਦੇ ਫਿਰਦੇ
ਦੂਰ ਦੁਰਾਡੇ ਵਤਨਾਂ ਤੋਂ ਕੀ?
ਜਿੱਥੇ ਨੀਮ ਤਜਰਬਾ ਹੁੰਦਾ ਜਗ-ਬੀਤੀ ਦਾ!

ਭਾਵ ਦੀ ਗਹਿਰਾਈ ਦੀ ਇੱਕ ਹੋਰ ਮਿਸਾਲ ਇਹ ਕਿ 'ਰੋਮੀਓ ਜੂਲੀਅਟ' ਵਿਚ ਇੱਕ ਕਥਨ ਹੈ ਕਿ ਲੋੜਵੰਦ ਪੁਰਸ਼ ਦੂਜਿਆਂ ਦੇ ਕੰਨ ਅਤੇ ਆਪਣਾ ਢਿੱਡ ਗੱਲਾਂ ਨਾਲ ਭਰ ਲੈਂਦਾ ਹੈ। ਪਰ ਸਮਰਥ ਵਿਅਕਤੀ ਅਜਿਹੇ ਰਾਹ ਤੁਰਨ ਨਾਲੋਂ ਉਦਾਰ ਹੁੰਦਾ ਹੈ। ਜੂਲੀਅਟ ਕਹਿੰਦੀ ਹੈ ਕਿ ਉਹ ਕਾਹਦਾ ਅਮੀਰ ਹੈ, ਜੀਹਨੂੰ ਪਤਾ ਹੈ ਕਿ ਉਹ ਅਮੀਰ ਹੈ:

ਜਿਸ ਦਾ ਮਾਣ ਮਹੱਤ ਹੈ ਉਸ ਨੂੰ
ਲੋੜ ਨਹੀਂ ਭੂਸ਼ਨ ਦੀ ਹੁੰਦੀ
ਉਹ ਤਾਂ ਯਾਚਕ ਹੈ ਮਿੱਟੀ ਦਾ
ਹੈ ਜੋ ਆਪਣੀ ਸੰਪੱਤੀ ਗਿਣਦਾ।

ਇੱਕ ਹੋਰ ਨਾਟਕ ਦਾ ਇੱਕ ਪਾਤਰ ਡੱਬਿਆਂ ਦੇ ਜੂਏ ਵਿਚ ਪਰੋਸ਼ਾ ਨਾਂ ਦੀ ਪਾਤਰ ਨੂੰ ਜਿੱਤ ਲੈਂਦਾ ਹੈ ਤਾਂ ਪਰੋਸ਼ਾ ਸੁਤੰਤਰ ਵਿਅਕਤੀ ਦੀ ਥਾਂ ਨਿਰਬ-ਘਰੀਣੀ ਹੋ ਜਾਂਦੀ ਹੈ। ਘਰੀਣੀ ਹੁੰਦੇ ਸਾਰ ਜੇਤੂ ਨੂੰ ਇਹ ਕਹਿਣ ਵਿਚ ਫੋਰਾ ਨਹੀਂ ਲਾਉਂਦੀ:

ਹੁਣੇ ਹੁਣੇ ਮੈਂ ਆਪੇ ਪਤਿਕਾ ਸੀ
ਇਸ ਰੂਪ ਮਹਿਲ ਦੀ ਜਿਹੜੀ
ਆਕਾ ਆਪਣੇ ਨਫਰਾਂ ਵਾਲੀ
ਬੇਗਮ ਆਪਣੇ ਆਪ ਦੀ ਮੈਂ
ਹੁਣੇ ਹੁਣੇ ਤੋਂ ਹੁਣ ਕੀ ਇਹ ਜੋ
ਇਹ ਘਰ, ਇਹ ਚਾਕਰ ਵੀ ਸਾਰੇ
ਨਾਲੇ ਮੇਰਾ ਆਪਣਾ ਆਪਾ
ਸਣੇ ਉਂਗਲ ਦੀ ਮੁੰਦਰੀ ਦੇ ਮੈਂ
ਤੁਧ ਦੇ, ਮੇਰੇ ਆਕਾ! ਕਰਾਂ ਹਵਾਲੇ।

ਭਾਰਤੀ ਮਿਥਿਹਾਸ ਵਿਚ ਵੀ ਦਾਓ ਵਿਚ ਲਾਏ ਜਾਣ ਸਦਕਾ ਦ੍ਰੋਪਦੀ ਜਿੱਤੀ ਗਈ ਸੀ ਤਾਂ ਦੁਰਯੋਧਨ ਵਲੋਂ ਭਰੀ ਸਭਾ ਵਿਚ ਨੰਗੀ ਕੀਤੇ ਜਾਣ ਦੀ ਮੰਗ ਤੋਂ ਬਚਣ ਲਈ ਉਸ ਨੇ ਕ੍ਰਿਸ਼ਨ ਦਾ ਅਰਾਧਨ ਕਰਕੇ ਆਪਣੇ ਆਪ ਨੂੰ ਇਸ ਭਾਣੇ ਤੋਂ ਬਚਾ ਲਿਆ ਸੀ। ਹੋ ਸਕਦਾ ਹੈ ਸ਼ੇਕਸਪੀਅਰ ਵਲੋਂ ਦਰਸਾਏ ਵਰਤਾਰੇ ਦਾ ਸੋਮਾ ਵੀ ਉਨ੍ਹਾਂ ਦਾ ਪੁਰਾਤਨ ਮਿਥਿਹਾਸ ਹੀ ਹੋਵੇ।

ਸ਼ੇਕਸਪੀਅਰ ਦੀ ਧਾਰਨਾ ਇਹ ਵੀ ਹੈ ਕਿ ਔਰਤ-ਮਰਦ ਵਾਸਨਾ ਸਬੰਧਾਂ ਦਾ ਵਰਤਾਰਾ ਕਦੀਮੀ ਹੈ, ਜੇ ਫਰਕ ਹੈ ਤਾਂ ਕੇਵਲ ਏਨਾ ਕਿ ਪੱਛਮ ਦੀ ਔਰਤ ਆਪਣੇ ਆਪ ਨੂੰ ਮਰਦ ਦੇ ਬਰਾਬਰ ਹੁੰਦੀ, ਧੱਕੇ ਨਾਲ ਆਪਣਾ ਹੱਕ ਮੰਗਦੀ ਹੈ, ਜਿਸ ਵਿਚ ਵਾਸਨਾ ਦਾ ਹੱਕ ਵੀ ਸ਼ਾਮਲ ਹੈ। ਇਸ ਦੇ ਉਲਟ ਭਾਰਤੀ ਪਤਨੀ ਲਈ ਪਤੀ ਪਰਮੇਸ਼ਰ ਹੈ। ਨਿਸ਼ਚੇ ਹੀ ਉਸ ਭਾਵਨਾ ਨੂੰ ਪੱਛਮ ਵਿਚ ਸਮਾਜਕ ਸਮਰਥਨ ਪ੍ਰਾਪਤ ਸੀ। ਸ਼ਾਇਦ ਅੱਜ ਵੀ ਹੈ।

ਜਿਥੋਂ ਤੱਕ ਭਾਰਤੀ ਧਾਰਨਾ ਤੇ ਭਾਵਨਾ ਦਾ ਸਬੰਧ ਹੈ, ਸੁਰਜੀਤ ਹਾਂਸ ਨੇ ਇਸ ਨੂੰ ਭਾਈ ਗੁਰਦਾਸ ਦੇ ਹੇਠ ਲਿਖੇ ਸ਼ਬਦ ਤੱਕ ਹੀ ਸੀਮਤ ਰਖਿਆ ਹੈ:

ਜੇ ਮਾਂ ਹੋਵੇ ਯਾਰਨੀ ਕਿਉਂ ਪੁੱਤ ਪਤਾਰੇ।

ਉਂਜ ਵੀ ਸ਼ੇਕਸਪੀਅਰ ਦੀ ਸਿਆਣਪ ਦਾ ਕੋਈ ਜਵਾਬ ਨਹੀਂ। ਉਹ ਇਸ ਵਰਤਾਰੇ ਦਾ ਭਾਂਡਾ ਸਮੇਂ ਦੇ ਸਿਰ 'ਤੇ ਭੰਨਦਾ ਹੈ। ਉਸ ਨੇ ਆਪਣੇ ਨਾਟਕ 'ਟਰਾਲੱਸ ਤੇ ਕਰਸੀਡਾ' ਵਿਚ ਸਮੇਂ ਨੂੰ ਅਜਿਹਾ ਚਾਬਕ-ਦਸਤ ਮਹਿਮਾਨ-ਨਵਾਜ਼ ਦੱਸਿਆ ਹੈ, ਜੋ ਬੀਤੇ ਨੂੰ ਤਾਂ ਹਲਕੀ ਜਿਹੀ ਹੱਥ-ਘੁੱਟਣੀ ਨਾਲ ਤੋਰ ਦਿੰਦਾ ਹੈ ਤੇ ਆਉਣ ਵਾਲੇ ਨੂੰ ਏਦਾਂ ਗਲਵੱਕੜੀ ਪਾ ਕੇ ਮਿਲਦਾ ਹੈ, ਜਿਵੇਂ ਉਸ ਨੇ ਅਸਮਾਨੀਂ ਉਡਣਾ ਹੋਵੇ:

ਇਹ ਤਾਂ ਵਕਤ ਜਿਵੇਂ ਕਿ ਹੁੰਦਾ
ਚਾਬਕ ਮਹਿਮਾਂਦਾਰ ਕੋਈ ਜੋ
ਕਿਵੇਂ ਪ੍ਰਾਹੁਣੇ ਜਾਂਦੇ ਨਾਲ ਤਾਂ
ਕੁਝ ਹੌਲਾ ਜਿਹਾ ਹੱਥ ਮਲਾਉਂਦਾ
ਐਪਰ ਕੀ ਬਾਹਾਂ ਫੈਲਾਉਂਦਾ
ਜਿਕਣ ਉਹਨੇ ਉਡ ਜਾਣਾ ਹੋਵੇ।
ਨਵ-ਆਵਤ ਨੂੰ ਗਲਵੱਕੜੀ ਪਾ ਕੇ
ਜੀ ਆਇਆ ਤਾਂ ਸਦਾ ਸਮਿਤ ਹੈ,
ਇਹ ਤਾਂ ਖੈਰਬਾਦ ਹੈ, ਹਉਕੇ ਲੈਂਦਾ ਜਾਂਦਾ।

ਉਕਤ ਤੁੱਕ ਨਾਲ ਸੁਰਜੀਤ ਹਾਂਸ ਦੀਆਂ ਦੋ ਧਾਰਨਾਵਾਂ ਉਤੇ ਵੀ ਮੋਹਰ ਲਗਦੀ ਹੈ। ਪਹਿਲੀ, ਤੁਕਾਂਤ-ਬੱਧ ਕਵਿਤਾ ਨਾਲੋਂ ਨਾਟਕੀ ਕਵਿਤਾ ਸੱਚ ਉਤੇ ਵਧੇਰੇ ਪਹਿਰਾ ਦੇਣ ਦੇ ਸਮਰਥ ਹੁੰਦੀ ਹੈ ਕਿਉਂਕਿ ਇਥੇ ਕਵੀ ਨੇ, ਜੇ ਕੋਈ ਗੱਲ ਮੁੱਕਦੀ ਹੈ ਤਾਂ ਮੁਕਾ ਦੇਣੀ ਹੈ, ਜੇ ਵਧਦੀ ਹੈ ਤਾਂ ਅਗਲੀ ਪੰਕਤੀ ਵਿਚ ਲੈ ਜਾਣੀ ਹੈ। ਇਹ ਵੀ ਕਿ ਸ਼ੇਕਸਪੀਅਰ ਦੇ ਮਹਾਨਤਮ ਨਾਟਕਕਾਰ ਹੋਣ 'ਤੇ ਤਾਂ ਸ਼ੱਕ ਹੋ ਸਕਦਾ ਹੈ ਪਰ ਉਹਦੀ ਨਾਟ-ਕਵਿਤਾ ਨੇ ਉਹਨੂੰ ਮਹਾਨ ਕਵੀ ਜ਼ਰੂਰ ਬਣਾ ਦਿੱਤਾ ਹੈ। ਹਾਂਸ ਨੇ ਕਈ ਥਾਂਵਾਂ 'ਤੇ ਭਾਰਤੀ, ਖਾਸ ਤੌਰ 'ਤੇ ਪੰਜਾਬੀ ਮਿਸਾਲਾਂ ਦਾ ਛੱਟਾ ਦਿੱਤਾ ਹੈ, ਜਿਸ ਤੋਂ ਬਿਨਾ ਗੱਲ ਨਹੀਂ ਸੀ ਬਣਨੀ।

ਨਿਸ਼ਚੇ ਹੀ ਅਜਿਹੇ ਵਿਦਵਾਨਾਂ ਦਾ ਕੋਈ ਘਾਟਾ ਨਹੀਂ ਜੋ ਸ਼ੇਕਸਪੀਅਰ ਨੂੰ ਹਾਂਸ ਨਾਲੋਂ ਵਧ ਸਮਝਦੇ ਹਨ ਪਰ ਸ਼ੇਕਸਪੀਅਰ ਜਿਹਾ ਵਿਦਵਾਨ ਕਿਧਰੇ ਨਹੀਂ ਮਿਲੇਗਾ ਜੋ ਭਾਰਤ ਜਾਂ ਪੰਜਾਬ ਨੂੰ ਹਾਂਸ ਨਾਲੋਂ ਵਧ ਜਾਣਦਾ ਹੋਵੇ।

**ਅੰਤਿਕਾ: ਜਗਤਾਰ**

ਕੁਝ ਬੇਹੀ ਰੋਟੀ ਦੇ ਟੁਕੜੇ
ਕੁਝ ਫਟੀਆਂ ਪੁਸਤਕਾਂ,
ਕਤਲ ਹੋਈ ਬਾਲਿਕਾ ਦੇ
ਪਾਟੇ ਹੋਏ ਬਸਤੇ 'ਚ ਸਨ।


# ਕਾਹਲਿਆਂ ਨੂੰ ਬਿਨ ਮੰਗੀ ਸਲਾਹ

## ਪੰਥਕ ਮਸਲੇ

ਬਾਦਲਕਿਆਂ ਦੀ ਚੜ੍ਹਤ ਨੂੰ ਜਿਥੋਂ ਤੱਕ ਬਾਦਲ ਸਾਹਿਬ ਲੈ ਗਏ ਹਨ, ਉਸ ਨੂੰ ਸਾਰਾ ਟੱਬਰ, ਰਿਸ਼ਤੇਦਾਰ ਅਤੇ ਸਮਰਥਕ ਰਲ ਕੇ ਵੀ ਨਹੀਂ ਸੰਭਾਲ ਪਾ ਰਹੇ। ਕਾਰਨ ਕੁਝ ਵੀ ਹੋਣ, ਇਸ ਵੇਲੇ ਇਹ ਸਿੱਖ ਮੁੱਦਾ ਬਣ ਚੁਕਾ ਹੈ। ਸਿਆਸੀ ਵਿਰੋਧੀਆਂ ਦਾ ਜ਼ੋਰ ਲੱਗਾ ਹੋਇਆ ਹੈ ਕਿ ਬਾਦਲਕਿਆਂ ਨੂੰ ਸਰਕਾਰੀ ਤੰਤਰ ਆਪਣੀ ਜਕੜ ਵਿਚ ਕੱਸ ਲਵੇ। ਪਰ ਮੌਜੂਦਾ ਮੁੱਖ ਮੰਤਰੀ ਨੂੰ ਅਹਿਸਾਸ ਹੈ ਕਿ ਅਜਿਹਾ ਉਹ ਪਿਛਲੇ ਰਾਜ ਕਾਲ ਵੇਲੇ ਤਿੰਨ ਸਾਲ ਬਰਬਾਦ ਕਰਕੇ ਨਹੀਂ ਸਨ ਕਰ ਸਕੇ ਕਿਉਂਕਿ ਕਾਨੂੰਨ ਨੂੰ ਵੇਖਣ ਦੀ ਉਸ ਤਰ੍ਹਾਂ ਖੁੱਲ੍ਹ ਨਹੀਂ ਹੈ, ਜਿਸ ਤਰ੍ਹਾਂ ਰਿਕਾਰਡ ਦਾ ਹਿੱਸਾ ਹੋ ਚੁਕੇ ਵੇਰਵਿਆਂ ਨੂੰ ਪੜ੍ਹ ਕੇ ਕਾਨੂੰਨੀ ਘੇਰੇ ਵਿਚ ਰਹਿ ਕੇ ਫੈਸਲਾ ਲੈਣ ਦਾ ਬੰਧਨ ਹੈ।

ਇਸੇ ਕਰਕੇ ਸਿਆਸਤ ਅਤੇ ਬੇਈਮਾਨੀ ਇਕੱਠੇ ਤੁਰਨ ਦੇ ਹੱਕਦਾਰ ਹੋ ਗਏ ਹਨ। ਇਹੋ ਜਿਹੀ ਸਥਿਤੀ ਵਿਚ ਬੇਅਦਬੀ ਕਾਂਡ ਨਾਲ ਜੁੜਿਆ ਸਿੱਖ ਮਸਲਾ ਬਾਦਲਕਿਆਂ ਦੇ ਗਲ ਪੈ ਗਿਆ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਸਿੱਖ ਭਾਵੁਕਤਾ ਸਿਆਸਤ ਤੋਂ ਲਗਾਤਾਰ ਹਾਰਦੀ ਆ ਰਹੀ ਹੈ। ਇਸ ਦੀ ਸ਼ੁਰੂਆਤ ਸਿਰਸੇ ਵਾਲੇ ਸਾਧ ਨੂੰ ਬਾਦਲਕਿਆਂ ਦੇ ਕਹਿਣ 'ਤੇ ਮਾਫੀ ਦੇਣ ਨਾਲ ਹੋਈ ਸੀ। ਇਸ ਦੇ ਵਿਰੋਧ ਵਿਚ ਪਹਿਲਾਂ ਸਰਬੱਤ ਖਾਲਸਾ, ਫਿਰ ਮੁਤਵਾਜ਼ੀ ਜਥੇਦਾਰ, ਆਪੇ ਬਣੇ ਪੰਜ ਪਿਆਰੇ ਅਤੇ ਅਕਾਲੀ ਪਰਤਾਂ ਵਾਲੀ ਸਿਆਸਤ ਬਾਦਲਕਿਆਂ ਦਾ ਇਸ ਕਰਕੇ ਬਹੁਤਾ ਨਹੀਂ ਵਿਗਾੜ ਸਕੀ ਕਿਉਂਕਿ ਲੜਾਈ ਬਾਦਲਕਿਆਂ ਨੇ ਸਿਧਿਆਂ ਲੜਨ ਦੀ ਥਾਂ ਜਥੇਦਾਰ ਅਕਾਲ ਤਖਤ ਰਾਹੀਂ ਲੜਨੀ ਸ਼ੁਰੂ ਕਰ ਦਿੱਤੀ ਸੀ ਤੇ ਹੈ।





ਕਹਿਣਾ ਇਹ ਚਾਹ ਰਿਹਾ ਹਾਂ ਕਿ ਬਾਦਲਕਿਆਂ ਦੀ ਤਾਕਤ ਬਾਦਲਕਿਆਂ ਦੇ ਵਿਰੋਧੀ ਹਨ। ਇਸ ਕੂਟਨੀਤੀ ਨੂੰ ਕੈਪਟਨ ਅਮਰਿੰਦਰ ਸਿੰਘ ਖੂਬ ਸਮਝਦਾ ਹੈ ਅਤੇ ਇਸੇ ਕਰਕੇ ਉਸ ਨੂੰ ਲਗਾਤਾਰ ਬਾਦਲਕਿਆਂ ਨਾਲ ਰਲਿਆ ਹੋਇਆ ਕਿਹਾ ਜਾ ਰਿਹਾ ਹੈ। ਇਹ ਨਹੀਂ ਭੁਲਣਾ ਚਾਹੀਦਾ ਕਿ ਬਾਦਲਕਿਆਂ ਨੂੰ ਸਿਆਸੀ ਸੁਰ ਵਿਚ ਏਨਾ ਕੁ ਹੀ ਮਾਰਿਆ ਜਾ ਸਕਦਾ ਸੀ ਤੇ ਹੈ, ਜਿੰਨਾ ਕੁ ਕੈਪਟਨ ਸਰਕਾਰ ਬਣ ਜਾਣ ਨਾਲ ਮਾਰਿਆ ਜਾ ਚੁਕਾ ਸਮਝ ਆਉਂਦਾ ਹੈ।

ਬਾਦਲਕਿਆਂ ਦੇ ਬਦਲ ਵਾਸਤੇ ਪੈਦਾ ਹੋਈ ਸਿਆਸੀ ਸਪੇਸ ਤਾਂ ਕੈਪਟਨ ਸਰਕਾਰ ਕੋਲ ਹੈ, ਪਰ ਬਾਦਲਕਿਆਂ ਦੇ ਵਿਰੋਧ ਵਿਚ ਪੈਦਾ ਹੋ ਗਈ ਪੰਥਕ ਸਪੇਸ ਅਜੇ ਵੀ ਖਾਲੀ ਪਈ ਹੈ। ਇਸ ਨੂੰ ਬਾਦਲ ਮੁਕਤ ਪੰਥਕਤਾ ਨਾਲ ਭਰਿਆ ਜਾ ਸਕਦਾ ਹੈ। ਪਰ ਪੰਥਕ ਸਿਆਸਤ ਦੇ ਦਾਅਵੇਦਾਰ ਇਸ ਵਿਚ ਵੱਡੀ ਰੁਕਾਵਟ ਬਣੇ ਹੋਏ ਹਨ। ਬਰਗਾੜੀ ਧਰਨਾ ਇਸ ਮਹੀਨੇ ਦੇ ਪਹਿਲੇ ਹਫਤੇ ਸੌ ਦਿਨ ਪੂਰੇ ਕਰ ਚੁਕਾ ਹੈ। ਇਸ ਨਾਲ ਅਕਾਲੀ ਵਰਕਰ, ਅਕਾਲੀ ਵਾਲੰਟੀਅਰ ਤੇ ਪੰਥਕ ਵਰਕਰ ਅਤੇ ਪੰਥਕ ਵਾਲੰਟੀਅਰ ਆਪੋ ਆਪਣੇ ਰੰਗ ਵਿਚ ਪੈਦਾ ਹੋ ਗਏ ਹਨ। ਜਿਵੇਂ ਅਕਾਲੀ ਵਾਲੰਟੀਅਰ, ਅਕਾਲੀਆਂ ਨਾਲ ਨਹੀਂ ਹਨ; ਉਵੇਂ ਹੀ ਪੰਥਕ ਵਾਲੰਟੀਅਰ ਪੰਥਕ ਸਿਆਸਤ ਦੇ ਦਾਅਵੇਦਾਰਾਂ ਨਾਲ ਨਹੀਂ ਹਨ। ਜੋ ਕਿਸੇ ਦੇ ਨਾਲ ਨਹੀਂ ਹਨ, ਤਬਦੀਲੀ ਉਨ੍ਹਾਂ ਨੇ ਲਿਆਉਣੀ ਹੈ। ਪਰ ਇਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਸਿੱਖ ਸੁਰ ਵਿਚ ਲੋੜੀਂਦੀ ਵਿਉਂਤਬੰਦੀ ਵਾਲੇ ਰਾਹ ਤੁਰਨ ਨੂੰ ਕੋਈ ਵੀ ਤਿਆਰ ਨਹੀਂ ਹੈ ਕਿਉਂਕਿ ਹਰ ਕੋਈ ਉਤਰ ਕਾਟੋ ਮੈਂ ਚੜ੍ਹਾਂ ਦੀ ਸਿਆਸਤ ਕਰੀ ਜਾ ਰਿਹਾ ਹੈ। ਜਿਸ ਨੇ ਬਲਵਿੰਦਰ ਸਿੰਘ ਭੂੰਦੜ ਦੇ ਖਿਲਾਫ ਐਫ. ਆਈ. ਆਰ. ਲਿਖਵਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਕੌਣ ਦੱਸੇ ਕਿ ਇਹ ਭੂੰਦੜ ਦੇ ਵਿਰੋਧ ਵਿਚ ਨਹੀਂ, ਹੱਕ ਵਿਚ ਭੁਗਤੇਗੀ।

ਇਹ ਕੌਣ ਸੋਚੇਗਾ ਕਿ 1925 ਦੇ ਐਕਟ ਨੇ ਜੇ ਪੰਥਕ ਉਸਾਰ ਵਾਸਤੇ ਕੋਈ ਭੂਮਿਕਾ ਨਹੀਂ ਨਿਭਾਈ ਤਾਂ ਮੁਕੱਦਮੇਬਾਜ਼ੀਆਂ ਪੰਥਕ ਉਸਾਰ ਦੇ ਹੱਕ ਵਿਚ ਕਿਵੇਂ ਭੁਗਤ ਸਕਦੀਆਂ ਹਨ। ਭਾਵੁਕਤਾ ਤਾਂ ਆਸਥਾ ਨੂੰ ਵੀ ਉਲਝਾ ਦਿੰਦੀ ਹੈ ਕਿਉਂਕਿ ਭਾਵੁਕਤਾ, ਵਕਤੀ ਉਬਾਲ ਹੈ ਅਤੇ ਇਸ ਨੂੰ ਸੁਲਝਿਆ ਹੋਇਆ ਸਿਰੜ ਸਮਝਣ ਦੀ ਗਲਤੀ ਨਹੀਂ ਕਰਨੀ ਚਾਹੀਦੀ। ਭਾਵੁਕਤਾ ਦੀ ਅੰਨ੍ਹੀ ਵਰਤੋਂ ਨੂੰ ਪੰਥਕ ਜਜ਼ਬਾ ਸਮਝ ਲੈਣ ਦੀਆਂ ਤਿਫਲ ਤਸੱਲੀਆਂ ਦੀ ਸਿਆਸਤ ਨੂੰ ਵਰਤ ਕੇ ਹੀ ਬਾਦਲਕੇ ਇਥੋਂ ਤੱਕ ਪਹੁੰਚੇ ਹਨ।

20 ਸਤੰਬਰ ਨੂੰ ਸਿੱਖ ਨੌਜਵਾਨਾਂ ਦੇ ਇਕੱਠ ਨੂੰ ਇਸ ਰੌਂਅ ਵਿਚ ਰੁੜ੍ਹ ਜਾਣ ਤੋਂ ਬਚਾਉਣ ਲਈ ਮੈਨੂੰ ਇਹੀ ਸੁੱਝਿਆ ਹੈ ਕਿ ਵੱਡੇ ਇਕੱਠਾਂ ਵਿਚ ਫੈਸਲੇ ਨਹੀਂ ਲਏ ਜਾ ਸਕਦੇ। ਪਰ ਸਾਂਝੀ ਸਮਝ ਨਾਲ ਜੁੜੇ ਹੋਏ ਫੈਸਲਿਆਂ ਨੂੰ ਸੰਗਤੀ ਇਕੱਠਾਂ ਰਾਹੀਂ ਲਾਗੂ ਕਰਨ ਵਾਲੇ ਰਾਹ ਪਾਇਆ ਜਾ ਸਕਦਾ ਹੈ। ਮੇਰੀ ਜਾਚੇ ਬਾਦਲਕੇ ਜਿਸ ਪੌੜੀ ਰਾਹੀਂ ਟੀਸੀ 'ਤੇ ਚੜ੍ਹੇ ਹਨ, ਉਸੇ ਪੌੜੀ ਰਾਹੀਂ ਥੱਲੇ ਉਤਰਨ ਦਾ ਰਾਹ ਕੱਢਣਾ ਹੀ ਪੰਥਕ ਰਾਹ ਹੋਵੇਗਾ। ਇਸ ਨੂੰ ਮੈਂ ਬਾਦਲ ਮੁਕਤ ਅਕਾਲੀ ਦਲ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਸ ਰਾਹ ਪੈ ਕੇ ਅਕਾਲੀ ਵਰਕਰਾਂ ਨਾਲ ਟਕਰਾ ਤੋਂ ਬਚਿਆ ਜਾ ਸਕਦਾ ਹੈ। ਇਹ ਰਾਹ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸੰਗਤੀ ਸੰਸਥਾਵਾਂ ਰਾਹੀਂ ਹੀ ਨਿਕਲਣਾ ਹੈ। ਇਸ ਬਾਰੇ ਲੋੜੀਂਦੀ ਪ੍ਰੋਗਰਾਮਿੰਗ ਅਤੇ ਪਲੈਨਿੰਗ ਕਰਕੇ ਹੀ ਸਹੀ ਸੇਧ ਵਿਚ ਤੁਰਿਆ ਜਾ ਸਕਦਾ ਹੈ। ਇਕਹਿਰੇ ਯਤਨ ਹੋ ਰਹੇ ਹਨ। ਲੋੜ ਸਾਂਝੇ ਯਤਨਾਂ ਨਾਲ ਸਾਂਝੀ ਸਮਝ 'ਤੇ ਪਹੁੰਚਣ ਦੀ ਹੈ। ਅਜਿਹਾ ਸੁਜੱਗਤਾ ਨਾਲ ਤਾਂ ਹੋ ਸਕਦਾ ਹੈ, ਸਿਆਸੀ ਇਕੱਠਾਂ ਰਾਹੀਂ ਕਰ ਸਕਣਾ ਮੈਨੂੰ ਸੰਭਵ ਨਹੀਂ ਲੱਗਦਾ।

-ਬਲਕਾਰ ਸਿੰਘ (ਪ੍ਰੋ.)
ਪਟਿਆਲਾ।

# ਗੁਰਦੁਆਰਾ ਸੰਤ ਸਾਗਰ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਹਾੜਾ ਮਨਾਇਆ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਜੁਗੋ ਜੁਗ ਅਟਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਪੁਰਬ ਸਥਾਨਕ ਗੁਰਦੁਆਰਾ ਸੰਤ ਸਾਗਰ ਵਿਖੇ 16 ਸਤੰਬਰ ਨੂੰ ਬੜੀ ਸ਼ਰਧਾ



ਭਾਵਨਾ ਨਾਲ ਮਨਾਇਆ ਗਿਆ।

ਇਸ ਸਬੰਧੀ ਸਜੇ ਦੀਵਾਨ ਦਾ ਅਰੰਭ ਭਾਈ ਜਰਨੈਲ ਸਿੰਘ ਮਹਿਕ ਦੇ ਜਥੇ ਨੇ ਸਵੇਰੇ 9 ਵਜੇ ਆਸਾ ਦੀ ਵਾਰ ਦੇ ਮਨੋਹਰ ਕੀਰਤਨ ਰਾਹੀਂ ਕੀਤੀ। ਉਪਰੰਤ ਇਸ ਮੌਕੇ ਗੁਰੂ ਘਰ ਦੇ ਪ੍ਰੇਮਿਆਂ ਵਲੋਂ ਘਰੋ ਘਰੀ ਕੀਤੇ ਗਏ 95 ਸਹਿਜ ਪਾਠਾਂ ਅਤੇ ਜੋ ਪ੍ਰੇਮੀ ਸਹਿਜ ਪਾਠ ਨਹੀਂ ਸੀ ਕਰ ਸਕਦੇ, ਉਨ੍ਹਾਂ ਵਲੋਂ ਕੀਤੇ ਗਏ ਸੁਖਮਨੀ ਸਾਹਿਬ ਦੇ 11 ਪਾਠਾਂ ਦੇ ਸਮੂਹਿਕ ਭੋਗ ਗੁਰਦੁਆਰਾ ਸੰਤ ਸਾਗਰ ਵਿਖੇ



ਸਵੇਰੇ 10 ਵਜੇ ਪਾਏ ਗਏ।

ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਅਤੇ ਗੁਰਦੁਆਰਾ ਸੰਤ ਸਾਗਰ ਦੇ ਮੁੱਖ ਸੇਵਾਦਾਰ ਭਾਈ ਸੱਜਣ ਸਿੰਘ ਨੇ ਆਰਤੀ ਕੀਰਤਨ ਤੇ ਸੰਗਤ ਵਲੋਂ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਤੇ ਨਾਲ ਹੀ ਅਗਲੇ ਸਹਿਜ ਪਾਠਾਂ ਦੇ ਅਰੰਭ ਦੀ ਅਰਦਾਸ ਕੀਤੀ। ਜਿਨ੍ਹਾਂ ਪ੍ਰੇਮੀਆਂ ਨੇ ਸਹਿਜ ਪਾਠ ਕੀਤੇ ਸਨ, ਉਨ੍ਹਾਂ ਦਾ ਗੁਰਦੁਆਰਾ ਸੰਤ ਸਾਗਰ ਦੀ ਇਸਤਰੀ ਸਤਸੰਗ ਵਲੋ ਸ਼ਾਲ ਭੇਟ ਕਰਕੇ ਸਨਮਾਨ ਕੀਤਾ ਗਿਆ।

ਉਪਰੰਤ ਦਿਨ ਦੇ ਦੀਵਾਨ ਦਾ ਅਰੰਭ ਹੋਇਆ ਜਿਸ ਵਿਚ ਕਥਾਵਾਚਕ ਗਿਆਨੀ ਪੂਰਨ ਸਿੰਘ ਲੁਧਿਆਣਾ ਨੇ ਗੁਰਮਤਿ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ। ਭਾਈ ਸੱਜਣ ਸਿੰਘ, ਭਾਈ ਜਰਨੈਲ ਸਿੰਘ ਮਹਿਕ ਅਤੇ ਭਾਈ ਅਮਰੀਕ ਸਿੰਘ ਗੁਰਦਾਸਪੁਰ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।















# ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿਚ ਪਹੁੰਚੇ ਅਜਮੇਰ ਰੋਡੇ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਸਤੰਬਰ ਮਹੀਨੇ ਦੀ ਲੰਘੇ ਐਤਵਾਰ ਇਥੇ ਹੋਈ ਮੀਟਿੰਗ ਵਿਚ ਮੁੱਖ ਮਹਿਮਾਨ ਵੈਨਕੂਵਰ (ਕੈਨੇਡਾ) ਵਸਦੇ ਪੰਜਾਬੀ ਦੇ ਪ੍ਰਸਿੱਧ ਲੇਖਕ ਅਜਮੇਰ ਰੋਡੇ ਸਨ।

ਸਾਹਿਤਕ ਦੌਰ ਦੇ ਅਰੰਭ ਵਿਚ ਪ੍ਰੇਮ ਮਾਨ ਨੇ ਅਜਮੇਰ ਰੋਡੇ ਨੂੰ ਜੀ ਆਇਆਂ ਆਖਿਆ ਅਤੇ ਸਭਾ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਲਿਖਤਾਂ ਅਤੇ ਪ੍ਰਾਪਤੀਆਂ ਤੋਂ ਜਾਣੂ ਕਰਾਇਆ। ਅਜਮੇਰ ਰੋਡੇ Words Without Borders ਸੰਸਥਾ ਦੇ ਸੱਦੇ 'ਤੇ ਆਪਣੀਆਂ ਅੰਗਰੇਜ਼ੀ ਦੀਆਂ ਕਵਿਤਾਵਾਂ ਪੜ੍ਹਨ ਲਈ ਨਿਊ ਯਾਰਕ ਆਏ ਸਨ।



ਡਾ. ਗੁਰਿੰਦਰ ਮਾਨ ਨੇ ਆਖਿਆ ਕਿ ਕਵਿਤਾ ਉਹ ਹੈ ਜੋ ਇਕ ਵਾਰ ਪੜ੍ਹੋ ਤੇ ਫਿਰ ਭੁੱਲੇ ਨਾ। ਡਾ. ਸੰਦੀਪ ਸਿੰਘ ਨੇ ਸਭਾ ਦੀ ਤਰਫੋਂ ਅਜਮੇਰ ਰੋਡੇ ਦਾ ਸਭਾ ਦੀ ਮੀਟਿੰਗ ਵਿਚ ਆਉਣ ਲਈ ਨਿੱਘਾ ਸਵਾਗਤ ਕੀਤਾ। ਉਨ੍ਹਾਂ ਆਖਿਆ ਕਿ ਜੇ ਅਸੀਂ ਅਜਮੇਰ ਰੋਡੇ ਬਾਰੇ ਬੋਲਣ ਲੱਗੀਏ ਤਾਂ ਇਕ 'ਲੀਲਾ' ਹੋਰ ਲਿਖੀ ਜਾਵੇਗੀ।

ਇਸ ਮੌਕੇ ਬੋਲਦਿਆਂ ਅਜਮੇਰ ਰੋਡੇ ਨੇ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਕਿਤਾਬ 'ਵਿਸ਼ਵ ਦੀ ਨੁਹਾਰ' ਸੀ ਜੋ ਵਾਰਤਕ ਦੀ ਕਿਤਾਬ ਸੀ ਅਤੇ ਕਵਿਤਾ ਦੀ ਪਹਿਲੀ ਕਿਤਾਬ 'ਸੁਰਤੀ' ਸੀ। ਉਨ੍ਹਾਂ ਨੇ ਇਸ ਕਿਤਾਬ ਦੇ ਆਧਾਰ 'ਤੇ ਹੀ ਆਪਣੀ ਬੇਟੀ ਦਾ ਨਾਂ ਵੀ ਸੁਰਤੀ ਰੱਖਿਆ। ਉਨ੍ਹਾਂ ਕਿਹਾ ਕਿ ਦੁਨੀਆਂ ਵਿਚ ਕਵਿਤਾ ਕਦੇ ਵੀ ਖਤਮ ਨਹੀਂ ਹੋਵੇਗੀ। ਨਾਵਲ ਅਤੇ ਕਹਾਣੀਆਂ ਜਿਨ੍ਹਾਂ ਵਿਚ ਕਾਵਿਕ ਭਾਸ਼ਾ ਵਰਤੀ ਜਾਂਦੀ ਹੈ, ਪਾਠਕਾਂ ਨੂੰ ਜ਼ਿਆਦਾ ਖਿੱਚਦੀਆਂ ਹਨ। ਅਜਮੇਰ ਰੋਡੇ ਨੇ ਆਪਣੀ ਕਵਿਤਾਵਾਂ ਦੀ ਕਿਤਾਬ 'ਲੀਲਾ', ਜੋ ਉਨ੍ਹਾਂ ਨੇ ਆਪਣੇ ਵੱਡੇ ਭਰਾ ਨਵਤੇਜ ਭਾਰਤੀ ਨਾਲ ਸਾਂਝੀ ਲਿਖੀ ਸੀ, ਬਾਰੇ ਗੱਲਾਂ ਕੀਤੀਆਂ। ਕਿਤਾਬ ਦੇ 1000 ਤੋਂ ਵੱਧ ਸਫੇ ਹਨ। ਹੁਣ ਅਜਮੇਰ ਰੋਡੇ ਅਤੇ ਨਵਤੇਜ ਭਾਰਤੀ 'ਲੀਲਾ' ਦੇ ਨਵੇਂ ਐਡੀਸ਼ਨ ਦੀ ਤਿਆਰੀ ਵਿਚ ਰੁੱਝੇ ਹੋਏ ਹਨ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ 'ਕਾਲੀ', 'ਕਿਣਕਾ' ਤੇ 'ਪੱਗਾਂ ਵਾਲੇ ਚਾਰ ਜਣੇ' ਪੜ੍ਹੀਆਂ ਅਤੇ ਕੁਝ ਦੋਹਰੇ ਵੀ ਸੁਣਾਏ। 'ਕਿਣਕਾ' ਦਾ ਅੰਗਰੇਜ਼ੀ ਉਲਥਾ ਬਿੱਲ ਗੇਟਸ ਅਤੇ ਮਲਿੰਡਾ ਗੇਟਸ ਦੀ ਚੈਰੀਟੇਬਲ ਫਾਊਂਡੇਸ਼ਨ ਦੇ ਸਿਆਟਲ ਵਿਚ ਬਣੇ ਦਫਤਰ ਦੀ ਕੰਧ 'ਤੇ ਵੀ ਉਕਰਿਆ ਹੋਇਆ ਹੈ। ਅਜਮੇਰ ਰੋਡੇ ਨੇ ਆਪਣੀ ਕਹਾਣੀ 'ਗਿੱਲੀਆਂ ਅੱਖਾਂ' ਵੀ ਪੜ੍ਹੀ ਜਿਸ ਦੀ ਸਭਾ ਦੇ ਮੈਂਬਰਾਂ ਨੇ ਬਹੁਤ ਤਾਰੀਫ ਕੀਤੀ। ਉਨ੍ਹਾਂ ਆਪਣੇ ਨਾਟਕਾਂ ਬਾਰੇ ਵੀ ਗੱਲਬਾਤ ਕੀਤੀ। ਅਖੀਰ ਵਿਚ ਉਨ੍ਹਾਂ ਨੇ ਸਭਾ ਦੇ ਮੈਂਬਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ।

ਮੀਟਿੰਗ ਦੇ ਅਗਲੇ ਦੌਰ ਵਿਚ ਤਰਸੇਮ ਘੁੰਮਣ ਤੇ ਤਰਲੋਕਬੀਰ ਨੇ ਆਪਣੀ ਇਕ-ਇਕ ਅਤੇ ਸੰਦੀਪ ਸਿੰਘ ਨੇ ਆਪਣੀਆਂ ਦੋ ਕਵਿਤਾਵਾਂ ਕਵਿਤਾਵਾਂ ਪੜ੍ਹੀਆਂ, ਕੁਲਦੀਪ ਸੇਠੀ ਨੇ ਆਪਣਾ ਇਕ ਗੀਤ ਗਾ ਕੇ ਸੁਣਾਇਆ। ਡਾ. ਸ਼ਸ਼ੀਕਾਂਤ ਉਪਲ ਨੇ ਆਪਣੇ ਕੁਝ ਦੋਹਰੇ ਅਤੇ ਗਜ਼ਲਾਂ ਦੇ ਕੁਝ ਸ਼ੇਅਰ ਸੁਣਾਏ। ਰਾਣੀ ਨਗਿੰਦਰ ਨੇ ਆਪਣੀਆਂ ਕੁਝ ਕਵਿਤਾਵਾਂ ਸੁਣਾਈਆਂ। ਡਾ. ਰਾਮਜੀ ਦਾਸ ਸੇਠੀ ਨੇ ਆਪਣੀ ਕਵਿਤਾ 'ਕਦੇ ਤੇਰੀ ਪੁੰਨਿਆਂ ਤੇ ਕਦੇ ਤੇਰੀ ਮੱਸਿਆ' ਪੜ੍ਹ ਕੇ ਸਰੋਤਿਆਂ ਨੂੰ ਖੂਬ ਹਸਾਇਆ। ਮਨਮੋਹਨ ਪੂੰਨੀ ਨੇ ਆਪਣੀ ਇਕ ਕਵਿਤਾ ਸੁਣਾਈ। ਸੁਰਿੰਦਰ ਸੋਹਲ ਨੇ ਆਪਣੀ ਇਕ ਗਜ਼ਲ ਪੜ੍ਹੀ। ਨੀਲਮ ਬੇਦੀ ਨੇ ਇਕ ਹਿੰਦੀ ਕਵਿਤਾ ਸੁਣਾਈ। ਤਰਲੋਚਨ ਸੱਚਰ ਨੇ ਮਾਂ ਬਾਰੇ ਲਿਖੀ ਆਪਣੀ ਇਕ ਕਵਿਤਾ ਪੜ੍ਹਨ ਤੋਂ ਬਾਦ ਆਪਣੀ ਦੋਸਤ ਬਲਵਿੰਦਰ ਘੁੰਮਣ ਦੀਆਂ ਦੋ ਕਵਿਤਾਵਾਂ ਸੁਣਾਈਆਂ। ਪ੍ਰੇਮ ਮਾਨ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ।

ਅਖੀਰ ਵਿਚ ਕਲਾਸੀਕਲ ਸੰਗੀਤ ਦੀ ਮਾਹਿਰ ਗਾਇਕਾ ਰੀਤਾ ਕੋਹਲੀ ਨੇ ਪਹਿਲਾਂ ਬੁੱਲ੍ਹੇ ਸ਼ਾਹ ਦਾ ਗੀਤ 'ਮੱਕੇ ਗਿਆਂ ਗੱਲ ਮੁੱਕਦੀ ਨਾਹੀਂ' ਗਾਇਆ ਅਤੇ ਫਿਰ 'ਬਾਜਰੇ ਦਾ ਸਿੱਟਾ ਵੇ ਅਸਾਂ ਤਲੀ 'ਤੇ ਮਰੋੜਿਆ' ਪੇਸ਼ ਕੀਤਾ। ਮੀਟਿੰਗ ਵਿਚ ਭਾਸ਼ਾ, ਵਿਸ਼ੇਸ਼ ਕਰ ਕੇ ਪੰਜਾਬੀ ਭਾਸ਼ਾ 'ਤੇ ਵੀ ਖੂਬ ਵਿਚਾਰ-ਵਟਾਂਦਰਾ ਹੋਇਆ।

ਮੀਟਿੰਗ ਵਿਚ ਲਵਲੀਨ ਕੌੜਾ, ਸੁਨੀਤਾ ਕੌੜਾ, ਸਰਬਜੀਤ ਮਾਨ, ਜੁਗਲ ਅਗਰਵਾਲ, ਡਾ. ਅਮਰਜੀਤ ਸ਼ਾਸਤਰੀ ਅਤੇ ਚੰਦਰਭਾਨ ਆਰੀਆ ਵੀ ਹਾਜ਼ਰ ਸਨ।

# ਯੂਨਾਈਟਡ ਸਪੋਰਟਸ ਕਲੱਬ ਦਾ 14ਵਾਂ ਵਿਸ਼ਵ ਕੱਪ ਬੇਏਰੀਆ ਲਾਇਨਜ਼ ਸਪੋਰਟਸ ਕਲੱਬ ਨੇ ਜਿਤਿਆ

## 15ਵਾਂ ਵਿਸ਼ਵ ਕਬੱਡੀ ਕੱਪ ਅਗਲੇ ਸਾਲ 15 ਸਤੰਬਰ ਨੂੰ

**ਯੂਨੀਅਨ ਸਿਟੀ (ਬਿਊਰੋ):** ਇਥੇ ਲੋਗਨ ਹਾਈ ਸਕੂਲ 'ਚ ਲੰਘੇ ਐਤਵਾਰ ਨੂੰ ਕਰਵਾਇਆ ਗਿਆ ਯੂਨਾਈਟਡ ਸਪੋਰਟਸ ਕਲੱਬ ਦਾ 14ਵਾਂ ਕਬੱਡੀ ਵਿਸ਼ਵ ਕੱਪ ਬੇਏਰੀਆ ਲਾਇਨਜ਼ ਸਪੋਰਟਸ ਕਲੱਬ ਨੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਨੂੰ 27 ਦੇ ਮੁਕਾਬਲੇ 44 ਅੰਕ ਨਾਲ ਹਰਾ ਕੇ ਆਪਣੇ ਨਾਂ ਕਰਵਾ ਲਿਆ।

ਮੁਕਾਬਲੇ ਵਿਚ ਕੁਲ ਚਾਰ ਟੀਮਾਂ-ਬੇਏਰੀਆ ਲਾਇਨਜ਼, ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ, ਬਾਬਾ ਸੰਗ ਜੀ ਸਪੋਰਟਸ ਕਲੱਬ ਮਿਡਵੈਸਟ ਅਤੇ ਰਾਇਲ ਕਿੰਗਜ਼ ਯੂ. ਐਸ. ਏ. ਭਿੜੀਆਂ। ਇਨ੍ਹਾਂ ਵੱਡੀਆਂ ਕਲੱਬਾਂ ਦੇ ਸ਼ੁਰੂਆਤੀ ਅਤੇ ਸੈਮੀਫਾਈਨਲ ਮੁਕਾਬਲੇ ਵੀ ਬਹੁਤ ਫਸਵੇਂ ਸਨ।

ਬੇ-ਏਰੀਆ ਸਪਰੋਟਸ ਕਲੱਬ ਅਤੇ ਲੱਛਰ ਭਰਾਵਾਂ ਦੀ ਲਾਸ ਬੈਨੋਸ ਦੀ ਟੀਮ ਵਿਚਾਲੇ ਫਾਈਨਲ ਮੁਕਾਬਲਾ ਏਨਾ ਦਿਲਚਸਪ ਸੀ ਕਿ ਪਹਿਲੇ ਅੱਧ 'ਚ ਹਰ ਰੇਡ 'ਤੇ ਕਬੱਡੀ ਪ੍ਰੇਮੀਆਂ ਨੇ ਸਟਾਪਰਾਂ ਤੇ ਰੇਡਰਾਂ ਲਈ ਦਿਲ ਖੋਲ੍ਹ ਕੇ ਨਕਦ ਇਨਾਮ ਦਿੱਤੇ। ਪਹਿਲਾ ਇਨਾਮ ਡਾਇਮੰਡ ਸਪੋਰਟਸ ਕਲੱਬ ਦੇ ਗੁਲਵਿੰਦਰ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਸਪਾਂਸਰ ਕੀਤਾ ਗਿਆ ਸੀ, ਜਦੋਂਕਿ ਦੂਜਾ ਇਨਾਮ ਸਹੋਤਾ ਭਰਾਵਾਂ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਸਪਾਂਸਰ ਕੀਤਾ ਗਿਆ ਸੀ।

ਅੰਡਰ-21 ਦੇ ਮੁਕਾਬਲਿਆਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ ਸੈਕਰਾਮੈਂਟੋ ਦੀ ਟੀਮ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ 39 ਦੇ ਮੁਕਾਬਲੇ 73 ਅੰਕਾਂ ਨਾਲ ਹਰਾ ਕੇ ਜੇਤੂ ਰਹੀ ਜਦੋਂ ਕਿ ਅੰਡਰ-25 ਵਿਚ ਖਾਲਸਾ ਸਪੋਰਟਸ ਦੀ ਟੀਮ ਨੇ ਯੂਬਾ ਬ੍ਰਦਰਜ਼ ਨੂੰ 25 ਦੇ ਮੁਕਾਬਲੇ 53 ਅੰਕਾਂ ਨਾਲ ਹਰਾਇਆ।

ਕਬੱਡੀ ਕੱਪ ਦਾ ਰਸਮੀ ਉਦਘਾਟਨ ਸੁਰਜੀਤ ਸਿੰਘ ਟੁੱਟ, ਮਾਈਕ ਬੋਪਾਰਾਏ, ਜਸਪ੍ਰੀਤ ਸਿੰਘ ਅਟਾਰਨੀ, ਮੇਜਰ ਸਿੰਘ ਬੈਂਸ ਅਤੇ ਹਰਦੁੱਮਣ ਸਿੰਘ ਬਿੱਲਾ ਸੰਘੇੜਾ ਨੇ ਸਾਂਝੇ ਰੂਪ ਵਿਚ ਕੀਤਾ ਤੇ ਇਸ ਕਬੱਡੀ ਕੱਪ ਲਈ ਯੂਨਾਈਟਿਡ ਸਪੋਰਟਸ ਕਲੱਬ ਅਤੇ ਗਾਖਲ ਭਰਾਵਾਂ ਨੂੰ ਵਧਾਈ ਦਿੱਤੀ।

ਇਸ ਵਿਸ਼ਵ ਕੱਪ ਦੀ ਸਫਲਤਾ 'ਤੇ ਖੁਸ਼ੀ ਜਾਹਰ ਕਰਦਿਆਂ ਖੇਡ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਸਫਲਤਾ ਦਾ ਸਿਹਰਾ ਵੱਡੀ ਗਿਣਤੀ ਵਿਚ ਪਹੁੰਚੇ ਦਰਸ਼ਕਾਂ ਦੇ ਸਿਰ ਬੰਨ੍ਹਦਿਆਂ ਕਿਹਾ ਕਿ ਜੇ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਿਹਾ ਤਾਂ ਉਹ ਆਉਂਦੇ ਵਰ੍ਹਿਆਂ ਦੌਰਾਨ ਵੀ ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਹੋਰ ਵੀ ਉਤਸ਼ਾਹ ਨਾਲ ਕੰਮ ਕਰਦੇ ਰਹਿਣਗੇ।

ਸ. ਗਾਖਲ ਨੇ ਐਲਾਨ ਕੀਤਾ ਕਿ ਸਾਲ 2019 ਦਾ 15 ਵਿਸ਼ਵ ਕਬੱਡੀ ਕੱਪ ਇਸੇ ਲੋਗਨ ਹਾਈ ਸਕੂਲ 'ਚ 15 ਸਤੰਬਰ, ਐਤਵਾਰ ਨੂੰ ਕਰਵਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸ਼ਾਇਦ ਇਹ ਪਹਿਲਾ ਕੌਮਾਂਤਰੀ ਕਬੱਡੀ ਕੱਪ ਹੈ ਜਿੱਥੇ ਦਰਸ਼ਕਾਂ ਨੂੰ ਅਤੁੱਟ ਲੰਗਰ ਛਕਾਇਆ ਜਾਂਦਾ ਹੈ ਅਤੇ ਚਾਹ, ਪਕੌੜੇ, ਪਾਣੀ ਅਤੇ ਜੂਸ ਦੀ ਸੇਵਾ ਕੀਤੀ ਜਾਂਦੀ ਹੋਵੇ। ਉਨ੍ਹਾਂ ਗੁਰਦੁਆਰਾ ਫਰੀਮਾਂਟ, ਸੈਨ ਹੋਜੇ, ਮਿਲਪੀਟਸ ਅਤੇ ਸਟਾਕਟਨ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਸਾਲ ਤੋਂ ਇਹ ਗੁਰੂਘਰ ਖੇਡ ਮੇਲੇ ਲਈ ਲੰਗਰ ਦੀ ਸੇਵਾ ਲਗਾਤਾਰ ਕਰਦੇ ਆ ਰਹੇ ਹਨ। ਰਾਜਾ ਸਵੀਟਸ ਦੇ ਗਿਆਨੀ ਰਵਿੰਦਰ ਸਿੰਘ ਅਤੇ ਮੱਖਣ ਸਿੰਘ ਬੈਂਸ ਵਲੋਂ ਚਾਹ ਪਕੌੜਿਆਂ ਦੀ ਸਾਰਾ ਦਿਨ ਸੇਵਾ ਕੀਤੀ ਜਾਂਦੀ ਹੈ।

ਸ. ਗਾਖਲ ਨੇ ਯੂਨਾਈਟਡ ਸਪੋਰਟਸ ਕਲੱਬ ਦੀ ਟੀਮ ਦਾ ਧੰਨਵਾਦ ਕਰਦਿਆਂ ਚੇਅਰਮੈਨ ਮੱਖਣ ਸਿੰਘ ਬੈਂਸ, ਵਿੱਤ ਸਕੱਤਰ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਕਲੱਬ ਦੇ ਬੋਰਡ ਆਫ ਡਾਇਰੈਕਟਰ ਨੂੰ ਮੇਲੇ ਦੀ ਕਾਮਯਾਬੀ ਵਿਚ ਬਰਾਬਰ ਦੇ ਹਿੱਸੇਦਾਰ ਕਿਹਾ।

ਖੇਡ ਮੇਲੇ ਵਿਚ ਯੂਨੀਅਨ ਸਿਟੀ ਦੇ ਮੇਅਰ ਡੁਟਰਾ ਵਰਨਾਕੀ, ਕੌਂਸਲ ਮੈਂਬਰ ਪੈਟ ਡਾਕੋਸਕੋਟ, ਸਕੂਲ ਬੋਰਡ ਟਰੱਸਟੀ ਕਰਮਜੀਤ ਕੌਰ ਚੀਮਾ ਤੇ ਸ਼ੈਰਨ ਕੌਰ ਅਤੇ ਕੌਂਸਲ ਮੈਂਬਰ ਹੈਰੀ ਸਿੰਘ ਵੀ ਉਚੇਚੇ ਤੌਰ 'ਤੇ ਪਹੁੰਚੇ।

ਇਸ ਵਾਰ ਦਰਸ਼ਕਾਂ ਦੀ ਗਿਣਤੀ ਇਕ ਰਿਕਾਰਡ ਸੀ। ਬਿਨਾ ਕਿਸੇ ਸੱਟ-ਫੇਟ ਨਿਰਵਿਘਨ ਨੇਪਰੇ ਚੜ੍ਹੇ 14ਵੇਂ ਕਬੱਡੀ ਕੱਪ ਦਾ ਹਰ ਪਲ ਦਰਜਨਾਂ ਸਟਿੱਲ ਤੇ ਵੀਡੀਓ ਕੈਮਰੇ ਕੈਮਰਾਬੱਧ ਕਰਦੇ ਰਹੇ ਅਤੇ ਲਾਈਵ ਕਬੱਡੀ ਡਾਟ ਕਾਮ ਦੇ ਮੈਨੀ ਦੀ ਟੀਮ ਵਲੋਂ ਸੋਸ਼ਲ ਸਾਈਟਾਂ 'ਤੇ ਲਗਾਤਾਰ ਦਿਖਾਇਆ ਜਾ ਰਿਹਾ ਸੀ।

ਅਮੋਲਕ ਸਿੰਘ ਗਾਖਲ ਨੇ ਖੇਡ ਮੇਲੇ ਦਾ ਇਕ ਹੋਰ ਸਿਹਰਾ ਮਿਡਵੈਸਟ ਦੀ ਟੀਮ ਦੇ ਮੁੱਖ ਪ੍ਰਬੰਧਕ ਤਾਰੀ ਅਤੇ ਵਿੱਕੀ ਸੰਮੀਪੁਰੀਆ ਦੇ ਸਿਰ ਬੰਨ੍ਹਦਿਆਂ ਕਿਹਾ ਕਿ ਇਨ੍ਹਾਂ ਦੋ ਨੌਜਵਾਨਾਂ ਨੇ ਖੇਡ ਮੇਲੇ ਦੇ ਪ੍ਰਬੰਧ 'ਚ ਵੱਡਾ ਯੋਗਦਾਨ ਪਾਇਆ। ਸ. ਗਾਖਲ ਨੇ ਰਾਇਲ ਕਿੰਗਜ਼ ਯੂ. ਐਸ. ਏ. ਦੇ ਮੁੱਖ ਸਰਬਜੀਤ ਸਿੰਘ ਉਰਫ ਸ਼ੱਬਾ ਥਿਆੜਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਇਸ ਮੇਲੇ ਵਿਚ ਧੜੱਲੇਦਾਰ ਟੀਮ ਹੀ ਲੈ ਕੇ ਹਾਜ਼ਰ ਨਹੀਂ ਹੋਇਆ ਸਗੋਂ ਕਲੱਬ ਦੇ ਮੋਢੇ ਨਾਲ ਮੋਢਾ ਲਾ ਕੇ ਅਹਿਮ ਰੋਲ ਵੀ ਅਦਾ ਕਰਦਾ ਰਿਹਾ।

(ਬਾਕੀ ਅਗਲੇ ਸਫੇ 'ਤੇ)



*ਚੋਟੀ ਦੇ ਕਬੱਡੀ ਖਿਡਾਰੀਆਂ ਦਾ ਰੰਗ: ਰੇਡਰ ਗੁਰਲਾਲ, ਸਟਾਪਰ ਅਰਸ਼ ਚੋਹਲਾ ਸਾਹਿਬ, ਸੰਦੀਪ ਤੇ ਖੁਸ਼ੀ।*



*ਬੇਏਰੀਆ ਲਾਇਨਜ਼ ਦੀ ਵਿਸ਼ਵ ਕਬੱਡੀ ਕੱਪ ਜੇਤੂ ਟੀਮ ਅਮੋਲਕ ਸਿੰਘ ਗਾਖਲ, ਬਲਜੀਤ ਸਿੰਘ ਸੰਧੂ, ਮਾਈਕ ਬੋਪਾਰਾਏ, ਗੁਲਵਿੰਦਰ ਸਿੰਘ ਗਾਖਲ ਨਾਲ।*



*14ਵੇਂ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਕਰਦੇ ਹੋਏ ਸੁਰਜੀਤ ਸਿੰਘ ਟੁੱਟ, ਜਗੀਰ ਸਿੰਘ ਸਬਜ਼ੀ ਮੰਡੀ, ਮਾਈਕ ਬੋਪਾਰਾਏ, ਸ਼ੱਬਾ ਥਿਆੜਾ, ਹਰਦੁੱਮਣ ਸਿੰਘ ਬਿੱਲਾ ਸੰਘੇੜਾ ਤੇ ਨਾਲ ਖੜ੍ਹੇ ਹਨ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ, ਇਕਬਾਲ ਸਿੰਘ ਗਾਖਲ, ਨੱਥਾ ਸਿੰਘ ਗਾਖਲ ਤੇ ਸਾਧੂ ਸਿੰਘ ਖਲੌਰ।*



*ਕਲੱਬ ਦੇ ਨਵੇਂ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਬੈਸਟ ਰੇਡਰ ਤੇ ਬੈਸਟ ਸਟਾਪਰ ਨੂੰ ਸਵ. ਨਸੀਬ ਸਿੰਘ ਗਾਖਲ ਦੀ ਯਾਦ 'ਚ ਗੋਲਡ ਮੈਡਲ ਦਿੰਦੇ ਹੋਏ। ਨਾਲ ਖੜ੍ਹੇ ਹਨ ਅਮੋਲਕ ਸਿੰਘ ਗਾਖਲ।*



*ਕਲੱਬ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਐਸ. ਅਸ਼ੋਕ ਭੌਰਾ ਅਤੇ ਮੰਚ ਸੰਚਾਲਕਾ ਆਸ਼ਾ ਸ਼ਰਮਾ।*



*ਦੂਜੇ ਇਨਾਮ ਦੀ ਜੇਤੂ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਦੀ ਟੀਮ ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਤਰਲੋਚਨ ਸਿੰਘ ਲੱਛਰ ਨਾਲ।*

## ਜੁਗਰਾਜ ਸਹੋਤਾ ਬਣੇ ਕਲੱਬ ਦੇ ਨਵੇਂ ਪ੍ਰਧਾਨ

**ਯੂਨੀਅਨ ਸਿਟੀ (ਬਿਊਰੋ):** ਖੇਡ ਮੇਲੇ ਦੀ ਸਫਲਤਾ ਤੋਂ ਬਾਅਦ ਜੁਗਰਾਜ ਸਿੰਘ ਸਹੋਤਾ ਨੂੰ ਇੱਥੇ ਰਾਜਾ ਸਵੀਟਸ ਵਿਖੇ ਸ.



ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਹੋਈ ਮੀਟਿੰਗ ਵਿਚ ਸਰਬਸੰਮਤੀ ਨਾਲ ਨਵਾਂ ਪ੍ਰਧਾਨ ਚੁਣ ਲਿਆ ਗਿਆ। ਸ. ਗਾਖਲ ਨੇ ਜੁਗਰਾਜ ਸਹੋਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਦੇ ਹਮੇਸ਼ਾ ਪ੍ਰਸ਼ੰਸਕ ਰਹੇ ਹਨ।

ਖੇਡ ਮੇਲੇ ਦੀ ਸਮਾਪਤੀ ਉਪਰੰਤ ਸ. ਗਾਖਲ ਤੇ ਮੱਖਣ ਸਿੰਘ ਬੈਂਸ ਨੇ ਆਪਣੇ ਸਾਰੇ ਸਪਾਂਸਰਾਂ ਸਹਿਯੋਗੀਆਂ, ਖੇਡ ਪ੍ਰਬੰਧਕਾਂ ਤੇ ਸਕੂਲ ਮੈਨੇਜਮੈਂਟ ਦਾ ਧੰਨਵਾਦ ਕੀਤਾ।

# ਸੁਰੀਲਾ ਤੇ ਹਿੱਕ ਦੇ ਜ਼ੋਰ ਗਾਉਣ ਵਾਲਾ ਸੁਖਵਿੰਦਰ ਪੰਛੀ

ਮੰਜ਼ਿਲ 'ਤੇ ਪਹੁੰਚਣ ਲਈ ਹਰ ਕੋਈ ਸੁਪਨੇ ਵੇਖਦਾ ਹੈ ਪਰ ਸੁਪਨੇ ਪੂਰੇ ਕਰਨ ਲਈ ਸਖਤ ਮਿਹਨਤ ਕੋਈ ਟਾਵਾਂ-ਟਾਵਾਂ ਹੀ ਕਰਦਾ ਹੈ। ਕਹਿੰਦੇ ਨੇ, ਆਪਣੇ ਉਹ ਹੁੰਦੇ ਨੇ ਜੋ ਕਦੇ ਰੋਣ ਨਹੀਂ ਦਿੰਦੇ ਤੇ ਸੁਪਨੇ ਉਹ ਹੁੰਦੇ ਨੇ ਜੋ ਕਦੇ ਸੌਣ ਨਹੀਂ ਦਿੰਦੇ। ਖੁੱਲ੍ਹੀਆਂ ਅੱਖਾਂ ਨਾਲ ਵੇਖੇ ਸੁਪਨਿਆਂ ਨੂੰ ਪੂਰਾ ਕਰਨ ਲਈ ਨੀਂਦਾਂ ਗਵਾਉਣੀਆਂ ਪੈਂਦੀਆਂ ਹਨ। ਤੱਤੀਆਂ ਹਵਾਵਾਂ, ਰਾਹਵਾਂ ਦੇ ਪੱਥਰ, ਕੰਡੇ, ਥਿਰਕਦੇ ਕਦਮ ਤੇ ਹਲਕੇ ਇਰਾਦੇ ਇਨਸਾਨ ਨੂੰ ਡਾਵਾਂਡੋਲ ਕਰ ਦਿੰਦੇ ਹਨ ਪਰ ਜੋ ਬਿਨਾ ਹਿੰਮਤ ਹਾਰਿਆਂ ਇਸ ਪੈਂਡੇ 'ਤੇ ਚਲਦੇ



**ਆਸ਼ੂ ਸਿਮਰ**
ਫੋਨ: 91-98150-94402
ashusimar7@gmail.com

ਰਹਿੰਦੇ ਹਨ, ਇੱਕ ਦਿਨ ਰਾਹ ਉਨ੍ਹਾਂ ਦੇ ਵਾਕਿਫ ਹੋ ਜਾਂਦੇ ਹਨ, ਤੱਤੀਆਂ ਹਵਾਵਾਂ ਸਾਹਾਂ ਵਿਚ ਸਾਹ ਬਣ ਕੇ ਘੁਲਣ ਲੱਗਦੀਆਂ ਹਨ, ਕੰਡਿਆਂ ਦੇ ਨਾਲ-ਨਾਲ ਫੁੱਲ ਵੀ ਵਿਖਾਈ ਦੇਣ ਲੱਗਦੇ ਹਨ, ਪੱਥਰ ਮਜ਼ਬੂਤ ਇਰਾਦੇ ਬਣਾਉਣ ਵਿਚ ਸਹਾਈ ਹੋਣ ਲੱਗਦੇ ਹਨ, ਥਿਰਕਦੇ ਕਦਮ ਸੰਭਲਣ ਲੱਗਦੇ ਹਨ ਤੇ ਰਫਤਾਰ ਤੇਜ਼ ਹੋ ਜਾਂਦੀ ਹੈ। ਇੱਕ ਦਿਨ ਅਜਿਹਾ ਆਉਂਦਾ ਹੈ ਕਿ ਮੰਜ਼ਿਲ ਆਪਣੀਆਂ ਬਾਹਾਂ ਖੋਲ੍ਹ ਕੇ ਜੀ ਆਇਆਂ ਕਹਿੰਦੀ ਤੁਹਾਡਾ ਨਿੱਘਾ ਸੁਆਗਤ ਕਰਦੀ ਹੈ। ਬਾਬਾ ਨਜ਼ਮੀ ਦੀ ਇਹ ਗੱਲ ਉਕਾ ਹੀ ਨਹੀਂ ਝੁਠਲਾਈ ਜਾ ਸਕਦੀ:

ਬੇਹਿੰਮਤੇ ਨੇ ਜਿਹੜੇ, ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਦਾ।
ਉਗਣ ਵਾਲੇ ਉਗ ਪੈਂਦੇ ਨੇ
ਸੀਨਾ ਪਾੜ ਕੇ ਪੱਥਰਾਂ ਦਾ।


ਪੰਜਾਬੀ ਸੰਗੀਤ ਦੀ ਦੁਨੀਆਂ ਵਿਚ ਕਈ ਨਾਂ ਅਜਿਹੇ ਹਨ, ਜਿਨ੍ਹਾਂ ਮੁਕੱਦਰਾਂ ਦੇ ਸਹਾਰੇ ਨਾ ਬੈਠ ਕੇ ਆਪਣੇ ਮੁਕੱਦਰ ਆਪ ਲਿਖੇ, ਜਿਨ੍ਹਾਂ ਆਪਣੇ ਮੁਕਾਮ ਨੂੰ ਹਾਸਲ ਕਰਨ ਲਈ ਦਿਨ-ਰਾਤ ਸੰਘਰਸ਼ ਕੀਤਾ ਤੇ ਇਹ ਸੰਘਰਸ਼ ਅਜੇ ਵੀ ਜਾਰੀ ਹੈ। ਅਜਿਹੇ ਫਨਕਾਰਾਂ ਵਿਚੋਂ ਇੱਕ ਹੈ-ਸੁਖਵਿੰਦਰ ਪੰਛੀ। ਮਾਤਾ ਸ੍ਰੀਮਤੀ ਹਰਬੰਸ ਕੌਰ ਤੇ ਪਿਤਾ ਸ੍ਰੀ ਰੁਲਦੂ ਰਾਮ ਦੇ ਹੋਣਹਾਰ ਪੁੱਤਰ ਸੁਖਵਿੰਦਰ ਪੰਛੀ ਦਾ ਜਨਮ ਪਿੰਡ ਸਰੀਂਹ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਚ ਹੋਇਆ।

ਪੰਛੀ ਨੇ 10-11 ਸਾਲ ਦੀ ਉਮਰ ਵਿਚ ਹੀ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਆਪਣੀ ਮੁਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਸੰਗੀਤ ਦੀਆਂ ਬਾਰੀਕੀਆਂ ਸਿੱਖਣ ਲਈ ਉਸ ਨੇ ਲੋਕ ਗਾਥਾਵਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਉਸਤਾਦ ਧਾਰਿਆ ਤੇ ਕੋਈ 10 ਸਾਲ ਮਾਣਕ ਦੀ ਸੰਗਤ ਮਾਣੀ।

ਪੰਛੀ ਦੇ ਹੁਣ ਤਕ ਸੈਂਕੜੇ ਗੀਤ ਰਿਕਾਰਡ ਹੋ ਚੁਕੇ ਹਨ। ਉਸ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਬੀ. ਐਸ. ਪਰਵਾਨਾ ਦੇ ਸੰਗੀਤ ਨਾਲ ਸਜੀ ਧਾਰਮਿਕ ਐਲਬਮ 'ਸ਼ਾਨ ਖਾਲਸੇ ਦੀ' ਨਾਲ ਕੀਤੀ। ਫਿਰ ਉਸ ਦੀ ਐਲਬਮ 'ਵਿਆਹ ਤੋਂ ਪਹਿਲਾਂ' (ਸੰਗੀਤਕਾਰ ਵਰਿੰਦਰ ਬਚਨ) ਤੇ ਸਰਦੂਲ ਸਿਕੰਦਰ ਦੇ ਸੰਗੀਤ ਵਿਚ 'ਹੀਰੇ ਨੀ ਧੋਖੇਬਾਜ਼ ਨਿਕਲੀ' ਮਾਰਕਿਟ ਵਿਚ ਆਈ। 'ਛੱਲੇ-ਮੁੰਦੀਆਂ', 'ਤਵੀਤੜੀ', 'ਸਾਡੀ ਮੁੰਦਰੀ ਸੱਜਣਾ', 'ਇਸ਼ਕ ਨਚਾਵੇ ਗਲੀ-ਗਲੀ', 'ਕਰ ਲੈ ਪਿਆਰ ਸੋਹਣੀਏ', 'ਚੰਨ ਜਿਹਾ ਯਾਰ', 'ਮੁੰਡਾ ਦਿਲ ਦਾ ਨਹੀਂ ਮਾੜਾ', 'ਸੂਰਮੇ ਮਰਦੇ ਨਹੀਂ', 'ਸ਼ਾਹਾਂ ਦੀਏ ਕੁੜੀਏ', 'ਚੀਚੀ ਵਾਲਾ ਛੱਲਾ', 'ਪੰਗਾ ਪੈਣਾ ਈ ਪੈਣਾ', 'ਹੁਣ ਤੈਨੂੰ ਚੰਗਾ ਨਹੀਂ ਲੱਗਦਾ ਮੈਂ' ਤੇ ਹੋਰ ਕਈ ਐਲਬਮਾਂ ਨਾਲ ਪੰਛੀ ਨੇ ਲੋਕ ਦਿਲਾਂ ਵਿਚ ਆਪਣੀ ਥਾਂ ਕਾਇਮ ਕੀਤੀ। 'ਛੱਲੇ-ਮੁੰਦੀਆਂ' ਪੰਛੀ ਦਾ ਅਜਿਹਾ ਗੀਤ ਸੀ ਜੋ ਲੰਮਾ ਸਮਾਂ ਹਰ ਵਰਗ ਦੀ ਪਹਿਲੀ ਪਸੰਦ ਬਣਿਆ ਰਿਹਾ ਤੇ ਅੱਜ ਵੀ ਸਰੋਤੇ ਉਸ ਸਦਾਬਹਾਰ ਗੀਤ ਨੂੰ ਸੁਣ ਕੇ ਪੁਰਾਣੇ ਸਮਿਆਂ 'ਚ ਗੁਆਚਣਾ ਪਸੰਦ ਕਰਦੇ ਹਨ।

'ਜੱਟ ਪੰਜਾਬ ਦਾ', 'ਰੰਗਲਾ ਪੰਜਾਬ', 'ਕਬਜ਼ਾ', 'ਦੁੱਲਾ-ਭੱਟੀ', 'ਨੈਣ ਪ੍ਰੀਤੋ ਦੇ', 'ਦਹਿਸ਼ਤ' ਤੇ 'ਵਾਰਿਸ' ਵਰਗੀਆਂ ਪੰਜਾਬੀ ਫਿਲਮਾਂ ਵਿਚ ਵੀ ਪੰਛੀ ਨੇ ਗੀਤ ਗਾਏ।







*ਗਾਇਕ ਸੁਖਵਿੰਦਰ ਪੰਛੀ ਅਤੇ (ਸੱਜੇ) ਉਸ ਦੇ ਨਵੇਂ ਗੀਤ 'ਟਾਊਨ' ਦਾ ਪੋਸਟਰ*

ਪਿੱਛੇ ਜਿਹੇ ਮਨੀ ਸੰਧੂ ਦੇ ਸੰਗੀਤ ਵਿਚ ਉਸ ਦਾ ਸਿੰਗਲ ਟ੍ਰੈਕ 'ਗੱਭਰੂ' ਆਇਆ ਤੇ ਹੁਣ ਨਾਮੀ ਕੰਪਨੀ 'ਜ਼ੀ ਮਿਊਜ਼ਿਕ' ਵਿਚ ਪ੍ਰਸਿੱਧ ਗੀਤਕਾਰ ਮਿੰਟੂ ਹੇਅਰ ਦਾ ਲਿਖਿਆ ਗੀਤ 'ਟਾਊਨ' ਚੱਲ ਰਿਹਾ ਹੈ, ਜਿਸ ਦਾ ਸੰਗੀਤ ਏ2, ਈਸ਼ਵਰ ਦੀਪ ਸਿੰਘ ਤੇ ਗਗਨ ਦੀਪ ਸਿੰਘ ਨੇ ਦਿੱਤਾ ਹੈ। ਵੀਡੀਓ ਡਾਇਰੈਕਟਰ ਰੌਕੀ ਸਿੰਘ ਤੇ ਏ2 ਨੇ ਇਸ ਗੀਤ ਦਾ ਫਿਲਮਾਂਕਣ ਅਮਰੀਕਾ ਦੀਆਂ ਵੱਖ-ਵੱਖ ਥਾਂਵਾਂ 'ਤੇ ਕੀਤਾ।

ਪੰਛੀ ਹੁਣ ਤਕ ਨਾਮੀ ਗੀਤਕਾਰਾਂ-ਦੇਵ ਥਰੀਕੇ ਵਾਲਾ, ਝਲਮਣ ਸਿੰਘ ਢੰਡਾ, ਗਿੱਲ ਜੱਗੋਮਾਜਰਾ, ਦੇਬੀ ਮਖਸੂਸਪੁਰੀ, ਗੁਰਮਿੰਦਰ ਕੈਂਡੋਵਾਲ, ਜਸਵੀਰ ਗੁਣਾਚੌਰ, ਅਲਮਸਤ ਦੇਸਰਪੁਰੀ, ਸ਼ਾਰੀ ਬੋਇਲ, ਐਸ. ਅਸ਼ੋਕ ਭੌਰਾ, ਸੇਵਾ ਸਿੰਘ ਨੌਰਥ, ਰਾਣਾ ਵੇਂਡਲ ਵਾਲਾ, ਸੱਤੀ ਚੌਹਾਨ ਯੂ. ਐਸ. ਏ., ਰਣਜੀਤ ਢਿੱਲੋਂ ਕੈਨੇਡਾ ਤੇ ਮਿੰਟੂ ਹੇਅਰ ਦੇ ਗੀਤ ਪ੍ਰਸਿੱਧ ਸੰਗੀਤਕਾਰਾਂ-ਵਰਿੰਦਰ ਬਚਨ, ਸੁਰਿੰਦਰ ਬਚਨ, ਅਤੁਲ ਸ਼ਰਮਾ, ਸਰਦੂਲ ਸਿਕੰਦਰ, ਨਿਰਮਲ ਸਿੱਧੂ, ਕੁਲਜੀਤ ਸਿੰਘ, ਅਨੂ-ਮਨੂ ਤੇ ਜੀਤੀ ਸਿੰਘ ਦੇ ਸੰਗੀਤ ਵਿਚ ਰਿਕਾਰਡ ਕਰਵਾ ਚੁਕਾ ਹੈ, ਜਿਨ੍ਹਾਂ ਨੂੰ ਦਰਸ਼ਕਾਂ ਨੇ ਮਣਾ-ਮੂੰਹੀਂ ਪਿਆਰ ਦਿੱਤਾ। ਪੰਜਾਬ ਤੋਂ ਇਲਾਵਾ ਪੰਛੀ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹਾਂਗਕਾਂਗ ਦੀ ਧਰਤੀ 'ਤੇ ਆਪਣੇ ਸਫਲ ਸ਼ੋਅ ਕਰ ਕੇ ਮਾਣ-ਸਨਮਾਨ ਖੱਟ ਚੁਕਾ ਹੈ।

ਪੰਛੀ ਨੇ ਦੱਸਿਆ ਕਿ ਕੋਈ ਸਮਾਂ ਸੀ ਜਦੋਂ ਸਾਰੇ ਕਲਾਕਾਰਾਂ ਦੇ ਦਫਤਰ ਸਿਰਫ ਲੁਧਿਆਣੇ ਹੀ ਹੁੰਦੇ ਸਨ ਤੇ ਉਨ੍ਹਾਂ ਨੂੰ ਬੁੱਕ ਕਰਨ ਲਈ ਉਥੇ ਹੀ ਜਾਣਾ ਪੈਂਦਾ ਸੀ ਪਰ ਉਸ ਨੇ ਜਲੰਧਰ ਵਿਚ ਦਫਤਰ ਖੋਲ੍ਹ ਕੇ ਪਹਿਲਕਦਮੀਂ ਕੀਤੀ ਤੇ ਫਿਰ ਸਾਰੇ ਕਲਾਕਾਰਾਂ ਨੇ ਇੱਥੇ ਹੀ ਆਪਣੇ ਦਫਤਰ ਖੋਲ੍ਹ ਲਏ। ਪਹਿਲਾਂ ਸਾਰੇ ਕਲਾਕਾਰ ਆਪਣੇ ਨਾਂ ਦੇ ਪਿੱਛੇ 'ਐਂਡ ਪਾਰਟੀ' ਲਾਉਂਦੇ ਸਨ ਪਰ ਨਾਂ ਪਿੱਛੇ 'ਮਿਊਜ਼ੀਕਲ ਗਰੁਪ' ਲਾਉਣ ਦੀ ਪਿਰਤ ਵੀ ਪੰਛੀ ਨੇ ਹੀ ਪਾਈ।

ਪੰਛੀ ਨੇ ਕਿਹਾ ਕਿ ਉਸ ਦੇ ਰਾਹਵਾਂ ਵਿਚ ਆਪਣੇ-ਬੇਗਾਨਿਆਂ ਨੇ ਬਹੁਤ ਟੋਏ ਪੁੱਟੇ ਪਰ ਉਹ ਹਮੇਸ਼ਾ ਮਾਲਕ ਦੀ ਰਜ਼ਾ 'ਚ ਰਾਜ਼ੀ ਰਿਹਾ। ਕਈਆਂ ਨੇ ਉਸ ਦਾ ਸਾਥ ਦਿੱਤਾ ਤੇ ਬਹੁਤਿਆਂ ਨੇ ਉਸ ਤੋਂ ਪਾਸਾ ਵੱਟਿਆ ਪਰ ਉਹ ਸ਼ੁਕਰਗੁਜ਼ਾਰ ਹੈ, ਆਪਣੇ ਰੱਬ ਵਰਗੇ ਸਰੋਤਿਆਂ ਦਾ, ਜੋ ਅੱਜ ਵੀ ਉਸ ਨੂੰ ਰੱਜਵਾਂ ਪਿਆਰ ਦੇ ਰਹੇ ਹਨ। ਜਲਦ ਹੀ ਉਸ ਦੇ ਗੀਤ ਪੰਜਾਬੀ ਤੇ ਹਿੰਦੀ ਫਿਲਮਾਂ 'ਚ ਸੁਣਨ ਨੂੰ ਮਿਲਣਗੇ। ਇਸ ਸਮੇਂ ਪੰਛੀ ਆਪਣੀ ਧਰਮ ਪਤਨੀ ਪ੍ਰਸਿੱਧ ਅਦਾਕਾਰਾ ਰਾਜਿੰਦਰ ਰੂਬੀ ਤੇ ਪੁੱਤਰਾਂ-ਜਗਜੋਤ ਸਿੰਘ ਤੇ ਨਵਜੋਤ ਸਿੰਘ ਨਾਲ ਆਪਣੇ ਪਿੰਡ ਵਿਚ ਹੀ ਖੁਸ਼ਹਾਲ ਜੀਵਨ ਬਸਰ ਕਰ ਰਿਹਾ ਹੈ। ਸੁਖਵਿੰਦਰ ਪੰਛੀ ਨਾਲ ਸੰਪਰਕ ਫੋਨ: 91-76961-47624 ਰਾਹੀਂ ਕੀਤਾ ਜਾ ਸਕਦਾ ਹੈ।

## 14ਵਾਂ ਵਿਸ਼ਵ ਕੱਪ

*(ਪਿਛਲੇ ਸਫੇ ਦੀ ਬਾਕੀ)*


ਖੇਡ ਮੇਲੇ ਵਿਚ ਗਾਖਲ ਭਰਾਵਾਂ ਨੇ ਆਪਣੇ ਪਿਤਾ ਸਵ. ਨਸੀਬ ਸਿੰਘ ਦੀ ਯਾਦ ਵਿਚ ਕਿੱਦੂ ਰਮੀਦੀ ਅਤੇ ਬੈਸਟ ਰੇਡਰ ਲਈ ਦੱਲੀ ਸੌਂਸਪੁਰੀਆ ਤੇ ਬੈਸਟ ਸਟਾਪਰ ਲਈ ਸੰਦੀਪ ਨੰਗਲ ਅੰਬੀਆਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ।

ਖੇਡ ਮੇਲੇ ਦੀ ਸਫਲਤਾ 'ਚ ਪਲਵਿੰਦਰ ਸਿੰਘ ਗਾਖਲ, ਇੰਡੀਆ ਤੋਂ ਹਰ ਸਾਲ ਉਚੇਚਾ ਪਹੁੰਚਦੇ ਸਾਧੂ ਸਿੰਘ ਖਲੌਰ, ਦਵਿੰਦਰ ਸਿੰਘ ਪੱਡਾ, ਨੱਥਾ ਸਿੰਘ ਗਾਖਲ, ਦੇਬੀ ਸੋਹਲ, ਇੰਦਰਜੀਤ ਸਿੰਘ ਥਿੰਦ, ਬਖਤਾਵਰ ਸਿੰਘ ਗਾਖਲ, ਗੁਰਪ੍ਰੀਤ ਸਿੰਘ ਗਾਖਲ, ਬਲਵੀਰ ਭਾਟੀਆ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਸਿੰਘ ਗਾਖਲ, ਰਜਿੰਦਰ ਲੱਧੜ ਤੇ ਅਰੁਨਦੀਪ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਨੇ ਟੂਰਨਾਮੈਂਟ ਦੇ ਪ੍ਰਬੰਧ ਵਿਚ ਕੋਈ ਕਮੀ ਨਾ ਆਵੇ, ਇਸ ਗੱਲ ਦਾ ਖਾਸ ਖਿਆਲ ਰੱਖਿਆ।

ਲੱਖਾ ਸਿੱਧਵਾਂ, ਮੱਖਣ ਅਲੀ, ਸੁਰਜੀਤ ਕਕਰਾਲੀ, ਗੁਰਮੇਲ ਸਿੰਘ ਦਿਓਲ ਆਦਿ ਕੁਮੈਂਟੇਟਰਾਂ ਨੇ ਲੱਛੇਦਾਰ ਕੁਮੈਂਟਰੀ ਰਾਹੀਂ ਕਬੱਡੀ ਮੈਚਾਂ ਦਾ ਸਵਾਦ ਦੂਣਾ-ਤੀਣਾ ਕਰੀ ਰੱਖਿਆ। ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ ਅਤੇ ਸਾਧੂ ਸਿੰਘ ਖਲੌਰ ਨੇ ਤਕਨੀਕੀ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾਈ। ਸਟੇਜ ਸੰਚਾਲਨ ਕਲੱਬ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਐਸ. ਅਸ਼ੋਕ ਭੌਰਾ ਅਤੇ ਬੀਬੀ ਆਸ਼ਾ ਸ਼ਰਮਾ ਨੇ ਕੀਤਾ। ਗੀਤਕਾਰ ਮੱਖਣ ਬਰਾੜ ਨੇ ਦਰਸ਼ਕਾਂ ਨੂੰ ਆਪਣੇ ਖੂਬਸੂਰਤ ਸ਼ਿਅਰਾਂ ਨਾਲ ਹੱਸਣ ਅਤੇ ਤਾੜੀਆਂ ਵਜਾਉਣ ਲਈ ਮਜਬੂਰ ਕੀਤਾ।

ਖੇਡ ਮੇਲੇ ਵਿਚ ਕਬੱਡੀ ਪ੍ਰੇਮੀਆਂ ਤੋਂ ਸਿਵਾ ਖੇਡ ਕਲੱਬਾਂ ਨਾਲ ਜੁੜੇ ਲੋਕ, ਕੋਚ ਅਤੇ ਸਪਾਂਸਰ ਵੀ ਹਾਜ਼ਰ ਸਨ। ਟੋਰਾਂਟੋ ਤੋਂ ਸੇਵਾ ਸਿੰਘ ਰੰਧਾਵਾ, ਨਿਊ ਯਾਰਕ ਤੋਂ ਜਗੀਰ ਸਿੰਘ ਸਬਜ਼ੀ ਮੰਡੀ ਤੇ ਕੈਨੇਡਾ ਤੋਂ ਦੀਪੂ ਗਾਖਲ ਪਹੁੰਚੇ। ਖੇਡ ਰਿਪੋਰਟਰ ਸੰਤੋਖ ਸਿੰਘ ਮੰਡੇਰ ਨੇ ਮੇਲੇ ਦੀ ਫੋਟੋਗ੍ਰਾਫੀ ਕੀਤੀ।

Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

### ਜੀ.ਐਸ.ਟੀ. ਸੋਧਾਂ

## ਅਕਤੂਬਰ 'ਚ ਹੋਵੇਗਾ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ

**ਚੰਡੀਗੜ੍ਹ:** ਜੀ.ਐਸ.ਟੀ. ਨਾਲ ਸਬੰਧਤ ਕਾਨੂੰਨ ਵਿਚ 40 ਸੋਧਾਂ ਨੂੰ ਪਾਸ ਕਰਵਾਉਣ ਲਈ ਪੰਜਾਬ ਸਰਕਾਰ ਅਕਤੂਬਰ ਵਿਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਏਗੀ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਵਿਸ਼ੇਸ਼ ਸੈਸ਼ਨ ਦੀ ਤਰੀਕ ਦਾ ਫੈਸਲਾ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿਚ ਹੋਵੇਗਾ ਅਤੇ ਇਹ ਮੀਟਿੰਗ ਇਸ ਮਹੀਨੇ ਦੇ ਆਖਰ ਵਿਚ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਸੋਧਾਂ ਜਲਦੀ ਤੋਂ ਜਲਦੀ ਪਾਸ ਕਰਵਾਏ ਜਾਣ ਦੀ ਲੋੜ ਹੈ ਕਿਉਂਕਿ ਲੋਕ ਸਭਾ ਵੱਲੋਂ ਇਹ ਸੋਧਾਂ ਪਹਿਲਾਂ ਹੀ ਪਾਸ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੋਧਾਂ ਨੂੰ ਪਾਸ ਕਰਵਾਉਣ ਪਿੱਛੇ ਉਦੇਸ਼ ਚੋਰ ਮੋਰੀਆਂ ਨੂੰ ਬੰਦ ਕਰਨਾ ਹੈ ਅਤੇ ਕਰਦਾਤਾ ਨੂੰ ਆਉਂਦੀਆਂ ਦਿੱਕਤਾਂ ਨੂੰ ਦੂਰ ਕਰਨਾ ਹੈ।

## ਅੰਮ੍ਰਿਤਸਰ ਵਿਚ ਕਰੋੜਾਂ ਦੇ ਗਹਿਣੇ ਲੁੱਟੇ

**ਅੰਮ੍ਰਿਤਸਰ:** ਸਥਾਨਕ ਸੋਨੇ ਦੀ ਮਾਰਕੀਟ ਗੁਰੂ ਬਾਜ਼ਾਰ ਦੇ ਚੌਰਸਤੀ ਅਟਾਰੀ ਚੌਂਕ ਵਿਚ ਹਥਿਆਰਬੰਦ ਲੁਟੇਰਿਆਂ ਵੱਲੋਂ ਜਵੈਲਰੀ ਦੀ ਦੁਕਾਨ ਤੋਂ ਨਗਦੀ ਅਤੇ ਡਾਇਮੰਡ ਤੇ ਸੋਨੇ ਦੇ ਗਹਿਣੇ ਲੁੱਟ ਲਏ ਜਾਣ ਦੀ ਖਬਰ ਹੈ। ਦੁਕਾਨ ਲੁੱਟਣ ਤੋਂ ਬਾਅਦ ਲੁਟੇਰਿਆਂ ਨੇ ਹਵਾ ਵਿਚ ਕੁੱਝ ਫਾਇਰ ਕੀਤੇ ਅਤੇ ਫਰਾਰ ਹੋ ਗਏ।

LOOKING FOR THE LOWEST FARES ?
BOOK INTERNATIONAL
FLIGHTS, HOTELS, CARS
Price From NewYork To Delhi
Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਪੰਜਾਬ ਦੀਆਂ ਕਥਾਵਾਂ ਦੀ ਕਹਾਣੀ ਬਰਾਸਤਾ ਫਲੋਰਾ ਐਨੀ ਸਟੀਲ

ਪੰਜਾਬੀ ਲੋਕਧਾਰਾ ਅਧਿਐਨ ਦੇ ਇਤਿਹਾਸ ਵਿਚ ਫਲੋਰਾ ਐਨੀ ਸਟੀਲ ਦਾ ਨਾਂ ਮੁਢਲੇ ਲੋਕ ਕਥਾਵਾਂ ਇਕੱਤਰ ਕਰਨ ਵਾਲ਼ੇ ਅੰਗਰੇਜ਼ ਵਿਦਵਾਨਾਂ ਵਿਚ ਲਿਆ ਜਾਂਦਾ ਹੈ। ਉਸ ਦੀ ਪੁਸਤਕ 'ਫੋਕਟੇਲਜ਼ ਆਫ ਪੰਜਾਬ' ਦਾ ਜ਼ਿਕਰ ਵੀ ਹਮੇਸ਼ਾ ਕੀਤਾ ਜਾਂਦਾ ਹੈ ਪਰ ਉਸ ਬਾਰੇ ਇਸ ਤੋਂ ਵੱਧ ਜਾਣਕਾਰੀ ਸਾਡੇ ਪੰਜਾਬੀਆਂ ਕੋਲ਼ ਨਾ ਹੋਣਾ ਸਾਡੀ ਅਕਾਦਮਿਕ ਅਤੇ ਬੌਧਿਕ ਗਰੀਬੀ ਦਾ ਪ੍ਰਮਾਣ ਹੈ। ਉਸ ਬਾਰੇ ਪੰਜਾਬੀ ਵਿਚ ਕਿਸੇ ਤਰ੍ਹਾਂ ਦਾ ਕੋਈ ਹੋਰ ਵੇਰਵਾ ਕਿਤੇ ਵੀ ਨਹੀਂ ਮਿਲ਼ਦਾ। ਫਲੋਰਾ ਐਨੀ ਸਟੀਲ ਦਾ ਸਮਾਂ 1847 ਤੋਂ ਲੈ ਕੇ 1929 ਤਕ ਦਾ ਹੈ। ਅੰਗਰੇਜ਼ੀ



**ਡਾ. ਕਰਮਜੀਤ ਸਿੰਘ**

ਵਿਦਵਾਨਾਂ ਨੇ ਇਸ ਸਮੇਂ ਦੀਆਂ ਕੌਮਾਂਤਰੀ ਅਤੇ ਕੌਮੀ ਘਟਨਾਵਾਂ ਦੇ ਪ੍ਰਸੰਗ ਵਿਚ ਲੇਖਕਾ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਹੈ।

ਫਲੋਰਾ ਐਨੀ ਸਟੀਲ ਨੇ 30 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਜਿਸ ਵਿਚ ਨਾਵਲ, ਕਹਾਣੀ, ਵਾਰਤਕ, ਲੋਕਧਾਰਾ ਅਤੇ ਸਵੈ-ਜੀਵਨੀ ਵੀ ਸ਼ਾਮਿਲ ਹੈ। ਉਹ ਭਾਰਤ ਵਿਚ 22 ਸਾਲ ਰਹੀ ਜਿਸ ਵਿਚੋਂ ਵਧੇਰੇ ਸਮਾਂ ਉਸ ਨੇ ਪੰਜਾਬ ਵਿਚ ਹੀ ਗੁਜ਼ਾਰਿਆ। ਭਾਰਤ ਰਹਿੰਦਿਆਂ ਉਸ ਦੀਆਂ ਦੋ ਪੁਸਤਕਾਂ ਹੀ ਛਪੀਆਂ। ਪਹਿਲੀ ਸੀ ਲੋਕ ਕਥਾਵਾਂ ਦਾ ਸੰਗ੍ਰਿਹ ਜੋ 1884 ਵਿਚ ਛਪਿਆ। 'ਵਾਈਲਡ-ਅਵੇਕ ਸਟੋਰੀਜ਼: ਏ ਕੁਲੈਕਸ਼ਨ ਆਫ ਟੇਲਜ਼ ਟੋਲਡ ਬਾਈ ਲਿਟਲ ਚਿਲਡ੍ਰਨ ਬਿਟਵੀਨ ਸਨਸੈੱਟ ਐਂਡ ਸਨਰਾਈਜ਼ ਇਨ ਦਾ ਪੰਜਾਬ ਐਂਡ ਕਸ਼ਮੀਰ(ਆਰਸੀ ਟੈਂਪਲ ਨਾ਼ਲ)। ਇਹ ਸੰਗ੍ਰਿਹ ਦੁਬਾਰਾ 1894 ਵਿਚ 'ਟੇਲਜ਼ ਆਫ ਪੰਜਾਬ ਟੋਲਡ ਬਾਈ ਦਾ ਪੀਪਲ' ਦੇ ਨਾਂ ਹੇਠ ਛਪਿਆ। 1983 ਵਿਚ ਗਰੀਨਵਿਚ ਹਾਊਸ (ਨਿਊ ਯਾਰਕ) ਨੇ ਇਸ ਨੂੰ 'ਟੇਲਜ਼ ਆਫ ਦਾ ਪੰਜਾਬ' (ਫੋਕਲੋਰ ਆਫ ਇੰਡੀਆ) ਦੇ ਨਾਂ ਨਾ਼ਲ ਛਾਪਿਆ ਜਿਸ ਵਿਚ ਮਸ਼ਹੂਰ ਕਲਾਕਾਰ ਜੇ ਲਾਕਵੁੱਡ ਕੀਪੀ ਨੇ ਇਲਸਟ੍ਰੇਸ਼ਨ ਬਣਾਈਆਂ। ਸੰਖੇਪ ਵਿਚ ਇਕੋ ਪੁਸਤਕ ਲੋਕ ਕਥਾ ਸੰਗ੍ਰਿਹ ਦੀ ਫਲੋਰਾ ਐਨੀ ਸਟੀਲ ਦੀ ਤਿੰਨ ਬਾਰ ਛਪਦੀ ਹੈ ਜਿਸ ਵਿਚ 44 ਕਹਾਣੀਆਂ ਹਨ। ਦੂਸਰੀ ਪੁਸਤਕ ਜੋ ਸਟੀਲ ਨੇ ਪੰਜਾਬ ਵਿਚ ਰਹਿੰਦਿਆਂ ਛਪਵਾਈ, ਉਹ ਸੀ 'ਦੀ ਕੰਪਲੀਟ ਇੰਡੀਅਨ ਹਾਊਸ ਕੀਪਰ ਐਂਡ ਕੁੱਕ' ਜਿਸ ਵਿਚ ਸਹਾਇਕ ਲੇਖਕਾ ਸੀ ਗਰੇਸਗਾਰਡੀਨਰ। ਇਹ ਪੁਸਤਕ ਉਨ੍ਹਾਂ ਵਿਚੋਂ ਇਕ ਸੀ ਜੋ ਅੰਗਰੇਜ਼ਾਂ ਨੇ ਭਾਰਤ ਰਹਿੰਦਿਆਂ ਹੋਇਆਂ ਘਰ ਚਲਾਉਣ (ਹਾਊਸ ਮੈਨੇਜਮੈਂਟ) ਲਈ ਲਿਖੀਆਂ ਸਨ।

ਫਲੋਰਾ ਸਟੀਲ ਦਾ ਵਿਆਹ 1867 ਵਿਚ ਸਕਾਟਲੈਂਡ ਦੇ ਭਾਰਤ ਵਿਚ ਰਹਿ ਰਹੇ ਸਿਵਲ ਇੰਜੀਨੀਅਰ ਹੈਨਰੀ ਵਿਲੀਅਮ (ਹਾਲ) ਸਟੀਲ (ਆਈ.ਸੀ.ਐਸ) ਨਾ਼ਲ ਹੋਇਆ ਜਿਸ ਨਾ਼ਲ ਉਹ 1868 ਵਿਚ ਭਾਰਤ ਆਈ। ਇਸ ਵੇਲੇ ਹੈਨਰੀ ਵਿਲੀਅਮ ਲੁਧਿਆਣੇ ਵਿਚ ਤਾਇਨਾਤ ਸੀ। ਬਿਮਾਰੀ ਕਾਰਨ ਉਹ ਡਲਹੌਜ਼ੀ ਚਲੀ ਗਈ ਜਿਥੇ 10 ਦਸੰਬਰ ਨੂੰ ਉਸ ਦੇ ਘਰ ਬੇਟੀ ਮੈਬੇਲ ਨੇ ਜਨਮ ਲਿਆ। 1871 ਵਿਚ ਪਤੀ ਦੀ ਕਸੂਰ ਵਿਚ ਬਦਲੀ ਹੋ ਜਾਂਦੀ ਹੈ ਜਿਥੇ ਸਟੀਲ ਪਰਿਵਾਰ ਤੋਂ ਇਲਾਵਾ ਹੋਰ ਕੋਈ ਯੂਰਪੀ ਨਹੀਂ ਸੀ ਰਹਿੰਦਾ। ਬੇਟੀ ਮੈਬੇਲ ਨੂੰ ਹੋਰ ਅੰਗਰੇਜ਼ੀ ਬੱਚਿਆਂ ਵਾਂਗ ਇੰਗਲੈਂਡ ਛੱਡਿਆ ਜਾਂਦਾ ਹੈ। ਬੇਟੀ ਤੋਂ ਜੁਦਾ ਹੋ ਇਕੱਲਤਾ ਹੰਢਾਉਣ ਲਈ ਫਲੋਰਾ ਵਾਪਿਸ ਕਸੂਰ ਆਉਂਦੀ ਹੈ। ਇਥੇ ਉਹ ਔਰਤਾਂ ਤੇ ਬੱਚਿਆਂ ਲਈ ਡਾਕਟਰ ਦਾ ਕੰਮ ਕਰਦੀ ਹੈ ਜੋ ਉਸ ਨੇ ਆਪਣੇ ਪਿਤਾ ਦੇ ਘਰ ਵਿਚੋਂ ਸਿੱਖਿਆ ਸੀ। ਉਹ 14 ਸਾਲ ਦੇ ਮੁੰਡਿਆਂ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਸਵੈਸੇਵੀ ਕੰਮ ਵੀ ਕਰਦੀ ਹੈ। ਇਸੇ ਦੌਰਾਨ ਉਸ ਨੂੰ ਜ਼ਿਲ੍ਹੇ ਵਿਚ ਕੁੜੀਆਂ ਦਾ ਪਹਿਲਾ ਸਕੂਲ ਬਣਾਉਣ ਦਾ ਸੱਦਾ ਦਿੱਤਾ ਜਾਂਦਾ ਹੈ। ਉਹ ਸਕੂਲ ਦੀ ਸਥਾਪਨਾ ਕਰਦੀ ਹੈ ਤੇ ਬਾਅਦ ਵਿਚ ਉਸ ਨੂੰ ਭਾਰਤ ਵਿਚ ਸਕੂਲਾਂ ਦੀ ਪਹਿਲੀ ਔਰਤ ਦੀ ਆਸਾਮੀ 'ਤੇ ਵੀ ਲਾਇਆ ਜਾਂਦਾ ਹੈ। ਉਹ ਭਾਰਤ ਵਿਚ ਸਿੱਖਿਆ ਸ਼ਾਸਤਰੀ ਵਜੋਂ ਆਪਣਾ ਥਾਂ ਬਣਾਉਂਦੀ ਹੈ। ਕਸੂਰ ਵਿਚ ਉਹ ਮਿਉਂਸਿਪਲ ਹਾਲ ਡਿਜ਼ਾਇਨ ਕਰਦੀ ਹੈ ਅਤੇ ਹੱਥੀਂ ਬਣਾਈਆਂ ਸਥਾਨਕ ਵਸਤਾਂ (ਹੈਂਡੀ ਕਰਾਫਟਸ) ਨੂੰ ਉਤਸ਼ਾਹਿਤ ਕਰਨ ਵਿਚ ਮਦਦ ਕਰਦੀ ਹੈ। 1877 ਵਿਚ ਸਟੀਲ ਪਰਿਵਾਰ ਸਕਾਟਲੈਂਡ ਅਤੇ ਆਕਸਫੋਰਡ ਵਿਚ ਛੁੱਟੀਆਂ ਮਨਾਉਣ ਜਾਂਦਾ ਹੈ। ਇਥੇ ਫਲੋਰਾ ਬੈਂਜਾਮਿਨ ਜੋਵੇਟ, ਜਾਹਨ ਰਸਕਿਨ, ਵਾਲਟਰ ਪੈਟਰ ਆਦਿ ਆਪਣੇ ਵੇਲੇ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਮਿਲ਼ਦੀ ਹੈ।

1885 ਵਿਚ ਫਲੋਰਾ ਐਨੀ ਨੂੰ ਪਰਾਵੀਂਸ਼ੀਅਲ ਐਜੂਕੇਸ਼ਨ ਬੋਰਡ (1885-88) ਦਾ ਮੈਂਬਰ ਨਿਯੁਕਤ ਕੀਤਾ ਜਾਂਦਾ ਹੈ। ਇਸੇ ਸਾਲ ਹੀ ਪੰਜਾਬ ਵਿਚ ਵਿਕਟੋਰੀਆ ਫੀਮੇਲ ਔਰਫਨ ਐਸਲਿਮ (ਕੁੜੀਆਂ ਦੇ ਅਨਾਥ ਆਸ਼ਰਮ) ਦੀ ਵਾਈਸ ਪ੍ਰਧਾਨ ਦੀ ਪਦਵੀ ਤੇ ਨਿਯੁਕਤ ਕੀਤਾ ਜਾਂਦਾ ਹੈ। ਮੈਕਮਿਲਿਨ ਦੇ ਮੈਗਜ਼ੀਨ ਵਿਚ ਫਲੋਰਾ ਐਨੀ ਸਟੀਲ ਦੀ 'ਲਾਲ' ਨਾਂ ਦੀ ਪਹਿਲੀ ਕਹਾਣੀ ਛਪੀ, ਜਿਸ ਤੋਂ ਬਾਅਦ ਇਸੇ ਮੈਗਜ਼ੀਨ ਵਿਚ 1890-1897 ਤਕ 20 ਕਹਾਣੀਆਂ ਛਪੀਆਂ। 1993 ਵਿਚ ਉਸ ਦੀਆਂ ਦੋ ਗਲਪ ਰਚਨਾਵਾਂ ਪ੍ਰਕਾਸ਼ਿਤ ਹੋਈਆਂ। ਇਹ ਸਨ ਕਹਾਣੀ ਸੰਗ੍ਰਿਹ 'ਫਰਾਮ ਦੀ ਫਾਈਵ ਰਿਵਰਜ਼' ਅਤੇ ਨਾਵਲ 'ਮਿਸ ਸਟੂਆਰਟਸ ਲੀਗੇਸੀ'।

1889 ਵਿਚ ਪਤੀ ਦੇ ਸੇਵਾ ਮੁਕਤ ਹੋਣ ਅਤੇ ਇੰਗਲੈਂਡ ਜਾਣ ਤੋਂ ਬਾਅਦ ਐਨੀ ਸਟੀਲ 1894 ਵਿਚ ਵਾਪਿਸ ਭਾਰਤ ਆਈ। ਇਸ ਵਾਰ ਉਹ 1857 ਦੇ ਗ਼ਦਰ ਉਪਰ ਲਿਖੇ ਆਪਣੇ ਨਾਵਲ 'ਆਨ ਦਾ ਫੇਸ ਆਫ ਵਾਟਰ' ਲਈ ਸਮੱਗਰੀ ਜੁਟਾਉਣ ਲਈ ਆਈ ਸੀ। ਐਨੀ ਨੂੰ ਇਹ ਇਜਾਜ਼ਤ ਮਿਲ਼ ਗਈ ਕਿ ਉਹ ਗ਼ਦਰ ਨਾ਼ਲ ਜੁੜੇ ਖ਼ੁਫੀਆ ਦਸਤਾਵੇਜ਼ ਦੇਖ ਸਕੇ ਅਤੇ ਸੀਲਬੰਦ ਆਰਕਾਈਵ ਤਕ ਪਹੁੰਚ ਵੀ ਕਰ ਸਕੇ। ਇਸ ਸਾਲ ਉਸ ਦਾ ਕਹਾਣੀ ਸੰਗ੍ਰਿਹ 'ਦਿ ਫਲਾਵਰਜ਼ ਆਫ ਫਾਰ ਗਿਵਨੈਸ ਐਂਡ ਅਦਰ ਸਟੋਰੀਜ਼' ਅਤੇ ਨਾਵਲ 'ਦਿ ਪਾਟਰਜ਼ ਥੰਬ' ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ 'ਰੈਡ ਰੋਵਨਜ਼ (1895) ਅਤੇ 'ਆਨ ਦਿ ਫੇਸ ਆਫ ਵਾਟਰ (1896)' ਨਾਵਲ ਪ੍ਰਕਾਸ਼ਿਤ ਹੋਏ। ਇਹ ਤੱਥ ਹੈਰਾਨੀ ਵਾਲ਼ਾ ਹੈ ਕਿ ਪਿਛਲਾ ਸੱਤਵੰਜਾ 'ਤੇ ਲਿਖਿਆ ਉਸ ਦਾ ਨਾਵਲ ਮੈਕਮਿਲਨ ਨੇ ਛਾਪਣ ਤੋਂ ਇਨਕਾਰ ਕਰ ਦਿੱਤਾ ਸੀ ਜੋ ਬਾਅਦ ਵਿਚ ਹਿਨਮਨ ਨੇ ਪ੍ਰਕਾਸ਼ਿਤ ਕੀਤਾ। 1897 ਵਿਚ ਐਨੀ ਸਟੀਲ ਨੇ ਆਰਜ਼ੀ ਤੌਰ 'ਤੇ ਲੰਡਨ ਵਿਚ ਆਪਣਾ ਬਸੇਰਾ ਕੀਤਾ ਜਿਥੇ ਉਹ ਸਾਹਿਤਕ ਦੁਨੀਆਂ ਦੇ ਕੇਂਦਰ ਵਿਚ ਆਈ। ਸਤਾਨਵੇਂ ਵਿਚ ਹੀ ਉਸ ਦੇ ਨਾਵਲ 'ਦਾ ਗਿਫਟ ਆਫ ਗਾਡਜ਼' ਅਤੇ 'ਟਾਈਡਵੇਅ' ਅਤੇ ਕਹਾਣੀ ਸੰਗ੍ਰਿਹ 'ਇਨ ਦਾ ਪਰਮਾਨੈਂਟ ਵੇਅ' ਪ੍ਰਕਾਸ਼ਿਤ ਹੋਏ। ਅਗਲੇ ਸਾਲ ਹੋਰਨਾਂ ਲੇਖਕਾਂ ਦੇ ਸਹਿਯੋਗ ਨਾ਼ਲ ਐਨੀ ਦੀ ਵਾਰਤਕ ਦੀ ਪੁਸਤਕ 'ਦੀ ਮਾਡਰਨ ਮੈਰਿਜ ਮਾਰਕਿਟ' ਪ੍ਰਕਾਸ਼ਿਤ ਹੋਈ ਤੇ ਪਰਿਵਾਰ ਨਾ਼ਲ ਉਹ 'ਵਾਇਸਜ਼ ਇਨ ਦਾ ਨਾਈਟ' ਨਾਵਲ ਲਈ ਸਮੱਗਰੀ ਜੁਟਾਉਣ ਵਾਸਤੇ ਇਕ ਵਾਰ ਫਿਰ ਭਾਰਤ ਆਈ।

ਸਾਲ 1900 ਵਿਚ ਐਨੀ ਦੀ ਬੇਟੀ ਮੈਬੇਲ ਨੇ ਮਾਪਿਆਂ ਦੀ ਮਰਜ਼ੀ ਖ਼ਿਲਾਫ ਆਈ.ਸੀ.ਐਸ. ਅਫਸਰ ਜੌਹਨ ਐਡਵਰਡ (ਜੈਕ) ਵੈਬਸਟਰ ਨਾ਼ਲ ਵਿਆਹ ਕੀਤਾ ਅਤੇ ਭਾਰਤ ਤੋਂ ਬਾਹਰ ਚਲੀ ਗਈ। ਇਸ ਘਟਨਾ ਦਾ ਮਹੱਤਵ ਇਸ ਕਰਕੇ ਵਧੇਰੇ ਹੈ ਕਿ ਐਨੀ ਸਟੀਲ ਆਪ ਨਾਰੀਵਾਦੀ ਚਿੰਤਕ ਦੇ ਤੌਰ 'ਤੇ ਪਛਾਣ ਬਣਾ ਚੁੱਕੀ ਸੀ। ਇਸੇ ਸਾਲ ਉਸ ਦੇ ਦੋ ਨਾਵਲ 'ਵਾਇਸਜ਼ ਇਨ ਦਾ ਨਾਈਟ' ਅਤੇ 'ਹੋਸਟਸ ਆਫ ਦਿ ਲਾਰਡ' ਛਪੇ। ਕਹਾਣੀ ਸੰਗ੍ਰਿਹ 'ਇਨ ਦਾ ਗਾਰਡੀਅਨਸ਼ਿਪ ਆਫ ਗਾਡ' 1903 ਵਿਚ ਪ੍ਰਕਾਸ਼ਿਤ ਹੋਇਆ ਅਤੇ 1905 ਵਿਚ ਦੋ ਵਾਰਤਕ ਪੁਸਤਕਾਂ ਛਪ ਕੇ ਸਾਹਮਣੇ ਆਈਆਂ। ਪਹਿਲੀ 'ਏ ਬੁੱਕ ਆਫ ਮੌਰਲਜ਼: ਬੀਇੰਗ ਏ ਰਿਕਾਰਡ ਆਫ ਗੁੱਡ ਡੀਡਜ਼ ਐਂਡ ਗੁੱਡ ਕੁਆਲਿਟੀ ਆਫ ਵੱਟ ਹਿਊਮੈਨਿਟੀ ਇਜ਼ ਪਲੀਜ਼ਡ ਟੂ ਕਾਲ ਦਾ ਲੋਅਰ ਐਨੀਮਲ' ਸੀ ਅਤੇ ਦੂਸਰੀ ਸੀ 'ਇੰਡੀਆ'। ਐਨੀ ਦਾ ਨਾਵਲ 'ਏ ਸੋਵਰਾਈਨ ਰੈਮੇਡੀ' 1906 ਵਿਚ ਅਤੇ ਨਾਵਲ 'ਪ੍ਰਿੰਸ ਆਫ ਡਰੀਮਰਜ਼' ਉੱਨੀ ਸੌ ਅੱਠ ਵਿਚ ਛਪਿਆ; ਅੱਠ ਵਿਚ ਹੀ ਉਸ ਦੀ ਵਾਰਤਕ ਦੀ ਪੁਸਤਕ 'ਇੰਡੀਆ ਥਰੂ ਏਜਜ਼: ਏ ਪਾਪੂਲਰ ਐਂਡ ਪੀ ਪੀਕਚਰੈਸਕ ਹਿਸਟਰੀ ਆਫ ਹਿੰਦੋਸਤਾਨ' ਪ੍ਰਕਾਸ਼ਿਤ ਹੋਈ। ਉਸ ਦਾ ਨਾਵਲ 'ਦਿ ਗਿਫਟ ਆਫ ਦਾ ਗਾਡਜ਼'(1911) ਅਤੇ 'ਕਿੰਗ ਐਰੇਂਟ' (1912) ਵਿਚ ਪ੍ਰਕਾਸ਼ਿਤ ਹੋਏ।

1913 ਵਿਚ ਐਨੀ ਫਲੋਰਾ ਨੇ ਨਾਰੀ ਅੰਦੋਲਨ ਵਿਚ ਬੜੀ ਸਰਗਰਮੀ ਨਾ਼ਲ ਹਿੱਸਾ ਲਿਆ ਅਤੇ ਉਹ 'ਵਿਮਨ ਰਾਈਟਰਜ਼ ਸਫਰੇਜ ਲੀਗ' ਦੀ ਪ੍ਰਧਾਨ ਵੀ ਬਣੀ। ਇਸ ਦੌਰਾਨ ਉਸ ਦੀ ਕਿਤਾਬ 'ਦਿ ਐਡਵੈਂਚਰ ਆਫ ਅਕਬਰ' ਛਪੀ। 'ਦਾ ਮਰਸੀ ਆਫ ਦਾ ਲਾਰਡ' ਕਹਾਣੀ ਸੰਗ੍ਰਿਹ 1914 ਵਿਚ ਪ੍ਰਕਾਸ਼ਿਤ ਹੋਇਆ। 1916 ਵਿਚ ਐਨੀ ਨੇ ਆਪਣੇ ਪੈਸਿਆਂ ਨਾ਼ਲ 'ਦਿ ਫਰੂਟ ਆਫ ਦਿ ਟਰੀ' ਪੈਂਫਲਿਟ ਛਪਵਾਇਆ ਜਿਸ ਵਿਚ ਔਰਤ ਦੇ ਸਮਾਜਿਕ ਤੌਰ ਅਤੇ ਅਧੀਨ ਹੋਣ ਦੇ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਸੀ। ਸਤਾਰਾਂ ਵਿਚ 'ਮਾਰਮਾਦੂਕੇ ਅਤੇ 'ਮਿਸਟਰੈਸ ਆਫ ਮੈਨ' ਨਾਵਲ ਛਪੇ। ਪਿਛਲਾ ਨਾਵਲ ਜਹਾਂਗੀਰ ਦੇ ਜੀਵਨ ਉਪਰ ਆਧਾਰਿਤ ਹੈ। ਇਨ੍ਹਾਂ ਦੇ ਨਾ਼ਲ ਹੀ ਨਾਟਕਾਂ ਦੀ ਪੁਸਤਕ 'ਡਰਾਮੈਟਿਕ ਹਿਸਟਰੀ ਆਫ ਇੰਡੀਆ (20 ਲਘੂ ਨਾਟਕ) ਵੀ ਛਪ ਕੇ ਸਾਹਮਣੇ ਆਉਂਦੀ ਹੈ। ਲੋਕ ਕਥਾਵਾਂ ਦਾ ਇਕ ਹੋਰ ਸੰਗ੍ਰਿਹ 'ਇੰਗਲਿਸ਼ ਫੇਅਰੀ ਟੇਲਜ਼' ਐਨੀ ਸਟੀਲ ਨੇ 1918 ਵਿਚ ਛਪਵਾਇਆ ਜਿਸ ਤੋਂ ਉਸ ਦੇ ਲੋਕ ਕਥਾਵਾਂ ਦੇ ਮੋਹ ਦੀ ਦੁਬਾਰਾ ਪੁਸ਼ਟੀ ਹੁੰਦੀ ਹੈ।

1923 ਵਿਚ ਫਲੋਰਾ ਐਨੀ ਸਟੀਲ ਦੇ ਪਤੀ ਹੈਨਰੀ ਸਟੀਲ ਦੀ ਮੌਤ ਹੋ ਗਈ। ਇਸ ਸਾਲ ਵਿਚ ਫਲੋਰਾ ਦੇ ਦੋ ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਹੋਏ। ਇਹ ਸਨ 'ਟੇਲਜ਼ ਆਫ ਦਿ ਟਾਈਡਜ਼ ਐਂਡ ਅਦਰ ਸਟੋਰੀਜ਼' ਅਤੇ 'ਏ ਟੇਲ ਆਫ ਰਾਮਾਇਣਾ'। ਨਾਵਲ 'ਦਿ ਲਾਅ ਆਫ ਥਰੈਸ਼ਹੋਲਡ'(1924) ਅਤੇ 'ਦਿ ਬਿਲਡਰਜ਼' (1928) ਵੀ ਪ੍ਰਕਾਸ਼ਿਤ ਹੋਏ। 'ਦਿ ਬਿਲਡਰਜ਼' ਨਾਵਲ ਸ਼ਾਹ ਜਹਾਂ ਦੇ ਜੀਵਨ ਉਪਰ ਆਧਾਰਿਤ ਸੀ।

1929 ਵਿਚ ਐਨੀ ਦਾ ਨਾਵਲ 'ਦਿ ਕਰਸ ਆਫ ਈਵ' ਪ੍ਰਕਾਸ਼ਿਤ ਹੋਇਆ। ਇਸ ਦੇ ਨਾ਼ਲ ਹੀ ਉਸ ਦੀ ਸਵੈਜੀਵਨੀ 'ਦਿ ਗਾਰਡਨ ਆਫ ਫਾਈਡੈਲੀਟੀ: ਬੀਇੰਗ ਦਾ ਆਟੋਬਾਇਗ੍ਰਾਫੀ ਆਫ ਫਲੋਰਾ ਐਨੀ ਸਟੀਲ 1847-1929' ਪ੍ਰਕਾਸ਼ਿਤ ਹੋਈ। ਇਹ ਸਵੈਜੀਵਨੀ ਇਸੇ ਸਾਲ ਹੋਈ ਉਸ ਦੀ ਮੌਤ ਤੋਂ ਬਾਅਦ ਛਪੀ। 1933 ਵਿਚ ਭਾਰਤ ਦੇ ਪਿਛੋਕੜ ਦੀਆਂ ਸਾਰੀਆਂ ਕਹਾਣੀਆਂ ਦਾ ਸੰਗ੍ਰਿਹ 'ਇੰਡੀਅਨ ਸੀਨ: ਕੁਲੈਕਟਿਡ ਸ਼ਾਰਟ ਸਟੋਰੀਜ਼ ਆਫ ਫਲੋਰਾ ਐਨੀ ਸਟੀਲ 1847-1929' ਪ੍ਰਕਾਸ਼ਿਤ ਹੋਇਆ।

ਫਲੋਰਾ ਐਨੀ ਸਟੀਲ ਲੋਕਧਾਰਾ, ਨਾਵਲ, ਕਹਾਣੀ, ਨਾਟਕ, ਇਤਿਹਾਸ ਵਿਚ ਦਿਲਚਸਪੀ ਰੱਖਦੀ ਸੀ ਤੇ ਉਸ ਦੀ ਦ੍ਰਿਸ਼ਟੀ ਨਾਰੀਵਾਦੀ ਸੀ ਪਰ ਇਸ ਦ੍ਰਿਸ਼ਟੀ ਵਿਚ ਵਿਰੋਧਾਭਾਸ ਵੀ ਹਨ। ਉਹ ਭਾਰਤ ਵਿਚ ਬ੍ਰਿਟਿਸ਼ ਰਾਜ ਦੀ ਹਮਾਇਤੀ ਸੀ ਪਰ ਇੰਗਲੈਂਡ ਵਿਚ ਉਹ ਨਾਰੀਵਾਦ ਦੇ ਹੱਕ ਵਿਚ ਹੋਣ ਕਰਕੇ ਰਾਜ ਦੇ ਵਿਰੋਧ ਵਿਚ ਭੁਗਤਦੀ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ '1880ਵਿਆਂ ਤੋਂ ਲੈ ਕੇ 20ਵੀਂ ਸਦੀ ਦੇ ਤਿੰਨ ਦਹਾਕਿਆਂ ਤਕ ਸਟੀਲ ਨੇ ਗਲਪ ਅਤੇ ਵਾਰਤਕ ਦੀਆਂ ਤਕਰੀਬਨ 30 ਪੁਸਤਕਾਂ ਰਚੀਆਂ। ਨਾਵਲਾਂ ਵਿਚੋਂ ਉਸ ਦੇ ਕੁਝ ਨਾਵਲ ਐਂਗਲੋ-ਇੰਡੀਅਨ ਜ਼ਿੰਦਗੀ ਬਾਰੇ ਹਨ ਜਦ ਕਿ ਬਾਕੀਆਂ ਦੀ ਪਿੱਠ-ਭੂਮੀ ਬ੍ਰਿਟੇਨ ਹੈ। ਇਹ ਸਾਰੀਆਂ ਰਚਨਾਵਾਂ ਖ਼ੂਬ ਪੜ੍ਹੀਆਂ ਗਈਆਂ ਅਤੇ ਇਨ੍ਹਾਂ ਦੀ ਪ੍ਰਸ਼ੰਸਾ ਹੋਈ। ਫਲੋਰਾ ਦੇ ਭਾਰਤ ਬਾਰੇ ਪੰਜ ਇਤਿਹਾਸਕ ਨਾਵਲ ਹਨ; ਚਾਰ ਤਾਂ ਮੁਗ਼ਲ ਰਾਜਿਆਂ ਬਾਰੇ ਹਨ। ਫਲੋਰਾ ਨੇ ਹਾਊਸ ਕੀਪਿੰਗ ਪੁਸਤਕ ਵੀ ਲਿਖੀ, ਨਾਰੀਆਂ ਦੇ ਅਧਿਕਾਰ 'ਤੇ 'ਦਿ ਫਰੂਟ ਆਫ ਦਾ ਟਰੀ' ਪੈਂਫਲੈਟ ਵੀ ਲਿਖਿਆ। ਫਿਰ ਵੀ ਉਸ ਵਲੋਂ ਭਾਰਤੀ ਜੀਵਨ ਦੀ ਸਹੀ ਤੇ ਮਨੋਰੰਜਕ ਤਸਵੀਰ ਉਸ ਦੀ ਕਹਾਣੀਆਂ ਵਿਚ ਪੇਸ਼ ਹੋਈ ਹੈ ਜਿਨ੍ਹਾਂ ਵਿਚ ਪੱਛਮੀ ਦਖ਼ਲ ਨਹੀਂ ਹੈ ਅਤੇ ਸਥਾਨਕ ਭਾਰਤੀ ਔਰਤ ਦੀ ਜ਼ਿੰਦਗੀ ਤੇ ਸਥਿਤੀ ਨੂੰ ਇਥੋਂ ਦੇ ਸਮਾਜ ਵਿਚ ਰੱਖ ਕੇ ਹੀ ਦੇਖਦੀਆਂ ਹਨ।'

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਸਤੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-344



*ਜੋ ਮਿਲਦਾ, ਸੋ ਛਕੀ ਜਾਹ, ਬੀਤੇ ਨੂੰ ਨਾ ਝੂਰ।*
*ਨਾ ਰਹੀਆਂ ਉਹ ਸੁਆਣੀਆਂ, ਨਾ ਤਪਦੇ ਤੰਦੂਰ।*

## ਕੈਪਸ਼ਨ ਮੁਕਾਬਲਾ-342



ਘਟਾ ਘਨਘੋਰ ਸਾਵਣ ਦੀ ਚੜ੍ਹ ਆਈ।
ਬੇਬੇ ਨੇ ਕੜਾਹੀ ਚੁੱਕ ਚੁਲ੍ਹੇ 'ਤੇ ਚੜ੍ਹਾਈ।
ਪਕਾਈਆਂ ਮੱਠੀਆਂ, ਗੁਲਗੁਲੇ, ਖਤਾਈ।
ਤੀਆਂ ਦਾ ਥਿਆਰ ਘਲਾਇਆ ਧੀ ਤਾਈਂ।
*-ਸੇਵਾ ਸਿੰਘ ਨੂਰਪੁਰੀ*
*ਐਪਲ ਵੈਲੀ, ਮਿੰਨੀਸੋਟਾ।*
*ਫੋਨ: 408-912-3438*

---

ਬੇਬੇ ਜਦੋਂ ਹੈ ਕੜਾਹੀ ਚੁੱਲ੍ਹੇ ਉਤੇ ਧਰਦੀ।
ਨਾਲ ਮਹਿਕ ਦੇ ਬਦਲ ਜਾਂਦੀ ਫਿਜ਼ਾ ਘਰ ਦੀ।
ਹਰੇਕ ਦੀ ਪਸੰਦ ਦਾ ਖਿਆਲ ਹੈ ਰੱਖਦੀ।
ਭਰੀ ਜਾਵੇ ਟੋਕਰੀ, ਕਦੇ ਨਾ ਅੱਕਦੀ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ।**
**ਫੋਨ: 91-94176-49275**

---

ਸੱਧਰਾਂ ਨਾਲ ਕੜਾਹੀ ਚਾੜ੍ਹੀ
ਸੌ ਸੌ ਉਮੀਦਾਂ ਨਾਲ
ਸੁੱਕੇ ਬਾਲਣ ਦਾ ਤਾਅ ਦੇ ਕੇ।
ਬੇਬੇ ਨੂੰ ਐਨਾ ਚਾਅ ਚੜ੍ਹਿਆ
ਲੂਣ-ਸਲੂਣੇ, ਖੱਟੇ-ਮਿੱਠੇ
ਪਕਵਾਨ ਅੱਜ ਬਣਾਈ ਜਾਵੇ।
ਸਾਉਣ ਮਹੀਨਾ ਤੀਆਂ ਦਾ
ਵਿਰਸਾ ਆਪਣਾ ਨਵੀਂ ਪੀੜ੍ਹੀ ਨੂੰ
ਖੁਸ਼ੀਆਂ ਦਾ ਚੰਦ ਚੜ੍ਹਾਈ ਜਾਵੇ।
ਬਚਪਨ ਯਾਦ ਕਰ ਆਪਣਾ
ਸੋਚੀਂ ਪਈ ਪਰਾਗਾ ਪਾਈ ਜਾਵੇ।
ਪੁੱਤ, ਪੋਤੇ, ਪੋਤੀਆਂ, ਨੂੰਹਾਂ ਖੁਸ਼
ਬੇਬੇ ਫੁੱਲੀ ਨਾ ਸਮਾਵੇ।
ਹਰ ਇਕ ਨੂੰ ਤੂੜ ਚਾੜ੍ਹੀ ਜਾਵੇ।
*-ਦਰਸ਼ਨਪਾਲ ਦੋਸਾਂਝ*

---

ਮੀਂਹ, ਕਣੀ ਜਾਂ ਤਿੱਥ-ਤਿਉਹਾਰ
ਗੁਲਗੁਲੇ, ਮੱਠੀਆਂ, ਟੋਸਟ, ਪਕੌੜੇ
ਧਰ ਕੜਾਹੀ ਝੱਟ, ਬੇਬੇ ਕਰੇ ਤਿਆਰ।
ਰੱਜ-ਰੱਜ ਖੁਆ ਕੇ, ਵਾਧੂ ਛਾਬਾ ਭਰਿਆ
ਲੰਘਦਾ, ਵੜਦਾ, ਹਰ ਜੀਅ ਖਾਵੇ
ਰੱਜੇ ਰੂਹ, ਖੁਸ਼ ਰਹੇ ਪਰਿਵਾਰ।
*-ਦਵਿੰਦਰ ਮਾਨ*

---

ਸਾਉਣ ਮਹੀਨੇ ਮੀਂਹ ਕਣੀਆਂ ਨਾਲ
ਹੋ ਜਾਂਦਾ ਹੈ ਸਿੱਲ੍ਹ-ਸਲ੍ਹਾਬਾ।
ਬੇਬੇ ਬੈਠੀ ਚਾੜ੍ਹ ਕੜਾਹੀ
ਲਿਆ ਪਕੌੜਿਆਂ ਦਾ ਭਰ ਛਾਬਾ।
ਇਹ ਹੈ ਸੱਭਿਆਚਾਰ ਪੰਜਾਬੀ
ਮਾਝਾ, ਮਾਲਵਾ ਚਾਹੇ ਦੁਆਬਾ।
*-ਸੁਖਦੇਵ ਸ਼ਰਮਾ ਧੂਰੀ*
*ਫੋਨ: 91-95920-85886*

---

ਸੌਣ ਮਹੀਨੇ ਬਦਲੋਟੀਆਂ ਛਾਈਆਂ
ਬੇਬੇ ਪਕਵਾਨ ਬਣਾਈ ਜਾਵੇ।
ਬੱਚਿਆਂ ਨੂੰ ਭਾਉਂਦਾ ਖੁਆਉਣ ਲਈ
ਬਾਟੀਆਂ-ਛੰਨਿਆਂ 'ਚ ਪਾਈ ਜਾਵੇ।
ਸ਼ਾਲਾ ਕਿਤੇ ਜਾਣ ਨਾ ਰੱਬੀ ਰੂਹਾਂ
ਟੱਬਰ ਨੂੰ 'ਕੱਲੀ ਵਰਤਾਈ ਜਾਵੇ।
*-ਸੁਕੰਨਿਆ ਭਾਰਦਵਾਜ ਨਾਭਾ*

---

ਭਰੀ ਜਵਾਨੀ ਜੋਬਨ ਰੁੱਤੇ
ਚਾੜ੍ਹੀ ਗਈ ਮੈਂ ਚੁੱਲ੍ਹੇ।
ਰੁੱਤਾਂ ਆਈਆਂ, ਰੁੱਤਾਂ ਗਈਆਂ
ਵਿਚ ਰਸੋਈ ਦਿਨ ਰੁਲੇ।
ਥੱਕੀ ਹਾਰੀ ਇਸ ਦੇਹ ਨੂੰ
ਹੁਣ ਤਾਂ ਚੈਨ ਫਰਾਮਣ ਦਿਓ।
ਦੋ ਦਿਨਾਂ ਦੀ ਬਾਕੀ ਜ਼ਿੰਦਗੀ
ਕੁਝ ਤਾਂ ਮਨ ਭਰਮਾਣ ਦਿਓ।
*-ਜਯੋਤੀ ਖੰਨਾ*

---

ਸਾਉਣ ਮਹੀਨਾ ਜਦੋਂ ਆਵੇ
ਨਵ ਵਿਆਹੀਆਂ ਨੂੰ ਚਾਅ ਚੜ੍ਹ ਜਾਵੇ।
ਪਕੌੜੇ, ਮੱਠੀਆਂ, ਖੀਰ ਤੇ ਪੂੜੇ
ਬਣਾ ਕੇ ਮਾਂ ਜਾਂ ਦਾਦੀ ਖੁਆਵੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

To Advertise with Punjab Times Call: 847-359-0746

# ਜਾਪਾਨ 'ਚ 100 ਸਾਲ ਦੇ ਬਜ਼ੁਰਗਾਂ ਦੀ ਗਿਣਤੀ 70 ਹਜ਼ਾਰ ਨੇੜੇ ਪੁੱਜੀ

**ਟੋਕੀਓ:** ਜਾਪਾਨ ਵਿਚ 100 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਦੀ ਆਬਾਦੀ ਇਸ ਮਹੀਨੇ ਰਿਕਾਰਡ 69,785 ਹੋ ਗਈ ਹੈ। ਇਨ੍ਹਾਂ 'ਚ 88.1 ਫੀਸਦੀ ਮਹਿਲਾਵਾਂ ਹਨ। ਸਰਕਾਰ ਨੇ ਕਿਹਾ ਹੈ ਕਿ ਇਸ ਦਾ ਕਾਰਨ ਸਿਹਤ ਸੇਵਾਵਾਂ



'ਚ ਹੋਈ ਉਨੱਤੀ ਤੇ ਲੋਕਾਂ ਵਿਚਾਲੇ ਸਿਹਤ ਸਬੰਧੀ ਵਧਦੀ ਜਾਗਰੂਕਤਾ ਹੈ।

ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਹ ਅੰਕੜੇ ਪਿਛਲੇ ਸਾਲ ਤੋਂ ਵੱਧ ਹਨ ਤੇ ਦੋ ਦਹਾਕੇ ਪਹਿਲਾਂ ਦੀ ਤੁਲਨਾ 'ਚ ਸੱਤ ਗੁਣਾ ਵੱਧ ਹਨ। ਨੈਸ਼ਨਲ ਇੰਸਟੀਟਿਊਟ ਆਫ ਪਾਪੂਲੇਸ਼ਨ ਐਂਡ ਸੋਸ਼ਲ ਸਿਕਿਓਰਿਟੀ ਰਿਸਰਚ ਮੁਤਾਬਕ ਅਗਲੇ ਪੰਜ ਸਾਲਾਂ 'ਚ ਉਥੇ 100 ਸਾਲ ਤੋਂ ਜ਼ਿਆਦਾ ਉਮਰ ਵਾਲੇ ਲੋਕਾਂ ਦੀ ਸੰਖਿਆ ਇਕ ਲੱਖ ਦਾ ਅੰਕੜਾ ਪਾਰ ਕਰ ਜਾਵੇਗੀ ਤੇ ਉਸ ਤੋਂ ਅਗਲੇ 10 ਸਾਲਾਂ ਵਿਚ ਇਹ ਵਧ ਕੇ 1,70,000 ਹੋ ਜਾਵੇਗੀ।

ਜ਼ਿਕਰਯੋਗ ਹੈ ਕਿ ਜਾਪਾਨ 'ਚ 100 ਸਾਲ ਤੋਂ ਜ਼ਿਆਦਾ ਉਮਰ ਵਾਲੇ ਲੋਕਾਂ ਵਿਚ 61,454 ਮਹਿਲਾਵਾਂ ਹਨ ਜਦਕਿ 8,331 ਪੁਰਸ਼ ਹਨ। ਇਨ੍ਹਾਂ 'ਚ ਸਾਬਕਾ ਪ੍ਰਧਾਨ ਮੰਤਰੀ ਯੀਸੂਹਿਰੋ ਨਾਕਾਸੋਨੇ ਵੀ ਸ਼ਾਮਲ ਹਨ ਜੋ ਮਈ 'ਚ 100 ਸਾਲ ਦੇ ਹੋਏ ਹਨ। ਜਾਪਾਨ 'ਚ 100 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਦੀ ਸੰਖਿਆ ਵਿਚ 1971 ਤੋਂ ਵਾਧਾ ਹੋ ਰਿਹਾ ਹੈ ਤੇ ਸਰਕਾਰ ਨੂੰ ਉਮੀਦ ਹੈ ਕਿ ਇਹ ਵਰਤਾਰਾ ਜਾਰੀ ਰਹੇਗਾ।

## ਇਸਰੋ ਵੱਲੋਂ ਦੋ ਵਿਦੇਸ਼ੀ ਸੈਟੇਲਾਈਟ ਲਾਂਚ

**ਸ੍ਰੀਹਰੀਕੋਟਾ:** ਜੰਗਲਾਂ, ਹੜ੍ਹਾਂ ਅਤੇ ਆਫਤਾਂ ਦੀ ਨਿਗਰਾਨੀ ਲਈ ਯੂਕੇ ਦੇ ਦੋ ਸੈਟੇਲਾਈਟ ਨੋਵਾਐਸਏਆਰ ਅਤੇ ਐਸ।-4 ਨੂੰ ਇਸਰੋ ਵੱਲੋਂ ਲਾਂਚ ਕੀਤਾ ਗਿਆ। ਪੀ. ਐਸ. ਐਲ. ਵੀ-ਸੀ42 ਲਾਂਚ ਵਾਹਨ ਤੋਂ ਦੋਵੇਂ ਸੈਟੇਲਾਈਟ ਨੂੰ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਭੇਜਿਆ ਗਿਆ। ਇਸਰੋ ਦੇ ਅਧਿਕਾਰੀਆਂ ਮੁਤਾਬਕ ਦੋਵੇਂ ਸੈਟੇਲਾਈਟ ਵਧੀਆ ਢੰਗ ਨਾਲ ਕੰਮ ਕਰ ਰਹੇ ਹਨ।

## ਗਾਂਧੀ ਜੈਅੰਤੀ 'ਤੇ ਰਿਹਾ ਹੋ ਸਕਦੇ ਹਨ ਚੌਟਾਲਾ

**ਚੰਡੀਗੜ੍ਹ:** ਹਰਿਆਣਾ ਦੀ ਪ੍ਰਮੁੱਖ ਵਿਰੋਧੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਉਮੀਦ ਪ੍ਰਗਟ ਕੀਤੀ ਹੈ ਕਿ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਜੋ ਅਧਿਆਪਕ ਘੁਟਾਲੇ ਵਿਚ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ 'ਚ 10 ਸਾਲ ਦੀ ਕੈਦ ਭੁਗਤ ਰਹੇ ਹਨ, ਨੂੰ ਗਾਂਧੀ ਜੈਅੰਤੀ ਮੌਕੇ 2 ਅਕਤੂਬਰ ਨੂੰ ਰਿਹਾ ਕੀਤਾ ਜਾ ਸਕਦਾ ਹੈ। ਭਾਰਤ ਸਰਕਾਰ ਨੇ ਫੈਸਲਾ ਕੀਤਾ ਹੈ ਕਿ 70 ਸਾਲ ਤੋਂ ਵੱਧ ਉਮਰ ਵਾਲੇ ਉਨ੍ਹਾਂ ਬਜ਼ੁਰਗ ਕੈਦੀਆਂ ਨੂੰ ਛੱਡਿਆ ਜਾ ਰਿਹਾ ਹੈ, ਜਿਨ੍ਹਾਂ ਦਾ ਜੇਲ੍ਹ 'ਚ ਵਿਹਾਰ ਵਧੀਆ ਰਿਹਾ ਹੈ।

ਸ੍ਰੀ ਚੌਟਾਲਾ ਉਂਜ ਵੀ ਜਿਸਮਾਨੀ ਤੌਰ 'ਤੇ ਅੰਗਹੀਣ ਹਨ ਪਰ ਰਿਹਾਈ ਦੇ ਬਾਵਜੂਦ ਉਹ ਵਿਧਾਨ ਸਭਾ ਜਾਂ ਲੋਕ ਸਭਾ ਦੀ ਚੋਣ ਕਾਨੂੰਨੀ ਤੌਰ 'ਤੇ ਨਹੀਂ ਲੜ ਸਕਣਗੇ।

## ਹੁਣ ਦਾਜ ਲਈ ਤੰਗ ਕਰਨ ਵਾਲੇ ਦੀ ਹੋਵੇਗੀ ਤੁਰਤ ਗ੍ਰਿਫਤਾਰੀ

**ਨਵੀਂ ਦਿੱਲੀ:** ਦਾਜ ਲਈ ਤੰਗ-ਪ੍ਰੇਸ਼ਾਨ ਮਾਮਲਿਆਂ 'ਚ ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲਾ ਵਿਚ ਗ੍ਰਿਫਤਾਰੀ ਤੈਅ ਕਰਨ ਦਾ ਅਧਿਕਾਰ ਪੁਲਿਸ ਨੂੰ ਦੇ ਦਿੱਤਾ ਹੈ। ਸੁਪਰੀਮ ਕੋਰਟ ਨੇ ਆਪਣਾ ਪਿਛਲਾ ਫੈਸਲਾ ਪਲਟ ਦਿੱਤਾ ਹੈ। ਪਿਛਲੇ ਫੈਸਲੇ ਮੁਤਾਬਕ ਗ੍ਰਿਫਤਾਰੀ ਤੋਂ ਪਹਿਲਾਂ ਦਾਜ ਲਈ ਤਸੀਹੇ ਦੇਣ ਦੀ ਪੜਤਾਲ ਲਈ ਮਾਮਲਾ ਸਿਵਲ ਸੁਸਾਇਟੀ ਦੇ ਸਪੁਰਦ ਕੀਤਾ ਜਾਂਦਾ ਸੀ, ਹਾਲਾਂਕਿ ਸਰਬਉੱਚ ਅਦਾਲਤ ਨੇ ਇਹ ਕਿਹਾ ਕਿ ਪਤੀ ਅਤੇ ਉਸ ਦੇ ਰਿਸ਼ਤੇਦਾਰਾਂ ਕੋਲ ਸੁਰੱਖਿਆ ਲਈ ਅਗਾਊਂ ਜ਼ਮਾਨਤ ਦਾ ਵਿਕਲਪ ਰਹੇਗਾ।

ਸੁਪਰੀਮ ਕੋਰਟ ਨੇ ਧਾਰਾ 498-ਏ ਭਾਵ ਦਾਜ ਬਾਰੇ ਤਸੀਹੇ ਦੇ ਮਾਮਲਿਆਂ 'ਚ ਪਿਛਲੇ ਸਾਲ ਜੁਲਾਈ 'ਚ ਦਿੱਤੇ ਆਦੇਸ਼ 'ਚ ਦੋਸ਼ੀਆਂ ਦੀ ਫੌਰੀ ਗ੍ਰਿਫਤਾਰੀ 'ਤੇ ਰੋਕ ਲਾ ਦਿੱਤੀ ਸੀ।

# ਹੁਣ ਚਾਹ ਦੀਆਂ ਕੇਤਲੀਆਂ 'ਤੇ ਹਰਿਮੰਦਰ ਸਾਹਿਬ ਦੀ ਤਸਵੀਰ 'ਤੇ ਵਿਵਾਦ

**ਅੰਮ੍ਰਿਤਸਰ:** ਸ਼ਤਾਬਦੀ ਰੇਲ ਗੱਡੀ ਵਿਚ ਯਾਤਰੂਆਂ ਨੂੰ ਦਿੱਤੀਆਂ ਜਾਂਦੀਆਂ ਪਾਣੀ ਦੀਆਂ ਬੋਤਲਾਂ ਉਤੇ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਸਟਿੱਕਰ ਹਟਾਏ ਜਾਣ ਮਗਰੋਂ ਹੁਣ ਰੇਲ ਗੱਡੀ ਵਿਚ ਯਾਤਰੂਆਂ ਨੂੰ ਦਿੱਤੀਆਂ ਜਾਂਦੀਆਂ ਚਾਹ ਦੀਆਂ ਕੇਤਲੀਆਂ ਉਤੇ ਇਸ ਤਸਵੀਰ ਵਾਲੇ ਸਟਿਕਰ ਲੱਗੇ ਹੋਏ ਮਿਲੇ, ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਸਖਤ ਇਤਰਾਜ਼ ਕੀਤਾ ਹੈ। ਇਸ ਇਤਰਾਜ਼ ਮਗਰੋਂ ਇੰਡੀਅਨ ਰੇਲਵੇ ਕੈਟਰਿੰਗ ਅਤੇ ਟੂਰਿਜ਼ਮ ਕਾਰਪੋਰੇਸ਼ਨ ਵੱਲੋਂ ਤੁਰਤ ਇਹ ਸਟਿਕਰ ਹਟਾਉਣ ਦਾ ਭਰੋਸਾ ਦਿੱਤਾ ਗਿਆ ਹੈ।

ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਤੁਰਤ ਰੇਲਵੇ ਕੈਟਰਿੰਗ ਅਤੇ ਟੂਰਿਜ਼ਮ ਨਿਗਮ ਸਮੇਤ ਬੀ.ਐਸ.ਐਨ.ਐਲ. ਨਾਲ ਸੰਪਰਕ ਕੀਤਾ ਹੈ। ਇਨ੍ਹਾਂ ਦੋਵਾਂ ਵਿਭਾਗਾਂ ਨੂੰ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਇਹ ਸਟਿੱਕਰ ਹਟਾਉਣ ਵਾਸਤੇ ਆਖਿਆ ਹੈ। ਇਸ ਸਬੰਧੀ ਪੱਤਰ ਵੀ ਭੇਜੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਰੇਲ ਗੱਡੀ ਵਿਚ ਯਾਤਰੂਆਂ ਨੂੰ ਚਾਹ ਵਾਸਤੇ ਦਿੱਤੀ ਜਾਂਦੀ ਚਾਹ ਦੀ ਕੇਤਲੀ ਉਪਰ ਹਰਿਮੰਦਰ ਸਾਹਿਬ ਦੀ ਤਸਵੀਰ ਲੱਗੀ ਹੋਈ ਹੈ, ਜਿਸ ਨਾਲ ਇਸ ਧਾਰਮਿਕ ਅਸਥਾਨ ਦੀ ਬੇਅਦਬੀ ਹੁੰਦੀ ਹੈ। ਕੈਟਰਿੰਗ ਨਿਗਮ ਦੇ ਇਕ ਅਧਿਕਾਰੀ ਗੁਰਿੰਦਰ ਮੋਹਨ ਸਿੰਘ ਨੂੰ ਇਸ ਬਾਰੇ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨੇ ਇਸ 'ਤੇ ਤੁਰਤ ਕਾਰਵਾਈ ਦਾ ਭਰੋਸਾ ਦਿੱਤਾ ਹੈ।

# ਭਾਰਤੀ ਜੋੜੀ ਨੇ ਜਿੱਤਿਆ ਯੂ. ਕੇ. ਰੇਡੀਓ ਦਸਤਾਵੇਜ਼ੀ ਪੁਰਸਕਾਰ

**ਲੰਡਨ:** ਮੋਟਰਸਾਈਕਲ ਉਤੇ ਕੀਤੇ ਗਏ ਸਫਰ ਉਪਰ ਦਸਤਾਵੇਜ਼ੀ ਬਣਾਉਣ ਵਾਲੇ ਭਾਰਤ ਦੇ ਦੋ ਨੌਜਵਾਨਾਂ ਨੂੰ ਯੂਕੇ 'ਚ ਤਿੰਨ ਹਜ਼ਾਰ ਪੌਂਡ ਦਾ ਪੁਰਸਕਾਰ ਮਿਲਿਆ ਹੈ। 'ਬਾਈਕਰ ਰੇਡੀਓ ਰੋਡਕਾਸਟ' ਰਾਹੀਂ ਉਨ੍ਹਾਂ ਆਪਣੀ ਕਿਸਮ ਦੀ ਪਹਿਲੀ ਦਸਤਾਵੇਜ਼ੀ ਤਿਆਰ ਕੀਤੀ ਸੀ।

ਸ੍ਰਿਜ਼ੇਦੂ ਬੈਨਰਜੀ ਅਤੇ ਅਰਵਿੰਦਰ ਸਿੰਘ ਨੇ ਲੰਡਨ 'ਚ 'ਵ੍ਰਿਕਰਜ਼ ਰੇਡੀਓ ਐਂਡ ਆਡੀਓ ਫੰਡਿੰਗ ਐਵਾਰਡ' ਜਿੱਤਿਆ ਹੈ। ਦੁਨੀਆਂ ਦੀਆਂ ਸਭ ਤੋਂ ਚੁਣੌਤੀਪੂਰਨ ਰੈਲੀਆਂ 'ਚੋਂ ਇਕ 'ਰੇਡ ਡੀ ਹਿਮਾਲਿਆ' ਵਿਚ ਹਿੱਸਾ ਲੈਣ ਵਾਲੇ ਦੋਵੇਂ ਨੌਜਵਾਨਾਂ ਨੇ ਮੋਟਰਸਾਈਕਲ ਚਲਾਉਣ ਵਾਲਿਆਂ ਲਈ ਇਹ ਦਸਤਾਵੇਜ਼ੀ ਤਿਆਰ ਕੀਤੀ ਹੈ। ਦੋਹਾਂ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਹਮੇਸ਼ਾ ਮੰਨਦੇ ਸਨ ਕਿ ਭਵਿੱਖ ਸੁਨਹਿਰਾ ਹੈ ਅਤੇ ਵ੍ਰਿਕਰਜ਼ ਐਵਾਰਡ ਜਿੱਤਣ ਨਾਲ ਇਹ ਸਾਬਤ ਹੋ ਗਿਆ ਹੈ। ਬਾਈਕਰ ਰੇਡੀਓ ਰੋਡਕਾਸਟ ਕੌਮਾਂਤਰੀ ਨਕਸ਼ੇ ਉਤੇ ਆ ਗਿਆ ਹੈ ਅਤੇ ਉਹ ਮੋਟਰਸਾਈਕਲ ਚਲਾਉਣ ਵਾਲਿਆਂ ਦੀਆਂ ਕਹਾਣੀਆਂ 'ਲਾਂਗ ਵੇਅ ਹੋਮ' ਰਾਹੀਂ ਪ੍ਰਸਾਰਤ ਕਰਨਗੇ। ਉਨ੍ਹਾਂ ਵਿਸ਼ੇਸ਼ ਦਸਤਾਵੇਜ਼ੀ ਬਣਾਉਣ ਦੀ ਚੁਣੌਤੀ ਸਵੀਕਾਰੀ ਹੈ।

ਜ਼ਿਕਰਯੋਗ ਹੈ ਕਿ ਵ੍ਰਿਕਰਜ਼ ਐਵਾਰਡਜ਼ 2015 ਵਿਚ ਸ਼ੁਰੂ ਕੀਤੇ ਗਏ ਸਨ ਤਾਂ ਜੋ ਮੂਲ ਅਤੇ ਨਿਵੇਕਲੀਆਂ ਦਸਤਾਵੇਜ਼ੀ ਤਿਆਰ ਕਰਨ ਵਾਲਿਆਂ ਨੂੰ ਮਾਨਤਾ ਦਿੱਤੀ ਜਾ ਸਕੇ।

# ਹੁਣ ਬੈਂਕ ਆਫ ਬੜੌਦਾ, ਦੇਨਾ ਬੈਂਕ ਤੇ ਵਿਜਯਾ ਬੈਂਕ ਦਾ ਹੋਵੇਗਾ ਰਲੇਵਾਂ

**ਨਵੀਂ ਦਿੱਲੀ:** ਆਰਥਿਕ ਵਿਕਾਸ ਤੇ ਕ੍ਰੈਡਿਟ ਨੂੰ ਮੁੜ ਸੁਰਜੀਤ ਕਰਨ ਦੇ ਯਤਨਾਂ ਦੇ ਮੱਦੇਨਜ਼ਰ ਬੈਂਕ ਆਫ ਬੜੌਦਾ, ਵਿਜਯਾ ਬੈਂਕ ਤੇ ਦੇਨਾ ਬੈਂਕ ਨੂੰ (ਮਰਜ) ਆਪਸ 'ਚ ਮਿਲਾਇਆ ਜਾਵੇਗਾ। ਇਸ ਨਾਲ ਦੇਸ਼ ਨੂੰ ਤੀਜੀ ਸਭ ਤੋਂ ਵੱਡੀ ਬੈਂਕ ਮਿਲੇਗੀ। ਜ਼ਿਕਰਯੋਗ ਹੈ ਪਿਛਲੇ ਸਾਲ ਭਾਰਤੀ ਸਟੇਟ ਬੈਂਕ ਨੂੰ ਇਸ ਦੀਆਂ ਪੰਜ ਸਹਾਇਕ ਬੈਂਕਾਂ ਸਮੇਤ ਭਾਰਤੀ ਮਹਿਲਾ ਬੈਂਕ ਨੂੰ ਵੀ ਆਪਸ 'ਚ ਮਿਲਾਇਆ ਗਿਆ ਸੀ। ਇਸ ਯੋਜਨਾ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਬੈਂਕਾਂ ਨੂੰ ਆਪਸ 'ਚ ਮਿਲਾਉਣ ਨਾਲ ਉਹ ਜ਼ਿਆਦਾ ਮਜ਼ਬੂਤ ਤੇ ਕਾਮਯਾਬ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਕਰਜ਼ ਦੇਣ ਦੀ ਸਮਰੱਥਾ ਵਿਚ ਵੀ ਵਾਧਾ ਹੋਵੇਗਾ।

ਬੈਂਕ ਨੂੰ ਆਪਸ 'ਚ ਮਿਲਾਉਣ ਦਾ ਹਵਾਲਾ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਬੈਂਕ ਦੀ ਕਰਜ਼ ਦੇਣ ਦੀ ਸਮਰੱਥਾ ਕਮਜ਼ੋਰ ਹੋ ਰਹੀ ਸੀ, ਜਿਸ ਨਾਲ ਕਾਰਪੋਰੇਟ ਖੇਤਰ ਦੇ ਨਿਵੇਸ਼ ਨੂੰ ਨੁਕਸਾਨ ਪਹੁੰਚ ਰਿਹਾ ਸੀ। ਉਨ੍ਹਾਂ ਨਾਲ ਹੀ ਕਿਹਾ ਕਿ ਜ਼ਿਆਦਾ ਕਰਜ਼ਿਆਂ ਜਾਂ ਉਨ੍ਹਾਂ ਦੇ ਡੁੱਬਣ ਕਾਰਨ ਬਹੁਤ ਸਾਰੀਆਂ ਬੈਂਕਾਂ ਦੀ ਹਾਲਤ ਕਮਜ਼ੋਰ ਹੋ ਗਈ ਸੀ, ਇਸ ਲਈ ਦੋ-ਤਿੰਨ ਜਾਂ ਵੱਧ ਬੈਂਕਾਂ ਨੂੰ ਆਪਸ 'ਚ ਮਿਲਾਉਣ ਦੀ ਯੋਜਨਾ ਨਾਲ ਬੈਂਕਾਂ ਦੀ ਕੰਮ ਕਰਨ ਦੀ ਸਮਰਥਾ ਵਿਚ ਤੇਜ਼ੀ ਆਵੇਗੀ।

# ਵਿਦੇਸ਼ੀ ਜੇਲ੍ਹਾਂ ਵਿਚ 11,803 ਪਾਕਿਸਤਾਨੀ ਕੈਦੀ ਬੰਦ

**ਇਸਲਾਮਾਬਾਦ:** ਲਾਹੌਰ ਹਾਈ ਕੋਰਟ ਦੇ ਹੁਕਮਾਂ 'ਤੇ ਪਾਕਿਸਤਾਨ ਗ੍ਰਿਹ ਮੰਤਰਾਲੇ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਵਿਦੇਸ਼ੀ ਜੇਲ੍ਹਾਂ ਵਿਚ 11,803 ਪਾਕਿਸਤਾਨੀ ਕੈਦੀ ਬੰਦ ਹਨ, ਜਿਨ੍ਹਾਂ ਨੂੰ ਪਾਕਿਸਤਾਨ ਵਾਪਸ ਲਿਆਉਣ ਲਈ ਸਰਕਾਰ ਦੇ ਵਿੱਤ ਮੰਤਰਾਲੇ ਨੂੰ ਘੱਟ ਤੋਂ ਘੱਟ 35 ਹਜ਼ਾਰ ਯੂ.ਐਸ. ਡਾਲਰ ਦੀ ਸਪਲੀਮੈਂਟਰੀ ਗਰਾਂਟ ਜਾਰੀ ਕਰਨੀ ਹੋਵੇਗੀ। ਪਾਕਿ ਗ੍ਰਿਹ ਮੰਤਰਾਲੇ ਨੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਰਾਹੀਂ ਸਬੰਧਿਤ 20 ਮੁਲਕਾਂ ਨਾਲ ਇਸ ਸਬੰਧੀ ਇਕਰਾਰਨਾਮੇ ਦੀ ਪ੍ਰਕਿਰਿਆ 'ਤੇ ਕਾਰਵਾਈ ਸ਼ੁਰੂ ਕਰਨ ਲਈ ਸਮਾਂ ਮੰਗਿਆ ਹੈ।

ਮੰਤਰਾਲੇ ਦਾ ਕਹਿਣਾ ਹੈ ਕਿ ਇਸ ਮਾਮਲੇ 'ਚ ਵੱਖ-ਵੱਖ ਦੇਸ਼ਾਂ ਦੇ ਵਿਭਾਗ ਸ਼ਾਮਲ ਹੋਣ ਕਰਕੇ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਲੰਬਾ ਸਮਾਂ ਲੱਗ ਸਕਦਾ ਹੈ। ਇਨ੍ਹਾਂ ਮੁਲਕਾਂ 'ਚ ਸਾਊਦੀ ਅਰਬ, ਈਰਾਨ, ਤੁਰਕੀ, ਚੀਨ, ਰੂਸ, ਕਤਰ, ਬਹਿਰੀਨ, ਮਲੇਸ਼ੀਆ, ਆਇਰਲੈਂਡ, ਯਮਨ, ਅਫ਼ਗਾਨਿਸਤਾਨ, ਮਾਲਦੀਵ, ਕੋਰੀਆ, ਜਾਰਡਨ, ਅਜ਼ਰਬਾਈਜਾਨ, ਉਜ਼ਬੇਕਿਸਤਾਨ, ਸਾਈਪ੍ਰਸ, ਸੇਸ਼ੇਲਸ, ਕਿਰਗਿਸਤਾਨ ਅਤੇ ਨਾਈਜੀਰੀਆ ਸ਼ਾਮਲ ਹਨ। ਰਿਪੋਰਟ ਅਨੁਸਾਰ 582 ਪਾਕਿਸਤਾਨੀ ਕੈਦੀ ਭਾਰਤ 'ਚ, 2,937 ਸਾਊਦੀ ਅਰਬ, 1842 ਗਰੀਸ, 177 ਅਫਗਾਨ, 242 ਚੀਨ, 188 ਈਰਾਨ ਅਤੇ 226 ਪਾਕਿਸਤਾਨੀ ਕੈਦੀ ਮਲੇਸ਼ੀਆ ਦੀਆਂ ਜੇਲ੍ਹਾਂ 'ਚ ਕੈਦ ਹਨ।

# ਪ੍ਰਿੰ. ਸਿੱਧੂ ਦਾ ਲੇਖ 'ਮਨ ਹਰਾਮੀ ਹੁੱਜਤਾਂ ਢੇਰ'

**ਮਾਨਯੋਗ ਸੰਪਾਦਕ ਜੀਓ,**

ਪੰਜਾਬ ਟਾਈਮਜ਼ ਦੇ 8 ਸਤੰਬਰ ਦੇ ਪਰਚੇ ਵਿਚ ਛਪਿਆ ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਦਾ ਲੇਖ 'ਮਨ ਹਰਾਮੀ ਹੁੱਜਤਾਂ ਢੇਰ' ਪੜ੍ਹ ਕੇ ਬਹੁਤ ਖੁਸ਼ੀ ਹੋਈ। ਲੇਖਕ ਨੇ ਬਹੁਤ ਚੰਗਾ ਵਿਸ਼ਾ ਚੁਣ ਕੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦਾ ਮੰਤਵ ਪਾਠਕਾਂ, ਖਾਸ ਕਰਕੇ ਉਹ ਜੋ ਪੱਛਮੀ ਮਾਹੌਲ ਵਿਚ ਵਿਚਰ ਰਹੇ ਹਨ, ਨੂੰ ਕੁਝ ਨਵੀਂ

## ਸੰਪਾਦਕ ਦੀ ਡਾਕ

ਸੇਧ ਦੇਣ ਦਾ ਲਗਦਾ ਹੈ। ਉਨ੍ਹਾਂ ਅਨੁਸਾਰ ਜਦੋਂ ਸਾਨੂੰ ਕੰਮ ਕਰਨਾ ਚਾਹੀਦਾ ਹੈ, ਅਸੀਂ ਕਈ ਬਹਾਨੇ ਲਾ ਕੇ ਟਾਲ ਮਟੋਲ ਕਰਦੇ ਰਹਿੰਦੇ ਹਾਂ।

ਇਹ ਭਾਰਤੀ ਮਾਹੌਲ 'ਚ ਪੈਦਾ ਹੋਈ ਨਾਂਹਪੱਖੀ ਆਦਤ ਹੈ, ਜੋ ਅਜੋਕੇ ਯੁਗ ਵਿਚ ਨਹੀਂ ਚਲਦੀ। ਕੋਈ ਛੁੱਟੀ ਆ ਜਾਵੇ, ਅਸੀਂ ਚਾਅ ਦੇ ਬਹਾਨੇ ਕੰਮ ਛੱਡ ਦਿੰਦੇ ਹਾਂ। ਕੋਈ ਛਿੱਕ ਆ ਜਾਵੇ ਤਾਂ ਕੰਮ 'ਤੇ ਜਾਣਾ ਛੱਡ ਦਿੰਦੇ ਹਾਂ। ਕਿਸੇ ਨੂੰ ਫੋਨ ਕਰਨਾ ਹੋਵੇ ਤਾਂ ਢਿੱਲ ਮਠ ਕਰੀ ਜਾਂਦੇ ਹਾਂ ਕਿ ਛੱਡੋ ਪੰਜ ਵਜੇ ਹਨ, ਅਗਲਾ ਡਰਾਈਵ ਕਰ ਰਿਹਾ ਹੋਵੇਗਾ ਜਾਂ ਨੌਂ ਵਜੇ ਹਨ, ਸੌਂ ਗਿਆ ਹੋਵੇਗਾ। ਕਈ ਸੋਚਦੇ ਹਨ ਕਿ ਅੱਜ ਮੰਗਲਵਾਰ ਹੈ, ਕਾਲ ਕੀਤਿਆਂ ਕਿਤੇ ਅਗਲਾ ਲੜ ਹੀ ਨਾ ਪਵੇ। ਚਲਦੇ ਕੰਮ ਨੂੰ ਬਹਾਨੇ ਲਾ ਕੇ ਰੋਕਣ ਦੀ ਇਹ ਨਖੱਟੂ ਆਦਤ ਹੈ। ਇਸ ਵਲ ਸਭ ਦਾ ਧਿਆਨ ਜਾਣਾ ਚਾਹੀਦਾ ਹੈ ਤਾਂ ਜੋ ਇਸ 'ਤੇ ਸਰਗਰਮੀ ਨਾਲ ਕਾਬੂ ਪਾਇਆ ਜਾਵੇ।

ਪ੍ਰਿੰਸੀਪਲ ਸਿੱਧੂ ਨੇ ਜੋ ਮਿਸਾਲਾਂ ਦਿੱਤੀਆਂ ਹਨ, ਉਹ ਸਭ ਵਾਜਬ ਤੇ ਦਿਲਚਸਪ ਹਨ। ਕਿੰਨੇ ਹੋਰ ਵੀ ਬਹੁਤ ਹਨ। ਦਰਅਸਲ ਜੀਵਨ ਦੇ ਕੋਨੇ ਕੋਨੇ ਵਿਚ ਅਸੀਂ ਆਪਣੇ ਵਿਚਾਰਾਂ ਤੇ ਆਦਤਾਂ ਦੇ ਭਾਰ ਕਾਰਨ ਖੜੋਤ ਦੀ ਜਕੜ ਵਿਚ ਆ ਜਾਂਦੇ ਹਾਂ ਤੇ ਬਹਾਨੇਬਾਜ਼ੀਆਂ ਕਰ ਕੇ ਰੂੜੀਵਾਦ ਨਾਲ ਜੁੜੇ ਰਹਿੰਦੇ ਹਾਂ। ਨੌਜਵਾਨ ਕਾਲਜ ਇਸ ਲਈ ਨਹੀਂ ਜਾਂਦੇ ਕਿ ਉਨ੍ਹਾਂ ਕੋਲ ਮੋਟਰ-ਸਾਈਕਲ ਨਹੀਂ ਹੈ, ਖੇਤੀ ਇਸ ਲਈ ਨਹੀਂ ਕਰਦੇ ਕਿ ਟਰੈਕਟਰ ਨਹੀਂ ਹੈ ਤੇ ਮਜ਼ਦੂਰੀ ਇਸ ਲਈ ਨਹੀਂ ਸਵੀਕਾਰਦੇ ਕਿ ਇਹ ਘਟੀਆ ਕੰਮ ਹੈ।

ਕਿਸੇ ਪੰਜਾਬੀ ਨੌਜਵਾਨ ਨੂੰ ਪੁੱਛੋ, ਕੰਮ ਕਿਉਂ ਨਹੀਂ ਕਰਦਾ? ਜਵਾਬ ਹੁੰਦਾ ਹੈ, ਇਥੇ ਸਹੂਲਤਾਂ ਨਹੀਂ ਹਨ। ਖੈਰ! ਉਹ ਸਹੂਲਤਾਂ ਤਾਂ ਅਮਰੀਕਾ ਕੋਲ ਵੀ ਨਹੀਂ ਹਨ ਜੋ ਅੱਜ ਤੋਂ ਸੌ ਸਾਲ ਬਾਅਦ ਆਉਣੀਆਂ ਹਨ। ਤਾਂ ਕੀ ਅਮਰੀਕੀ ਲੋਕ ਉਨ੍ਹਾਂ ਦੀ ਉਡੀਕ ਵਿਚ ਸੌ ਸਾਲ ਕੰਮ ਨਹੀਂ ਕਰਨਗੇ? ਅੱਜ ਸੰਸਾਰ ਵਿਚ ਜੋ ਦਕੀਆਨੂਸ ਵਿਚਾਰਧਾਰਾਵਾਂ ਫੈਲੀਆਂ ਹੋਈਆਂ ਹਨ ਤੇ ਵਿਗਿਆਨਕ ਰੁਚੀ ਦੀ ਪਿਛਾੜੀ ਆ ਰਹੀ ਹੈ, ਇਹ ਸਾਡੀ ਸਥਿਰ ਹੋਈ ਮਾਨਸਿਕਤਾ ਕਰਕੇ ਹੈ।

ਮੇਰੇ ਕੋਲ ਕਈ ਨੌਜਵਾਨ ਅਕਸਰ ਸ਼ਰਾਬ ਛੱਡਣ ਲਈ ਆਉਂਦੇ ਹਨ ਤੇ ਕਈਆਂ ਦੀਆਂ ਪਤਨੀਆਂ ਉਨ੍ਹਾਂ ਨੂੰ ਮਜਬੂਰਨ ਲੈ ਕੇ ਆਉਂਦੀਆਂ ਹਨ। ਜੇ ਕਿਸੇ ਨੂੰ ਪੁੱਛੋ ਕੀ ਸਮੱਸਿਆ ਹੈ ਜੋ ਤੂੰ ਦਾਰੂ ਪੀਂਦਾ ਹੈ, ਕਹੇਗਾ, "ਮੈਂ ਕਿਹੜਾ ਰੋਜ਼ ਪੀਂਦਾ ਆਂ, ਕਦੇ ਕਦੇ ਮਿੱਤਰਾਂ ਦੋਸਤਾਂ ਨਾਲ ਜਾਂ ਵਿਆਹ ਸ਼ਾਦੀ 'ਤੇ ਪੀ ਲੈਂਦਾ ਆਂ।" ਕੋਈ ਕਹਿੰਦਾ ਹੈ, ਉਹ ਸਾਰਾ ਦਿਨ ਕੰਮ ਕਰਕੇ ਥਕਾਵਟ ਉਤਾਰਨ ਲਈ ਪੀਂਦਾ ਹੈ ਤੇ ਕੋਈ ਪੀ ਕੇ ਚੰਗੀ ਨੀਂਦ ਆਉਣ ਦੀ ਗੱਲ ਦੱਸਦਾ ਹੈ। ਕੋਈ ਸਿਹਤ ਲਈ ਦਵਾਈ ਦੇ ਤੌਰ 'ਤੇ ਅਤੇ ਕੋਈ ਟੈਨਸ਼ਨ ਦੂਰ ਕਰਨ ਲਈ। ਜਿੰਨੇ ਨੌਜਵਾਨ, ਉਨੇ ਬਹਾਨੇ। ਕੋਈ ਨਹੀਂ ਮੰਨਦਾ ਕਿ ਉਹ ਨਸ਼ੇੜੀ ਹੈ ਤੇ ਕੋਈ ਨਹੀਂ ਕਹਿੰਦਾ ਕਿ ਸ਼ਰਾਬ ਨੁਕਸਾਨਦਾਇਕ ਹੈ। ਦਵਾਈ ਦੇ ਕੇ ਛਡਾਓ ਤਾਂ ਹੋਰ ਗੱਲ ਹੈ ਪਰ ਆਪਣੇ ਆਪ ਛੱਡਣ ਲਈ ਕੋਈ ਰਾਜ਼ੀ ਨਹੀਂ ਹੁੰਦਾ। ਜੇ ਕੋਈ ਹੁੰਦਾ ਵੀ ਹੈ, ਉਹ ਕਹਿੰਦਾ ਹੈ ਕਿ ਅਗਲੇ ਸਾਲ ਛੱਡਾਂਗਾ। ਜਲਦ ਤੋਂ ਜਲਦ ਛੱਡਣ ਵਾਲਾ ਵੀ ਹਥਲਾ ਪੈਗ ਖਤਮ ਕਰ ਕੇ ਹੀ ਛੱਡਣ ਦੀ ਗੱਲ ਕਰਦਾ ਹੈ। ਇਹ ਤਾਂ ਹੋਮਿਓਪੈਥੀ ਦੇ ਸਦਕੇ ਜਾਈਏ ਜੋ ਉਨ੍ਹਾਂ ਦੇ ਮਨ 'ਚੋਂ ਨਸ਼ੇ ਦਾ ਭੂਤ ਕੱਢਦੀ ਹੈ। ਪਰ ਉਹ ਤਾਂ 'ਮਨ ਹਰਾਮੀ ਹੁੱਜਤਾਂ ਢੇਰ' ਵਾਲੇ ਮੁਹਾਵਰੇ ਨੂੰ ਸੱਚ ਸਿੱਧ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦਿੰਦੇ।

ਪ੍ਰਿੰਸੀਪਲ ਸਿੱਧੂ ਦਾ ਇਹ ਸਿਖਿਆਦਾਇਕ ਲੇਖ ਅੱਧ ਤੀਕ ਤਾਂ ਠੀਕ ਚਲਦਾ ਹੈ ਪਰ ਬਾਅਦ ਵਿਚ ਇਸ ਦੀ ਬੌਧਿਕ ਪਕੜ ਢਿੱਲੀ ਹੋ ਜਾਂਦੀ ਹੈ। ਖਾਸ ਕਰ ਕੇ ਗੁਰੂ ਗ੍ਰੰਥ ਸਾਹਿਬ ਵਿਚੋਂ ਦਿੱਤੀਆਂ ਟੂਕਾਂ ਤੇ ਕਵੀ ਨੰਦ ਲਾਲ ਨੂਰਪੁਰੀ ਦੀ ਕਵਿਤਾ 'ਚੋਂ ਪੇਸ਼ ਕੀਤੇ ਬੰਦ ਦਾ ਲੇਖ ਵਿਚ ਮਹੱਤਵ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋਇਆ। ਰਾਜਨੀਤਕ ਨੇਤਾਵਾਂ ਦੇ ਵਾਅਦੇ ਨਾ ਪੂਰੇ ਹੋਣ ਵਿਚ ਵਰਤੀ ਗਈ ਬਹਾਨੇਬਾਜ਼ੀ ਵੀ ਜੇ ਹੋਰ ਉਘਾੜ ਕੇ ਪੇਸ਼ ਕੀਤੀ ਜਾਂਦੀ ਤਾਂ ਚੰਗਾ ਸੀ। ਪਰ ਲਗਦਾ ਹੈ ਕਿ ਜਾਂ ਪ੍ਰਿੰਸੀਪਲ ਸਿੱਧੂ ਆਪ ਕਾਹਲੀ ਨਾਲ ਚਲੇ ਹਨ ਤੇ ਜਾਂ ਸੰਪਾਦਕ ਦੀ ਕੈਂਚੀ ਚਲ ਗਈ ਹੈ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

## ਗੁਰੂਆਂ ਦਾ ਦੇਵ

ਬਲਜੀਤ ਬਾਸੀ ਦੀ ਉਮਰ ਦਰਾਜ਼ ਹੋਵੇ ਜੋ ਸਾਡੇ ਸਾਹਮਣੇ ਸ਼ਬਦਾਂ ਦਾ ਝਰੋਖਾ ਖੋਲ੍ਹ ਦਿੰਦਾ ਹੈ। ਕੁਝ ਅਧਪੜ੍ਹ ਕਿਸਮ ਦੇ ਤੇਜ਼-ਤਰਾਰ ਮਿਸ਼ਨਰੀਆਂ ਨੂੰ ਹਰ ਸੁਹਣੇ ਲਫਜ਼ ਨਾਲ ਵੈਰ ਹੈ, ਹਰ ਪਿਆਰੀ ਰਸਮ ਵਿਚੋਂ ਹਿੰਦੂ/ ਬ੍ਰਾਹਮਣ ਡਰਾਈ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਲਿਪੀ ਗੁਰਮੁਖੀ ਹੈ, ਸ਼ਬਦਾਵਲੀ ਪੰਜਾਬੀ ਨਹੀਂ, ਇਸ ਵਿਚ ਸੰਸਕ੍ਰਿਤ, ਸਹਿਸਕ੍ਰਿਤ, ਪ੍ਰਾਕ੍ਰਿਤਾਂ, ਸਾਧ-ਭਾਖਾ ਅਤੇ ਫਾਰਸੀ ਦੇ ਬੇਸ਼ੁਮਾਰ ਲਫਜ਼ ਹਨ ਜੋ ਇਸ ਨੂੰ ਅਮੀਰ ਬਣਾਉਂਦੇ ਹਨ।

ਸੰਸਕ੍ਰਿਤ ਦਾ 'ਸ੍ਰੀ' ਲਫਜ਼ ਗੁਰੂ ਸਾਹਿਬਾਨ ਅਤੇ ਗੁਰਦੁਆਰਿਆਂ ਦੇ ਅਗੇਤਰ ਵਜੋਂ ਤਾਂ ਸਤਿਕਾਰ ਨਾਲ ਲਾਇਆ ਹੀ ਜਾਂਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਰਾਗ ਹੀ ਸ੍ਰੀ ਰਾਗ ਹੈ, ਹੁਕਮ ਹੈ, ਰਾਗਾਂ ਵਿਚ ਸਿਰੀ ਰਾਗ ਹੈ ਜਾ ਸਚੁ ਧਰੇ ਪਿਆਰੁ॥ (ਵਾਰ ਸ੍ਰੀ ਮ. ੩); ਰਾਗਨ ਮੇ ਸਿਰੀ ਰਾਗ ਪਾਰਸ ਪਖਾਨ ਹੈ॥ (ਕਬਿੱਤ ਭਾਈ ਗੁਰਦਾਸ)

ਸੰਸਕ੍ਰਿਤ ਭਾਸ਼ਾ ਜਾਣਨ ਵਾਲਾ ਵਿਦਵਾਨ ਗੁਰਬਾਣੀ ਨੂੰ ਵਧੀਕ ਚੰਗੀ ਤਰ੍ਹਾਂ ਸਮਝਦਾ ਹੈ। ਸੰਸਕ੍ਰਿਤ ਸ਼ਬਦਾਵਲੀ ਦਾ ਵਿਰੋਧ ਪਹਿਲਾਂ ਬਾਬੂ ਤੇਜਾ ਸਿੰਘ ਭਸੌੜ ਨੇ ਕੀਤਾ, ਜਿਸ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਉਸ ਤੋਂ ਬਾਅਦ ਹਰਿੰਦਰ ਸਿੰਘ ਮਹਿਬੂਬ ਨੇ ਲਿਖਿਆ ਕਿ ਦੇਵ ਅਤੇ ਸ੍ਰੀ ਨਹੀਂ, ਗੁਰੂਆਂ ਦੇ ਨਾਂਵਾਂ ਨਾਲ ਸਾਹਿਬ ਲਿਖੋ।

ਅਸੀਂ ਸਾਹਿਬ ਲਫਜ਼ ਦੇ ਖਿਲਾਫ ਨਹੀਂ ਪਰ ਇਹ ਵੀ ਜਾਣਦੇ ਹਾਂ ਕਿ ਪੰਜ ਰੌਸ਼ਨਬੁੱਧ ਜੁਆਨ ਆਪ ਚੁਣ ਕੇ ਦਸਮ-ਪਾਤਸ਼ਾਹ ਨੇ ਸੰਸਕ੍ਰਿਤ ਸਿੱਖਣ ਲਈ ਕਾਸ਼ੀ ਭੇਜੇ ਸਨ, ਜਿਨ੍ਹਾਂ ਨੂੰ ਨਿਰਮਲਿਆਂ ਦੀ ਉਪਾਧੀ ਨਾਲ ਸਨਮਾਨਿਆ ਗਿਆ। ਦੇਵ ਮਾਇਨੇ ਰੌਸ਼ਨ, ਅਸਮਾਨ, ਦੈਵੀ, ਦਿੱਵਯ ਅਤੇ ਦੇਵਤਾ ਦੀ ਇਕੋ ਜੜ੍ਹ ਹੈ। ਫਰਿਸ਼ਤਾ ਅਤੇ ਪਰੀ ਮਾਇਨੇ ਖੰਭਾਂ ਵਾਲੇ ਨਰ, ਮਾਦਾ।

*-ਡਾ. ਹਰਪਾਲ ਸਿੰਘ ਪੰਨੂ*
*ਕੇਂਦਰੀ ਯੂਨੀਵਰਸਿਟੀ, ਬਠਿੰਡਾ।*

---

**ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਦਾ ਅਨੰਦ ਹਰ ਹਫਤੇ ਮਾਣਨ ਦਾ ਸੁਭਾਗ ਪ੍ਰਾਪਤ ਹੈ। ਹੋਰਾਂ ਤੋਂ ਬਿਨਾ ਬਲਜੀਤ ਬਾਸੀ ਦੀ ਲਿਖਤ ਬੜੀ ਨੀਝ ਨਾਲ ਪੜ੍ਹੀਦੀ ਹੈ। ਪਹਿਲਾਂ ਵੀ ਕਈ ਵਾਰੀ ਤੇ ਐਤਕੀਂ 'ਦੇਵ' ਵਾਲੇ ਗੁਰੂ ਨਾਨਕ ਬਾਰੇ ਪੜ੍ਹ ਕੇ ਬੇਹੱਦ ਖੁਸ਼ੀ ਹੋਈ। ਅੰਗਰੇਜ਼ੀ ਅੱਖਰਾਂ ਦੀ ਆਮਦ ਵਾਲੇ ਲੇਖ ਤੋਂ ਵੀ ਕੇ ਹੋਰ ਕਈ ਭਾਅ ਭੁਲੇਖੇ ਦੂਰ ਕਰਨ ਲਈ ਬਲਜੀਤ ਬਾਸੀ ਵਧਾਈ ਦੇ ਹੱਕਦਾਰ ਹਨ।

ਡਾ. ਹਰਜਿੰਦਰ ਸਿੰਘ ਦਿਲਗੀਰ ਵਰਗੇ ਹੋਰ ਕਈਆਂ ਦੇ ਸਿਰਾਂ ਨੂੰ ਬਲਜੀਤ ਬਾਸੀ ਤੋਂ ਵਧੀਆ ਕਲਬੂਤ ਹੋਰ ਕੋਈ ਨਹੀਂ ਦੇ ਸਕਦਾ। ਬਹੁਤ ਬਹੁਤ ਧੰਨਵਾਦ।

*-ਅਮਰਜੀਤ ਸਿੰਘ ਖੋਸਾ*
*ਡੈਲਟਾ, ਬੀ.ਸੀ., ਕੈਨੇਡਾ।*

# ਵਿਤਕਰਿਆਂ ਦੇ ਗਲੋਬਲ ਪਸਾਰਾਂ 'ਤੇ ਗਹਿਰ ਗੰਭੀਰ ਚਰਚਾ

## ਕਾਣੀ-ਵੰਡ ਵਿਤਕਰਿਆਂ ਦੀ ਗੰਗੋਤਰੀ

**ਅਵਤਾਰ ਗੋਂਦਾਰਾ**
ਫੋਨ: 559-375-2589

**ਫਰਿਜ਼ਨੋ:** ਸਥਾਨਕ ਸੰਸਥਾ ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ 'ਨਸਲੀ ਵਿਤਕਰੇ ਦੇ ਵਧ ਰਹੇ ਰੁਝਾਨ' ਵਿਸ਼ੇ 'ਤੇ ਹਾਲ ਹੀ ਵਿਚ ਹੋਏ ਸੈਮੀਨਾਰ ਵਿਚ ਹਰ ਤਰ੍ਹਾਂ ਦੇ ਵਿਤਕਰੇ ਨੂੰ ਹੰਗਾਲਿਆ ਗਿਆ। ਸੰਸਥਾ ਦੇ ਪ੍ਰਧਾਨ ਗੁਰਨੇਕ ਰਾਏ ਦੀ ਦੇਖ ਰੇਖ ਵਿਚ ਹੋਏ ਇਸ ਸਮਾਗਮ ਵਿਚ ਸੈਂਟਰਲ ਵੈਲੀ ਦੇ ਲੇਖਕਾਂ, ਕਵੀਆਂ, ਬੁੱਧੀਜੀਵੀਆਂ, ਕਾਰੋਬਾਰੀਆਂ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ। ਲਾਸ ਏਂਜਲਸ ਤੋਂ ਆਏ ਸੀਨੀਅਰ ਪੱਤਰਕਾਰ ਸਿੱਧੂ ਦਮਦਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।


ਨਸਲੀ ਵਿਤਕਰੇ ਦੇ ਵਰਤਾਰੇ ਦੇ ਆਰਥਕ, ਸਿਆਸੀ, ਸਮਾਜਕ ਅਤੇ ਡੈਮੋਗ੍ਰਾਫਿਕ ਕਾਰਣਾਂ ਦੇ ਹਵਾਲੇ ਨਾਲ ਸੰਸਥਾ ਦੇ ਸਕੱਤਰ ਨਿੰਦੂ ਸੰਧੂ ਨੇ ਇਸ ਚਰਚਾ ਦਾ ਆਗਾਜ ਕੀਤਾ। ਉਸ ਨੇ ਕਿਹਾ ਕਿ ਆਬਾਦੀ ਦੇ ਤਬਾਦਲੇ ਨਾਲ, ਦੁਨੀਆਂ ਦੇ ਹਰ ਖਿੱਤੇ ਵਿਚ ਨਸਲੀ ਅਨੁਪਾਤ ਦੇ ਵਿਗਾੜ ਨੂੰ ਭਾਰੂ ਧਿਰਾਂ ਵਲੋਂ ਵਰਤਿਆ ਜਾ ਰਿਹਾ ਹੈ। ਪੰਜਾਬ ਵਿਚਲੇ ਨਾਮਧਾਰੀ, ਰਾਧਾਸੁਆਮੀ, ਨਿਰੰਕਾਰੀ ਅਤੇ ਸੱਚਾ ਸੌਦਾ ਡੇਰੇ ਦੇ ਹਵਾਲੇ ਨਾਲ ਉਨ੍ਹਾਂ ਕਿਹਾ, ਕਈ ਵਾਰ ਇੱਕੋ ਨਸਲ ਦੇ ਲੋਕ ਵੀ ਅਣਉਪਜਾਊ ਟਕਰਾਵਾਂ ਵਿਚ ਉਲਝ ਜਾਂਦੇ ਹਨ, ਜਿਨ੍ਹਾਂ ਤੋਂ ਬਚਣਾ ਚਾਹੀਦਾ ਹੈ।


ਆਪਣੇ ਕਾਵਿਕ ਅੰਦਾਜ ਵਿਚ ਚਰਚਾ ਦਾ ਸੰਚਾਲਨ ਕਰਦਿਆਂ ਰੇਡੀਓ ਹੋਸਟ ਸੰਤੋਖ ਮਿਨਹਾਸ ਨੇ ਹਾਜਰ ਬੁਲਾਰਿਆਂ ਨੂੰ ਵਿਤਕਰੇ ਦੇ ਵੱਖ ਵੱਖ ਪਹਿਲੂਆਂ ਤੇ ਆਪੋ ਆਪਣੇ ਅਨੁਭਵ ਸਾਂਝੇ ਕਰਨ ਦਾ ਸੱਦਾ ਦਿੱਤਾ। ਉਸ ਨੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਮੀਡੀਏ ਦੀਆਂ ਮੁੱਖ ਸੁਰਖੀਆਂ ਕਿਸੇ ਨਾ ਕਿਸੇ ਵਿਤਕਰੇ ਨਾਲ ਜੁੜੀਆਂ ਹੁੰਦੀਆਂ ਹਨ, ਉਹ ਭਾਵੇਂ ਹਿੰਦੁਸਤਾਨ ਵਿਚ ਹੋਣ ਜਾਂ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿਚ। ਸਭ ਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਸੱਦਾ ਦਿੰਦਿਆਂ, ਉਸ ਕਿਹਾ ਕਿ ਸਾਡੀ ਵਿਦਿਆ ਅਤੇ ਪਰਵਰਿਸ਼ ਸਾਡੇ ਬੱਚਿਆਂ ਨੂੰ ਵਧੀਆ ਇਨਸਾਨ ਤੇ ਸ਼ਹਿਰੀ ਬਣਾਉਣ ਦੀ ਥਾਂ ਡਾਕਟਰ, ਇੰਜੀਨੀਅਰ, ਟਰੱਕ ਜਾਂ ਸਟੋਰ ਮਾਲਕ ਬਣਾਉਣ ਤੱਕ ਸੀਮਿਤ ਰਹਿੰਦੀ ਹੈ, ਜੋ ਵੱਡੇ ਹੋ ਕੇ ਨਸਲੀ ਉਨਮਾਦ ਦਾ ਸੌਖਿਆਂ ਸ਼ਿਕਾਰ ਹੋ ਜਾਂਦੇ ਹਨ। ਆਰਥਕ ਪਾੜੇ ਵੱਲ ਇਸ਼ਾਰਾ ਕਰਦਿਆਂ ਉਸ ਕਿਹਾ ਕਿ ਦੁਨੀਆਂ ਭਰ ਵਿਚ ਸੱਤਾਧਾਰੀ ਸੱਤਾ ਵਿਚ ਰਹਿਣ ਲਈ ਆਪੋ ਆਪਣੇ ਵੋਟ ਬੈਂਕ ਦੀ ਪਾਲਾਬੰਦੀ ਕਰਦਿਆਂ, ਹਰ ਤਰ੍ਹਾਂ ਦੇ ਵਿਤਕਰੇ ਨੂੰ ਵਰਤਦੇ ਰਹਿਣਗੇ। ਮਾਨਵਵਾਦੀ ਧਿਰਾਂ ਦਾ ਫਰਜ ਬਣਦਾ ਹੈ ਕਿ ਉਹ ਇਸ ਬਾਰੇ ਚੌਕਸ ਰਹਿਣ ਅਤੇ ਇਸ ਦੀ ਮਾਰ ਵਿਚ ਨਾ ਆਉਣ।



ਖੇਤੀ ਵਿਗਿਆਨੀ ਡਾ. ਅਰਜਨ ਜੋਸਨ ਨੇ ਕਿਹਾ ਕਿ ਅੱਜ ਦੁਨੀਆਂ ਗਲੋਬਲ ਪਿੰਡ ਬਣਦੀ ਜਾ ਰਹੀ ਹੈ ਅਤੇ ਇਸ ਵਿਚ ਕਿਸੇ ਵੀ ਨਸਲੀ ਜਾਂ ਹੋਰ ਵਿਤਕਰੇ ਲਈ ਕੋਈ ਥਾਂ ਨਹੀਂ। ਹਰ ਤਰ੍ਹਾਂ ਦਾ ਵਿਤਕਰਾ ਖਤਮ ਕਰਨ ਲਈ ਜਿੱਥੇ ਬਾਹਰਮੁੱਖੀ ਹਾਲਤਾਂ ਸਾਜਗਾਰ ਹੋ ਰਹੀਆਂ ਹਨ, ਉਥੇ ਭੁੱਬਲ ਵਿਚ ਦੱਬੀ ਹੋਈ ਅੱਗ ਨੂੰ ਫੂਕਾਂ ਮਾਰਨ ਵਾਲੀਆਂ ਧਿਰਾਂ ਵੀ ਸਰਗਰਮ ਹਨ। ਪਰ ਇਨ੍ਹਾਂ ਟਕਰਾਵਾਂ ਦੇ ਖਤਮ ਹੋਣ ਦੇ ਆਸਾਰ ਕਾਫੀ ਹਨ। ਉਦਾਸੀਆਂ ਦੌਰਾਨ ਗੋਸ਼ਟ ਦੀ ਰਵਾਇਤ ਦਾ ਹਵਾਲਾ ਦਿੰਦਿਆਂ, ਡਾ. ਜੋਸਨ ਨੇ ਵੱਖ ਵੱਖ ਭਾਈਚਾਰਿਆਂ ਅਤੇ ਧਿਰਾਂ ਵਿਚ ਸਿਮਟ ਰਹੇ ਸੰਵਾਦ ਨੂੰ ਚਾਲੂ ਰੱਖਣ ਦਾ ਹੋਕਾ ਦਿੱਤਾ।









ਬਿਜਨਸਮੈਨ ਅਜੀਤ ਗਿੱਲ ਨੇ ਕਿਹਾ ਕਿ ਚਰਚਾ ਦੇ ਨਾਲ ਨਾਲ ਸਾਨੂੰ ਅਮਲੀ ਕੋਸ਼ਿਸ਼ਾਂ ਵੀ ਕਰਨੀਆਂ ਚਾਹੀਦੀਆਂ ਹਨ। ਦੂਜਿਆਂ ਨੂੰ ਛੁਟਿਆਉਣ ਦੀ ਥਾਂ ਸਾਨੂੰ ਖੁਦ ਮਿਸਾਲ ਬਣਨਾ ਚਾਹੀਦਾ ਹੈ, ਜਿਸ ਵਿਚ ਅਸੀਂ ਪੱਛੜ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਡੇ ਵਿਚ ਪਹਿਲਾਂ ਵਾਲੀ ਸੱਦਭਾਵਨਾ ਨਹੀਂ ਰਹੀ, ਬੱਚਿਆਂ 'ਚ ਸਹਿਣਸ਼ੀਲਤਾ ਖਤਮ ਹੋ ਰਹੀ ਹੈ। ਦੂਜੇ ਭਾਈਚਾਰਿਆਂ ਦੇ ਨੇੜੇ ਹੋਣ ਦੀ ਥਾਂ, ਅਸੀਂ ਆਪਣੇ ਬੱਚਿਆਂ ਤੋਂ ਵੀ ਦੂਰ ਹੋ ਰਹੇ ਹਾਂ, ਜਿਸ ਬਾਰੇ ਸੋਚਣ ਦੀ ਲੋੜ ਹੈ। ਮਹਿੰਦਰ ਸਿੰਘ ਸੰਧਾਵਾਲੀਆ ਨੇ ਵੀ ਚਰਚਾ 'ਚ ਹਿੱਸਾ ਲਿਆ।

ਕੁੰਦਨ ਸਿੰਘ ਧਾਮੀ ਨੇ ਵਿਤਕਰੇ ਨੂੰ ਮਾਨਸਿਕ ਰੋਗ ਦਸਦਿਆਂ ਕਿਹਾ ਕਿ ਜਾਣੇ-ਅਣਜਾਣੇ ਬਹੁਤੇ ਬੰਦੇ ਤੁਅਸਬ ਦਾ ਸ਼ਿਕਾਰ ਹੋਈ ਜਾਂਦੇ ਹਨ। ਬਹੁਤੇ ਅਮਰੀਕੀ ਤਾਂ ਕੀ, ਦੱਖਣੀ ਭਾਰਤ ਦੇ ਵਾਸੀ ਵੀ ਸਿੱਖਾਂ ਬਾਰੇ ਨਹੀਂ ਜਾਣਦੇ।




ਨਿੱਜੀ ਅਨੁਭਵ ਸਾਂਝਾ ਕਰਦਿਆਂ ਉਨ੍ਹਾਂ ਕਿਹਾ ਕਿ ਈਰਖਾ ਵੀ ਨਸਲੀ ਵਿਤਕਰੇ ਨੂੰ ਹਵਾ ਦਿੰਦੀ ਹੈ। ਬਹੁਤੇ ਵਿਹਲੜ ਤੇ ਮੁਕਾਮੀ ਲੋਕਾਂ ਲਈ ਪਰਵਾਸੀਆਂ ਦੀ ਚੜ੍ਹਤ ਤੇ ਤਰੱਕੀ ਨੂੰ ਹਜਮ ਕਰਨਾ ਔਖਾ ਹੈ। 'ਮਾਣਸ ਦੀ ਏਕ ਜਾਤ' ਦਾ ਨਾਹਰਾ ਜੇ ਲਾਗੂ ਹੋ ਸਕੇ ਤਾਂ ਮਸਲਾ ਹੱਲ ਹੋ ਸਕਦਾ ਹੈ, ਪਰ ਇਹ ਹੋ ਨਹੀਂ ਰਿਹਾ।

ਚਰਚਾ ਨੂੰ ਅੱਗੇ ਤੋਰਦਿਆਂ ਮੈਡਮ ਸੁਰਿੰਦਰ ਗੋਂਦਾਰਾ ਨੇ ਕਿਹਾ ਕਿ ਇਹ ਮਸਲਾ ਗੁੰਝਲਦਾਰ ਹੈ, ਨਸਲਪ੍ਰਸਤੀ ਸਾਡੇ ਖੂਨ 'ਚ ਰਲੀ ਹੋਈ ਹੈ, ਜਿਸ ਵਿਚੋਂ ਨਿਕਲਣਾ ਆਸਾਨ ਨਹੀਂ। ਜਿੱਥੇ ਭਾਰਤ 'ਚ ਸਰਕਾਰੀ ਦਫਤਰਾਂ ਵਿਚ ਪਹਿਲੇ, ਦੂਜੇ, ਤੀਜੇ ਅਤੇ ਚੌਥਾ ਦਰਜਾ ਮੁਲਾਜਮਾਂ 'ਚ ਵੱਡਾ ਪਾੜਾ ਸੀ। ਚੌਥਾ ਦਰਜਾ ਮੁਲਾਜਮ ਦੂਜਿਆਂ ਦੇ ਬਰਾਬਰ ਬਹਿਣ ਦਾ ਹੀਆ ਨਹੀਂ ਸੀ ਕਰ ਸਕਦਾ, ਉਥੇ ਅਮਰੀਕਾ 'ਚ ਇਹ ਪਾੜਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇੱਥੇ ਵਿਤਕਰੇ ਦਾ ਰੂਪ ਨਿੱਜੀ ਹੈ, ਸਮੂਹਿਕ ਨਹੀਂ। ਭਾਰਤ ਵਿਚ ਵਿਗੜ ਰਹੇ ਹਾਲਾਤ ਦੇ ਹਵਾਲੇ ਨਾਲ ਮੈਡਮ ਗੋਂਦਾਰਾ ਨੇ ਕਿਹਾ ਕਿ ਸਾਨੂੰ ਉਥੇ ਹਰ ਤਰ੍ਹਾਂ ਦੇ ਵਿਤਕਰੇ ਖਿਲਾਫ ਲੜ ਰਹੇ ਕਾਰਕੁਨਾਂ ਅਤੇ ਬੁੱਧੀਜੀਵੀਆਂ ਦੇ ਨਾਲ ਖੜ੍ਹਨਾ ਚਾਹੀਦਾ ਹੈ। ਸਿਆਸੀ ਪਾਲਬੰਦੀ ਲਈ ਵਿਤਕਰਿਆਂ ਦੇ ਖੇਡੇ ਜਾ ਰਹੇ ਪੱਤਿਆਂ ਬਾਰੇ ਚੌਕਸ ਰਹਿਣ ਲਈ ਵੀ ਕਿਹਾ।

ਸੁਤੰਤਰਤਾ ਸੰਗਾਰਮੀ ਪਰਿਵਾਰ ਨਾਲ ਜੁੜੇ ਕਰਨਲ ਹਰਦੇਵ ਗਿੱਲ ਨੇ ਕਿਹਾ ਕਿ ਨਸਲੀ ਵਿਤਕਰੇ ਦਾ ਉਸਾਰ, ਜਾਤ, ਰੰਗ, ਧਰਮ, ਸੰਵਾਦ ਦੀ ਘਾਟ, ਅਸਿਹਣਸ਼ੀਲਤਾ, ਸਿਆਸਤ ਅਤੇ ਤੁਅੱਸਬ ਦੀਆਂ ਨੀਂਹਾਂ ਤੇ ਟਿਕਿਆ ਹੋਇਆ ਹੈ। ਇਸ ਵਰਤਾਰੇ ਨੂੰ ਵਿਕਾਸਵਾਦ ਨਾਲ ਜੋੜਦਿਆਂ ਉਨ੍ਹਾਂ ਕਿਹਾ ਕਿ ਇਨਸਾਨ ਦੇ ਦੁਨੀਆਂ ਵਿਚ ਆਗਮਨ ਤੋਂ ਹੀ ਹਿੰਸਾ ਉਸ ਦੇ ਸੁਭਾਅ ਦਾ ਅੰਗ ਬਣੀ ਹੋਈ ਹੈ। ਇਸ ਨੂੰ ਰੋਕਣ ਲਈ ਜਿੱਥੇ ਕਾਨੂੰਨ ਬਣੇ, ਉਥੇ ਧਰਮ ਨੇ 'ਪਾਪ' ਦਾ ਸੰਕਲਪ ਲਿਆਂਦਾ। ਕਰਨਲ ਗਿੱਲ ਨੇ ਕਿਹਾ ਕਿ ਵਿਦਿਆ ਦੇ ਜੋਰ ਨਾਲ ਇਸ ਨੂੰ ਘਟਾਇਆ ਜਾ ਸਕਦਾ ਹੈ। ਆਪਸੀ ਬੇਵਸਾਹੀ ਅਤੇ ਸ਼ੰਕੇ ਘਟਾਉਣ ਲਈ ਦੂਜਿਆਂ ਬਾਰੇ ਜਾਣੀਏ ਤੇ ਆਪਣੇ ਬਾਰੇ ਦੱਸੀਏ। ਉਨ੍ਹਾਂ ਆਪਣੇ ਆਪ ਨੂੰ ਆਪਣੇ ਧਾਰਮਿਕ ਸਥਾਨਾਂ ਤੱਕ ਸੀਮਿਤ ਕਰਨ ਦੀ ਥਾਂ ਹੋਰਨਾਂ ਨਾਲ ਸਮਾਜਕ, ਸੱਭਿਆਚਾਰਕ ਸਾਂਝ ਵਧਾਉਣ ਦੀ ਲੋੜ 'ਤੇ ਜੋਰ ਦਿੱਤਾ।

ਕਾਰੋਬਾਰੀ ਪਾਲ ਸਹੋਤਾ ਨੇ ਆਪਣੇ ਅੰਦਰ ਝਾਤੀ ਮਾਰਨ 'ਤੇ ਜੋਰ ਦਿੰਦਿਆਂ ਕਿਹਾ ਕਿ ਅਸੀਂ ਜੋ ਕਹਿੰਦੇ ਹਾਂ ਉਹ ਕਰੀਏ। ਉਸ ਦੀ ਪ੍ਰੋੜਤਾ ਕਰਦਿਆਂ ਸੰਸਥਾ ਦੇ ਸਰਗਰਮ ਮੈਂਬਰ ਗੁਰਦੀਪ ਨਿੱਝਰ ਨੇ ਕਿਹਾ ਕਿ ਜੇ ਅਸੀਂ ਹਰ ਤਰ੍ਹਾਂ ਦੇ ਵਿਤਕਰੇ ਤੋਂ ਸਾਫ ਹਾਂ, ਤਾਂ ਦੂਜਿਆਂ ਲਈ ਵਿਤਕਰੇ ਦੀਆਂ ਸੰਭਾਵਨਾਵਾਂ ਘਟ ਜਾਂਦੀਆਂ ਹਨ। ਕਹਾਣੀਕਾਰ ਤ੍ਰਿਲੋਕ ਮਿਨਹਾਸ ਦਾ ਕਹਿਣਾ ਸੀ ਕਿ ਅਮਰੀਕੀ ਕਾਨੂੰਨ ਨਫਰਤ ਨੂੰ ਗੁਨਾਹ ਨਹੀਂ ਮੰਨਦਾ, ਜਿੰਨਾ ਚਿਰ ਇਸ ਨਫਰਤ ਦੇ ਆਧਾਰ 'ਤੇ ਕੋਈ ਕਿਸੇ ਦਾ ਜਿਸਮਾਨੀ ਜਾਂ ਆਰਥਕ ਨੁਕਸਾਨ ਨਹੀਂ ਕਰਦਾ। ਉਸ ਦੀ ਧਾਰਨਾ ਸੀ ਕਿ ਬਦਲੇ ਦੀ ਭਾਵਨਾ, ਈਰਖਾ, ਵੰਡਣ ਵਾਲੀ ਸਿਆਸਤ, ਸਮਾਜਾਂ ਵਿਚ ਵਿਆਪਤ ਨਾ-ਬਰਾਬਰੀ ਕਰਕੇ ਹੈ।

ਅਜਿਹੇ ਸਮਾਗਮਾਂ ਵਿਚ ਦੂਜੇ ਭਾਈਚਾਰਿਆਂ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ 'ਤੇ ਜੋਰ ਦਿੰਦਿਆਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ ਨੇ ਕਿਹਾ ਆਪਣੇ ਅੰਦਰਲੀ ਇਨਸਾਨੀਅਤ ਨੂੰ ਅੱਗੇ ਲਿਆਉਣ ਦੀ ਲੋੜ ਹੈ। ਵੱਖ ਵੱਖ ਧੜਿਆਂ ਵਿਚ ਵੰਡੇ ਭਾਈਚਾਰੇ ਦਾ ਜਿਕਰ ਕਰਦਿਆਂ ਕਿਹਾ ਕਿ ਸਭ ਦਾ ਜੋਰ ਆਪੋ ਆਪਣੀ ਪਛਾਣ ਬਣਾਉਣ ਤੇ ਲੱਗਿਆ ਹੋਇਆ ਹੈ, ਨਾ ਕਿ ਇਕ ਦੂਜੇ ਦੇ ਨੇੜੇ ਹੋਣ ਉਤੇ। ਉਨ੍ਹਾਂ ਆਪਣੀਆਂ ਕਮੀਆਂ ਨੂੰ ਅੰਗਦਿਆਂ ਆਪਣੀ ਭੂਮਿਕਾ ਬਾਰੇ ਜਾਗਰੂਕ ਹੋਣ ਦੀ ਲੋੜ 'ਤੇ ਜੋਰ ਦਿੱਤਾ। ਪੋਸਟਰਾਂ, ਫਿਲਮਾਂ, ਨਗਰ ਕੀਰਤਨਾਂ ਨਾਲ ਪਛਾਣ ਗੂੜੀ ਕਰਨ ਦੀਆਂ ਕੋਸ਼ਿਸ਼ਾਂ ਸੰਬੰਧੀ ਭੁਲੇਖੇ 'ਚੋਂ ਨਿਕਲਣ ਦਾ ਸੱਦਾ ਦਿੰਦਿਆਂ 'ਯੂਨਾਈਟਡ ਸ਼ੇਡਜ ਆਫ ਅਮਰੀਕਾ' ਨਾਮੀ ਦਸਤਾਵੇਜੀ ਫਿਲਮ ਦਾ ਹਵਾਲਾ ਦਿੱਤਾ, ਜਿਸ ਵਿਚ ਦਿਖਾਇਆ ਗਿਆ ਹੈ ਕਿ ਆਮ ਅਮਰੀਕੀਆਂ ਨੂੰ ਸਿੱਖਾਂ ਜਾ ਪੰਜਾਬੀਆਂ ਬਾਰੇ ਕੋਈ ਇਲਮ ਨਹੀਂ ਹੈ। ਹਰਜਿੰਦਰ ਕੰਗ ਨੇ ਅੰਤਰ ਭਾਈਚਾਰਕ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਲਈ ਗੁਰਦੁਆਰਿਆਂ ਵਿਚ ਦੂਜੇ ਭਾਈਚਾਰੇ ਦੇ ਵਿਦਿਅਰਥੀਆਂ ਦੀ ਬਕਾਇਦਾ ਸ਼ਮੂਲੀਅਤ 'ਤੇ ਜੋਰ ਦਿੱਤਾ। ਉਨ੍ਹਾਂ ਆਖਿਆ ਕਿ ਆਰਥਿਕਤਾ, ਰੁਜਗਾਰ ਦਾ ਮਿਲਣਾ-ਖੁਸਣਾ ਬੁਨਿਆਦੀ ਮਸਲੇ ਹਨ, ਜਿਨ੍ਹਾਂ ਦੇ ਅਸਲੀ ਕਾਰਨਾਂ ਨੂੰ ਸੰਬੋਧਿਤ ਹੋਣ ਦੀ ਥਾਂ ਬਹਾਨਿਆਂ ਨੂੰ ਅੱਗੇ ਲਿਆਂਦਾ ਜਾਂਦਾ ਹੈ। ਨਸਲਵਾਦ ਉਨ੍ਹਾਂ 'ਚੋਂ ਇੱਕ ਹੈ।

ਚਰਚਾ ਨੂੰ ਸਮੇਟਦਿਆਂ ਸਿੱਧੂ ਦਮਦਮੀ ਨੇ ਇਸ ਉਪਰਾਲੇ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਕਿਸਮ ਦੀਆਂ ਗੋਸ਼ਟਾਂ ਵਿਚੋਂ ਕੁਝ ਨਾ ਕੁਝ ਸਾਰਥਕ ਨਿਕਲਦਾ ਹੈ। ਅਮਰੀਕਾ ਵਿਚਲੇ ਭਾਰਤੀ ਪਰਵਾਸੀਆਂ ਨਾਲ ਹੁੰਦੇ ਰਹੇ ਹਿੰਸਕ ਵਿਤਕਰੇ ਦਾ ਹਵਾਲਾ ਦਿੰਦਿਆ ਉਨ੍ਹਾਂ ਕਿਹਾ ਕਿ ਜਿੰਨਾਂ ਚਿਰ ਸੋਮਿਆਂ ਦੀ ਬਹੁਲਤਾ ਹੈ, ਟਕਰਾਓ ਦੱਬਿਆ ਰਹਿੰਦਾ ਹੈ। ਘਟਣ ਦੀ ਹਾਲਤ ਵਿਚ, ਸ਼ਰੀਕੇਬਾਜੀ ਨਸਲੀ ਜਾਂ ਧਾਰਮਕ ਟਕਰਾਓ ਦਾ ਰੂਪ ਅਖਤਿਆਰ ਕਰ ਲੈਂਦੀ ਹੈ। ਨਸਲਵਾਦ ਸਿਆਸੀ ਪਾਲਬੰਦੀ ਲਈ ਸਭ ਤੋਂ ਸਾਜਗਾਰ ਪੱਤਾ ਹੈ, ਜੋ ਹਿਟਲਰ ਨੇ ਜਰਮਨੀ ਚ' ਖੇਡਿਆ ਅਤੇ ਮੋਦੀ ਭਾਰਤ ਵਿਚ ਇਹੀ ਵਰਤ ਰਿਹਾ ਹੈ। ਨਸਲਵਾਦ ਦੀਆਂ ਜੜਾਂ ਬੇਸ਼ਕ ਮਨੁੱਖੀ ਸੁਭਾ ਵਿਚ ਪਈਆਂ ਹਨ, ਪਰ ਇਸ ਨਾਲ ਮੁਨੱਖਵਾਦ ਦੇ ਪੈਂਤੜੇ ਤੋਂ ਨਜਿੱਠਿਆ ਜਾ ਸਕਦਾ ਹੈ।

ਸੰਸਥਾ ਦੇ ਚੇਅਰਮੈਨ ਪ੍ਰਿੰ ਪ੍ਰੀਤਮ ਸਿੰਘ ਨਾਹਲ ਨੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਅਜਿਹੇ ਸੈਮੀਨਾਰਾਂ ਨੂੰ ਜਾਰੀ ਰੱਖਣ ਦਾ ਅਹਿਦ ਦੁਹਰਾਇਆ। ਅੰਤਰ ਭਾਈਚਾਰਕ ਆਦਾਨ ਪ੍ਰਦਾਨ ਬਾਰੇ ਆਏ ਸੁਝਾਵਾਂ ਦੀ ਪ੍ਰੋੜਤਾ ਕਰਦਿਆਂ ਪ੍ਰਧਾਨ ਹਰਨੇਕ ਰਾਏ ਨੇ ਕਿਹਾ ਜੱਥੇਬੰਦੀ ਸਾਰੇ ਧਾਰਮਕ ਅਸਥਾਨਾਂ ਅਤੇ ਸਮਾਜਕ ਜਥੇਬੰਦੀਆਂ ਤੱਕ ਰਸਾਈ ਕਰੇਗੀ ਤਾਂ ਜੋ ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ, ਆਗੂਆਂ ਨੂੰ ਬਕਾਇਦਾ ਤੌਰ ਤੇ ਸਮੇਂ ਸਮੇਂ ਬੁਲਾਉਣ ਦੀ ਪਿਰਤ ਪਾਈ ਜਾ ਸਕੇ। ਉਸ ਨੇ ਨਸਲੀ ਜਾਂ ਹੋਰ ਵਿਤਕਰਿਆਂ ਦੀ ਮਾਰ ਨੂੰ ਖੁੰਡਾ ਕਰਨ ਲਈ 'ਗੋਸ਼ਟ' ਦੀ ਰਵਾਇਤ ਨੂੰ ਮੁੜ ਸ਼ੁਰੂ ਕਰਦਿਆਂ, ਵਾਤਾਵਰਣ, ਮਨੁੱਖੀ ਹੱਕਾਂ ਅਤੇ ਹੋਰ ਸਾਂਝੇ ਮੁੱਦਿਆਂ ਤੇ ਸਰਵ ਸਾਂਝੇ ਸਮਾਗਮਾਂ 'ਤੇ ਜੋਰ ਦਿੱਤਾ।

ਸਮਾਗਮ ਦੀ ਕਾਮਯਾਬੀ ਲਈ ਸਰਬਜੀਤ ਸਿੰਘ ਸਠਿਆਲਾ, ਸੁਖਜੀਤ ਭੁੱਲਰ, ਗੁਰਨੇਕ ਸਿੰਘ ਨਾਗਰਾ, ਪ੍ਰੇਮ ਮੋਹਨ ਸਿੰਘ ਚਾਹਲ, ਸੁਖਜਿੰਦਰ ਸਿੰਘ ਬਾਲਾ, ਸਿਕੰਦਰ ਸਿੰਘ ਧਾਲੀਵਾਲ, ਸੁਖਪਾਲ ਸਿੰਘ ਧਾਲੀਵਾਲ, ਪਾਲ ਸਹੋਤਾ, ਚਰਨਜੀਤ ਸਹੋਤਾ, ਮਹਿੰਦਰ ਸੰਧਾਵਾਲੀਆ, ਮੋਹਨ ਨਿੱਝਰ, ਗਾਇਕ ਰਾਜ ਬਰਾੜ, ਗੁਰਦੀਪ ਸੰਧੂ, ਅਮਰੀਕ ਸੰਧੂ, ਸੁਰਿੰਦਰ ਸਿੰਘ, ਟਹਿਲ ਸਿੰਘ ਪੰਨੂੰ, ਭੁਪਿੰਦਰ ਸਿੰਘ ਔਜਲਾ, ਕਰਨੈਲ ਸਿੰਧਰ, ਅਜੀਤ ਗਿੱਲ, ਚਰਨਜੀਤ ਭੰਗੂ, ਅਮਰੀਕ ਵਿਰਕ, ਰੇਸ਼ਮ ਸਿੰਘ ਟਕਰ, ਬਲਵਿੰਦਰ ਸੰਧੂ, ਦੀਪ ਮੋਹਨ, ਪਾਲ ਸਿੰਘ ਕੈਲੇ, ਪਾਲ ਮਾਹਲ ਆਦਿ ਨੇ ਨੁਮਾਇਆ ਰੋਲ ਨਿਭਾਇਆ।

# ਕੇਰਲ ਵਿਚ ਹੜ੍ਹ ਦੀ ਮਾਰ ਦੇ ਸਬਕ

**ਚਲੰਤ ਮਾਮਲੇ**

**ਡਾ. ਗੁਰਿੰਦਰ ਕੌਰ***
ਫੋਨ: 424-362-8759

ਅਗਸਤ ਦੇ ਮਹੀਨੇ ਦੇ ਪਿਛਲੇ ਦੋ ਹਫਤਿਆਂ ਵਿਚ ਭਾਰਤ ਦਾ ਦੱਖਣੀ ਰਾਜ ਕੇਰਲ ਇਸ ਸਦੀ ਦੇ ਸਭ ਤੋਂ ਭਿਆਨਕ ਹੜ੍ਹ ਦੀ ਲਪੇਟ ਵਿਚ ਆਇਆ ਹੋਇਆ ਸੀ। ਇਸ ਹੜ੍ਹ ਨਾਲ ਇੰਨੀ ਤਬਾਹੀ ਹੋਈ ਕਿ ਆਮ ਲੋਕਾਂ ਦੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਅਗਸਤ ਦੇ ਪਹਿਲੇ ਵੀਹ ਦਿਨਾਂ ਵਿਚ ਔਸਤ ਤੋਂ 170 ਫੀਸਦ ਵੱਧ ਮੀਂਹ ਪੈਣ ਕਾਰਨ ਹੜ੍ਹ ਆ ਗਿਆ ਅਤੇ ਰਾਜ ਦੇ ਸਾਰੇ ਜ਼ਿਲ੍ਹੇ ਪਾਣੀ ਦੀ ਮਾਰ ਹੇਠ ਆ ਗਏ, ਲੱਖਾਂ ਲੋਕ ਘਰੋ-ਬੇਘਰ ਹੋ ਗਏ ਤੇ 500 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ 3000 ਪਿੰਡ ਤਬਾਹ ਹੋ ਗਏ ਹਨ।

ਹੜ੍ਹ ਨਾਲ ਸਭ ਤੋਂ ਵੱਧ ਤਬਾਹੀ ਇਡੁਕੀ, ਕੋਝੀਕੋਡ, ਵਾਯਾਨਾਡ, ਕਨੂਰ ਅਤੇ ਮਾਲਪੁਰਮ ਜ਼ਿਲ੍ਹਿਆਂ ਵਿਚ ਹੋਈ। ਇਡੁਕੀ ਜ਼ਿਲ੍ਹੇ ਦਾ ਕੋਚੀ ਸ਼ਹਿਰ ਪੂਰੇ ਦਾ ਪੂਰਾ ਅਤੇ ਇੱਥੋਂ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਪਾਣੀ ਵਿਚ ਡੁੱਬਿਆ ਹੋਇਆ ਸੀ ਤੇ ਸ਼ਹਿਰ ਦੀਆਂ ਸੜਕਾਂ ਨਦੀਆਂ ਬਣ ਚੁਕੀਆਂ ਸਨ। ਲੱਖਾਂ ਲੋਕਾਂ ਨੂੰ ਰਾਹਤ ਕੈਂਪਾਂ ਵਿਚ ਪਨਾਹ ਲੈਣੀ ਪਈ। ਰਾਜ ਸਰਕਾਰ ਦੇ ਮੁੱਢਲੇ ਅੰਕੜਿਆਂ ਅਨੁਸਾਰ 20,000 ਕਰੋੜ ਰੁਪਏ ਤੋਂ ਉਪਰ ਦਾ ਨੁਕਸਾਨ ਹੋ ਚੁਕਾ ਹੈ।

ਰਾਜ ਦਾ ਸਾਰਾ ਬੁਨਿਆਦੀ ਢਾਂਚਾ-ਸੜਕਾਂ, ਪੁਲ, ਹਸਪਤਾਲ, ਸਕੂਲ, ਇਮਾਰਤਾਂ ਆਦਿ ਬੁਰੀ ਤਰ੍ਹਾਂ ਤਬਾਹ ਹੋ ਗਏ। ਹੜ੍ਹ ਇੰਨਾ ਭਿਆਨਕ ਸੀ ਕਿ ਰਾਸ਼ਟਰੀ ਅਤੇ ਰਾਜ ਆਫਤ ਪ੍ਰਬੰਧਨ ਕਮੇਟੀਆਂ ਅਤੇ ਭਾਰਤੀ ਫੌਜ ਦੀਆਂ ਤਿੰਨੇ ਜਲ, ਥਲ ਅਤੇ ਹਵਾਈ ਸੈਨਾਵਾਂ ਲੋਕਾਂ ਨੂੰ ਬਚਾਉਣ ਅਤੇ ਰਾਹਤ ਕਾਰਜਾਂ ਵਿਚ ਲੱਗੀਆਂ ਰਹੀਆਂ। ਹੜ੍ਹ ਤੋਂ ਬਾਅਦ ਹੁਣ ਉਥੇ ਕੋਈ ਮਹਾਂਮਾਰੀ ਆਉਣ ਦਾ ਖਤਰਾ ਬਣਿਆ ਹੋਇਆ ਹੈ।

ਸਵਾਲ ਹੈ ਕਿ ਭਾਰੀ ਮੀਂਹ ਪੈਣ ਤੋਂ ਬਾਅਦ ਕੇਰਲ ਵਿਚ ਆਏ ਹੜ੍ਹ ਨੂੰ ਕੁਦਰਤ ਦੀ ਕਰੋਪੀ ਦੀ ਮਾਰ ਕਿਹਾ ਜਾਵੇ ਜਾਂ ਮਨੁੱਖੀ ਗਤੀਵਿਧੀਆਂ ਰਾਹੀਂ ਕੁਦਰਤੀ ਸਰੋਤਾਂ ਨਾਲ ਬੇਦਰਦੀ ਨਾਲ ਕੀਤੀ ਜਾਂਦੀ ਛੇੜਛਾੜ? ਕੇਰਲ ਵਿਚ ਹੜ੍ਹ ਆਉਣਾ ਕੋਈ ਅਲੋਕਾਰੀ ਗੱਲ ਨਹੀਂ ਕਿਉਂਕਿ ਇੱਥੇ 44 ਨਦੀਆਂ ਵਹਿੰਦੀਆਂ ਹਨ ਅਤੇ ਜ਼ਿਆਦਾ ਮੀਂਹ ਪੈਣ ਕਾਰਨ ਨਦੀਆਂ ਦੇ ਆਸਪਾਸ ਵੱਸੇ ਸ਼ਹਿਰਾਂ ਅਤੇ ਪਿੰਡਾਂ ਵਿਚ ਹੜ੍ਹ ਆਉਣਾ ਸੁਭਾਵਿਕ ਹੈ, ਪਰ ਇਸ ਦੇ ਕੁਦਰਤੀ ਕਾਰਨ ਦੇ ਮੁਕਾਬਲੇ ਮਨੁੱਖੀ ਗਤੀਵਿਧੀਆਂ ਵੱਧ ਜ਼ਿੰਮੇਵਾਰ ਹਨ। ਮਾਹਿਰਾਂ ਅਨੁਸਾਰ ਇਸ ਭਿਆਨਕ ਤਬਾਹੀ ਲਈ ਮੌਸਮੀ ਤਬਦੀਲੀਆਂ, ਡੈਮਾਂ ਦੀ ਵੱਧ ਉਸਾਰੀ, ਨਦੀਆਂ ਦੇ ਵਹਾ, ਇਮਾਰਤਾਂ ਦੀ ਉਸਾਰੀ, ਸੰਵੇਦਨਸ਼ੀਲ ਖੇਤਰਾਂ ਵਿਚੋਂ ਜੰਗਲਾਂ ਦੀ ਅੰਧਾਧੁੰਦ ਕਟਾਈ ਅਤੇ ਖਣਿਜਾਂ ਦੀ ਬੇਹਿਸਾਬ ਖੁਦਾਈ ਆਦਿ ਮੁੱਖ ਕਾਰਨ ਹਨ।

ਕੇਰਲ ਵਿਚ ਆਈ ਇਸ ਭਿਆਨਕ ਤ੍ਰਾਸਦੀ ਦਾ ਮੁੱਖ ਕਾਰਨ ਭਾਵੇਂ ਰਾਜ ਵਿਚ ਪਿਆ ਭਾਰੀ ਮੀਂਹ ਹੈ ਕਿਉਂਕਿ ਰਾਜ ਵਿਚ 19 ਅਗਸਤ ਤੱਕ ਹੀ ਪੂਰੀ ਮੌਨਸੂਨ ਰੁੱਤ (1 ਜੂਨ ਤੋਂ 30 ਸਤੰਬਰ ਤੱਕ) ਦੇ ਔਸਤ ਮੀਂਹ ਨਾਲੋਂ 42 ਫੀਸਦ ਵੱਧ ਮੀਂਹ ਪੈ ਗਿਆ ਸੀ ਪਰ ਇਸ ਦੀ ਮਾਰ ਦਾ ਅਸਲੀ ਕਾਰਨ ਤਾਂ ਮਨੁੱਖੀ ਲਾਲਸਾ ਕਾਰਨ ਰਾਜ ਵਿਚ ਹੋਇਆ ਬੇਢੰਗਾ ਵਿਕਾਸ ਹੈ। ਕੇਰਲ ਦੀ ਆਫਤ ਪ੍ਰਬੰਧਨ ਕਮੇਟੀ ਨੇ ਕੇਰਲ ਸਰਕਾਰ ਨੂੰ ਸਾਲ 2005 ਵਿਚ ਹੀ ਸੁਚੇਤ ਕਰ ਦਿੱਤਾ ਸੀ ਕਿ ਰਾਜ ਨੇੜਲੇ ਭਵਿੱਖ ਵਿਚ ਕੁਦਰਤੀ ਆਫਤਾਂ ਨਾਲ ਸਿੱਝਣ ਦੇ ਸਮਰੱਥ ਨਹੀਂ ਹੈ ਜਿਸ ਕਾਰਨ ਹੁਣ ਤੋਂ ਹੀ ਵਿਉਂਤਬੰਦੀ ਕਰਕੇ ਰਾਜ ਨੂੰ ਕੁਦਰਤੀ ਆਫਤਾਂ ਤੋਂ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਇਸ ਤੋਂ ਇਲਾਵਾ ਪੱਛਮੀ ਘਾਟਾਂ ਵਿਚ ਸਥਿਤ ਲਗਭਗ ਸਾਰੇ ਰਾਜਾਂ (ਗੁਜਰਾਤ, ਮਹਾਂਰਾਸ਼ਟਰ, ਕਰਨਾਟਕ, ਗੋਆ, ਕੇਰਲ ਅਤੇ ਤਾਮਿਲਨਾਡੂ) ਵਿਚ ਸਥਾਨਕ ਲੋਕ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਵਿਕਾਸ ਯੋਜਨਾਵਾਂ ਦੇ ਕੁਦਰਤ ਅਤੇ ਲੋਕ-ਪੱਖੀ ਨਾ ਹੋਣ ਕਰਕੇ ਵਿਰੋਧ ਕਰ ਰਹੇ ਸਨ। ਲੋਕਾਂ ਦੇ ਵਿਰੋਧ ਅਤੇ ਕੇਰਲ ਪ੍ਰਬੰਧਨ ਕਮੇਟੀ ਦੇ ਖਦਸ਼ਿਆਂ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਨੇ ਪੱਛਮੀ ਘਾਟਾਂ ਨੂੰ ਵਿਕਾਸ ਦੇ ਨਾਲ ਨਾਲ ਕੁਦਰਤੀ ਆਫਤਾਂ ਤੋਂ ਬਚਾਉਣ ਲਈ ਸਾਲ 2010 ਵਿਚ ਇੱਕ ਉਘੇ ਵਾਤਾਵਰਣ ਵਿਗਿਆਨੀ ਮਾਧਵ ਗਾਡਗਿਲ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾਈ ਸੀ ਜਿਸ ਨੇ ਸੰਜੀਦਗੀ ਅਤੇ ਗਹਿਰਾਈ ਨਾਲ ਵੱਖ-ਵੱਖ ਥਾਂਵਾਂ ਦਾ ਸਰਵੇਖਣ ਕਰਕੇ ਕੇਂਦਰ ਸਰਕਾਰ ਨੂੰ ਸਾਲ 2011 ਵਿਚ ਆਪਣੀ ਇੱਕ ਰਿਪੋਰਟ ਦੇ ਦਿੱਤੀ ਸੀ। ਕਮੇਟੀ ਨੇ ਛੇ ਰਾਜਾਂ ਵਿਚ ਫੈਲੇ ਪੱਛਮੀ ਘਾਟਾਂ ਦੇ 87.5 ਫੀਸਦ ਖੇਤਰ ਨੂੰ ਵਾਤਾਵਰਣ ਸੰਵੇਦਨਸ਼ੀਲ ਖੇਤਰ ਐਲਾਨ ਦਿੱਤਾ ਅਤੇ ਇਸ ਖੇਤਰ ਵਿਚ ਪਹਾੜਾਂ ਉਤੇ ਹੋਰ ਨਵੇਂ ਸ਼ਹਿਰ ਵਸਾਉਣ, ਨਵੇਂ ਡੈਮ ਬਣਾਉਣ, ਜਲਗਾਹਾਂ ਤੇ ਦਰਿਆਵਾਂ ਉਤੇ ਉਸਾਰੀਆਂ ਕਰਨ, ਸੈਰ-ਸਪਾਟਾ ਵਿਭਾਗ ਦੇ ਪਸਾਰੇ, ਖਣਿਜਾਂ ਦੀ ਖੁਦਾਈ ਆਦਿ ਦੀ ਮਨਾਹੀ ਆਦਿ ਵਰਗੀਆਂ 52 ਬੰਦਿਸ਼ਾਂ ਲਾਉਣ ਦੀ ਸਿਫਾਰਸ਼ ਕੀਤੀ।

ਗਾਡਗਿਲ ਕਮੇਟੀ ਦੀ ਇਸ ਰਿਪੋਰਟ ਨੂੰ ਕੇਂਦਰ ਸਰਕਾਰ ਸਮੇਤ ਸਾਰੇ ਰਾਜਾਂ ਨੇ ਇੱਕ ਸਿਰੇ ਤੋਂ ਨਕਾਰ ਦਿੱਤਾ। ਇਸ ਖਾਤਰ ਇੱਕ ਹੋਰ ਕਸਤੂਰੀਰੰਗਨ ਕਮੇਟੀ ਬਣਾਈ ਗਈ ਜਿਸ ਨੇ ਗਾਡਗਿਲ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਬਹੁਤ ਪੇਤਲਾ ਕਰ ਦਿੱਤਾ ਅਤੇ ਵਾਤਾਵਰਣ ਸੰਵੇਦਨਸ਼ੀਲ ਖੇਤਰ ਨੂੰ ਘਟਾ ਕੇ ਸਿਰਫ 37.5 ਫੀਸਦ ਕਰ ਦਿੱਤਾ ਜਿਸ ਨਾਲ ਪੱਛਮੀ ਘਾਟਾਂ ਦੇ ਸੰਵੇਦਨਸ਼ੀਲ ਖੇਤਰ ਵਿਚ ਵਿਕਾਸ ਕਾਰਜ ਬਹੁਤ ਤੇਜ਼ੀ ਨਾਲ ਸ਼ੁਰੂ ਹੋ ਗਏ ਅਤੇ ਇਹ ਖੇਤਰ ਕੁਦਰਤੀ ਆਫਤਾਂ ਦੀ ਮਾਰ ਹੇਠ ਹੋਰ ਵੀ ਆ ਗਏ।

ਕੇਰਲ ਦੀਆਂ 44 ਨਦੀਆਂ ਉਤੇ ਹੁਣ ਤੱਕ 61 ਡੈਮ ਬਣਾਏ ਗਏ ਹਨ। ਇਨ੍ਹਾਂ ਡੈਮਾਂ ਵਿਚ ਆਮ ਤੌਰ 'ਤੇ ਸਾਰੀ ਮੌਨਸੂਨ ਰੁੱਤ ਵਿਚ ਪਾਣੀ ਭਰਦਾ ਰਹਿੰਦਾ ਹੈ ਅਤੇ ਡੈਮ ਦੇ ਭਰਨ ਤੋਂ ਬਾਅਦ ਬਾਕੀ ਬਚਿਆ ਪਾਣੀ ਹੀ ਨਦੀਆਂ ਵਿਚ ਛੱਡਿਆ ਜਾਂਦਾ ਹੈ। ਇਸ ਸਾਲ ਵੀ ਡੈਮਾਂ ਵਿਚ ਲਗਾਤਾਰ ਪਾਣੀ ਇਕੱਠਾ ਕੀਤਾ ਜਾ ਰਿਹਾ ਸੀ, ਪਰ ਅਗਸਤ ਵਿਚ ਇੱਕਦਮ ਮੀਂਹ ਵੱਧ ਪੈਣ ਕਾਰਨ ਡੈਮਾਂ ਦੀ ਸਮਰੱਥਾ ਤੋਂ ਬਾਹਰ ਹੋ ਜਾਣ ਕਰਕੇ ਡੈਮਾਂ ਦੇ ਗੇਟ ਖੋਲ੍ਹ ਦਿੱਤੇ ਗਏ ਜਿਸ ਕਰਕੇ ਕੇਰਲ ਵਿਚ ਭਿਆਨਕ ਹੜ੍ਹ ਆ ਗਏ।

ਅਫਸੋਸ ਅਤੇ ਅਚੰਭੇ ਦੀ ਗੱਲ ਹੈ ਕਿ ਇੱਕ ਜਾਂ ਦੋ ਡੈਮਾਂ ਦੇ ਨਹੀਂ, 35 ਡੈਮਾਂ ਦੇ ਫਾਟਕ ਖੋਲ੍ਹੇ ਗਏ। ਇੱਕ ਅੰਦਾਜ਼ੇ ਮੁਤਾਬਕ ਇਡੁਕੀ ਡੈਮ ਤੋਂ ਇੱਕ ਸੈਕਿੰਡ ਵਿਚ 7.5 ਲੱਖ ਲੀਟਰ ਪਾਣੀ ਛੱਡਿਆ ਗਿਆ। ਇਸ ਤਰ੍ਹਾਂ ਡੈਮਾਂ ਵਿਚੋਂ ਥੋੜ੍ਹੇ ਸਮੇਂ ਵਿਚ ਛੱਡਿਆ ਗਿਆ ਪਾਣੀ ਕੇਰਲ ਵਿਚ ਭਿਆਨਕ ਹੜ੍ਹ ਆਉਣ ਦਾ ਕਾਰਨ ਬਣਿਆ ਅਤੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਉਨ੍ਹਾਂ ਦੇ ਘਰਾਂ, ਫਸਲਾਂ, ਪਸ਼ੂਆਂ ਆਦਿ ਨੂੰ ਨਾਲ ਲੈ ਗਿਆ।



ਇਸ ਤੋਂ ਇਲਾਵਾ ਇਕ ਹੋਰ ਕਾਰਨ ਵੀ ਹੈ। ਜਦੋਂ ਦਰਿਆ ਕੁਦਰਤੀ ਤੌਰ 'ਤੇ ਵਹਿੰਦਾ ਹੈ ਤਾਂ ਉਸ ਵਿਚ ਵੱਧ ਪਾਣੀ ਹੋਣ ਕਰਕੇ ਉਸ ਦੇ ਵਹਾਅ ਦੀ ਚੌੜਾਈ ਵੀ ਵੱਧ ਹੁੰਦੀ ਹੈ, ਪਰ ਡੈਮ ਬਣਾਉਣ ਨਾਲ ਬਹੁਤਾ ਪਾਣੀ ਡੈਮਾਂ ਵਿਚ ਜਮ੍ਹਾਂ ਕਰ ਲਿਆ ਜਾਂਦਾ ਹੈ ਅਤੇ ਬਹੁਤ ਘੱਟ ਪਾਣੀ ਦਰਿਆ ਵਿਚ ਛੱਡਿਆ ਜਾਂਦਾ ਹੈ। ਨਤੀਜੇ ਵਜੋਂ ਬਹੁਤਾ ਸਮਾਂ ਦਰਿਆਵਾਂ ਦੇ ਵਹਾਅ ਖੇਤਰ ਖਾਲੀ ਪਏ ਰਹਿੰਦੇ ਹਨ, ਜਿਨ੍ਹਾਂ ਉਤੇ ਹੌਲੀ ਹੌਲੀ ਲੋਕਾਂ ਨੇ ਘਰ ਜਾਂ ਇਮਾਰਤਾਂ ਬਣਾ ਲਈਆਂ ਅਤੇ ਕੁਝ ਥਾਂਵੀਂ ਖੇਤੀ ਵੀ ਕਰਨੀ ਸ਼ੁਰੂ ਕਰ ਦਿੱਤੀ ਜਿਸ ਨਾਲ ਦਰਿਆਵਾਂ ਦੇ ਵਹਾਅ ਖੇਤਰ ਸੁੰਗੜ ਗਏ, ਪਰ ਇਸ ਵਾਰ ਵੱਧ ਮੀਂਹ ਪੈਣ ਕਾਰਨ ਦਰਿਆਵਾਂ ਦੇ ਵਹਾਅ ਖੇਤਰਾਂ ਵਿਚ ਵੱਸੇ ਲੋਕ ਬੁਰੀ ਤਰ੍ਹਾਂ ਹੜ੍ਹ ਦੀ ਮਾਰ ਹੇਠ ਆ ਗਏ।

ਭਾਰਤ ਵਿਚ ਇਹ ਪਹਿਲੀ ਵਾਰੀ ਨਹੀਂ ਹੋਇਆ ਕਿ ਡੈਮਾਂ ਤੋਂ ਪਾਣੀ ਛੱਡਣ ਕਾਰਨ ਹੜ੍ਹ ਆਇਆ ਹੋਵੇ। ਸਾਲ 2011 ਵਿਚ ਉੜੀਸਾ, 2013 ਵਿਚ ਉਤਰਾਖੰਡ, 2015 'ਚ ਤਾਮਿਲਨਾਡੂ ਅਤੇ 2016 'ਚ ਬਿਹਾਰ ਵਿਚ ਆਏ ਹੜ੍ਹ ਵੀ ਡੈਮਾਂ ਤੋਂ ਪਾਣੀ ਛੱਡਣ ਕਾਰਨ ਹੀ ਆਏ ਸਨ।

ਕੇਰਲ ਵਿਚ ਵਧ ਰਹੇ ਸ਼ਹਿਰੀਕਰਨ ਅਤੇ ਆਬਾਦੀ ਘਣਤਾ ਨਾਲ ਜਲਗਾਹਾਂ, ਜੰਗਲਾਂ ਅਤੇ ਧਾਨ ਦੀ ਫਸਲ ਥੱਲੇ ਰਕਬਾ ਲਗਾਤਾਰ ਘਟ ਰਿਹਾ ਹੈ। 1901 ਵਿਚ ਸਿਰਫ 7.11 ਫੀਸਦ ਲੋਕ ਸ਼ਹਿਰਾਂ ਵਿਚ ਰਹਿੰਦੇ ਸਨ, ਪਰ 2011 ਵਿਚ ਇਹ ਅੰਕੜਾ ਵਧ ਕੇ 47.74 ਫੀਸਦ ਹੋ ਗਿਆ। ਇਸ ਤੋਂ ਇਲਾਵਾ ਕੇਰਲ ਇੱਕ ਬਹੁਤ ਹੀ ਘਣੀ ਆਬਾਦੀ ਵਾਲਾ ਰਾਜ ਹੈ। 2011 ਦੇ ਅੰਕੜਿਆਂ ਅਨੁਸਾਰ ਇੱਕ ਵਰਗ ਕਿਲੋਮੀਟਰ ਵਿਚ 859 ਵਿਅਕਤੀ ਰਹਿੰਦੇ ਸਨ ਜੋ ਦੇਸ਼ ਦੀ ਔਸਤ ਆਬਾਦੀ ਘਣਤਾ (382 ਵਿਅਕਤੀ ਵਰਗ ਕਿਲੋਮੀਟਰ) ਤੋਂ 2.5 ਗੁਣਾ ਵੱਧ ਹੈ।

ਤੇਜ਼ੀ ਨਾਲ ਵਧ ਰਹੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੰਘਣੇ ਜੰਗਲਾਂ ਅਤੇ ਜਲਗਾਹਾਂ ਥੱਲੇ ਖੇਤਰ ਲਗਾਤਾਰ ਘੱਟ ਰਿਹਾ ਹੈ। ਸਾਲ 2014 ਵਿਚ ਰਾਜ ਵਿਚ 328,402 ਹੈਕਟੇਅਰ ਉਤੇ ਜਲਗਾਹਾਂ ਫੈਲੀਆਂ ਹੋਈਆਂ ਸਨ, ਪਰ 2017 ਵਿਚ ਇਹ ਘਟ ਕੇ 160,590 ਹੈਕਟੇਅਰ ਉਤੇ ਹੀ ਰਹਿ ਗਈਆਂ ਹਨ ਭਾਵ ਸਿਰਫ 13 ਸਾਲਾਂ ਵਿਚ 49 ਫੀਸਦ ਜਲਗਾਹਾਂ ਖਤਮ ਹੋ ਗਈਆਂ। ਵਿਕਾਸ ਦੇ ਨਾਂ ਉਤੇ ਸਰਕਾਰੀ ਯੋਜਨਾਵਾਂ ਵਾਤਾਵਰਣ ਨਿਯਮਾਂ ਦੀਆਂ ਕਿਵੇਂ ਧੱਜੀਆਂ ਉਡਾਉਂਦੀਆਂ ਹਨ? ਇਸ ਸਬੰਧ ਵਿਚ ਹੜ੍ਹਾਂ ਦੀ ਲਪੇਟ ਵਿਚ ਆਇਆ ਕੋਚੀ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਇਕ ਮਿਸਾਲ ਹੈ, ਜਿਸ ਨੂੰ ਇਸੇ ਸਾਲ ਸਯੁੰਕਤ ਰਾਸ਼ਟਰ ਸੰਘ ਵੱਲੋਂ 'ਚੈਂਪੀਅਨ ਆਫ ਅਰਥ' ਦਾ ਇਨਾਮ ਦਿੱਤਾ ਗਿਆ ਹੈ ਕਿਉਂਕਿ ਇੱਥੇ ਸਾਰਾ ਕੰਮ ਸੂਰਜੀ ਊਰਜਾ ਨਾਲ ਕੀਤਾ ਜਾਂਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸੋਲਰ ਪੈਨਲ ਉਨ੍ਹਾਂ ਥਾਂਵਾਂ ਉਤੇ ਲੱਗੇ ਹਨ ਜਿੱਥੇ ਪਹਿਲਾਂ ਜਲਗਾਹਾਂ ਅਤੇ ਦਰਿਆ ਦਾ ਵਹਾਅ ਖੇਤਰ ਸੀ। ਇਸ ਸਾਲ ਭਾਰੀ ਮੀਂਹ ਪੈਣ ਤੋਂ ਬਾਅਦ ਵਾਧੂ ਪਾਣੀ ਕੁਦਰਤੀ ਤੌਰ ਉਤੇ ਹੀ ਆਪਣੇ ਵਹਾਅ ਖੇਤਰ ਵਿਚ ਗਿਆ ਅਤੇ ਇਹ ਵਾਤਾਵਰਣ ਇਨਾਮ ਸਨਮਾਨਿਤ ਅੰਤਰਰਾਸ਼ਟਰੀ ਹਵਾਈ ਅੱਡਾ ਹੜ੍ਹਾਂ ਦੀ ਮਾਰ ਹੇਠ ਆ ਕੇ ਲਗਭਗ ਦੋ ਹਫਤੇ ਬੰਦ ਰਿਹਾ।

ਜਲਗਾਹਾਂ ਤੋਂ ਇਲਾਵਾ ਝੋਨੇ ਦੀ ਫਸਲ ਵੀ ਮੀਂਹ ਦਾ ਕਾਫੀ ਪਾਣੀ ਸੋਖ ਲੈਂਦੀ ਹੈ, ਪਰ ਵਪਾਰਕ ਖੇਤੀ ਵੱਲ ਜ਼ਿਆਦਾ ਝੁਕਾਅ ਹੋਣ ਕਰਕੇ ਪਿਛਲੇ ਚਾਰ ਦਹਾਕਿਆ ਵਿਚ ਝੋਨੇ ਦੀ ਖੇਤੀ ਥੱਲੇ 87.5 ਫੀਸਦ ਰਕਬਾ ਘਟ ਗਿਆ ਹੈ। 1970-71 ਵਿਚ 8.8 ਲੱਖ ਹੈਕਟੇਅਰ ਉਤੇ ਝੋਨੇ ਦੀ ਖੇਤੀ ਕੀਤੀ ਜਾਂਦੀ ਸੀ, ਪਰ 2016-17 ਵਿਚ ਇਹ ਰਕਬਾ ਘਟ ਕੇ 1.7 ਲੱਖ ਹੈਕਟੇਅਰ ਹੀ ਰਹਿ ਗਿਆ। ਰਾਜ ਦੇ ਦੋ ਜ਼ਿਲ੍ਹੇ ਇਡੁਕੀ ਅਤੇ ਵਾਯਨਾਡ ਜੋ ਹੜ੍ਹ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ, ਉਥੇ 2007 ਤੋਂ 2011 ਤੱਕ ਦੇ ਸਿਰਫ 4 ਸਾਲਾਂ ਵਿਚ ਜੰਗਲਾਂ ਦਾ ਰਕਬਾ ਕ੍ਰਮਵਾਰ 20.13 ਫੀਸਦ ਅਤੇ 11 ਫੀਸਦ ਘਟ ਗਿਆ ਹੈ, ਪਰ ਪੱਛਮੀ ਘਾਟਾਂ ਦੀਆਂ ਪਹਾੜੀਆਂ ਵਿਚ ਥਾਂ ਥਾਂ ਖਣਿਜਾਂ ਦੀ ਖੁਦਾਈ ਹੋ ਰਹੀ ਹੈ। ਇਨ੍ਹਾਂ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਨੇ ਹੀ ਇਸ ਸਾਲ ਹੜ੍ਹ ਤੋਂ ਹੋਣ ਵਾਲੀ ਬਰਬਾਦੀ ਵਿਚ ਅਥਾਹ ਵਾਧਾ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 1924 ਵਿਚ ਇਸ ਸਾਲ ਮੁਕਾਬਲੇ ਕਿਤੇ ਵੱਧ ਮੀਂਹ ਪਿਆ ਸੀ।

ਇਸ ਸਾਲ ਰਾਜ ਸਭਾ ਵਿਚ ਪੇਸ਼ ਕੀਤੀ ਸੈਂਟਰਲ ਵਾਟਰ ਕਮਿਸ਼ਨ ਦੀ ਇੱਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਹੜ੍ਹਾਂ ਕਾਰਨ ਦੁਨੀਆਂ ਵਿਚ ਹੋਣ ਵਾਲੀਆਂ ਕੁੱਲ ਮੌਤਾਂ ਵਿਚੋਂ 20 ਫੀਸਦ ਸਾਡੇ ਦੇਸ਼ ਵਿਚ ਹੁੰਦੀਆਂ ਹਨ ਅਤੇ 1953 ਤੋਂ 2017 ਤੱਕ ਦੇ 64 ਸਾਲਾਂ ਵਿਚ ਇੱਕ ਲੱਖ ਤੋਂ ਵੱਧ ਲੋਕ ਸਿਰਫ ਹੜ੍ਹਾਂ ਕਾਰਨ ਮਾਰੇ ਗਏ। ਹਰ ਸਾਲ ਲਗਭਗ 1500 ਵਿਅਕਤੀ ਅਤੇ 92,000 ਜਾਨਵਰ ਹੜ੍ਹ ਆਉਣ ਕਾਰਨ ਮਰ ਜਾਂਦੇ ਹਨ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ ਦੇਸ਼ ਹਰ ਸਾਲ ਹੜ੍ਹਾਂ ਕਰਨ 205.8 ਕਰੋੜ ਦਾ ਮਾਲੀ ਨੁਕਸਾਨ ਵੀ ਝੱਲਦਾ ਹੈ। ਹੜ੍ਹ ਆਉਣ ਦਾ ਕੁਦਰਤੀ ਤਾਂ ਇੱਕੋ ਇੱਕ ਕਾਰਨ ਥੋੜ੍ਹੇ ਸਮੇਂ ਵਿਚ ਵੱਧ ਮੀਂਹ ਪੈਣਾ ਹੈ, ਪਰ ਬਾਕੀ ਸਭ ਕਾਰਨ ਮਨੁੱਖੀ ਗਤੀਵਿਧੀਆਂ ਨਾਲ ਹੀ ਜੁੜੇ ਹਨ ਜਿਵੇਂ ਦਰਿਆਵਾਂ ਦੀ ਵਾਧੂ ਪਾਣੀ ਲਿਜਾਣ ਦੀ ਘਟਦੀ ਸਮਰੱਥਾ, ਦਰਿਆਵਾਂ ਦੇ ਵਹਾਅ ਖੇਤਰਾਂ ਉਤੇ ਤਰ੍ਹਾਂ ਤਰ੍ਹਾਂ ਦੀਆਂ ਉਸਾਰੀਆਂ, ਡੈਮਾਂ ਵਿਚ ਪਾਣੀ ਜਮ੍ਹਾਂ ਕਰਨ ਦੇ ਕਿਸੇ ਵੀ ਤਰ੍ਹਾਂ ਦੇ ਉਚਿਤ ਮਿਆਰ ਨਾ ਹੋਣਾ, ਹੜ੍ਹਾਂ ਬਾਰੇ ਅਗਾਊਂ ਚੇਤਾਵਨੀ ਦੇਣ ਅਤੇ ਹੜ੍ਹਾਂ ਨੂੰ ਕਾਬੂ ਕਰਨ ਦਾ ਵੀ ਕੋਈ ਉਚਿਤ ਪ੍ਰਬੰਧ ਨਾ ਹੋਣਾ ਹੈ।

ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਹੈ ਕਿ ਇੱਕ ਖੋਜ ਅਨੁਸਾਰ ਆਉਣ ਵਾਲੇ 25 ਸਾਲਾਂ ਵਿਚ ਭਾਰਤ ਵਿਚ ਹੜ੍ਹ ਆਉਣ ਦੀ ਪ੍ਰਵਿਰਤੀ ਹੁਣ ਤੋਂ 5 ਗੁਣਾ ਵਧ ਜਾਵੇਗੀ ਜਿਸ ਨਾਲ ਦੇਸ਼ ਵੱਧ ਖਤਰਿਆਂ ਅਤੇ ਨੁਕਸਾਨ ਦੇ ਸਨਮੁੱਖ ਹੋਵੇਗਾ। ਜੇ ਸਰਕਾਰ ਨੇ ਹੁਣੇ ਤੋਂ ਕੁਦਰਤੀ ਆਫਤਾਂ ਅਤੇ ਬੇਮੁਹਾਰੇ ਵਿਕਾਸ ਕਾਰਜਾਂ ਨਾਲ ਨਜਿੱਠਣ ਦੇ ਉਪਰਾਲੇ ਨਾ ਕੀਤੇ ਤਾਂ ਦੇਸ਼ ਇਨ੍ਹਾਂ ਖਤਰਿਆਂ ਦੇ ਵੱਧ ਸਨਮੁੱਖ ਹੋਵੇਗਾ।

ਹੜ੍ਹ ਆਉਣ ਪਿਛੋਂ ਕੇਰਲ ਵਿਚ ਲੋਕਾਂ ਨੂੰ ਉਨ੍ਹਾਂ ਥਾਂਵਾਂ 'ਤੇ ਘਰ ਬਣਾਉਣ ਤੋਂ ਰੋਕ ਦਿੱਤਾ ਗਿਆ ਜਿੱਥੇ ਪਹਾੜਾਂ ਤੋਂ ਢਿੱਗਾਂ ਡਿੱਗਣ ਦਾ ਖਤਰਾ ਹੈ ਅਤੇ ਰਾਜ ਸਰਕਾਰ ਨੇ ਕਿਹਾ ਹੈ ਕਿ ਵਾਤਾਵਰਣ ਸੰਵੇਦਨਸ਼ੀਲ ਖੇਤਰਾਂ ਵਿਚ ਕੋਈ ਉਸਾਰੀ ਨਹੀਂ ਹੋਣੀ ਚਾਹੀਦੀ ਹੈ। ਜੇ ਕੇਰਲ ਸਰਕਾਰ ਸੱਤ ਸਾਲ ਪਹਿਲਾਂ ਗਾਡਗਿਲ ਕਮੇਟੀ ਦੀਆਂ ਸਿਫਾਰਸ਼ਾਂ ਮੰਨ ਕੇ ਦੱਸੀਆਂ ਲੀਹਾਂ ਉਤੇ ਵਿਕਾਸ ਕਾਰਜ ਕਰਦੀ ਤਾਂ ਹੁਣ ਰਾਜ ਇੰਨੀ ਤਬਾਹੀ ਦੀ ਮਾਰ ਨਾ ਝੱਲਦਾ।

ਸਾਡੀਆਂ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਵਿਕਾਸ ਕਾਰਜਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਥਾਂਵਾਂ ਦੀ ਵਾਤਾਵਰਣ ਸੰਵੇਦਨਸ਼ੀਲਤਾ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਅਤੇ ਵਾਤਾਵਰਣ ਮਾਹਿਰਾਂ ਦੀਆਂ ਸਿਫਾਰਸ਼ਾਂ ਨੂੰ ਅਣਗੌਲਿਆ ਨਾ ਕਰਨ। ਵਿਕਾਸ ਲੋਕ ਅਤੇ ਕੁਦਰਤ-ਪੱਖੀ ਹੋਣਾ ਚਾਹੀਦਾ ਹੈ।

---

*ਪ੍ਰੋਫੈਸਰ ਜਿਓਗਰਾਫੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਸੁਨਹਿਰੀ ਉੱਲੂ

**ਡਾ. ਮਲਕੀਅਤ ਸਿੰਘ**

ਕਾਲੀਆਂ ਬੋਲੀਆਂ ਰਾਤਾਂ ਦੇ ਦੂਰ ਤਕ ਪਸਰੇ ਸੰਨਾਟੇ ਵਿਚ ਜੇ ਕਦੀ, ਬੇ-ਆਬਾਦ ਸੁੰਨਸਾਨ ਵਾਦੀਆਂ, ਪੁਰਾਣੇ ਖੂਹਾਂ, ਪ੍ਰਾਚੀਨ ਕਿਲਿਆਂ, ਖੰਡਰਾਂ, ਜੰਗਲਾਂ ਤੇ ਉਜਾੜਾਂ ਵਿਚੋਂ ਲੂੰ-ਕੰਡੇ ਖੜ੍ਹੇ ਕਰਨ ਵਾਲੀਆਂ ਚੀਕਾਂ, ਲੇਰਾਂ ਚਾਂਗਰਾਂ ਤੇ ਜਾਂ ਫਿਰ ਜ਼ੋਰ-ਜ਼ੋਰ ਦੀ ਫੂੰਕਾਰੇ ਤੇ ਘੁਰਾੜੇ ਮਾਰਨ ਦਾ ਡਰਾਉਣਾ ਇਕ ਅਟੁੱਟ ਸਿਲਸਿਲਾ ਕੰਨੀ ਪਵੇ ਤਾਂ ਡਰ ਨਾਲ ਸਹਿਮਣ ਦੀ ਕੋਈ ਲੋੜ ਨਹੀਂ, ਇਹ ਸੁਨਹਿਰੀ ਉੱਲੂ ਦਾ ਕਾਰਨਾਮਾ ਹੈ। ਇਹ ਬਹੁਤ ਸਾਰੀਆਂ ਉਦਾਸ ਕਰਨ ਵਾਲੀਆਂ ਮਨੁੱਖੀ ਆਵਾਜ਼ਾਂ ਕੱਢਣ ਦੇ ਸਮਰੱਥ ਹੈ। ਹਰ ਆਵਾਜ਼ ਬਦਲਵੀਂ ਤੇ ਦਰਦ ਵਿੰਨੀ, ਵਿਲਕਣ ਤੇ ਕੀਰਨੇ ਪਾਉਣ ਵਾਲੀ। ਪਰ ਅੱਜ ਇਹ ਆਵਾਜ਼ਾਂ ਜੇ ਉਕਾ ਖਤਮ ਨਹੀਂ ਤਾਂ ਕਾਫੀ ਹੱਦ ਤਕ ਘੱਟ ਜ਼ਰੂਰ ਗਈਆਂ ਹਨ। ਸੁਨਹਿਰੀ ਉੱਲੂ ਪੰਜਾਬੀਆਂ ਤੋਂ ਵਿਦਾ ਹੋਣ ਲਈ ਪੰਜਾਬ ਦੀਆ ਦਹਿਲੀਜਾਂ 'ਤੇ ਖੜੋਤਾ ਜੇ। ਆਓ, ਮੈਂ ਤੁਹਾਨੂੰ ਇਕ ਵਾਰ ਫੇਰ ਇਸ ਦੇ ਰੂ-ਬ-ਰੂ ਕਰਵਾ ਦਿਆਂ ਤਾਂ ਜੋ ਕਦੀ ਫਿਰ ਇਹ ਪ੍ਰਾਹੁਣਾ ਤੁਹਾਡਾ ਨਿਉਂਦਾ ਸਵਿਕਾਰ ਕਰੇ ਤਾਂ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਪਛਾਣ ਸਕੋ।

ਕੱਦ-ਕਾਠ ਵਿਚ (33-43 ਸੈ.ਮੀ.) ਸ਼ਿਕਰੇ ਕੁ ਜਿੱਡਾ ਇਹ ਸ਼ਿਕਾਰੀ ਪਰਿੰਦਾ, ਦਿਲ ਦੀ ਸ਼ਕਲ ਵਰਗੇ ਚਿਹਰੇ ਅੰਦਰ ਨੂੰ ਧੱਸੀਆਂ ਹੋਈਆਂ ਕਾਲੀਆਂ ਅੱਖਾਂ, ਤੋਤੇਨੁਮਾ ਮੁੜਵੀਂ ਚੁੰਝ, ਪਤਲੀਆਂ ਲਮਢੀਂਗ ਲੱਤਾਂ, ਚੌੜੇ-ਚਪਟੇ ਸਿਰ, ਛੋਟੀ ਪੂਛ ਅਤੇ ਗੁੰਦਵੇਂ ਸਰੀਰ ਕਰਕੇ ਆਪਣੀ ਇਕ ਅਲੱਗ ਪਛਾਣ ਬਣਾਉਂਦਾ ਹੈ। ਰੰਗ-ਰੂਪ ਵਿਚ ਵੀ ਇਹ ਬਾਕੀ ਉੱਲੂਆਂ ਵਿਚ ਨਹੀਂ ਗਵਾਚਦਾ। ਦੁੱਧ ਚਿੱਟਾ ਰੂੰ ਵਰਗਾ ਮੁਲਾਇਮ ਚਿਹਰਾ, ਚਿੱਟੀ ਤੋਂ ਹਲਕੀ ਸੁਨਹਿਰੀ ਭਾਹ ਮਾਰਦੀ ਗਰਦਨ, ਛਾਤੀ, ਪੇਟ ਅਤੇ ਲੱਤਾਂ ਜਿਨ੍ਹਾਂ 'ਤੇ ਛੋਟੇ-ਛੋਟੇ ਕਾਲੇ ਟਿਮਕਣੇ, ਸੁਨਹਿਰੀ ਤੇ ਸਲੇਟੀ ਰੰਗ ਦੀ ਰਲਵੀਂ ਭਾਹ ਮਾਰਦੀ ਗਿੱਚੀ, ਪਿੱਠ ਅਤੇ ਪੂਛ 'ਤੇ ਬੇਸ਼ੁਮਾਰ ਕਾਲੀਆਂ, ਚਿੱਟੀਆਂ, ਭੂਰੀਆਂ ਬਿੰਦੀਆਂ, ਇਸ ਨੂੰ ਸੁਹੱਪਣ ਵੀ ਦਿੰਦੀਆਂ ਹਨ ਤੇ ਪਛਾਣ ਵੀ। ਏਨਾਂ ਵੱਡਾ ਬਦਨ ਅਤੇ ਏਨੇ ਵੱਡੇ ਖੰਭ ਹੋਣ 'ਤੇ ਵੀ ਐਸੇ ਸਲੀਕੇ ਅਤੇ ਸਫਾਈ ਨਾਲ ਉੱਡਦਾ ਹੈ ਕਿ ਸ਼ਿਕਾਰ ਨੂੰ ਤਾਂ ਕੀ, ਉਸ ਹਵਾ ਨੂੰ ਵੀ ਆਪਣੀ ਹੋਂਦ ਦਾ ਅਹਿਸਾਸ ਨਹੀਂ ਹੋਣ ਦਿੰਦਾ ਜਿਸ ਵਿਚੋਂ ਦੀ ਗੁਜ਼ਰ ਰਿਹਾ ਹੋਵੇ। ਐਨੀ ਖਾਮੋਸ਼, ਮੂਕ ਤੇ ਸ਼ਾਂਤ ਉਡਾਣ ਦੇ ਨਜ਼ਰੀਏ ਤੋਂ ਪੰਛੀ ਵਰਗ ਵਿਚ ਕੋਈ ਇਸ ਦਾ ਸਾਨੀ ਨਹੀਂ।

ਇਸ ਦੇ ਸ਼ਿਕਾਰ ਕਰਨ ਦਾ ਤਰੀਕਾ ਅਤੇ ਤਰਜ਼ ਵੀ ਬਾਕੀ ਉੱਲੂਆਂ ਤੋਂ ਵੱਖਰਾ ਹੈ। ਸ਼ਿਕਾਰ ਕਰਨ ਤੋਂ ਪਹਿਲਾਂ ਕਿੰਨੀ-ਕਿੰਨੀ ਦੇਰ ਕਿਸੇ ਖੰਭੇ, ਮਮਟੀ ਜਾਂ ਰੁੱਖ ਦੀ ਟੀਸੀ 'ਤੇ ਖਾਮੋਸ਼ੀ ਤੇ ਧੀਰਜ ਦੀ ਮੂਰਤ ਬਣ ਕੇ ਬੈਠਣਾ, ਆਲੇ-ਦੁਆਲੇ ਦੀ ਚੌਪਾਸੇ ਪਸਰੀ ਚੁੱਪ ਵਿਚ ਮਾਮੂਲੀ ਜਿਹੀ ਹਰਕਤ ਭਾਂਪਦਿਆਂ ਉਸ ਪਾਸੇ ਨੂੰ ਸੇਧਿਤ ਹੋਣਾ, ਗਰਦਨ ਅੱਗੇ ਨੂੰ ਅਕੜਾ ਕੇ ਉੱਡਣਾ, ਧੁੱਸ ਦੇ ਕੇ ਸ਼ਿਕਾਰ 'ਤੇ ਝਪਟਣਾ ਤੇ ਉਸ ਨੂੰ ਆਪਣੇ ਮਜ਼ਬੂਤ ਪੰਜਿਆਂ ਨਾਲ ਦਬੋਚ ਲੈਣਾ, ਇਸ ਦੇ ਸ਼ਿਕਾਰ ਕਰਨ ਦੇ ਕੁਝ ਬੱਝਵੇਂ ਨਿਯਮ ਹਨ। ਇਸ ਦੇ ਸ਼ਿਕਾਰ ਵਿਚ ਚੂਹੇ, ਖਰਗੋਸ਼, ਨਕੁੰਦਰਾਂ, ਘੀਸਾਂ, ਸੱਪ ਅਤੇ ਡੱਡੂ ਆਦਿ ਸ਼ਾਮਲ ਹਨ।

ਇਸ ਦੀ ਪ੍ਰਜਣਨ ਰੁੱਤ ਕਰੀਬ ਸਾਰਾ ਵਰ੍ਹਾ ਚਲਦੀ ਹੈ। ਮਾਦਾ ਕਿਸੇ ਪੁਰਾਣੇ ਰੁੱਖ ਦੀ ਮੋਕਲੀ ਖੋਰ੍ਹ ਕਿਸੇ ਪੁਰਾਣੀ ਦੀਵਾਰ ਦੀ ਲੰਮੀ ਚੌੜੀ ਤਰੇੜ, ਕਨਸ ਤੇ ਜਾਂ ਉੱਜੜੇ ਮਕਾਨਾਂ ਦੀਆਂ ਧੁਆਂਖੀਆਂ ਚਿਮਨੀਆਂ ਤੇ ਤਿੜਕੀਆਂ ਪਰਛੱਤੀਆਂ 'ਤੇ 10-20 ਆਂਡੇ ਦਿੰਦੀ ਹੈ। ਸਾਰੇ ਆਂਡੇ ਇਕੋ ਦਿਨ ਨਹੀਂ ਬਲਕਿ 8-10 ਦਿਨਾਂ ਵਿਚ ਦਿੰਦੀ ਹੈ ਅਤੇ ਏਸੇ ਤਰ੍ਹਾਂ ਹੀ ਇਨ੍ਹਾਂ ਵਿਚੋਂ ਨਿਕਲਣ ਵਾਲੇ ਬੱਚੇ ਵੀ ਇਕੋ ਉਮਰ ਦੇ ਨਹੀਂ ਹੁੰਦੇ। ਏਥੋਂ ਤਕ ਕਿ ਕਈ ਵਾਰੀ ਜੇਠਾ ਬੱਚਾ ਨਵੇਂ ਜੰਮੇ ਬੱਚੇ ਤੋਂ 8-10 ਗੁਣਾ ਭਾਰਾ ਹੁੰਦਾ ਹੈ। ਖੁਰਾਕ ਦੀ ਕਮੀ ਕਰਕੇ ਸਾਰੇ ਬੱਚੇ ਪ੍ਰਵਾਨ ਨਹੀਂ ਚੜ੍ਹਦੇ ਤੇ ਅਕਸਰ ਛੋਟੇ ਬੱਚਿਆਂ ਨੂੰ ਪਹਿਲਾਂ ਜੰਮੇ ਵੱਡੇ ਬੱਚੇ ਹਜ਼ਮ ਕਰ ਜਾਂਦੇ ਹਨ।

ਇਸ ਦੀ ਨਿਧੜਕ ਤੇ ਬੇਖੌਫ, ਬੇਪ੍ਰਵਾਹ ਜੀਵਨਜਾਚ ਨੇ ਇਸ ਦੇ ਭੂਗੋਲਿਕ ਪਾਸਾਰੇ ਵਿਚ ਇਕ ਅਹਿਮ ਭੂਮਿਕਾ ਨਿਭਾਈ ਹੈ। ਕਿੱਥੇ ਹਨ ਅਮਰੀਕਾ, ਅਫਰੀਕਾ, ਯੂਰਪ, ਆਸਟਰੇਲੀਆ ਅਤੇ ਦੱਖਣ ਪੂਰਬੀ ਏਸ਼ੀਆ ਦੀਆਂ ਸੀਮਾਵਾਂ, ਲੇਕਿਨ ਸੁਨਹਿਰੀ ਉੱਲੂ ਹੈ ਕਿ ਇਨ੍ਹਾਂ ਸਭ ਦੀਆਂ ਵਿਚ ਵਧਿਆ ਫੁੱਲਿਆ ਹੈ ਪਰ ਅਫਸੋਸ ਅੱਜ ਇਹ ਦਾਇਰਾ ਕਾਫੀ ਸੁੰਗੜਦਾ ਜਾ ਰਿਹਾ ਹੈ। ਅੱਜ ਇਸ ਦੀਆਂ ਚੀਕਾਂ ਤੇ ਕਿਲਕਾਰੀਆਂ ਨੇ ਇਕ ਲੰਮੀ ਖਾਮੋਸ਼ੀ ਦੀ ਚਾਦਰ ਓੜ ਲਈ ਹੈ। ਇਸ ਦੇ ਵਿਛੋੜੇ ਦਾ ਅਹਿਸਾਸ ਤੇ ਸੱਲ ਤਾਂ ਸ਼ਾਇਦ ਆਦਮੀ ਨੂੰ ਵੀ ਅੰਦਰੋਂ ਅੰਦਰੀ ਪੱਛ ਰਿਹਾ ਹੋਵੇ ਪਰ ਕਿਉਂਕਿ ਇਹ ਸਭ ਕੁਝ ਉਸ ਦੀਆਂ ਕਰਤੂਤਾਂ ਦਾ ਹੀ ਨਤੀਜਾ ਹੈ, ਇਸ ਲਈ ਉਸ ਦੇ ਬੁੱਲ੍ਹ ਸੀਤੇ ਪਏ ਹਨ। ਬੰਦੇ ਦੀ ਇਸ ਬੇਬਸੀ ਦੇ ਮੁਕਾਮ 'ਤੇ ਇਹ ਸਤਰਾਂ ਕਿੰਨੀਆਂ ਢੁਕਦੀਆਂ ਹਨ:

ਪਤਾ ਭੀ ਏ ਕਿਸੇ ਦੇ ਜਾਣ ਵਿਚ
ਨੁਕਸਾਨ ਕਿੰਨਾ ਏ।
ਵਿਸਾਹ ਫਿਰ ਭੀ ਕਰੀ ਜਾਂਦੈ
ਇਹ ਦਿਲ ਨਾਦਾਨ ਕਿੰਨਾ ਏ।

# 1965 ਦੀ ਭਾਰਤ-ਪਾਕਿ ਜੰਗ: ਕਾਰਨ ਤੇ ਨਤੀਜੇ

***1947 ਦੀ ਵੰਡ ਕਾਰਨ ਜਿੱਥੇ ਸਰਹੱਦ ਦੇ ਦੋਹੀਂ ਪਾਸੀਂ ਲੱਖਾਂ ਲੋਕਾਂ ਨੂੰ ਬਹੁਤ ਵੱਡੀ ਮਾਨਸਿਕ ਪੀੜਾ ਵਿਚੋਂ ਲੰਘਣਾ ਪਿਆ, ਉਥੇ ਹਿੰਦੁਸਤਾਨ ਤੇ ਪਾਕਿਸਤਾਨ ਵਿਚਾਲੇ ਦੁਸ਼ਮਣੀ ਦੀ ਪੱਕੀ ਲਕੀਰ ਖਿੱਚੀ ਗਈ। ਦੋਹਾਂ ਦੇਸ਼ਾਂ ਵਿਚਾਲੇ ਧੁਖ ਰਹੀ ਦੁਸ਼ਮਣੀ ਦੀ ਅੱਗ ਅਖੀਰ 1965 ਦੀ ਲੜਾਈ ਦੇ ਰੂਪ ਵਿਚ ਭਾਂਬੜ ਬਣ ਗਈ ਜਿਸ ਵਿਚ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ। ਇਹ ਸਭ ਸਿਆਸਤਦਾਨਾਂ ਦੀ ਕਾਰਸਤਾਨੀ ਦਾ ਨਤੀਜਾ ਸੀ। ਹੁਣ ਜਦੋਂ ਇਸ ਜੰਗ ਨੂੰ 53 ਸਾਲ ਹੋ ਗਏ ਹਨ, ਤਾਂ ਇਸ ਲੇਖ ਵਿਚ ਲੇਖਕ ਹਰਮੋਹਿੰਦਰ ਚਾਹਲ ਨੇ ਜਿੱਥੇ ਇਸ ਜੰਗ ਦੇ ਕਾਰਨਾਂ ਤੇ ਨਤੀਜਿਆਂ 'ਤੇ ਨਿਗ੍ਹਾ ਮਾਰੀ ਹੈ, ਉਥੇ ਆਵਾਮ ਨੂੰ ਵੀ ਸੱਦਾ ਦਿੱਤਾ ਹੈ ਕਿ ਉਹ ਸਿਆਸਤਦਾਨਾਂ ਦੀਆਂ ਚਾਲਾਂ ਨੂੰ ਠੱਲ੍ਹ ਪਾਉਣ ਲਈ ਹਿੰਮਤ ਕਰਨ। -ਸੰਪਾਦਕ***

ਅੱਜ ਤੋਂ ਤਰਵੰਜਾ ਵਰ੍ਹੇ ਪਹਿਲਾਂ ਇਸੇ ਮਹੀਨੇ ਯਾਨਿ ਸਤੰਬਰ 1965 'ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਈ ਜੰਗ ਦੋਹਾਂ ਮੁਲਕਾਂ ਦੀ ਦੂਸਰੀ ਵੱਡੀ ਜੰਗ ਸੀ। ਇਸ ਦਾ ਮੁੱਢ ਤਾਂ ਉਦੋਂ ਹੀ ਬੱਝ ਗਿਆ ਸੀ ਜਦੋਂ 1948 'ਚ ਕਸ਼ਮੀਰ ਘਾਟੀ ਦੀ ਪਹਿਲੀ ਲੜਾਈ ਖਤਮ ਹੋਈ। 1947 ਵਿਚ ਹਿੰਦੁਸਤਾਨ ਦੀ ਵੰਡ ਹੋ ਗਈ ਪਰ ਦੇਸੀ ਰਿਆਸਤਾਂ ਦਾ ਮਸਲਾ ਚੰਗੀ ਤਰ੍ਹਾਂ ਹੱਲ ਨਾ ਹੋਇਆ। ਬ੍ਰਿਟਿਸ਼ ਹਕੂਮਤ ਨੇ ਮੁਲਕ ਨੂੰ ਆਜਾਦੀ ਤਾਂ ਦੇ ਦਿੱਤੀ ਪਰ ਰਿਆਸਤਾਂ ਨੂੰ ਆਪਣੇ ਫੈਸਲੇ ਆਪ ਕਰਨ ਦਾ ਕਹਿ ਕੇ ਸੇਹ ਦਾ ਤੱਕਲਾ ਗੱਡ ਦਿੱਤਾ। ਆਪਣੇ ਇਸੇ ਅਧਿਕਾਰ ਦੀ ਵਰਤੋਂ ਕਰਦਿਆਂ ਕੁਝ ਰਿਆਸਤਾਂ ਆਜਾਦ ਰਹਿਣਾ ਚਾਹੁੰਦੀਆਂ ਸਨ ਪਰ ਭੂਗੋਲਿਕ ਹਾਲਾਤ ਨੇ ਅਜਿਹਾ ਨਾ ਹੋਣ ਦਿੱਤਾ। ਇਸ ਕਰਕੇ ਜੋ ਰਿਆਸਤਾਂ ਭਾਰਤ ਅੰਦਰ ਰਹਿ



ਹਰਮੋਹਿੰਦਰ ਚਾਹਲ
chahals57@yahoo.com

ਗਈਆਂ ਉਨ੍ਹਾਂ ਨੂੰ ਚਾਹਿਆਂ ਜਾਂ ਅਣਚਾਹਿਆਂ ਭਾਰਤ ਨਾਲ ਰਲਣਾ ਪਿਆ ਤੇ ਇਵੇਂ ਹੀ ਪਾਕਿਸਤਾਨ ਵਾਲੇ ਪਾਸੇ ਹੋਇਆ, ਪਰ ਕਸ਼ਮੀਰ ਇੱਕੋ ਇੱਕ ਅਜਿਹੀ ਰਿਆਸਤ ਸੀ, ਜਿਸ ਦੀ ਸਰਹੱਦ ਦੋਨਾਂ ਮੁਲਕਾਂ ਨਾਲ ਲੱਗਦੀ ਸੀ। ਅਜਿਹੇ 'ਚ ਪਾਕਿਸਤਾਨ ਨੇ ਇਸ ਨੂੰ ਆਪਣੇ ਨਾਲ ਰਲਾਉਣਾ ਚਾਹਿਆ ਤੇ ਭਾਰਤ ਨੇ ਆਪਣੇ ਨਾਲ। ਦੋਹਾਂ ਦੇ ਦਾਅਵੇ ਆਪੋ ਆਪਣੇ ਸਨ।

ਉਧਰ ਰਿਆਸਤ ਦੇ ਮੁਖੀ, ਮਹਾਰਾਜਾ ਹਰੀ ਸਿੰਘ ਦਾ ਵਿਚਾਰ ਕਸ਼ਮੀਰ ਨੂੰ ਵੱਖਰਾ ਆਜਾਦ ਮੁਲਕ ਬਣਾਉਣ ਦਾ ਸੀ, ਪਰ ਉਹ ਤੁਰੰਤ ਕੋਈ ਫੈਸਲਾ ਨਾ ਕਰ ਸਕਿਆ। ਕਦੇ ਉਹ ਆਜਾਦ ਰਹਿਣ ਦਾ ਸੋਚਦਾ ਅਤੇ ਕਦੇ ਕਿਸੇ ਇਕ ਨਾਲ ਰਲੇਵੇਂ ਦਾ। ਉਸ ਦੀ ਇਸ ਜੱਕੋ-ਤੱਕੀ ਨੇ ਮਸਲੇ ਨੂੰ ਉਲਝਾ ਦਿੱਤਾ। ਫਿਰ ਉਸ ਨੇ ਸੋਚਣ ਵਿਚਾਰਨ ਲਈ ਵਕਤ ਲੈਂਦਿਆਂ ਦੋਨਾਂ ਧਿਰਾਂ ਨਾਲ 'ਸਟੈਂਡ ਸਟਿੱਲ' ਸਮਝੌਤਾ ਕਰ ਲਿਆ। ਇੱਥੇ ਪਾਕਿਸਤਾਨ ਜਲਦਬਾਜੀ ਕਰ ਗਿਆ। ਹਾਲਾਂਕਿ ਉਦੋਂ ਭਾਰਤ, ਕਸ਼ਮੀਰ ਨੂੰ ਆਪਣੇ ਨਾਲ ਰਲਾਉਣ ਦਾ ਬਹੁਤਾ ਇੱਛੁਕ ਨਹੀਂ ਸੀ।

ਪਾਕਿਸਤਾਨ ਨੇ ਕਾਹਲ ਕਰਦਿਆਂ ਐਕਸ਼ਨ ਕਰਨ ਦੀ ਸੋਚੀ। ਉਸ ਨੇ ਧਾੜਵੀ ਅਤੇ ਰੈਗੂਲਰ ਫੌਜ ਲੁਕਵੇਂ ਢੰਗ ਨਾਲ ਘਾਟੀ ਅੰਦਰ ਦਾਖਲ ਕਰ ਦਿੱਤੀ। ਪਾਕਿਸਤਾਨ ਧੱਕੇ ਨਾਲ ਕਸ਼ਮੀਰ 'ਤੇ ਕਾਬਜ਼ ਹੋਣ ਦੀ ਸੋਚਦਿਆਂ, ਬਿਨਾਂ ਕਿਸੇ ਵਿਰੋਧ ਦੇ ਬਾਰਾਮੂਲਾ ਤੱਕ ਆ ਪਹੁੰਚਿਆ। ਸ੍ਰੀਨਗਰ ਕੁਝ ਹੀ ਦੂਰ ਰਹਿ ਗਿਆ ਸੀ ਪਰ ਧਾੜਵੀ ਅੱਗੇ ਵਧਣ ਦੀ ਥਾਂ ਲੁੱਟ-ਮਾਰ 'ਚ ਰੁੱਝ ਗਏ। ਉਧਰ ਇਕਦਮ ਸਿਰ 'ਤੇ ਪਈ ਬਿਪਤਾ ਦੇ ਇਨ੍ਹਾਂ ਹਾਲਾਤ 'ਚ ਰਿਆਸਤ ਦੇ ਸਦਰ ਮਹਾਰਾਜਾ ਹਰੀ ਸਿੰਘ ਨੇ ਭਾਰਤ ਨੂੰ ਮੱਦਦ ਲਈ ਬੇਨਤੀ ਕੀਤੀ, ਪਰ ਭਾਰਤ ਨੇ ਇਹ ਕਹਿੰਦਿਆਂ ਜੁਆਬ ਦੇ ਦਿੱਤਾ ਕਿ ਜੇਕਰ ਉਹ ਚਾਹੁੰਦਾ ਹੈ ਬਈ ਕਸ਼ਮੀਰ ਨੂੰ ਪਾਕਿਸਤਾਨ ਤੋਂ ਬਚਾਇਆ ਜਾਵੇ ਤਾਂ ਉਸ ਨੂੰ ਭਾਰਤ ਨਾਲ ਰਲੇਵਾਂ ਕਰਨਾ ਪਵੇਗਾ। ਹਰੀ ਸਿੰਘ ਕੋਲ ਕੋਈ ਚਾਰਾ ਨਾ ਰਿਹਾ।

ਉਧਰ 26 ਅਕਤੂਬਰ 1947 ਦੇ ਦਿਨ ਜਿਨਾਹ ਰਾਵਲਪਿੰਡੀ ਵਿਚ ਇਸ ਜਿੱਤ ਦੇ ਜਸ਼ਨ ਮਨਾਉਣ ਦੀ ਤਿਆਰੀ ਕਰ ਰਿਹਾ ਸੀ ਕਿ ਉਸ ਕੋਲ ਖਬਰ ਪਹੁੰਚੀ ਕਿ ਹਰੀ ਸਿੰਘ ਨੇ ਭਾਰਤ ਨਾਲ ਰਲੇਵੇਂ ਦੇ ਦਸਤਾਵੇਜ ਉਪਰ ਦਸਤਖਤ ਕਰ ਦਿੱਤੇ ਹਨ। ਇਸ ਦਸਤਾਵੇਜ ਦੇ ਹੋਂਦ 'ਚ ਆਉਂਦਿਆਂ ਹੀ ਭਾਰਤੀ ਫੌਜਾਂ ਨੇ ਘਾਟੀ ਵੱਲ ਕੂਚ ਕਰ ਦਿੱਤਾ। ਭਾਰਤੀ ਫੌਜ, ਪਾਕਿਸਤਾਨੀ ਫੌਜ ਨੂੰ ਪਿਛਾਂਹ ਧੱਕਦੀ ਤੁਰੀ ਗਈ। ਦੋਨਾਂ ਮੁਲਕਾਂ ਵਿਚਾਲੇ ਬਾਕਾਇਦਾ ਜੰਗ ਛਿੜ ਗਈ। ਉਦੋਂ ਨੂੰ ਯੂ. ਐਨ. ਓ. ਨੇ ਵਿਚ ਪੈਂਦਿਆਂ ਲੜਾਈ ਬੰਦ ਕਰਵਾ ਦਿੱਤੀ। ਦੋਨਾਂ ਮੁਲਕਾਂ ਨੂੰ ਕਿਹਾ ਗਿਆ ਕਿ ਅਗਲੇ ਫੈਸਲੇ ਤੱਕ ਉਹ ਜਿੱਥੇ ਕਿਤੇ ਹਨ, ਉਥੇ ਹੀ ਰੁਕ ਜਾਣ। ਪਾਕਿਸਤਾਨ ਵੱਲ ਦਾ ਇਲਾਕਾ ਆਜਾਦ ਕਸ਼ਮੀਰ ਬਣ ਗਿਆ ਤੇ ਇੱਧਰ ਦਾ ਜੇ. ਐਂਡ ਕੇ. ਯਾਨਿ ਜੰਮੂ ਅਤੇ ਕਸ਼ਮੀਰ।

ਦੋਹਾਂ ਮੁਲਕਾਂ ਵਿਚਕਾਰ ਆਰਜ਼ੀ ਕੰਟਰੋਲ ਰੇਖਾ ਯਾਨਿ ਲਾਈਨ ਆਫ ਕੰਟਰੋਲ ਬਣ ਗਈ। ਹੁਣ ਪਾਕਿਸਤਾਨ ਚਾਹੁੰਦਾ ਸੀ ਕਿ ਸਮੁੱਚਾ ਕਸ਼ਮੀਰ ਉਸ ਦੇ ਅਧਿਕਾਰ ਹੇਠ ਆਵੇ ਅਤੇ ਭਾਰਤ ਚਾਹੁੰਦਾ ਸੀ ਉਸ ਦੇ। ਇੱਥੇ ਆ ਕੇ ਇਹ ਅਣਖ ਦਾ ਸੁਆਲ ਬਣ ਗਿਆ। ਇਸ ਹਉਮੈ ਨੇ ਮਸਲੇ ਨੂੰ ਐਸਾ ਉਲਝਾਇਆ ਕਿ ਇਹ ਅੱਜ ਤੱਕ ਹੱਲ ਨਹੀਂ ਹੋ ਸਕਿਆ।

ਭਾਰਤ ਨੇ ਜਿੰਨਾ ਸੀ ਉਨੇ ਨਾਲ ਹੀ ਸਬਰ ਕਰ ਲਿਆ ਪਰ ਪਾਕਿਸਤਾਨ ਨੇ ਇਹ ਨੀਤੀ ਬਣਾ ਲਈ ਕਿ ਜਿਵੇਂ ਕਿਵੇਂ ਵੀ ਸਮੁੱਚਾ ਕਸ਼ਮੀਰ ਹਾਸਲ ਕਰਨਾ ਹੈ। ਇਸੇ ਨੀਤੀ ਤਹਿਤ ਉਹ ਲਗਾਤਾਰ ਲੁਕ ਛੁਪ ਕੇ ਕਰਵਾਈਆਂ ਕਰਦਾ ਰਿਹਾ। 1965 ਦੀ ਜੰਗ ਇਨ੍ਹਾਂ ਲੁਕਵੀਆਂ ਕਾਰਵਾਈਆਂ 'ਚੋਂ ਹੀ ਉਭਰੀ ਸੀ। ਉਧਰ 1962 ਦੀ ਭਾਰਤ-ਚੀਨ ਜੰਗ ਵਿਚ ਭਾਰਤ ਬੁਰੀ ਤਰ੍ਹਾਂ ਹਾਰ ਚੁੱਕਿਆ ਸੀ ਅਤੇ ਉਸ ਦਾ ਬਹੁਤ ਨੁਕਸਾਨ ਹੋਇਆ ਸੀ। ਇਸ ਹਾਰ ਤੋਂ ਸਬਕ ਸਿੱਖਦਿਆਂ ਭਾਰਤ ਨੇ ਤੁਰੰਤ ਆਪਣੇ ਆਪ ਨੂੰ ਫੌਜੀ ਤੌਰ 'ਤੇ ਮਜਬੂਤ ਕਰਨ ਦੇ ਯਤਨ ਅਰੰਭ ਦਿੱਤੇ ਸਨ, ਪਰ ਪਾਕਿਸਤਾਨ ਨੇ ਭਾਰਤ-ਚੀਨ ਜੰਗ ਨੂੰ ਹੋਰ ਢੰਗ ਨਾਲ ਲਿਆ। ਉਸ ਨੂੰ ਲੱਗਾ ਕਿ ਭਾਰਤ ਚੀਨ ਵਾਲੀ ਜੰਗ ਵਿਚ ਬੁਰੀ ਤਰ੍ਹਾਂ ਹਾਰ ਗਿਆ ਹੈ ਅਤੇ ਉਸ ਦੀ ਫੌਜ ਵੀ ਕੋਈ ਬਹੁਤੀ ਤਾਕਤਵਰ ਨਹੀਂ ਰਹੀ ਅਤੇ ਇਹੀ ਮੌਕਾ ਹੈ ਕਿ ਕਸ਼ਮੀਰ ਅੰਦਰ ਫੌਜੀ ਕਾਰਵਾਈ ਕਰਦਿਆਂ ਇਸ ਨੂੰ ਹਾਸਲ ਕੀਤਾ ਜਾਵੇ। ਉਸ ਨੇ ਲੁਕਵੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਅਤੇ ਆਖਰੀ ਨਿਸ਼ਾਨਾ ਵੱਡੀ ਫੌਜੀ ਕਾਰਵਾਈ ਮਿੱਥ ਲਿਆ। ਇਹ ਵੱਡੀ ਕਾਰਵਾਈ ਕਰਨ ਲਈ ਉਸ ਨੂੰ 1965 ਦੇ ਚੜ੍ਹਦਿਆਂ ਹੀ ਹਾਲਾਤ ਸਾਜਗਾਰ ਜਾਪੇ।

1965 ਦਾ ਸਾਲ ਚੜਨ ਤੱਕ ਪਾਕਿਸਤਾਨ ਵੱਲੋਂ ਜੰਗਬੰਦੀ ਦੀ ਉਲੰਘਣਾ ਵਧ ਗਈ। ਫਰਵਰੀ ਮਹੀਨੇ ਪਾਕਿਸਤਾਨ ਨੇ ਬਿਨਾ ਕਿਸੇ ਕਾਰਨ ਰਣ-ਕੱਛ ਦੇ ਇਲਾਕੇ ਉਪਰ ਹਮਲਾ ਕਰ ਦਿੱਤਾ।

ਭਾਰਤ ਨੂੰ ਪਾਕਿਸਤਾਨ ਦੇ ਇਸ ਹਮਲੇ ਦੀ ਸਮਝ ਨਾ ਆਈ। ਪਰ ਇਸ ਦੇ ਜੁਆਬ 'ਚ ਭਾਰਤ ਨੇ ਪੰਜਾਬ ਸਰਹੱਦ ਉਪਰ ਫੌਜ ਲਾ ਦਿੱਤੀ। ਕੁਝ ਇਸ ਦਬਾਅ ਕਾਰਨ ਅਤੇ ਕੁਝ ਸਾਂਝੇ ਦੋਸਤਾਂ ਦੀ ਵਿਚੋਲਗੀ ਨਾਲ ਦੋਨੋਂ ਮੁਲਕ ਗੱਲਬਾਤ ਲਈ ਮੰਨ ਗਏ। ਇਸ ਪਿੱਛੋਂ ਦੋਨਾਂ ਨੇ ਆਪਣੀਆਂ ਫੌਜਾਂ ਵਾਪਸ ਬੁਲਾ ਲਈਆਂ। ਭਾਰਤ ਨੇ ਸੋਚਿਆ ਕਿ ਮਸਲਾ ਸੁਲਝ ਗਿਆ ਹੈ ਪਰ ਵਿਚੋਂ ਗੱਲ ਕੋਈ ਹੋਰ ਸੀ। ਪਾਕਿਸਤਾਨ, ਭਾਰਤ ਨੂੰ ਕਿਸੇ ਹੋਰ ਪਾਸੇ ਉਲਝਾ ਕੇ ਇਸ ਦਾ ਕਸ਼ਮੀਰ ਵੱਲੋਂ ਧਿਆਨ ਹਟਾਉਣਾ ਚਾਹੁੰਦਾ ਸੀ ਤਾਂ ਕਿ ਮੌਕਾ ਮਿਲਦਿਆਂ ਹੀ ਉਹ ਉਧਰ ਕਾਰਵਾਈ ਕਰ ਦੇਵੇ। ਪਾਕਿਸਤਾਨ ਦਾ ਮਾਸਟਰ ਪਲੈਨ, ਕਸ਼ਮੀਰ ਸੀ। ਇਸੇ ਨੀਤੀ ਤਹਿਤ ਅਗਸਤ ਮਹੀਨੇ ਪਾਕਿਸਤਾਨ ਨੇ ਲੁਕਵੇਂ ਢੰਗ ਨਾਲ ਕਸ਼ਮੀਰ ਅੰਦਰ ਵੱਡੀ ਗਿਣਤੀ 'ਚ ਘੁਸਪੈਠੀਏ ਦਾਖਲ ਕਰਨੇ ਸ਼ੁਰੂ ਕਰ ਦਿੱਤੇ। ਉਸ ਦੀ ਸਕੀਮ ਸੀ ਕਿ ਲੋਕਾਂ ਨੂੰ ਭੜਕਾ ਕੇ ਭਾਰਤ ਦੇ ਖਿਲਾਫ ਕੀਤਾ ਜਾਵੇ। ਫਿਰ ਪੁਲਿਸ ਥਾਣੇ, ਰੇਡੀਓ ਸਟੇਸ਼ਨ ਅਤੇ ਹੋਰ ਸਰਕਾਰੀ ਦਫਤਰਾਂ 'ਤੇ ਕਬਜ਼ਾ ਕਰਦਿਆਂ ਉਥੇ ਇਨਕਲਾਬੀ ਸਰਕਾਰ ਬਣਾ ਦਿੱਤੀ ਜਾਵੇ, ਜੋ ਪਿੱਛੋਂ ਦੂਸਰੇ ਮੁਲਕਾਂ ਤੋਂ ਆਜਾਦ ਹੋਣ ਲਈ ਮੱਦਦ ਮੰਗੇ। ਫਿਰ ਇਸੇ ਮਦਦ ਦੀ ਆੜ 'ਚ ਪਾਕਿਸਤਾਨ ਆਪਣੀ ਫੌਜ ਨਾਲ ਜੰਮੂ ਕਸ਼ਮੀਰ ਅੰਦਰ ਦਾਖਲ ਹੋਵੇਗਾ। ਇਸ ਤਰ੍ਹਾਂ ਉਹ ਦੁਨੀਆਂ ਨੂੰ ਪ੍ਰਭਾਵ ਦੇਵੇਗਾ ਕਿ ਉਹ ਤਾਂ ਗੁਆਂਢੀ ਮੁਲਕ ਕਸ਼ਮੀਰ ਦੀ ਮੱਦਦ ਲਈ ਅੱਗੇ ਆਇਆ ਹੈ।

ਪਰ ਪਾਕਿਸਤਾਨ ਨੇ ਇਹ ਅੰਦਾਜ਼ਾ ਗਲਤ ਲਾ ਲਿਆ। ਉਸ ਨੂੰ ਸੀ ਕਿ ਕਸ਼ਮੀਰ ਦੇ ਲੋਕ ਉਸ ਦੇ ਮਗਰ ਲੱਗ ਤੁਰਨਗੇ ਪਰ ਲੋਕ ਇਸ ਗੱਲ ਲਈ ਤਿਆਰ ਨਹੀਂ ਸਨ। ਇਸ ਤੋਂ ਇਲਾਵਾ ਪਾਕਿਸਤਾਨ ਦਾ ਇਹ ਕਦਮ ਬੜੀ ਛੇਤੀ ਨੰਗਾ ਹੋ ਗਿਆ। ਸਿੱਟੇ ਵਜੋਂ ਭਾਰਤ ਨੇ ਆਪਣੀ ਕਾਰਵਾਈ ਅਰੰਭ ਦਿੱਤੀ। ਇਲਾਕੇ ਦੀ ਮਸ਼ਹੂਰ ਜਗ੍ਹਾ ਹਾਜੀ ਪੀਰ ਦੱਰੇ ਵਿਚੋਂ ਦੀ ਘੁਸਪੈਠੀਆਂ ਨੂੰ ਵੱਡੀ ਪੱਧਰ 'ਤੇ ਸਪਲਾਈ ਆ ਰਹੀ ਸੀ। ਭਾਰਤ ਨੇ ਪੰਜੀ ਅਗਸਤ ਨੂੰ ਹਮਲਾ ਸ਼ੁਰੂ ਕੀਤਾ ਤੇ ਤੀਜੇ ਦਿਨ ਹਾਜੀ ਪੀਰ ਦੱਰਾ ਹਥਿਆ ਲਿਆ ਤੇ ਇਸ ਨਾਲ ਘੁਸਪੈਠੀਆਂ ਦੀ ਸਪਲਾਈ ਲਾਈਨ ਟੁੱਟ ਗਈ।

ਪਾਕਿਸਤਾਨ ਨੂੰ ਇਸ ਦੀ ਉਮੀਦ ਹੀ ਨਹੀਂ ਸੀ ਤੇ ਉਸ ਨੂੰ ਆਪਣੀ ਮਾਸਟਰ ਪਲੈਨ ਖਤਰੇ 'ਚ ਪੈ ਗਈ ਜਾਪੀ। ਚਿੜ੍ਹ ਕੇ ਪਾਕਿਸਤਾਨ ਨੇ ਛੰਭ



*ਜਨਰਲ ਹਰਬਖਸ਼ ਸਿੰਘ*

ਸੈਕਟਰ ਵੱਲ ਚੜ੍ਹਾਈ ਕਰ ਦਿੱਤੀ। ਪਹਿਲੀ ਸਤੰਬਰ 1965 ਨੂੰ ਜਦੋਂ ਪਾਕਿਸਤਾਨ ਨੇ ਛੰਭ ਸੈਕਟਰ 'ਤੇ ਹਮਲਾ ਕੀਤਾ ਤਾਂ ਦੋਨਾਂ ਮੁਲਕਾਂ ਵਿਚਾਲੇ ਬਾਕਾਇਦਾ ਜੰਗ ਸ਼ੁਰੂ ਹੋ ਗਈ। ਉਂਜ ਪਾਕਿਸਤਾਨ ਦੀ ਚੁਸਤੀ ਇਹ ਸੀ ਕਿ ਉਹ ਇਸ ਲੜਾਈ ਨੂੰ ਭਾਰਤ ਨਾਲ ਵੱਡੀ ਜੰਗ ਨਹੀਂ ਬਣਨ ਦੇਣੀ ਚਾਹੁੰਦਾ ਸੀ। ਛੰਭ ਜਾਂ ਅਖਨੂਰ ਸੈਕਟਰ ਜੰਮੂ ਕਸ਼ਮੀਰ ਵਿਚ ਹੀ ਸਨ ਅਤੇ ਪਾਕਿਸਤਾਨ ਕਹਿ ਸਕਦਾ ਸੀ ਕਿ ਉਸ ਨੇ ਸਿਰਫ ਲਾਈਨ ਆਫ ਕੰਟਰੋਲ ਪਾਰ ਕੀਤੀ ਹੈ ਨਾ ਕਿ ਭਾਰਤ ਨਾਲ ਲੱਗਦਾ ਕੌਮਾਂਤਰੀ ਸਰਹੱਦ। ਇੱਥੇ ਪਾਕਿਸਤਾਨ ਫਾਇਦੇ ਵਿਚ ਸੀ, ਕਿਉਂਕਿ ਭਾਰਤ ਨੂੰ ਅੱਗੇ ਵਧਣ ਲਈ ਚਨਾਬ ਦਰਿਆ ਲੰਘਣਾ ਪੈਣਾ ਸੀ ਅਤੇ ਉਸ ਦੇ ਲਈ ਰਸਤਾ ਬੜਾ ਕੱਬਾ ਸੀ, ਜਾਂ ਫਿਰ ਭਾਰਤ ਕੌਮਾਂਤਰੀ ਸਰਹੱਦ ਲੰਘ ਕੇ ਆਉਂਦਾ ਜੋ ਕਿ ਉਹ ਕਰਨਾ ਨਹੀਂ ਸੀ ਚਾਹੁੰਦਾ। ਭਾਰਤ ਦੀ ਇਸੇ ਮਜ਼ਬੂਰੀ ਦਾ ਫਾਇਦਾ ਉਠਾਉਂਦਿਆਂ ਪਾਕਿਸਤਾਨ ਨੇ ਸੋਚਿਆ ਕਿ ਜਦੋਂ ਨੂੰ ਭਾਰਤ ਅੱਗੇ ਵਧ ਕੇ ਛੰਭ ਵੱਲ ਅੱਪੜੇਗਾ, ਉਦੋਂ ਨੂੰ ਉਹ ਜੰਮੂ ਕਸ਼ਮੀਰ ਦਾ ਜ਼ਮੀਨੀ ਰਸਤਾ ਬੰਦ ਕਰਦਿਆਂ ਇਸ ਨੂੰ ਭਾਰਤ ਨਾਲੋਂ ਤੋੜ ਦੇਵੇਗਾ। ਇਸ ਲੜਾਈ ਦਾ ਮੈਦਾਨ ਪੱਛਮੀ ਸਰਹੱਦ ਸੀ। ਇਸ ਕਰਕੇ ਇਸ ਦੀ ਸਾਰੀ ਕਮਾਂਡ ਜਨਰਲ ਹਰਬਖਸ਼ ਸਿੰਘ ਦੇ ਹੱਥ ਸੀ, ਕਿਉਂਕਿ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਹੀ ਉਸ ਵੇਲੇ ਪੱਛਮੀ ਕਮਾਂਡ ਦਾ ਮੁਖੀ ਸੀ। ਉਸ ਨੇ ਦੂਜੀ ਸੰਸਾਰ ਜੰਗ ਵਿਚ ਹਿੱਸਾ ਲਿਆ ਸੀ ਅਤੇ ਬਾਅਦ 'ਚ 1948 ਦੀ ਕਸ਼ਮੀਰ ਘਾਟੀ ਦੀ ਜੰਗ ਵਿਚ ਵੀ ਉਹ ਮੂਹਰੇ ਹੋ ਕੇ ਲੜਿਆ। ਉਹ ਬੜਾ ਸੁਲਝਿਆ ਹੋਇਆ ਤੇ ਤਜ਼ਰਬੇਕਾਰ ਫੌਜੀ ਜਨਰਲ ਸੀ। ਉਹ ਪਾਕਿਸਤਾਨ ਦੀ ਮਨਸ਼ਾ ਚੰਗੀ ਤਰ੍ਹਾਂ ਸਮਝਦਾ ਸੀ। ਉਸ ਨੂੰ ਪਤਾ ਸੀ ਕਿ ਪਾਕਿਸਤਾਨ, ਭਾਰਤ ਦੀ ਕੌਮਾਂਤਰੀ ਸਰਹੱਦ ਨਾ ਲੰਘਣ ਦੀ ਮਜਬੂਰੀ ਦਾ ਫਾਇਦਾ ਉਠਾ ਰਿਹਾ ਹੈ। ਉਸ ਦਾ ਮੰਨਣਾ ਸੀ ਕਿ ਜਿਸ ਤਰ੍ਹਾਂ ਪਾਕਿਸਤਾਨ ਨੇ ਪੂਰੀ ਵੱਡੀ ਫੌਜ ਨਾਲ ਛੰਭ ਸੈਕਟਰ ਵਿਚ ਹਮਲਾ ਬੋਲਿਆ ਹੈ, ਉਸ ਨੂੰ ਭਾਰਤ ਇਸ ਖੇਤਰ 'ਚ ਨਾ ਹੀ ਰੋਕ ਸਕਦਾ ਹੈ ਤੇ ਨਾ ਹੀ ਮਾਤ ਦੇ ਸਕਦਾ ਹੈ। ਇਸ ਕਰਕੇ ਹੁਣ ਮੌਕਾ ਆ ਗਿਆ ਹੈ ਕਿ ਭਾਰਤ, ਪੰਜਾਬ ਵਾਲੇ ਪਾਸਿਓਂ ਪਾਕਿਸਤਾਨ 'ਤੇ ਹਮਲਾ ਬੋਲ ਦੇਵੇ।

ਹਰਬਖਸ਼ ਸਿੰਘ ਨੂੰ ਸ਼ੁਰੂ ਤੋਂ ਹੀ ਖਦਸ਼ਾ ਸੀ ਕਿ ਪਾਕਿਸਤਾਨ ਰੁਕੇਗਾ ਨਹੀਂ ਤੇ ਇਸ ਦੇ ਲਈ ਭਾਰਤ ਨੂੰ ਪੰਜਾਬ ਦਾ ਬਾਰਡਰ ਲੰਘਣਾ ਪਵੇਗਾ। ਇਸੇ ਕਰਕੇ ਉਹ ਅੰਦਰੋ-ਅੰਦਰ ਤਿਆਰੀਆਂ ਕਰਦਾ ਆ ਰਿਹਾ ਸੀ। ਉਸ ਦੇ ਸਭ ਅਫਸਰ ਤਿਆਰ-ਬਰ-ਤਿਆਰ ਸਨ। ਇਸ ਸੈਕਟਰ ਦੀ ਸਾਰੀ ਫੌਜ ਬੜੀ ਦੇਰ ਤੋਂ ਪਾਕਿਸਤਾਨ ਦੀਆਂ ਬਦਤਮੀਜ਼ੀਆਂ ਸਹਿੰਦੀ ਆ ਰਹੀ ਸੀ। ਉਹ ਪਾਕਿਸਤਾਨ ਵੱਲੋਂ ਖੜ੍ਹੇ ਕੀਤੇ ਜਾਂਦੇ ਨਿੱਤ ਦੇ ਪੰਗਿਆਂ ਤੋਂ ਅੱਕੀ ਪਈ ਸੀ। ਇਸ ਤੋਂ ਇਲਾਵਾ ਫੌਜ ਦੇ ਜਵਾਨਾਂ ਨੂੰ ਸਿਰਫ ਪੰਦਰਾਂ ਵਰ੍ਹੇ ਪਹਿਲਾਂ ਯਾਨਿ 1947 ਦੇ ਫਸਾਦ ਯਾਦ ਸਨ। ਉਦੋਂ ਦਾ ਗੁੱਸਾ ਇਕੱਠਾ ਹੁੰਦਾ ਆ ਰਿਹਾ ਸੀ। ਹੁਣ ਜਦੋਂ ਜਵਾਨਾਂ ਨੂੰ ਪਤਾ ਲੱਗਿਆ ਕਿ ਇੱਧਰੋਂ ਪਾਕਿਸਤਾਨ 'ਤੇ ਚੜ੍ਹਾਈ ਕਰਨੀ ਹੈ ਤਾਂ ਉਨ੍ਹਾਂ ਦੇ ਹੌਂਸਲੇ ਬੁਲੰਦ ਹੋ ਗਏ। ਉਨ੍ਹਾਂ ਨੂੰ ਲੱਗਾ ਕਿ ਬਦਲਾ ਲੈਣ ਦਾ ਸਹੀ ਮੌਕਾ ਆ ਗਿਆ ਹੈ। ਸਰਕਾਰ ਤੋਂ ਇਜਾਜ਼ਤ ਮਿਲਦਿਆਂ ਹੀ ਫੌਜ ਨੇ ਪੂਰੀ ਨੀਤੀ ਉਲੀਕ ਲਈ। ਪੰਜ ਅਤੇ ਛੇ ਸਤੰਬਰ ਦੀ ਦਰਮਿਆਨੀ ਰਾਤ ਫੌਜੀ ਜਵਾਨਾਂ ਨੇ ਬੜੀ ਬੇਸਬਰੀ ਨਾਲ ਲੰਘਾਈ। ਅਗਲੇ ਦਿਨ ਸਵੇਰੇ 4 ਵਜੇ ਜਦੋਂ ਜੰਗ ਦਾ ਬਿਗਲ ਵੱਜਿਆ ਤਾਂ ਫੌਜ ਬਾਜ ਦੀ ਤਰ੍ਹਾਂ ਝਪਟ ਪਈ। ਇਉਂ ਲੱਗਾ ਜਿਵੇਂ ਕਿਸੇ ਡੈਮ ਦੇ ਗੇਟ ਖੋਲ੍ਹ ਦਿੱਤੇ ਗਏ ਹੋਣ ਤੇ ਇਕੱਠਾ ਕੀਤਾ ਪਾਣੀ ਇਕ ਦਮ ਸੁਨਾਮੀ ਦੀ ਤਰ੍ਹਾਂ ਵਹਿ ਤੁਰਿਆ ਹੋਵੇ। ਪਾਕਿਸਤਾਨ ਨੂੰ ਤਾਂ ਉਦੋਂ ਪਤਾ ਲੱਗਾ, ਜਦੋਂ ਭਾਰਤੀ ਫੌਜ ਨੇ ਉਸ ਦੇ ਸੁੱਤੇ ਪਏ ਰੇਂਜਰਾਂ ਨੂੰ ਜਾ ਦਬੋਚਿਆ। ਜਦੋਂ ਤੱਕ ਉਸ ਨੇ ਜਲਦੀ ਨਾਲ ਹਮਲਾ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਭਾਰਤੀ ਫੌਜ ਲਾਹੌਰ ਦੀ ਹੱਦ ਵਿਚ ਜਾ ਪਹੁੰਚੀ ਸੀ। ਭਾਰਤੀ ਫੌਜ ਦਾ ਨਿਸ਼ਾਨਾ ਇਚੋਗਿਲ ਨਹਿਰ ਤੱਕ ਪਹੁੰਚ ਕੇ ਦਮ ਲੈਣਾ ਸੀ।

ਛੇ ਸਤੰਬਰ ਸਵੇਰ ਦੇ ਦਸ ਵਜੇ ਨੂੰ ਭਾਰਤੀ ਜਵਾਨਾਂ ਨੇ ਇਹ ਨਿਸ਼ਾਨਾ ਸਰ ਕਰਦਿਆਂ ਇਚੋਗਿਲ ਨਹਿਰ 'ਤੇ ਜਾ ਡੇਰੇ ਲਾਏ। ਇਕ ਪਾਸੇ ਤਾਂ ਭੈਣੀ ਢਿੱਲਵਾਂ ਵਾਲਾ ਪੁੱਲ ਵੀ ਕਬਜ਼ੇ 'ਚ ਲੈ ਲਿਆ ਤੇ ਅੱਗੇ ਨਿਕਲ ਕੇ ਥਾਣਾ ਰਾਣੀਆਂ ਉਪਰ ਭਾਰਤੀ ਝੰਡਾ ਜਾ ਲਹਿਰਾਇਆ। ਇਸ ਨਾਲ ਲਾਹੌਰ ਸ਼ਹਿਰ 'ਚ ਭੱਗਦੜ ਮੱਚ ਗਈ। ਇੱਥੋਂ ਤੱਕ ਕਿ ਯੂ. ਐਨ. ਓ. ਨੇ ਦੋਨਾਂ ਧਿਰਾਂ ਦਰਮਿਆਨ ਥੋੜ ਚਿਰੀ ਜੰਗਬੰਦੀ ਕਰਵਾਉਣ ਦੇ ਯਤਨ ਸ਼ੁਰੂ ਕਰ



ਪੈਟਨ ਟੈਂਕ

ਦਿੱਤੇ ਤਾਂ ਕਿ ਲਾਹੌਰ ਵਾਸੀਆਂ ਨੂੰ ਸੁਰੱਖਿਅਤ ਕੱਢਿਆ ਜਾ ਸਕੇ। ਇਚੋਗਿਲ ਨਹਿਰ, ਪਾਕਿਸਤਾਨੀ ਫੌਜ ਦਾ ਪੱਕਾ ਮੋਰਚਾ ਹੈ ਜੋ ਕਿ ਲਾਹੌਰ ਦੀ ਹਿਫਾਜ਼ਤ ਲਈ ਚੜ੍ਹਦੇ ਵੱਲ ਭਾਰਤੀ ਸਰਹੱਦ ਵਾਲੇ ਪਾਸੇ ਬਣਾਈ ਗਈ ਸੀ। ਹਮਲਾਵਰ ਫੌਜ ਹਮੇਸ਼ਾ ਫਾਇਦੇ ਵਿਚ ਰਹਿੰਦੀ ਹੈ, ਕਿਉਂਕਿ ਜੇ ਉਹ ਕਾਮਯਾਬ ਹੁੰਦੀ ਹੈ ਤਾਂ ਅੱਗੇ ਦੀ ਲੜਾਈ ਉਹ ਆਪਣੀ ਨੀਤੀ ਨਾਲ ਲੜਦੀ ਹੈ। ਭਾਰਤੀ ਫੌਜ ਨੂੰ ਇੱਥੇ ਇਹੀ ਫਾਇਦਾ ਰਿਹਾ। ਉਧਰ ਪਾਕਿਸਤਾਨ ਲਈ ਪੰਜਾਬ ਫਰੰਟ ਦਾ ਹਮਲਾ ਅਚਨਚੇਤ ਸੀ। ਉਸ ਨੇ ਨਹੀਂ ਸੋਚਿਆ ਸੀ ਕਿ ਭਾਰਤ ਕੌਮਾਂਤਰੀ ਹੱਦ ਪਾਰ ਕਰੇਗਾ। ਇਸ ਕਰਕੇ ਉਸ ਦੀ ਫੌਜ 'ਚ ਹਫੜਾ-ਦਫੜੀ ਮੱਚ ਗਈ। ਕਾਹਲੀ ਨਾਲ ਲਾਹੌਰ ਛਾਉਣੀ 'ਚੋਂ ਫੌਜ ਕੱਢ ਕੇ ਇਚੋਗਿਲ ਨਹਿਰ ਦੇ ਮੋਰਚੇ ਮੱਲੇ ਗਏ ਤਾਂ ਕਿ ਭਾਰਤੀ ਫੌਜ ਹੋਰ ਅੱਗੇ ਨਾ ਵਧ ਸਕੇ। ਉਸੇ ਸਵੇਰ ਪਾਕਿਸਤਾਨੀ ਸਦਰ ਅਯੂਬ ਖਾਨ ਨੇ ਰੇਡੀਓ ਉਪਰ ਕੌਮ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਰਤ ਨੇ ਇੱਧਰ ਜੰਗ ਛੇੜ ਕੇ ਬੜੀ ਗਲਤੀ ਕੀਤੀ ਹੈ ਅਤੇ ਉਸ ਦੀ ਇਸ ਗਲਤੀ ਦੀ ਸਜ਼ਾ ਪਾਕਿਸਤਾਨ ਬੜੀ ਢੁਕਵੀਂ ਦੇਵੇਗਾ। ਉਸ ਨੇ ਕਿਹਾ ਕਿ ਕੁਝ ਹੀ ਦੇਰ ਦੀ ਗੱਲ ਹੈ ਕਿ ਦਿੱਲੀ, ਪਾਕਿਸਤਾਨੀ ਫੌਜ ਦੇ ਕਬਜ਼ੇ 'ਚ ਹੋਵੇਗੀ।

ਅਯੂਬ ਖਾਨ ਦਾ ਇਹ ਬਿਆਨ ਐਵੇਂ ਨਹੀਂ ਸੀ। ਉਸ ਕੋਲ ਦਰਅਸਲ ਰੰਗ ਦੇ ਦੋ ਪੱਤੇ ਸਨ, ਜਿਨ੍ਹਾਂ ਦੇ ਸਿਰ 'ਤੇ ਉਸ ਨੇ ਇੰਡੀ ਵੱਡੀ ਫੜ੍ਹ ਮਾਰੀ ਸੀ। ਪਹਿਲਾ ਪੱਤਾ ਸੀ ਉਸ ਦੇ ਕਮਾਂਡੋ, ਜਿਨ੍ਹਾਂ ਨੂੰ ਪਾਕਿਸਤਾਨ ਵੱਲੋਂ ਇਸ ਫਰੰਟ ਦੇ ਵੱਡੇ ਏਅਰਪੋਰਟ, ਪਠਾਨਕੋਟ, ਪਦਮਪੁਰ, ਹਲਵਾਰਾ ਅਤੇ ਅੰਬਾਲਾ ਵਗੈਰਾ ਉਤੇ ਛਾਤਿਆਂ ਨਾਲ ਉਤਾਰਿਆ ਗਿਆ ਤਾਂ ਕਿ ਉਹ ਇਨ੍ਹਾਂ ਏਅਰਪੋਰਟਾਂ ਨੂੰ ਨਕਾਰਾ ਕਰ ਸਕਣ। ਪਰ ਪਾਕਿਸਤਾਨ ਦੀ ਕਾਹਲੀ ਕਾਰਨ ਕੋਈ ਵੀ ਕਮਾਂਡੋ ਨਿਸ਼ਾਨੇ 'ਤੇ ਨਾ ਪਹੁੰਚ ਸਕਿਆ। ਬਹੁਤਿਆਂ ਨੂੰ ਪੇਂਡੂ ਲੋਕਾਂ ਨੇ ਹੀ ਫੜ੍ਹ ਲਿਆ।

ਦੂਸਰਾ ਪੱਤਾ ਸੀ ਅਮਰੀਕਨ ਪੈਟਨ ਟੈਂਕ। ਇਹ ਉਸ ਵਕਤ ਦੇ ਬਹੁਤ ਕਾਮਯਾਬ ਅਤੇ ਮਾਰੂ ਟੈਂਕ ਸਨ, ਜਿਨ੍ਹਾਂ ਉਤੇ ਪਾਕਿਸਤਾਨ ਨੂੰ ਬੜਾ ਮਾਣ ਸੀ। ਇੱਧਰੋਂ ਇਚੋਗਿਲ ਨਹਿਰ ਵਾਲੇ ਪਾਸੇ ਪਾਕਿਸਤਾਨ ਨੇ ਭਾਰਤੀ ਫੌਜ ਨੂੰ ਪਿਛਾਂਹ ਧੱਕਣ ਦੀ ਥਾਂ ਇੱਥੇ ਹੀ ਪੱਕਾ ਡਿਫੈਂਸ ਬਣਾ ਕੇ ਅੱਗੇ ਦੀ ਨੀਤੀ ਕਿਸੇ ਹੋਰ ਪਾਸੇ ਬਣਾਈ। ਪਾਕਿਸਤਾਨ ਦੀ ਰਣਨੀਤੀ ਸੀ ਕਿ ਕਿਵੇਂ ਨਾ ਕਿਵੇਂ ਅੰਮ੍ਰਿਤਸਰ ਸ਼ਹਿਰ ਉਤੇ ਕਬਜ਼ਾ ਕੀਤਾ ਜਾਵੇ। ਜੇਕਰ ਉਹ ਅੰਮ੍ਰਿਤਸਰ ਕਬਜ਼ੇ 'ਚ ਕਰ ਲੈਂਦਾ ਹੈ ਤਾਂ ਬਾਅਦ 'ਚ ਆਪਣੇ ਢੰਗ ਨਾਲ ਮੰਗਾਂ ਮੰਨਵਾਏਗਾ। ਇਸ ਦੇ ਲਈ ਉਸ ਨੇ ਖੇਮਕਰਨ ਸੈਕਟਰ 'ਚੋਂ ਲੰਘ ਕੇ ਅੱਗੇ ਬਿਆਸ ਦਰਿਆ ਮੱਲਣ ਦੀ ਮਨਸ਼ਾ ਬਣਾਈ। ਉਸ ਦੀ ਸੋਚ ਸੀ ਕਿ ਇਕ ਵਾਰ ਬਿਆਸ ਦਰਿਆ ਹੱਥ ਆ ਗਿਆ ਤਾਂ ਉਹ ਅੰਮ੍ਰਿਤਸਰ ਨੂੰ ਸਮੁੱਚੇ ਭਾਰਤ ਨਾਲੋਂ ਨਿਖੇੜ ਦੇਵੇਗਾ। ਇਸ ਲਈ ਪਾਕਿਸਤਾਨ ਨੇ ਆਪਣੇ ਪੈਟਨ ਟੈਂਕਾਂ ਦੀ ਪੂਰੀ ਡਿਵੀਜ਼ਨ ਨਾਲ ਖੇਮਕਰਨ ਸੈਕਟਰ ਵੱਲੋਂ ਭਰਵਾਂ ਹੱਲਾ ਬੋਲਿਆ।

ਇਹ ਹਮਲਾ ਇੰਨਾ ਜਬਰਦਸਤ ਸੀ ਕਿ ਭਾਰਤੀ ਫੌਜ ਨੂੰ ਪਿੱਛੇ ਹਟਣਾ ਪਿਆ। ਪਾਕਿਸਤਾਨ ਨੇ ਖੇਮਕਰਨ 'ਤੇ ਕਾਬਜ਼ ਹੁੰਦਿਆਂ ਅੱਗੇ ਹੋਰ ਛੇ-ਸੱਤ ਮੀਲ ਦਾ ਇਲਾਕਾ ਕਬਜ਼ੇ 'ਚ ਕਰ ਲਿਆ। ਇੱਥੋਂ ਪਾਕਿਸਤਾਨ ਦੀ ਨੀਤੀ ਬਿਆਸ ਦਰਿਆ ਵੱਲ ਵਧਣ ਦੀ ਸੀ। ਇਸ ਇਲਾਕੇ ਵਿਚ ਭਾਰਤੀ ਫੌਜ ਦੀ ਕਮਾਂਡ ਜਨਰਲ ਗੁਰਬਖਸ਼ ਸਿੰਘ ਕਰ ਰਿਹਾ ਸੀ ਜੋ ਕਿ ਹਰਬਖਸ਼ ਸਿੰਘ ਦਾ ਹੀ ਭਰਾ ਸੀ। ਉਹ ਵੀ ਬੜਾ ਨੀਤੀਵਾਨ ਕਮਾਂਡਰ ਸੀ। ਇੱਥੇ ਉਸ ਨੇ ਪਿਛਾਂਹ ਹਟਦਿਆਂ ਪਾਕਿਸਤਾਨੀ ਫੌਜ ਨੂੰ ਸੰਕੇਤ ਦਿੱਤਾ ਕਿ ਇੱਥੇ ਭਾਰਤੀ ਫੌਜ ਬਹੁਤ ਕਮਜ਼ੋਰ ਹੈ। ਪਾਕਿਸਤਾਨੀ ਫੌਜ ਇਸੇ ਭਰਮ 'ਚ ਅੰਦਰ ਤੱਕ ਆ ਕੇ ਅਗਲੇ ਦਿਨ ਦੀ ਉਡੀਕ ਕਰਨ ਲੱਗੀ। ਇੱਥੇ ਭਾਰਤੀ ਫੌਜ ਨੇ ਬੜੀ ਸੁਲਝੀ ਹੋਈ ਨੀਤੀ ਬਣਾਈ। ਇਸ ਦੇ ਤਹਿਤ ਰਾਤ ਵੇਲੇ ਭਾਰਤੀ ਫੌਜ ਅਤੇ ਪਾਕਿਸਤਾਨੀ ਫੌਜ ਦੇ ਸੰਨ

(ਅਗਲੇ ਸਫੇ 'ਤੇ ਜਾਰੀ)

ਪੈਂਦੇ ਗੰਨੇ ਦੇ ਖੇਤਾਂ 'ਚ ਪਾਣੀ ਛੱਡ ਦਿੱਤਾ। ਅਗਲੇ ਦਿਨ ਮੂੰਹ ਹਨੇਰੇ ਹੀ ਪਾਕਿਸਤਾਨੀ ਟੈਂਕਾਂ ਦੇ ਕਾਫਲੇ ਨੇ ਅੱਗੇ ਵਧਣਾ ਸ਼ੁਰੂ ਕੀਤਾ ਤਾਂ ਉਹ ਗੰਨੇ ਦੇ ਖੇਤਾਂ 'ਚ ਖੁੱਭਣ ਲੱਗੇ। ਜਦੋਂ ਅਗਲੇ ਟੈਂਕ ਫਸ ਗਏ ਤਾਂ ਦੂਸਰੇ ਪਾਸਿਓਂ ਭਾਰਤੀ ਸ਼ਰਮਨ ਟੈਂਕ, ਜੋ ਪੈਟਨ ਟੈਂਕ ਦੇ ਮੁਕਾਬਲੇ ਕੁਝ ਵੀ ਨਹੀਂ ਸਨ, ਅੱਗੇ ਵਧਣ ਲੱਗੇ। ਪੈਟਨ ਟੈਂਕਾਂ 'ਤੇ ਪਿੱਛੋਂ ਅੱਗੇ ਵਧਣ ਦਾ ਦਬਾ ਪੈ ਰਿਹਾ ਸੀ ਪਰ ਅਗਾਂਹ ਉਨ੍ਹਾਂ ਨੂੰ ਗਿੱਲੀ ਧਰਤੀ ਅਤੇ ਸ਼ਰਮਨ ਟੈਂਕਾਂ ਨੇ ਰੋਕ ਲਿਆ।

ਸ਼ਰਮਨ ਟੈਂਕ, ਅੱਗੋਂ ਆ ਰਹੇ ਪੈਟਨ ਟੈਂਕਾਂ ਨੂੰ ਤਬਾਹ ਕਰਨ ਲੱਗੇ। ਮੂਹਰਲੀ ਕਤਾਰ ਦੇ ਬਹੁਤੇ ਪੈਟਨ ਟੈਂਕਾਂ ਨੂੰ ਅੱਗ ਲੱਗ ਗਈ। ਇਸ ਤੋਂ ਡਰਦਿਆਂ ਪਿਛਲੇ ਬਹੁਤੇ ਟੈਂਕ ਅਫਸਰ ਆਤਮ-ਸਮੱਰਪਣ ਕਰ ਗਏ। ਦਿਨ ਛੁਪਣ ਤੱਕ ਪਾਕਿਸਤਾਨ ਦੇ ਸੌ ਦੇ ਕਰੀਬ ਟੈਂਕ ਜਾਂ ਨਕਾਰਾ ਹੋ ਚੁੱਕੇ ਸਨ ਜਾਂ ਭਾਰਤ ਦੁਆਰਾ ਹਥਿਆ ਲਏ ਗਏ ਸਨ। ਇਸ ਦੇ ਮੁਕਾਬਲੇ ਭਾਰਤ ਦੇ ਸਿਰਫ ਦਸ ਟੈਂਕ ਨੁਕਸਾਨੇ ਗਏ ਸਨ। ਉਸ ਦਿਨ ਇਸ ਜੰਗ ਦਾ ਹੀਰੋ ਹਵਾਲਦਾਰ ਅਬਦੁਲ ਹਮੀਦ ਸੀ। ਉਸ ਕੋਲ ਤਾਂ ਕੋਈ ਟੈਂਕ ਵੀ ਨਹੀਂ ਸੀ। ਉਸ ਨੇ ਆਪਣੀ ਜੀਪ ਉਪਰ ਹੀ ਐਂਟੀ ਟੈਂਕ ਗੰਨ ਬੰਨ ਕੇ ਪਾਕਿਸਤਾਨ ਦੇ ਸੱਤ ਪੈਟਨ ਟੈਂਕ ਤਬਾਹ ਕਰ ਦਿੱਤੇ। ਅਬਦੁਲ ਹਮੀਦ ਸ਼ਹੀਦ ਹੋ ਗਿਆ ਤਾਂ ਪਿੱਛੋਂ ਉਸ ਦਾ ਸਨਮਾਨ ਪਰਮਵੀਰ ਚੱਕਰ ਨਾਲ ਕੀਤਾ ਗਿਆ। ਉਸ ਦਿਨ ਯਾਨਿ ਬਾਰਾਂ ਸਤੰਬਰ ਨੂੰ ਦੁਨੀਆਂ ਨੇ ਬਹੁਤ ਵੱਡੀ ਟੈਂਕਾਂ ਦੀ ਲੜਾਈ ਵੇਖੀ। ਇਹ ਦੁਨੀਆਂ ਦੇ ਅੱਜ ਤੱਕ ਦੇ ਇਤਿਹਾਸ ਵਿਚ ਦੂਸਰੀ ਵੱਡੀ ਟੈਂਕ ਲੜਾਈ ਸੀ। ਇਸ ਤੋਂ ਪਹਿਲਾਂ ਦੂਸਰੇ ਮਹਾਂਯੁੱਧ 'ਚ ਇਕੋ ਦਿਨ ਅੰਦਰ ਇੰਡੀ ਵੱਡੀ ਗਿਣਤੀ 'ਚ ਟੈਂਕਾਂ ਦਾ ਨੁਕਸਾਨ ਹੋਇਆ ਸੀ। ਬਹੁਤ ਸਾਰੇ ਵਾਰ ਹਿਸਟੋਰੀਅਨ ਮੰਨਦੇ ਹਨ ਕਿ ਜਿਸ ਦਿਨ ਇੱਥੇ ਪਾਕਿਸਤਾਨ ਦੇ ਸੌ ਟੈਂਕ ਤਬਾਹ ਹੋ ਗਏ, ਸਮਝੋ ਉਸ ਦਿਨ ਹੀ ਉਸ ਦੀ ਹਾਰ ਨਿਸ਼ਚਤ ਹੋ ਗਈ ਸੀ। ਜਿਸ ਪਿੰਡ ਕੋਲ ਇਹ ਲੜਾਈ ਹੋਈ ਉਸ ਦਾ ਨਾਂ 'ਅਸਲ ਉਤਾੜ' ਸੀ, ਪਰ ਇਸ ਲੜਾਈ ਨੇ ਉਸ ਪਿੰਡ ਦਾ ਨਾਂ ਵੀ ਬਦਲ ਦਿੱਤਾ। ਮੁਕਾਮੀ ਲੋਕਾਂ ਨੇ ਇਸ ਦਾ ਨਾਂ ਅਸਲ ਉਤਰ ਰੱਖ ਦਿੱਤਾ। ਭਾਵ ਪਾਕਿਸਤਾਨ ਨੂੰ ਉਸ ਦੇ ਹਮਲੇ ਦਾ ਅਸਲ ਉਤਰ ਇਸ ਜਗ੍ਹਾ ਹੀ ਦਿੱਤਾ ਗਿਆ।

ਇਸ ਤੋਂ ਬਿਨਾ ਕੁਝ ਕੁ ਹੋਰ ਘਟਨਾਵਾਂ ਵੀ ਖੇਮਕਰਨ ਦੇ ਇਲਾਕੇ ਦੀ ਜੰਗ ਬਾਰੇ ਮਿਲਦੀਆਂ ਹਨ। ਇਕ ਇਹ ਹੈ ਕਿ ਉਸ ਵੇਲੇ ਦੇ ਭਾਰਤੀ ਆਰਮੀ ਚੀਫ ਮਿਸਟਰ ਚੌਧਰੀ ਨੇ ਡਰਦਿਆਂ ਹੋਇਆਂ ਜਨਰਲ ਹਰਬਖਸ਼ ਸਿੰਘ ਨੂੰ ਸੁਨੇਹਾ ਦਿੱਤਾ ਕਿ ਉਹ ਆਪਣੀਆਂ ਫੌਜਾਂ ਬਿਆਸ ਦਰਿਆ ਤੋਂ ਪਿੱਛੇ ਲੈ ਆਵੇ ਤਾਂ ਕਿ ਹੋਰ ਨੁਕਸਾਨ ਤੋਂ ਬਚਿਆ ਜਾ ਸਕੇ। ਇਸ ਬਾਰੇ ਜਨਰਲ ਹਰਬਖਸ਼ ਸਿੰਘ ਆਪਣੀ ਸਵੈ-ਜੀਵਨੀ ਵਿਚ ਲਿਖਦਾ ਹੈ, "ਆਰਮੀ ਚੀਫ ਮਿਸਟਰ ਚੌਧਰੀ ਦਾ ਸੁਨੇਹਾ ਮਿਲਦਿਆਂ ਹੀ ਮੈਂ ਗੁੱਸੇ 'ਚ ਆ ਗਿਆ। ਮੈਂ ਸੋਚਿਆ ਕਿ ਇਸ ਬੰਦੇ ਨੂੰ ਲੜਾਈ ਦੀ ਕੋਈ ਵੀ ਸਮਝ ਨਹੀਂ ਹੈ। ਮੈਂ ਉਸ ਨੂੰ ਤੁਰੰਤ ਸੁਨੇਹਾ ਭੇਜਿਆ ਕਿ ਉਹ, ਇਹ ਹੁਕਮ ਲਿਖਤੀ ਰੂਪ 'ਚ ਭੇਜੇ। ਲਿਖਤੀ ਰੂਪ 'ਚ ਮਿਸਟਰ ਚੌਧਰੀ ਇਹ ਮੂਰਖਤਾ ਭਰਿਆ ਹੁਕਮ ਦੇ ਨਹੀਂ ਸਕਦਾ ਸੀ। ਫਿਰ ਮੈਂ ਕਿਹਾ, ਕਿਉਂਕਿ ਇਹ ਇਕ ਟੈਕਨੀਕਲ ਆਰਡਰ ਹੈ, ਇਸ ਕਰਕੇ ਮੈਂ ਇਹ ਨਹੀਂ ਮੰਨ ਸਕਦਾ, ਜਾਂ ਫਿਰ ਉਹ ਆਪ ਮੈਦਾਨੇ ਜੰਗ 'ਚ ਆ ਕੇ ਇਲਾਕੇ ਦਾ ਸਰਵੇਖਣ ਕਰੇ ਤੇ ਮੇਰੇ ਨਾਲ ਵਿਚਾਰ-ਵਟਾਂਦਰਾ ਕਰੇ ਅਤੇ ਫਿਰ ਕੋਈ ਅਜਿਹਾ ਹੁਕਮ ਦੇਵੇ। ਉਹ ਵਰ੍ਹਦੀਆਂ ਗੋਲੀਆਂ 'ਚ ਆਉਣਾ ਨਹੀਂ ਸੀ ਚਾਹੁੰਦਾ, ਇਸ ਕਰਕੇ ਉਹ ਚੁੱਪ ਹੀ ਕਰ ਰਿਹਾ ਤੇ ਮੈਂ ਇਹ ਅਪਰੇਸ਼ਨ ਆਪਣੇ ਢੰਗ ਨਾਲ ਚਲਾਉਂਦਾ ਰਿਹਾ।"

ਜਨਰਲ ਹਰਬਖਸ਼ ਸਿੰਘ ਲਿਖਦਾ ਹੈ ਕਿ ਜੇ ਉਸ ਵੇਲੇ ਭਾਰਤੀ ਫੌਜਾਂ ਨੂੰ ਬਿਆਸ ਤੋਂ ਪਿੱਛੇ ਹਟਾ ਲਿਆ ਜਾਂਦਾ ਤਾਂ ਭਾਰਤ ਦੀ ਸ਼ਰਮਨਾਕ ਹਾਰ ਹੋਣੀ ਸੀ। ਇਸ ਗੱਲ ਦੀ ਪੁਸ਼ਟੀ ਕੈਪਟਨ ਅਮਰਿੰਦਰ ਸਿੰਘ ਵੀ ਆਪਣੀ ਇਕ ਕਿਤਾਬ ਵਿਚ ਕਰਦਾ ਹੈ ਕਿ ਜੇ ਆਰਮੀ ਚੀਫ ਚੌਧਰੀ ਦੀ ਮੰਨ ਲਈ ਜਾਂਦੀ ਤਾਂ ਸਮੁੱਚਾ ਪੰਜਾਬ ਹੀ ਪਾਕਿਸਤਾਨ ਦੇ ਹੱਥ ਚਲਾ ਜਾਂਦਾ। (ਪੰਜਾਬ ਦਾ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਸ ਵੇਲੇ ਜਨਰਲ ਹਰਬਖਸ਼ ਸਿੰਘ ਦਾ ਏ. ਡੀ. ਸੀ. ਸੀ।)

ਓਧਰ ਛੰਭ ਸੈਕਟਰ ਵਿਚ ਪਾਕਿਸਤਾਨ ਦਾ ਹੱਥ ਅਜੇ ਵੀ ਉਪਰ ਸੀ। ਉਹ ਹਿਸਾਬ ਬਰਾਬਰ ਕਰਨ ਲਈ ਭਾਰਤ ਨੇ ਸਿਆਲਕੋਟ 'ਤੇ ਹਮਲਾ ਕਰ ਦਿੱਤਾ ਅਤੇ ਬੜੀ ਛੇਤੀ ਉਸ ਇਲਾਕੇ ਦੇ ਮਸ਼ਹੂਰ ਪਿੰਡ ਫਿਲੌਰਾ 'ਤੇ ਕਬਜ਼ਾ ਕਰਕੇ ਉਥੇ ਦੇ ਪੁਲਿਸ ਥਾਣੇ 'ਤੇ ਤਿਰੰਗਾ ਲਹਿਰਾ ਦਿੱਤਾ।

ਹੁਣ ਤੱਕ ਦੋਨਾਂ ਮੁਲਕਾਂ ਦੀ ਬਹੁਤ ਬਰਬਾਦੀ ਹੋ ਚੁੱਕੀ ਸੀ। ਯੂ ਐਨ ਓ ਸ਼ੁਰੂ ਤੋਂ ਹੀ ਇਸ ਗੱਲ 'ਤੇ ਲੱਗੀ ਹੋਈ ਸੀ ਕਿਵੇਂ ਨਾ ਕਿਵੇਂ ਇਹ ਜੰਗ ਬੰਦ ਹੋਵੇ। ਆਖਰ ਦੋਨੋਂ ਮੁਲਕ ਮੰਨ ਗਏ ਅਤੇ ਜੰਗਬੰਦੀ ਦੇ ਅਹਿਦਨਾਮੇ ਉਪਰ ਦਸਤਖਤ ਹੋ ਗਏ। ਇਸ ਤਰ੍ਹਾਂ ਇਹ ਜੰਗ ਕੁੱਲ 22 ਕੁ ਦਿਨ ਚੱਲ ਕੇ 23 ਸਤੰਬਰ 1965 ਦੇ ਸਵੇਰੇ ਸਾਢੇ ਤਿੰਨ ਵਜੇ ਬੰਦ ਹੋ ਗਈ। ਉਦੋਂ ਤੱਕ ਭਾਰਤ ਨੇ ਪਾਕਿਸਤਾਨ ਦਾ ਕਰੀਬ 1920 ਵਰਗ ਮੀਲ ਇਲਾਕਾ ਨੱਪ ਲਿਆ ਸੀ। ਪਾਕਿਸਤਾਨ ਨੇ ਵੀ ਭਾਰਤ ਦਾ ਸਾਢੇ ਪੰਜ ਸੌ ਮੀਲ ਵਰਗ ਦੇ ਕਰੀਬ ਇਲਾਕਾ ਕਬਜ਼ੇ ਹੇਠ ਕਰ ਲਿਆ ਸੀ। ਪਿੱਛੋਂ ਜਾ ਕੇ ਹੋਏ ਤਾਸ਼ਕੰਦ ਸਮਝੌਤੇ ਅਧੀਨ ਫੈਸਲਾ ਇਹ ਹੋਇਆ ਕਿ ਦੋਨੋਂ ਮੁਲਕਾਂ ਦੀਆਂ ਫੌਜਾਂ ਜਿਵੇਂ ਦੀ ਤਿਵੇਂ ਵਾਲੀ ਸਥਿਤੀ ਵਿਚ ਆ ਜਾਣ। ਭਾਵ ਜਿੱਥੇ ਦੋਨੋਂ ਮੁਲਕ ਲੜਾਈ ਤੋਂ ਪਹਿਲਾਂ ਸਨ, ਉਸੇ ਪੁਜੀਸ਼ਨ 'ਤੇ ਆ ਜਾਣ।

**ਸੁਆਲ ਹੈ ਕਿ ਫਿਰ ਇਸ ਇੰਡੀ ਵੱਡੀ ਲੜਾਈ 'ਚੋਂ ਨਿਕਲਿਆ ਕੀ?**

ਸਰਕਾਰੀ ਅੰਕੜਿਆਂ ਮੁਤਾਬਕ ਇਸ ਜੰਗ ਵਿਚ ਭਾਰਤ ਦੇ 2900 ਦੇ ਕਰੀਬ ਅਤੇ ਪਾਕਿਸਤਾਨ ਦੇ 5800 ਦੇ ਕਰੀਬ ਜਵਾਨ ਸ਼ਹੀਦ ਹੋ ਗਏ। ਇਸ ਤੋਂ ਬਿਨਾ ਹਜ਼ਾਰਾਂ ਹੀ ਜ਼ਖਮੀ ਅਤੇ ਸਦਾ ਲਈ ਨਕਾਰਾ ਹੋ ਗਏ। ਜੋ ਅਰਬਾਂ ਕਰੋੜਾਂ ਦਾ ਮਾਲੀ ਨੁਕਸਾਨ ਹੋਇਆ, ਉਹ ਵਖਰਾ। ਪਾਕਿਸਤਾਨ ਨੇ ਇਹ ਲੜਾਈ ਸ਼ੁਰੂ ਕੀਤੀ ਸੀ, ਕਸ਼ਮੀਰ ਲੈਣ ਲਈ, ਪਰ ਕਸ਼ਮੀਰ ਉਸ ਨੂੰ ਨਾ ਮਿਲਿਆ। ਇਸ ਪਿੱਛੋਂ ਵੀ ਦੋਨਾਂ ਮੁਲਕਾਂ ਵਿਚਕਾਰ 1971 ਦੀ ਜੰਗ, ਸਿਆਚਿਨ ਅਤੇ ਫਿਰ ਕਾਰਗਿਲ ਦੀਆਂ ਜੰਗਾਂ ਹੋ ਚੁੱਕੀਆਂ ਹਨ। ਪਰ ਕਸ਼ਮੀਰ ਦਾ ਰੁਤਬਾ ਜੋ 1947-48 ਵੇਲੇ ਸੀ, ਉਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਕਸ਼ਮੀਰ ਮਸਲਾ ਕਿਸੇ ਜੰਗ ਨਾਲ ਹੱਲ ਨਹੀਂ ਕੀਤਾ ਜਾ ਸਕਦਾ, ਬਲਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ।

ਇਹ ਗੱਲ ਸਮਝਦੇ ਤਾਂ ਦੋਨਾਂ ਪਾਸਿਆਂ ਦੇ ਸਿਆਸੀ ਲੋਕ ਵੀ ਹਨ ਪਰ ਕਿਉਂਕਿ ਉਨ੍ਹਾਂ ਦੇ ਜੰਗ ਵਾਲਾ ਪੈਂਤੜਾ ਠੀਕ ਬਹਿੰਦਾ ਹੈ, ਇਸ ਕਰਕੇ ਉਹ ਉਹੀ ਗੱਲ ਕਰਦੇ ਹਨ। ਦੋਨਾਂ ਮੁਲਕਾਂ ਦੇ ਕਰੋੜਾਂ ਲੋਕ ਭੁੱਖਮਰੀ ਨਾਲ ਮਰ ਰਹੇ ਹਨ, ਪਰ ਉਨ੍ਹਾਂ ਦੀ ਲੋੜ ਕੋਈ ਪੂਰੀ ਨਹੀਂ ਕਰਦਾ। ਇੱਧਰ ਦੇ ਸਿਆਸਤਦਾਨ ਅਤੇ ਉਧਰ ਦੇ ਫੌਜੀ ਹੁਕਮਰਾਨ ਸਿਰਫ ਜੰਗ ਦੀ ਗੱਲ ਹੀ ਕਰਦੇ ਹਨ। ਜਦੋਂ ਹੀ ਕਿਤੇ ਸ਼ਾਂਤੀ ਹੋਣ ਲੱਗਦੀ ਹੈ ਤਾਂ ਲੀਡਰ ਡਰ ਜਾਂਦੇ ਹਨ ਕਿ ਹੁਣ ਲੋਕ ਸਾਵਧਾਨ ਹੋ ਜਾਣਗੇ ਅਤੇ ਫਿਰ ਸਾਡੇ ਕੋਲੋਂ ਹਿਸਾਬ ਮੰਗਣਗੇ। ਬੱਸ ਉਦੋਂ ਹੀ ਉਹ ਰਾਗ ਅਲਾਪਣਾ ਸ਼ੁਰੂ ਕਰ ਦਿੰਦੇ ਹਨ, 'ਕਸ਼ਮੀਰ ਪਾਕਿਸਤਾਨ ਦਾ। ਉਹ ਇਸ ਨੂੰ ਲੈਣ ਲਈ ਆਖਰੀ ਦਮ ਤੱਕ ਲੜੇਗਾ।' ਜਾਂ 'ਕਸ਼ਮੀਰ ਭਾਰਤ ਦਾ ਅਨਿਖੜਵਾਂ ਅੰਗ, ਸਾਡੀਆਂ ਲਾਸ਼ਾਂ ਤੋਂ ਦੀ ਲੰਘ ਕੇ ਹੀ ਕੋਈ ਇਸ ਨੂੰ ਹਾਸਲ ਕਰ ਸਕਦਾ ਹੈ।'

ਇਹ ਸਿਰਫ ਰਾਜਨੀਤਕ ਨਾਅਰੇ ਹਨ ਜੋ ਕਿ ਲੋਕਾਂ ਨੂੰ ਵਰਗਲਾ ਰੱਖਦੇ ਹਨ। ਇਨ੍ਹਾਂ ਸਿਆਸਤਦਾਨਾਂ ਨੂੰ ਕੀ ਪਤਾ ਕਿ ਲਾਸ਼ ਤੋਂ ਲੰਘਣਾ ਕੀ ਹੁੰਦਾ ਹੈ। ਇਸ ਲਫਜ਼ ਦੀ ਪਰਿਭਾਸ਼ਾ ਉਨ੍ਹਾਂ ਲੋਕਾਂ ਨੂੰ ਪੁੱਛੋ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਇਨ੍ਹਾਂ ਜੰਗਾਂ ਦੀ ਬਲੀ ਚੜ੍ਹੇ। ਨਾਅਰੇ ਮਾਰਨੇ ਜਾਂ ਵੀਰਗਤੀ ਦੀਆਂ ਗਾਥਾਵਾਂ ਗਾਉਣੀਆਂ ਹੋਰ ਗੱਲ ਹੈ ਪਰ ਜਿਨ੍ਹਾਂ ਨੂੰ ਇਹ ਸ਼ਹੀਦੀਆਂ ਦੇਣੀਆਂ ਪੈਂਦੀਆਂ ਹਨ, ਉਨ੍ਹਾਂ ਦੇ ਸਬੰਧੀ ਹੀ ਜਾਣਦੇ ਹਨ ਕਿ ਪਿੱਛੋਂ ਪਰਿਵਾਰਾਂ ਦੀ ਦਸ਼ਾ ਕੀ ਹੁੰਦੀ ਹੈ? ਜੰਗ ਜਿੱਤਦਾ ਕੋਈ ਵੀ ਨਹੀਂ। ਸਭ ਜੰਗ ਹਾਰਦੇ ਹੀ ਹਨ। ਜਿਨ੍ਹਾਂ ਦੇ ਪੁੱਤ ਮਰਦੇ ਹਨ, ਉਹ ਭਾਵੇਂ ਜਿੱਤਣ ਵਾਲੇ ਪਾਸੇ ਹੋਣ ਜਾਂ ਹਾਰਨ ਵਾਲਿਆਂ ਵੱਲ ਹੋਣ, ਉਹ ਤਾਂ ਆਖਰ 'ਚ ਹਾਰਦੇ ਹੀ ਹਨ। ਲੋੜ ਹੈ, ਜੰਗ ਵਿਰੁਧ ਆਵਾਜ਼ ਬੁਲੰਦ ਕਰਨ ਦੀ, ਇਕੱਠੇ ਹੋਣ ਦੀ। ਮੁਲਕਾਂ ਦੇ ਹੁਕਮਰਾਨਾਂ ਨੂੰ ਇਹ ਸਮਝਾਉਣ ਦੀ ਕਿ ਅਸੀਂ ਸੱਤਰ ਸਾਲਾਂ ਤੋਂ 'ਜੰਗ ਜੰਗ' ਸੁਣਦੇ ਆ ਰਹੇ ਹਾਂ। ਅਸੀਂ ਇਹ ਸਭ ਕੁਝ ਹੁਣ ਹੋਰ ਨਹੀਂ ਸਹਾਰ ਸਕਦੇ। ਜੇਕਰ ਕੁਝ ਦੇਣਾ ਹੀ ਹੈ ਤਾਂ ਸਾਨੂੰ ਸ਼ਾਂਤੀ ਨਾਲ ਰਹਿਣ ਵਾਲਾ ਵਾਤਾਵਰਣ ਦਿਓ। ਸਾਨੂੰ ਰੁਜ਼ਗਾਰ ਦਿਓ, ਸਿਹਤ ਸੇਵਾਵਾਂ ਦਿਓ, ਬੱਚਿਆਂ ਲਈ ਸਕੂਲ ਦਿਓ, ਤਾਂ ਕਿ ਅਸੀਂ ਇਕ ਦੂਜੇ ਨਾਲ ਲੜਾਈ ਰਾਹੀਂ ਮੁਕਾਬਲਾ ਕਰਨ ਦੀ ਥਾਂ ਸੁੱਖ ਆਰਾਮ ਨਾਲ ਰਹਿੰਦੇ ਹੋਏ ਇਕ ਦੂਜੇ ਦੇ ਖੈਰ-ਖੁਆਹ ਬਣੀਏ। ਇਕ ਦੂਜੇ ਦਾ ਹਥਿਆਰਾਂ ਨਾਲ ਨਹੀਂ ਸਗੋਂ ਪਿਆਰ ਭਰੀਆਂ ਗਲਵਕੜੀਆਂ ਨਾਲ ਸੁਆਗਤ ਕਰੀਏ।

# ਮਹਾਰਾਜਾ ਰਣਜੀਤ ਸਿੰਘ ਦੇ ਹਰਮ ਦੀਆਂ ਗੱਲਾਂ

**ਇਤਿਹਾਸਕ ਝਲਕੀਆਂ**



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਇਕ ਗੱਲ ਵਿਚ ਮਹਾਰਾਜਾ ਰਣਜੀਤ ਸਿੰਘ ਆਪਣੇ ਸਮੇਂ ਦੇ ਰਾਜਿਆਂ ਤੋਂ ਪਿਛੇ ਸੀ, ਉਹ ਸੀ ਉਸ ਦੇ ਹਰਮ ਦਾ ਸਾਈਜ਼, ਜਿਸ ਵਿਚ 46 ਔਰਤਾਂ ਸਨ ਜੋ ਚਾਰ ਦਰਜਿਆਂ ਵਿਚ ਵੰਡੀਆਂ ਹੋਈਆਂ ਸਨ। ਪਹਿਲੇ ਦਰਜੇ ਵਿਚ 9 ਪਤਨੀਆਂ ਸਨ ਜਿਨ੍ਹਾਂ ਨਾਲ ਉਸ ਨੇ ਸਿੱਖ ਰਹੁ-ਰੀਤਾਂ ਨਾਲ ਵਿਆਹ ਕਰਵਾਇਆ ਸੀ। ਦੂਜੇ ਦਰਜੇ 'ਚ ਵੀ 9 ਪਤਨੀਆਂ ਸਨ ਜੋ ਸੱਭੇ ਵਿਧਵਾ ਸਨ ਅਤੇ ਉਨ੍ਹਾਂ ਨਾਲ ਚਾਦਰ ਪਾ ਕੇ ਵਿਆਹ ਕੀਤਾ ਸੀ। ਤੀਜੇ ਦਰਜੇ ਵਿਚ 7 ਨਾਜ਼ੀਆਂ ਸਨ, ਜਿਨ੍ਹਾਂ ਨੂੰ ਮਹਾਰਾਣੀਆਂ ਜਿਹਾ ਰੁਤਬਾ ਤੇ ਅਦਬ ਪ੍ਰਾਪਤ ਸੀ। ਚੌਥੇ ਥਾਂ ਰਖੇਲਾਂ ਸਨ, ਜਿਨ੍ਹਾਂ ਨੂੰ ਰਾਣੀਆਂ ਕਿਹਾ ਜਾਂਦਾ ਸੀ।

ਭਾਵੇਂ ਰਣਜੀਤ ਸਿੰਘ ਸਾਰੀਆਂ 'ਤੇ ਹੀ ਇਕੋ ਜਿਹਾ ਮਿਹਰਬਾਨ ਸੀ ਪਰ ਇਨਸਾਨੀ ਫਿਤਰਤ ਅਨੁਸਾਰ ਕੁਝ ਇਕ ਨੂੰ ਬਾਕੀਆਂ ਨਾਲੋਂ ਵੱਧ ਚਾਹੁੰਦਾ ਸੀ। ਉਸ ਦੀ ਸਭ ਤੋਂ ਪਹਿਲੀ ਰਾਣੀ ਮਹਿਤਾਬ ਕੌਰ ਘੁਮੰਡੀ ਸੁਭਾਅ ਦੀ ਸੀ, ਫਿਰ ਵੀ ਰਣਜੀਤ ਸਿੰਘ ਉਸ ਦੇ ਅੰਤਲੇ ਦਿਨਾਂ ਤਕ ਉਸ ਨੂੰ ਪਿਆਰ ਕਰਦਾ ਰਿਹਾ। ਉਹ ਰੁੱਸ ਕੇ ਆਪਣੀ ਮਾਤਾ ਸਦਾ ਕੌਰ ਕੋਲ ਚਲੀ ਗਈ ਸੀ। ਉਸ ਨਾਲ ਪਿਆਰ ਕਰਕੇ ਹੀ ਮਹਾਰਾਜੇ ਨੇ ਉਸ ਦੀ ਕੁੱਖੋਂ ਜਨਮੇ ਦੋ ਪੁੱਤਾਂ-ਸ਼ੇਰ ਸਿੰਘ ਤੇ ਤਾਰਾ ਸਿੰਘ ਨੂੰ ਆਪਣੇ ਪੁੱਤ ਸਵੀਕਾਰ ਕਰ ਲਿਆ ਸੀ। ਭਾਵੇਂ ਉਹ ਸਚਮੁੱਚ ਉਸ ਦੇ ਪੁੱਤਰ ਸਨ ਜਾਂ ਨਹੀਂ।

ਭਾਵੇਂ ਆਮ ਘਰਾਂ ਤਾਂ ਕੀ, ਰਾਜਿਆਂ ਦੇ ਮਹਿਲਾਂ ਵਿਚ ਵੀ ਤੀਵੀਆਂ ਇਕ ਦੂਜੀ ਨਾਲ ਲੜਦੀਆਂ ਝਗੜਦੀਆਂ ਰਹਿੰਦੀਆਂ ਸਨ, ਇਕ ਦੂਜੇ 'ਤੇ ਤਰ੍ਹਾਂ-ਤਰ੍ਹਾਂ ਦੇ ਇਲਜ਼ਾਮ ਲਾਉਂਦੀਆਂ ਰਹਿੰਦੀਆਂ ਸਨ ਪਰ ਰਣਜੀਤ ਸਿੰਘ ਦੇ ਮਹਿਲਾਂ ਦੀ ਗੱਲ ਕਦੇ ਬਾਹਰ ਨਹੀਂ ਸੀ ਨਿਕਲੀ। ਇਹ ਉਸ ਦੇ ਨਿਰਪੱਖ ਰਵੱਈਏ ਕਰਕੇ ਸੀ। ਮਹਿਲਾਂ ਅੰਦਰ ਕੀ ਹੁੰਦਾ ਸੀ, ਉਸ ਦਾ ਪਤਾ ਕੇਵਲ ਫਕੀਰ ਨੁਰਉਦੀਨ ਨੂੰ ਸੀ ਕਿਉਂਕਿ ਮਹਿਲਾਂ ਦੀ ਦੇਖ-ਰੇਖ ਦਾ ਉਹ ਇੰਚਾਰਜ ਸੀ। ਮਹਾਰਾਜੇ ਦੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼ੁਦੀਨ ਅਤੇ ਫਕੀਰ ਇਮਾਮ ਉਦੀਨ ਤੇ ਨੂਰੁਦੀਨ ਮਹਾਰਾਜੇ ਦੇ ਵਫਾਦਾਰ ਦਰਬਾਰੀ ਸਨ।

ਇਨ੍ਹਾਂ ਫਕੀਰ ਭਰਾਵਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਇਕ ਸੂਝਵਾਨ ਵਿਦਵਾਨ ਫਕੀਰ ਵਹੀਦਉਦੀਨ ਦੀ ਲਿਖੀ ਪੁਸਤਕ 'ਅਸਲੀ ਰਣਜੀਤ ਸਿੰਘ' ਅਨੁਸਾਰ ਉਸ ਦੇ ਬਜ਼ੁਰਗਾਂ ਵਲੋਂ ਲਿਖੇ ਕੁਝ ਕਾਗਜ਼ ਅਤੇ ਫੋਟੋਆਂ ਉਸ ਨੇ ਸੰਭਾਲ ਕੇ ਰਖੀਆਂ ਹੋਈਆਂ ਹਨ। ਮਹਿਲਾਂ ਦੇ ਇੰਚਾਰਜ ਫਕੀਰ ਨੂਰਉਦੀਨ ਨੇ ਕਾਂਗੜੇ ਦੇ ਰਾਜਾ ਸੰਸਾਰ ਚੰਦ ਦੀਆਂ ਦੋ ਲੜਕੀਆਂ, ਜਿਨ੍ਹਾਂ ਨਾਲ ਰਣਜੀਤ ਸਿੰਘ ਨੇ ਵਿਆਹ ਕੀਤੇ, ਬਾਰੇ ਬੜੇ ਸ਼ਲਾਘਾਯੋਗ ਸ਼ਬਦ ਵਰਤੇ ਹਨ। ਇਨ੍ਹਾਂ ਦੋ ਭੈਣਾਂ ਵਿਚੋਂ ਵੱਡੀ ਦਾ ਨਾਂ ਮਹਿਤਾਬ ਦੇਵੀ ਸੀ ਪਰ ਆਮ ਕਰਕੇ ਗੁੱਡਾਂ ਕਰਕੇ ਜਾਣੀ ਜਾਂਦੀ ਸੀ ਅਤੇ ਛੋਟੀ ਦਾ ਨਾਂ ਰਾਜ ਬੰਸੋ ਸੀ।

ਮਹਾਰਾਜਾ ਕਦੇ ਕਦੇ ਆਪਣੇ ਮਹਿਲਾਂ ਵਿਚ ਰਾਣੀਆਂ ਦਾ ਦਰਬਾਰ ਲਾਉਂਦਾ ਸੀ। ਅਜਿਹੇ ਹੀ ਇਕ ਦਰਬਾਰ 'ਚ ਔਲਾ ਜਵਾਈ ਨਾਮੀ ਨਾਚੀ ਤੋਂ ਮਹਾਰਾਜੇ ਨੇ ਪੁੱਛਿਆ, ਦਸ, ਰਾਣੀਆਂ ਵਿਚੋਂ ਸਭ ਤੋਂ ਸੋਹਣੀ ਕਿਹੜੀ ਹੈ? ਨਾਚੀ ਜਵਾਬ ਦੇਣੋਂ ਡਰਦੀ ਸੀ ਕਿ ਜੇ ਉਸ ਨੇ ਇਕ ਨੂੰ ਸਭ ਤੋਂ ਸੋਹਣੀ ਕਿਹਾ ਤਾਂ ਬਾਕੀ ਰਾਣੀਆਂ ਨਾਰਾਜ਼ ਹੋਣਗੀਆਂ। ਮਹਾਰਾਜੇ ਨੇ ਜ਼ਿਦ ਕਰਕੇ ਪੁੱਛਿਆ ਤਾਂ ਉਸ ਨੇ ਰਾਜ ਬੰਸੋ ਵੱਲ ਹੱਥ ਕਰਕੇ ਕਿਹਾ, "ਇਹ ਮਹਾਰਾਣੀ ਤੁਹਾਡਾ ਹਰਮ ਦਾ ਚੰਦ ਤੇ ਬਾਕੀ ਦੀਆਂ ਤਾਰੇ।" ਰਣਜੀਤ ਸਿੰਘ ਨੇ ਕਿਹਾ, "ਸ਼ਾਇਦ ਤੂੰ ਠੀਕ ਕਿਹਾ ਹੈ, ਪਰ ਕੀ ਮੋਰਾਂ ਮਹਾਰਾਣੀ ਰਾਜ ਬੰਸੋ ਜਿੰਨੀ ਸੋਹਣੀ ਨਹੀਂ?"

ਰਾਜ ਬੰਸੋ ਨੂੰ ਆਪਣੇ ਪਤੀ ਵਲੋਂ ਇਕ ਨਾਚੀ ਨਾਲ ਮੁਕਾਬਲਾ ਕੀਤਾ ਜਾਣਾ ਚੰਗਾ ਨਾ ਲੱਗਾ ਅਤੇ ਜਦੋਂ ਉਹ ਆਪਣੇ ਕਮਰੇ ਵਿਚ ਆਈ ਤਾਂ ਉਸ ਨੇ ਭਾਰੀ ਮਾਤਰਾ ਵਿਚ ਅਫੀਮ ਖਾ ਲਈ ਤੇ ਸਦਾ ਦੀ ਨੀਂਦ ਸੌਂ ਗਈ। ਇਹ ਖਬਰ ਸੁਣ ਕੇ ਮਹਾਰਾਜੇ ਨੂੰ ਬਹੁਤ ਹੀ ਅਫਸੋਸ ਤੇ ਪਛਤਾਵਾ ਹੋਇਆ। ਆਪਣੇ ਹੱਥੀਂ ਉਸ ਦੇ ਅੰਤਿਮ ਸਸਕਾਰ ਦੀਆਂ ਰਸਮਾਂ ਅਦਾ ਕੀਤੀਆਂ। ਵੱਡੀ ਭੈਣ ਮਹਿਤਾਬ ਦੇਵੀ ਮਹਾਰਾਜਾ ਰਣਜੀਤ ਸਿੰਘ ਦੀ ਚਿਖਾ 'ਤੇ ਆਪਣੀ ਮਰਜ਼ੀ ਨਾਲ ਸਤੀ ਹੋਈ ਸੀ।

**ਮੋਰਾਂ ਨਾਚੀ ਨਾਲ ਨਿਕਾਹ:** ਅੰਮ੍ਰਿਤਸਰ ਦੀ ਇਕ ਨੱਚਣ ਵਾਲੀ ਕੁੜੀ ਨੂੰ ਪਹਿਲੀ ਨਜ਼ਰੀ ਦੇਖਦੇ ਹੀ ਮਹਾਰਾਜਾ ਰਣਜੀਤ ਸਿੰਘ ਉਸ 'ਤੇ ਲੱਟੂ ਹੋ ਗਿਆ। ਉਸ ਵੇਲੇ ਰਣਜੀਤ ਸਿੰਘ ਦੀ ਉਮਰ 22 ਸਾਲ ਸੀ। ਮੋਰਾਂ ਦੇ ਪਿਤਾ ਨੇ ਸ਼ਾਦੀ ਤੋਂ ਪਹਿਲਾਂ ਇਕ ਬੜੀ ਭੈੜੀ ਸ਼ਰਤ ਰੱਖੀ ਕਿ ਕੰਜਰਾਂ ਦੇ ਰਿਵਾਜ਼ ਹੈ ਕਿ ਉਨ੍ਹਾਂ ਦੇ ਹੋਣ ਵਾਲੇ ਜੁਆਈ ਨੂੰ ਆਪਣੇ ਸਹੁਰੇ ਘਰ ਵਿਚ ਇਕ ਚੁੱਲ੍ਹਾ ਬਣਾ ਕੇ ਉਸ ਵਿਚ ਫੂਕਾਂ ਮਾਰ ਕੇ ਅੱਗ ਮਚਾਉਣੀ ਪੈਂਦੀ ਹੈ। ਉਸ ਦਾ ਖਿਆਲ ਸੀ ਕਿ ਇਹ ਸ਼ਰਤ ਰਣਜੀਤ ਸਿੰਘ ਨਹੀਂ ਮੰਨੇਗਾ। ਅਸਲ ਵਿਚ ਉਹ ਇਹ ਸ਼ਾਦੀ ਕਰ ਕੇ ਰਾਜ਼ੀ ਨਹੀਂ ਸੀ। ਪਰ ਰਣਜੀਤ ਸਿੰਘ ਹਰ ਹਾਲਤ ਵਿਚ ਮੋਰਾਂ ਨੂੰ ਹਾਸਲ ਕਰਨਾ ਚਾਹੁੰਦਾ ਸੀ ਤੇ ਉਸ ਨੇ ਮੋਰਾਂ ਦੇ ਬਾਪ ਦੀ ਚੁੱਲ੍ਹੀ ਬਾਲਣ ਵਾਲੀ ਸ਼ਰਤ ਅਤੇ ਵਿਆਹ ਇਸਲਾਮਿਕ ਰਸਮਾਂ ਨਾਲ ਕਰਾਉਣਾ ਵੀ ਪ੍ਰਵਾਨ ਕਰ ਲਿਆ। ਵਿਆਹ ਦੀ ਰਸਮ



*ਮਹਾਰਾਜਾ ਰਣਜੀਤ ਸਿੰਘ*

ਅੰਮ੍ਰਿਤਸਰ ਦੇ ਇਕ ਅਮੀਰ ਸ਼ਹਿਰੀ ਮੀਆਂ ਸਮਦੂ, ਜੋ ਮੋਰਾਂ ਦਾ ਧਰਮ ਪਿਤਾ ਸੀ, ਦੇ ਘਰ ਹੋਈ। ਬਰਾਤ ਲਾਹੌਰ ਤੋਂ ਅੰਮ੍ਰਿਤਸਰ ਨੂੰ ਚੱਲੀ ਤਾਂ ਅੱਗੇ ਹਾਥੀ, ਘੋੜੇ ਅਤੇ ਪੈਦਲ ਲੋਕ ਸਨ। ਬਰਾਤ ਲਾਹੌਰ ਕਿਲੇ ਤੋਂ ਲੈ ਕੇ ਸ਼ਾਲਾਮਾਰ ਬਾਗ ਤਕ ਸੱਤ ਮੀਲ ਲੰਮੀ ਸੀ। ਮੀਆਂ ਸਮਦੂ ਨੇ ਦਾਜ ਵਿਚ ਲੱਖਾਂ ਰੁਪਏ ਦੇ ਗਹਿਣੇ, ਕੱਪੜੇ ਅਤੇ ਘਰੇਲੂ ਸਮਾਨ ਦੇ ਕੇ ਸਹਿਜ਼ਾਦੀਆਂ ਵਾਂਗ ਵਿਦਾ ਕੀਤਾ।

ਮੋਰਾਂ ਸਚਮੁੱਚ ਹੀ ਰਣਜੀਤ ਸਿੰਘ ਦੀਆਂ ਸਭ ਪਤਨੀਆਂ ਵਿਚੋਂ ਸੋਹਣੀ ਤੇ ਸਮਝਦਾਰ ਸੀ, ਤਾਂ ਹੀ ਰਣਜੀਤ ਸਿੰਘ ਨੇ ਉਸ ਦੇ ਨਾਂ 'ਤੇ ਸਿੱਕਾ ਚਲਾਇਆ। ਲਾਹੌਰ ਵਿਚ ਮੋਤੀ ਚੌਕ ਪਾਸ ਉਸ ਦੇ ਨਾਂ ਦੀ ਇਕ ਮਸਜਿਦ ਵੀ ਹੈ। ਮੋਰਾਂ ਕਿਸੇ ਤੋਂ ਪਰਦਾ ਨਹੀਂ ਸੀ ਕਰਦੀ ਅਤੇ ਨੰਗੇ ਚਿਹਰੇ ਮਹਾਰਾਜੇ ਦੇ ਨਾਲ ਹਾਥੀ 'ਤੇ ਸਵਾਰ ਅਕਸਰ ਦੇਖੀ ਜਾਂਦੀ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਪਿੰਡ ਦਾ ਨਾਂ ਮੋਰਾਂ ਵੀ ਉਸ ਦੇ ਨਾਂ 'ਤੇ ਪਿਆ।

ਫਕੀਰ ਅਜ਼ੀਜ਼ਉਦੀਨ ਆਪਣੀਆਂ ਯਾਦਾਂ ਵਿਚ ਲਿਖਦਾ ਹੈ ਕਿ ਉਸ ਨਾਲ ਅਤੇ ਹੋਰ ਅਤਿ ਨੇੜਲਿਆਂ ਕੋਲ ਮਹਾਰਾਜੇ ਨੇ ਕਈ ਵਾਰੀ ਮੰਨਿਆ ਸੀ ਕਿ ਉਹ ਮੋਰਾਂ ਨੂੰ ਬਹੁਤ ਪਿਆਰ ਕਰਦਾ ਸੀ। ਜਦੋਂ ਰੋਪੜ ਵਾਲੀ ਮੀਟਿੰਗ 'ਤੇ ਵਿਲੀਅਮ ਬੈਨਟਿਕ ਨੇ ਆਪਣੀ ਪਤਨੀ ਦਾ ਹੱਥ ਫੜ੍ਹ ਕੇ ਉਸ ਨੂੰ ਕਿਸ਼ਤੀ ਵਿਚੋਂ ਉਤਾਰਿਆ ਤਾਂ ਮਹਾਰਾਜੇ ਦੇ ਮੂੰਹੋਂ ਜੋ ਸ਼ਬਦ ਨਿਕਲੇ, ਉਹ ਸੋਹਨ ਲਾਲ ਨੇ ਉਸਤਾਦ-ਓ-ਤਵਾਰੀਖ ਵਿਚ ਇਸ ਪ੍ਰਕਾਰ ਲਿਖੇ ਹਨ, "ਇਹ ਦੇਖ ਕੇ ਮੈਨੂੰ ਬੀਬੀ ਮੋਰਾਂ ਦੀ ਯਾਦ ਆ ਗਈ ਹੈ ਕਿਉਂਕਿ ਮੈਂ ਵੀ ਉਸ ਨਾਲ ਇਸੇ ਤਰ੍ਹਾਂ ਪਿਆਰ ਕਰਦਾ ਹਾਂ ਅਤੇ ਉਸ ਨਾਲ ਇਕ ਛਿਣ ਦਾ ਵਿਛੋੜਾ ਵੀ ਨਹੀਂ ਸਹਿ ਸਕਦਾ।"

ਮੋਰਾਂ ਨੇ ਰਣਜੀਤ ਸਿੰਘ ਦੇ ਦਰਬਾਰ ਦੀ ਸਿਆਸਤ ਵਿਚ ਕੋਈ ਹਿੱਸਾ ਨਹੀਂ ਲਿਆ ਸੀ। ਉਹ ਮਹਾਰਾਜੇ ਨਾਲ ਹਲਕੇ-ਫੁਲਕੇ ਮਜ਼ਾਕ ਵੀ ਕਰ ਲਿਆ ਕਰਦੀ ਸੀ। ਮਹਾਰਾਜੇ ਦੇ ਚਿਹਰੇ 'ਤੇ ਚੇਚਕ ਦੇ ਦਾਗ ਸਨ, ਜਿਸ ਕਰ ਕੇ ਉਸ ਦੀ ਇਕ ਅੱਖ ਵੀ ਖਰਾਬ ਹੋ ਗਈ ਸੀ। ਇਕ ਵਾਰੀ ਮੋਰਾਂ ਮਹਾਰਾਜੇ ਨੂੰ ਆਖਣ ਲੱਗੀ ਕਿ ਜਦੋਂ ਖੁਦਾ ਹੁਸਨ ਵੰਡ ਰਿਹਾ ਸੀ ਤਾਂ ਤੁਸੀਂ ਕਿਥੇ ਗਏ ਹੋਏ ਸੀ। ਮਹਾਰਾਜੇ ਨੇ ਜਵਾਬ ਦਿਤਾ, ਮੈਂ ਰਾਜ ਪ੍ਰਾਪਤ ਕਰਨ ਵਿਚ ਲੱਗਾ ਹੋਇਆ ਸੀ ਤਾਂ ਕਿ ਤੇਰੇ ਜਿਹੀਆਂ ਨੂੰ ਆਪਣੇ ਹਰਮ ਦਾ ਸ਼ਿੰਗਾਰ ਬਣਾ ਸਕਾਂ।


ਮੋਰਾਂ ਨੂੰ ਨਾਲ ਲੈ ਕੇ ਰਣਜੀਤ ਸਿੰਘ ਨੇ ਹਰਿਦੁਆਰ ਦੀ ਤੀਰਥ ਯਾਤਰਾ ਕੀਤੀ। ਰਸਤੇ ਵਿਚ ਫਤਿਹ ਸਿੰਘ ਆਹਲੂਵਾਲੀਆ ਅਤੇ ਹੋਰ ਸਰਦਾਰਾਂ, ਜਿਨ੍ਹਾਂ ਦੇ ਇਲਾਕਿਆਂ ਵਿਚੋਂ ਉਹ ਲੰਘਿਆ, ਨੇ ਨਕਦ ਨਜ਼ਰਾਨੇ ਭੇਟ ਕੀਤੇ। ਹਰਿਦੁਆਰ ਵਿਖੇ ਮਹਾਰਾਜੇ ਨੇ ਇਕ ਲੱਖ ਰੁਪਿਆ ਗਰੀਬਾਂ ਨੂੰ ਦਾਨ ਕੀਤਾ। ਮੋਰਾਂ ਨਾਲ ਨਿਕਾਹ ਅਤੇ ਉਸ ਦੇ ਨਾਂ 'ਤੇ ਸਿੱਕਾ ਜਾਰੀ ਕਰਨ ਕਰ ਕੇ ਅਕਾਲੀ ਫੂਲਾ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਨੇ ਮਹਾਰਾਜੇ ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕਰ ਲਿਆ। ਮਹਾਰਾਜਾ ਨੀਤੀਵਾਨ ਸੀ ਤੇ ਉਹ ਆਪਣਾ ਕਸੂਰ ਮੰਨਦਾ ਨੰਗੇ ਪੈਰੀਂ ਅਤੇ ਨੰਗੇ ਸਰੀਰ ਅਕਾਲ ਤਖਤ 'ਤੇ ਤਨਖਾਹ ਲਵਾਉਣ ਪੇਸ਼ ਹੋ ਗਿਆ। ਜਥੇਦਾਰ ਜੀ ਬੜੇ ਤੈਸ਼ ਵਿਚ ਸਨ ਅਤੇ ਉਨ੍ਹਾਂ ਨੇ ਮਹਾਰਾਜੇ ਨੂੰ ਇਕ ਦਰਖਤ ਨਾਲ ਨੂੜ ਲੈਣ ਦਾ ਹੁਕਮ ਦਿੱਤਾ ਅਤੇ ਕੋੜੇ ਮਾਰਨ ਲਈ ਆਪਣਾ ਹੱਥ ਚੁੱਕਿਆ ਹੀ ਸੀ ਕਿ ਸੰਗਤ ਵਿਚੋਂ ਆਵਾਜ਼ ਆਈ ਕਿ ਦੇਖੋ ਮਹਾਰਾਜਾ ਇੰਨੀ ਨਿਮਰਤਾ ਨਾਲ ਪੇਸ਼ ਹੋਇਆ ਹੈ, ਇਸ ਲਈ ਕੋੜੇ ਮਾਰਨ ਦੀ ਸਜ਼ਾ ਨਾ ਦਿੱਤੀ ਜਾਵੇ। ਜਥੇਦਾਰ ਨੇ ਵੀ ਸੰਗਤ ਵਿਚੋਂ ਆਈ ਆਵਾਜ਼ ਸੁਣ ਕੇ ਕੋੜਾ ਸੁੱਟ ਦਿਤਾ।

**ਗੁੱਲਬਹਾਰ ਬੇਗਮ:** ਗੁੱਲਬਹਾਰ ਬੇਗਮ ਲਾਹੌਰ ਦੀ ਇਕ ਮਸ਼ਹੂਰ ਨਾਚੀ ਸੀ। ਉਸ ਨੂੰ ਵੀ ਮਹਾਰਾਜੇ ਨੇ ਆਪਣੀ ਮਹਾਰਾਣੀ ਬਣਾ ਲਿਆ। ਉਹ ਖੂਬਸੂਰਤੀ ਅਤੇ ਸਿਆਣਪ ਦਾ ਸੁਮੇਲ ਸੀ ਅਤੇ ਮਹਾਰਾਜਾ ਕਈ ਵਾਰੀ ਉਲਝਣ ਵਾਲੇ ਮਸਲਿਆਂ 'ਤੇ ਉਸ ਦੀ ਸਲਾਹ ਲੈਂਦਾ। ਉਹ ਮਹਾਰਾਜੇ ਦੇ ਨਾਲ ਬਾਹਰ ਜਨਤਾ ਵਿਚ ਜਾਇਆ ਕਰਦੀ ਸੀ। ਮਹਾਰਾਜੇ ਦੇ ਨਾਲ ਹਾਥੀ 'ਤੇ ਸਵਾਰ ਨੰਗੇ ਮੂੰਹ ਬਾਜ਼ਾਰਾਂ ਵਿਚੋਂ ਦੀ ਲੰਘਦੀ। ਉਸ ਦੇ ਕੋਈ ਔਲਾਦ ਨਾ ਹੋਈ ਤਾਂ ਉਸ ਨੇ ਇਕ ਮੁਸਲਮਾਨ ਲੜਕਾ ਗੋਦ ਲੈ ਲਿਆ, ਜਿਸ ਦੀ ਔਲਾਦ ਹਾਲੇ ਵੀ ਲਾਹੌਰ ਵਿਚ ਮੌਜੂਦ ਹੈ। ਉਸ ਨੇ ਵੀ ਇਕ ਮਸਜਿਦ ਬਣਵਾਈ, ਜੋ ਅਜੇ ਵੀ ਕਾਇਮ ਹੈ। ਪੰਜਾਬ ਨੂੰ ਅੰਗਰੇਜ਼ ਰਾਜ ਵਿਚ ਸ਼ਾਮਲ ਕਰਨ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਗੁੱਲਬਹਾਰ ਨੂੰ ਬਾਰਾਂ ਹਜ਼ਾਰ ਰੁਪਏ ਸਾਲਾਨਾ ਪੈਨਸ਼ਨ ਲਾਈ, ਜੋ ਉਸ ਨੂੰ ਸੰਨ 1863 ਤਕ ਉਸ ਦੇ ਮਰਨ ਤਕ ਮਿਲਦੀ ਰਹੀ।

ਫਕੀਰ ਭਰਾਵਾਂ ਨੇ ਰਣਜੀਤ ਸਿੰਘ ਨੂੰ ਮਹਾਰਾਜਿਆਂ ਵਾਲੇ ਤੌਰ ਤਰੀਕੇ ਦੱਸਣ ਵਿਚ ਕੋਈ ਕਸਰ ਨਾ ਛੱਡੀ। ਇਸ ਲਈ ਮਹਾਰਾਜਾ ਨੱਚਣ ਗਾਉਣ ਵਾਲੀਆਂ ਨਾਲ ਕਦੇ ਕੋਈ ਭੈੜੀ ਹਰਕਤ ਨਾ ਕਰਦਾ। ਨੱਚਣ ਗਾਉਣ ਵਾਲੀਆਂ ਵੀ ਚੰਗੇ ਨਚਾਰ ਘਰਾਣਿਆਂ ਵਿਚੋਂ ਰੱਖੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਬਚਪਨ ਤੋਂ ਹੀ ਸ਼ਾਹੀ ਦਰਬਾਰਾਂ ਅਤੇ ਅਮੀਰਾਂ ਦੀਆਂ ਮਹਿਫਿਲਾਂ ਵਿਚ ਉਚ ਦਰਜੇ ਦਾ ਵਰਤਾਓ ਕਰਨਾ ਸਿਖਾਇਆ ਜਾਂਦਾ ਸੀ। ਜਦੋਂ ਵਿਦੇਸ਼ੀ ਮਹਿਮਾਨ ਬਾਹਰੋਂ ਆਉਂਦੇ ਤਾਂ ਇਨ੍ਹਾਂ ਖਾਸ ਨਾਚੀਆਂ ਨੂੰ ਬੁਲਾਇਆ ਜਾਂਦਾ ਸੀ। ਕਈ ਵਾਰੀ ਮਹਾਰਾਜਾ ਇਕੱਲਾ ਵੀ ਉਨ੍ਹਾਂ ਦੇ ਨਾਚ ਗਾਣੇ ਦਾ ਅਨੰਦ ਮਾਣਦਾ। ਬਿੱਲੀ ਵਰਗੀਆਂ ਅੱਖਾਂ ਵਾਲੀ ਇਕ ਨਾਚੀ ਦਾ ਨਾਂ ਮਹਾਰਾਜੇ ਨੇ ਬਿੱਲੋ ਰੱਖਿਆ ਹੋਇਆ ਸੀ। ਇਕ ਵਾਰੀ ਬਿੱਲੋ ਨੂੰ ਮਹਾਰਾਜੇ ਨੇ ਕਿਹਾ, "ਆਹ ਪੰਦਰਾਂ ਹਜ਼ਾਰ ਰੁਪਏ ਦਾ ਹਾਰ ਇਨਾਮ ਦੇਵਾਂਗਾ ਅਤੇ ਨਾਲ ਹੀ ਚਾਰ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਵੀ, ਜੇ ਤੂੰ ਫਕੀਰ ਨੂਰਉਦੀਨ ਨੂੰ ਪਿਆਰ ਨਾਲ ਜਿੱਤ ਲਵੇਂ।"

ਬਿੱਲੋ ਨੇ ਮੁਸਕਰਾ ਕੇ ਕੰਨਾਂ ਨੂੰ ਹੱਥ ਲਾ ਕੇ ਕਿਹਾ, "ਸ਼ੁਕਰੀਆ ਮਹਾਰਾਜਾ ਸਾਹਿਬ। ਉਸ ਪਵਿੱਤਰ ਆਤਮਾ ਵਾਲੇ ਪੁਰਸ਼ ਦੀਆਂ ਅੱਖਾਂ ਵਿਚ ਮੈਂ ਆਪਣੀਆਂ ਭੈੜੀਆਂ ਅੱਖਾਂ ਪਾ ਕੇ ਅੰਨ੍ਹੀ ਨਹੀਂ ਹੋਣਾ।" ਫਕੀਰ ਭਰਾ ਚਾਲ ਚਲਨ ਦੇ ਉਚੇ ਸੁੱਚੇ ਹੋਣ ਕਰਕੇ ਹਰਮ ਵਿਚ ਆ-ਜਾ ਸਕਦੇ ਸਨ।

# ਪੰਜਾਬ ਦਾ ਅਜੋਕਾ ਸੰਕਟ ਅਤੇ ਇਸ ਦਾ ਹੱਲ



ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ, ਕੈਲੀਫੋਰਨੀਆ
ਫੋਨ: 510-516-5971

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਇਥੋਂ ਦੇ ਲੋਕ ਬਹਾਦਰ ਅਤੇ ਅਣਖੀ ਹਨ। ਇਥੇ ਹੀ ਰਾਜਾ ਪੋਰਸ ਅਤੇ ਦੁੱਲੇ ਭੱਟੀ ਵਰਗੇ ਯੋਧੇ ਪੈਦਾ ਹੋਏ ਜਿਨ੍ਹਾਂ ਨੇ ਪੰਜਾਬੀਅਤ ਵਾਸਤੇ ਲੋਹਾ ਲਿਆ। ਇਹ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਸੇ ਧਰਤੀ 'ਤੇ ਇਨ੍ਹਾਂ ਮਹਾਂਪੁਰਸ਼ਾਂ ਨੇ ਜ਼ੁਲਮ ਵਿਰੁਧ ਆਵਾਜ਼ ਉਠਾਈ, ਬਾਬਰ ਨੂੰ ਜਾਬਰ ਕਿਹਾ ਅਤੇ ਰੱਬ ਨੂੰ ਵੀ ਵੰਗਾਰਿਆ। ਇਸੇ ਧਰਤੀ ਤੋਂ ਦਸਵੇਂ ਪਾਤਸ਼ਾਹ ਨੇ ਅਨੰਦਪੁਰ ਦੀ ਧਰਤੀ ਛੱਡ ਕੇ, ਪਰਿਵਾਰ ਵਾਰ ਕੇ, ਜ਼ਾਲਮ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' (ਫਤਿਹ ਦੀ ਚਿੱਠੀ) ਲਿਖੀ। ਸੱਚੀ ਗੱਲ ਵਿਚ ਬੜੀ ਤਾਕਤ ਹੁੰਦੀ ਹੈ, ਕਹਿੰਦੇ ਹਨ ਕਿ ਮਨੋਵਿਗਿਆਨਕ ਤੌਰ 'ਤੇ ਔਰੰਗਜ਼ੇਬ ਦੇ ਮਨ 'ਤੇ ਜ਼ਫ਼ਰਨਾਮੇ ਦਾ ਅਜਿਹਾ ਅਸਰ ਹੋਇਆ ਕਿ ਉਹ ਗੁਰੂ ਜੀ ਨੂੰ ਮਿਲਣ ਲਈ ਚੱਲ ਪਿਆ, ਪਰ ਉਸ ਦੀ ਰਸਤੇ ਵਿਚ ਹੀ ਮੌਤ ਹੋ ਗਈ।

ਇਸੇ ਧਰਤੀ 'ਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ। ਉਹ ਬੇਘਰ ਹੋ ਕੇ ਵੀ ਸੱਚ 'ਤੇ ਅਡੋਲ ਰਹੇ ਕਿਉਂਕਿ ਉਨ੍ਹਾਂ ਦਾ ਆਚਰਨ ਬਹੁਤ ਉਚਾ ਸੀ। ਉਹ ਜ਼ੁਲਮ ਅੱਗੇ ਨਾ ਝੁਕੇ। ਕੁਰਬਾਨੀਆਂ-ਦਰ-ਕੁਰਬਾਨੀਆਂ ਕਰਦੇ ਰਹੇ। ਕੁਰਬਾਨੀਆਂ ਰੰਗ ਲਿਆਈਆਂ। ਜਿਨ੍ਹਾਂ ਬੇਘਰ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਉਨ੍ਹਾਂ ਸਿੱਖਾਂ ਦੇ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਦੇ ਸਿਰ 'ਤੇ ਸਿੱਖਾਂ (ਪੰਜਾਬੀਆਂ) ਨੇ ਤਾਜ ਪਹਿਨਾਇਆ। ਜਿਨ੍ਹਾਂ ਤੋਂ ਲੜ ਕੇ ਰਾਜ ਖੋਹਿਆ ਸੀ, ਉਨ੍ਹਾਂ ਨੂੰ ਵੀ ਨਾਲ ਲੈ ਕੇ ਰਾਜ ਭਾਗ ਦਾ ਹਿੱਸੇਦਾਰ ਬਣਾਇਆ ਅਤੇ 40 ਸਾਲ ਬਿਨਾ ਕਿਸੇ ਵਿਤਕਰੇ ਦੇ ਇਨਸਾਫ ਦਾ ਰਾਜ ਕੀਤਾ। ਸ. ਹਰੀ ਸਿੰਘ ਨਲੂਏ ਵਰਗੇ ਜਰਨੈਲ ਤੇ ਅਕਾਲੀ ਫੂਲਾ ਸਿੰਘ ਵਰਗੇ ਅਕਾਲ ਤਖਤ ਦੇ ਜਥੇਦਾਰ ਬਣੇ ਜਿਨ੍ਹਾਂ ਨੇ ਅਕਾਲ ਤਖਤ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਪੰਜਾਬ ਦੇ ਬਾਦਸ਼ਾਹ ਨੂੰ ਦਰਖਤ ਨਾਲ ਬੰਨ੍ਹ ਕੇ ਸ਼ਰ੍ਹੇਆਮ ਕੋੜੇ ਮਰਵਾਏ।

ਇਹ ਇਨਸਾਫ ਵਾਲਾ ਰਾਜ ਸਰਦਾਰਾਂ ਦੀ ਗੱਦੀ ਦੀ ਭੁੱਖ ਅਤੇ ਡੋਗਰਿਆਂ ਦੀ ਗੱਦਾਰੀ ਕਾਰਨ 1849 ਵਿਚ ਅੰਗਰੇਜ਼ ਹਕੂਮਤ ਦੇ ਅਧੀਨ ਆ ਗਿਆ। ਪੂਰੇ 98 ਸਾਲ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਪਰ ਆਜ਼ਾਦੀ ਤੋਂ ਬਾਅਦ ਸਾਡੇ ਲੀਡਰਾਂ ਦੀ ਨਾਲਾਇਕੀ ਕਾਰਨ ਪੰਜਾਬ ਵੰਡਿਆ ਗਿਆ। ਕੌਮੀ ਲੀਡਰਾਂ ਨੇ ਆਜ਼ਾਦੀ ਤੋਂ ਪਹਿਲਾਂ ਪੰਜਾਬੀਆਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਯਾਦ ਕਰਵਾਉਣ 'ਤੇ ਜਵਾਬ ਮਿਲਿਆ ਕਿ ਹੁਣ ਹਾਲਾਤ ਬਦਲ ਗਏ।

ਆਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇਣਾ, ਸ. ਕਪੂਰ ਸਿੰਘ (ਆਈ. ਸੀ. ਐਸ.) ਵੱਲੋਂ ਵਿਰੋਧ ਕਰਨ 'ਤੇ ਉਸ ਨੂੰ ਨੌਕਰੀ ਤੋਂ ਲਾਹੁਣਾ, ਪੰਜਾਬੀ ਸੂਬੇ ਦਾ ਮੋਰਚਾ ਲਗਣਾ, ਅਧੂਰੇ ਪੰਜਾਬੀ ਸੂਬੇ ਦਾ ਬਣਨਾ ਅਤੇ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਹੋਰ ਇਲਾਕੇ ਪੰਜਾਬ ਵਿਚ ਸ਼ਾਮਲ ਕਰਵਾਉਣ ਲਈ ਮੋਰਚੇ ਲਗਣੇ, ਅਜੋਕੇ ਲੀਡਰਾਂ ਦਾ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਬਲਦੀ ਦੇ ਬੂਥੇ ਦੇਣਾ, ਦਰਬਾਰ ਸਾਹਿਬ 'ਤੇ ਫੌਜੀ ਹਮਲਾ ਅਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਦਾ ਕਤਲੇਆਮ ਅਤੇ ਇਸ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਆਦਿ ਦੇ ਮਸਲੇ ਜਿਉਂ ਦੇ ਤਿਉਂ ਹਨ। ਹੁਣ ਪੰਜਾਬ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ, ਨੌਜਵਾਨੀ ਦਾ ਨਸ਼ਿਆਂ ਦੇ ਦਰਿਆ ਵਿਚ ਰੁੜ੍ਹਨਾ ਤੇ ਪੰਜਾਬ ਦਾ ਪਾਣੀ ਦੂਜੇ ਰਾਜਾਂ ਨੂੰ ਲੁਟਾਉਣਾ ਆਦਿ ਲਈ ਰਾਜ ਕਰਨ ਵਾਲੀਆਂ ਪਾਰਟੀਆਂ ਸੌ ਫੀਸਦ ਦੋਸ਼ੀ ਹਨ।

ਹਰ ਪਾਰਟੀ ਦੇ ਸਿਆਸੀ ਲੀਡਰਾਂ ਨੇ ਆਪਣੀਆਂ ਗੱਦੀਆਂ ਲਈ ਵੋਟਰਾਂ ਨੂੰ ਗਲਤ ਰਸਤੇ ਤੋਰਿਆ ਹੈ। ਲੋਕਾਂ ਨੂੰ ਸ਼ਰਾਬ ਅਤੇ ਹੋਰ ਲਾਲਚ ਦੇ ਕੇ ਕੁਰਾਹੇ ਪਾਇਆ ਹੈ। ਵੋਟਰ ਵੀ ਇਸ ਦਾ ਸ਼ਿਕਾਰ ਹੋਇਆ ਹੈ। ਉਸ ਨੇ ਨਿੱਕੀਆਂ ਨਿੱਕੀਆਂ ਆਰਜ਼ੀ ਸਹੂਲਤਾਂ ਲਈ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਹਨੇਰਾ ਕਰ ਲਿਆ। ਮੁਫਤ ਵਿਚ ਵੰਡੇ ਜਾਂਦੇ ਇਸ ਨਸ਼ੇ ਨੇ ਮਾਪਿਆਂ ਅਤੇ ਬੱਚਿਆਂ ਨੂੰ ਭਿਆਨਕ ਨਸ਼ਿਆਂ ਦੀ ਦਲਦਲ ਵਿਚ ਸੁੱਟ ਦਿੱਤਾ। ਨਸ਼ਿਆਂ ਵਿਚ ਗਲਤਾਨ ਹੋ ਕੇ ਉਨ੍ਹਾਂ ਬਾਬੇ ਨਾਨਕ ਦੇ 'ਕਿਰਤ ਕਰੋ' ਦੇ ਉਪਦੇਸ਼ ਨੂੰ ਤਿਲਾਂਜਲੀ ਦੇ ਦਿੱਤੀ। ਜਿਸ ਘਰ ਵਿਚ ਨਸ਼ੇ ਵੜ ਜਾਣ, ਉਸ ਦੀ ਆਰਥਕ ਦਸ਼ਾ ਕਮਜ਼ੋਰ ਹੋਣੀ ਲਾਜ਼ਮੀ ਹੈ। ਮਾਪਿਆਂ ਸਿਰ ਲੱਖਾਂ ਰੁਪਿਆਂ ਦੇ ਕਰਜ਼ੇ ਚੜ੍ਹ ਗਏ ਜਿਸ ਕਾਰਨ ਹੁਣ ਉਹ ਨਿਰਾਸ਼ ਹੋ ਕੇ ਖੁਦਕੁਸ਼ੀਆਂ ਕਰ ਰਹੇ ਹਨ। ਪਿਉ ਪੁੱਤ ਨੂੰ ਮਾਰ ਰਿਹਾ ਹੈ ਜਾਂ ਪੁੱਤ ਪਿਉ ਨੂੰ।

ਜਦ ਗੁਰੂ ਨਾਨਕ ਇਸ ਦੁਨੀਆਂ 'ਤੇ ਆਏ ਤਾਂ ਹਿੰਦੁਸਤਾਨ ਦੀਆਂ ਦੋ ਵੱਡੀਆਂ ਕੌਮਾਂ ਆਪਸ ਵਿਚ ਲੜ ਰਹੀਆਂ ਸਨ। ਅੱਜ ਵਾਂਗ ਰਾਜਨੀਤਕ, ਧਾਰਮਿਕ ਤੇ ਸਮਾਜਕ ਲੀਡਰਾਂ ਨੇ ਸੱਜਣ ਠੱਗ ਦਾ ਰੂਪ ਧਾਰਿਆ ਹੋਇਆ ਸੀ। ਗੁਰੂ ਨਾਨਕ ਨੇ ਆਪਣੀ ਬਾਣੀ ਰਾਹੀਂ ਇਨ੍ਹਾਂ ਪਾਖੰਡੀਆਂ ਨੂੰ ਨੰਗਾ ਕੀਤਾ। ਲੋਕਾਂ ਦੀ ਸੋਚ ਨੂੰ ਸਹੀ ਦਸ਼ਾ ਦੇਣ ਲਈ ਚਾਰ ਉਦਾਸੀਆਂ ਕੀਤੀਆਂ। ਧਾਰਮਿਕ ਸਥਾਨਾਂ 'ਤੇ ਗਏ, ਦਲੀਲ ਨਾਲ ਲੋਕਾਂ ਨੂੰ ਸਮਝਾਇਆ। ਬਾਬਰ ਵਰਗੇ ਬਾਦਸ਼ਾਹ ਨੂੰ ਦਲੀਲ ਨਾਲ ਕਾਇਲ ਕੀਤਾ। ਦੁਨੀਆਂ ਛੱਡ ਕੇ ਪਰਬਤੀਂ ਚੜ੍ਹੇ ਸਿੱਧਾਂ ਨੂੰ ਵੰਗਾਰਿਆ ਕਿ ਜੇ ਕਹਿੰਦੇ ਹੋ, ਗ੍ਰਿਹਸਥ ਛੱਡ ਦਿੱਤੀ ਹੈ ਤਾਂ ਫਿਰ ਗ੍ਰਿਹਸਥੀਆਂ ਤੋਂ ਮੰਗ ਕੇ ਕਿਉਂ ਖਾਂਦੇ ਹੋ?



ਪ੍ਰਸਿੱਧ ਢਾਡੀ ਪਿਆਰਾ ਸਿੰਘ 'ਪੰਛੀ' ਨੇ ਲਿਖਿਆ ਹੈ, "ਬਾਬੇ ਨਾਨਕ ਨੇ ਜਦੋਂ ਹਾਲਤ ਵੇਖੀ ਦੁਨੀਆਂ ਦੀ, ਚੇਤੇ ਭੁੱਲ ਗਏ ਉਹਨੂੰ ਪਹਿਨ-ਖਾਣ ਹੰਢਾਉਣ ਦੇ।" ਕੀ ਕੋਈ ਲੀਡਰ, ਜੋ ਗੱਦੀ ਪ੍ਰਾਪਤ ਕਰਕੇ ਮਾਇਆ ਇਕੱਠੀ ਕਰਕੇ ਮਲਕ ਭਾਗੋ ਬਣ ਚੁਕਾ ਹੈ, ਲੋਕਾਂ ਦੀਆਂ ਤਕਲੀਫਾਂ ਦੂਰ ਕਰਨ ਵਾਸਤੇ ਬਾਬੇ ਨਾਨਕ ਵਰਗਾ ਰਸਤਾ ਅਖਤਿਆਰ ਕਰੇਗਾ? ਕਦੀ ਵੀ ਨਹੀਂ।

ਗੁਰੂ ਗੋਬਿੰਦ ਸਿੰਘ ਸਾਨੂੰ 1708 ਵਿਚ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਹਟਾ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਗਏ। ਅੱਜ ਲੋਕਾਂ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨ ਲਈ 'ਸੰਤ' ਆਪੋ-ਆਪਣੇ ਡੇਰੇ ਚਲਾ ਰਹੇ ਹਨ। ਇਹ ਪਖੰਡੀ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਗਿਆਨਕ ਸੋਚ ਦੇ ਉਲਟ ਭੋਲੇ ਭਾਲੇ ਅਨਪੜ੍ਹ ਸ਼ਰਧਾਲੂਆਂ ਨੂੰ ਵਰ, ਸਰਾਪ ਤੇ ਕਰਾਮਾਤਾਂ ਦੀਆਂ ਮਨੋਕਲਪਿਤ ਸਾਖੀਆਂ ਸੁਣਾ ਕੇ ਅੰਧਵਿਸ਼ਵਾਸ ਫੈਲਾ ਕੇ ਆਰਥਕ ਸ਼ੋਸ਼ਣ ਕਰ ਰਹੇ ਹਨ। ਅੱਜ ਕੱਲ੍ਹ ਦੇ ਅਜਿਹੇ ਬਲਾਤਕਾਰੀ ਬਾਬੇ (ਰਾਮ ਰਹੀਮ, ਆਸਾ ਰਾਮ) ਅੱਜ ਜੇਲ੍ਹ ਦੀ ਹਵਾ ਖਾ ਰਹੇ ਹਨ। ਲੋੜ ਹੈ, ਪਖੰਡੀਆਂ ਨੂੰ ਛੱਡ ਕੇ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ 'ਤੇ ਚੱਲਣ ਦੀ। ਦੇਹਧਾਰੀ ਅੰਦਰ ਹਰ ਉਹ ਐਬ ਹੁੰਦਾ ਹੈ ਜੋ ਆਮ ਗ੍ਰਿਹਸਥੀ ਆਦਮੀ ਵਿਚ ਹੁੰਦਾ ਹੈ।

**ਸਾਨੂੰ ਫਜ਼ੂਲ ਖਰਚੀ ਤੋਂ ਬਚਣਾ ਚਾਹੀਦਾ ਹੈ। ਆਪਣੀ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਬਜ਼ੁਰਗਾਂ ਦੇ ਭੋਗਾਂ ਅਤੇ ਵਿਆਹ-ਸ਼ਾਦੀਆਂ 'ਤੇ ਫਜ਼ੂਲ ਖਰਚੀ ਨਹੀਂ ਕਰਨੀ ਚਾਹੀਦੀ; ਜਿਵੇਂ ਕਿਸੇ ਕਵੀ ਨੇ ਕਿਹਾ ਹੈ: ਸਾਦੇ ਵਿਆਹ ਤੇ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ। ਸਾਨੂੰ ਦੋ ਨੰਬਰ ਦੀ ਕਮਾਈ ਵਾਲੇ ਅਮੀਰਾਂ ਦੀ ਰੀਸ ਨਹੀਂ ਕਰਨੀ ਚਾਹੀਦੀ।**

ਸਿਆਸਤ ਦਾ ਸ਼ਬਦੀ ਅਰਥ ਹੈ ਕਿ ਅਸੀਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਕਿਵੇਂ ਹਲ ਕਰਨਾ ਹੈ, ਇਨ੍ਹਾਂ ਦਾ ਜੀਵਨ ਪੱਧਰ ਕਿਵੇਂ ਉਚਾ ਕਰਨਾ ਹੈ। ਅੱਜ ਹਰ ਪਾਰਟੀ ਦਾ ਸਿਆਸਤਦਾਨ ਆਪਣੇ ਘਰ ਭਰਨ ਵਿਚ ਲੱਗਾ ਹੋਇਆ ਹੈ। ਉਸ ਅਤੇ ਸਰਕਾਰ ਨੇ ਲੋਕਾਂ ਦੀ ਗੱਲ ਛੱਡ ਕੇ ਨਿੱਜ ਨੂੰ ਪਹਿਲ ਦਿੱਤੀ ਹੈ। ਗਿਆਨੀ ਸੋਹਣ ਸਿੰਘ ਸੀਤਲ ਨੇ ਇਨ੍ਹਾਂ ਲੀਡਰਾਂ ਦੀ ਤਰਜਮਾਨੀ ਕਲੀ ਦੀ ਇਕ ਲਾਈਨ ਵਿਚ ਹੀ ਕਰ ਦਿੱਤੀ ਹੈ:

ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ,
ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।

ਇਹ ਲਾਈਨ ਅਜ ਦੇ ਸਿਆਸੀ ਲੀਡਰਾਂ 'ਤੇ ਇੰਨ-ਬਿੰਨ ਢੁਕਦੀ ਹੈ। ਦੁੱਧ ਚੋਣ ਅਤੇ ਮਜ਼ਦੂਰੀ ਕਰਨ ਵਾਲੇ ਲੀਡਰ ਅੱਜ ਪਰਜਾ ਨੂੰ ਲੁੱਟ ਕੇ ਅਰਬਾਂ-ਖਰਬਾਂਪਤੀ ਬਣ ਗਏ ਹਨ। ਕਿਵੇਂ ਅਤੇ ਕਿਉਂ? ਵੋਟਰਾਂ ਨੂੰ ਇਹ ਵੀ ਸੋਚਣ ਦੀ ਲੋੜ ਹੈ। ਸੋਚੋ ਜ਼ਰਾ, ਕਿਸੇ ਵਿਚ ਲੀਡਰਾਂ ਨੂੰ ਪੁਛਣ ਦੀ ਜੁਰਅਤ ਹੈ?

ਅੱਜ ਸਾਡੀ ਜਵਾਨੀ ਅੱਗੇ ਨੰਗੇਜਵਾਦ, ਅਸ਼ਲੀਲਤਾ ਤੇ ਕਾਮ-ਉਕਸਾਊ ਲੱਚਰ ਗੀਤ ਪੇਸ਼ ਕਰਕੇ ਸਾਡੇ ਗੀਤਕਾਰਾਂ, ਗਾਇਕ, ਗਾਇਕਾਵਾਂ ਨੇ ਹਰ ਮੁੰਡੇ-ਕੁੜੀ ਨੂੰ ਮਿਰਜ਼ਾ ਸਾਹਿਬਾਂ ਬਣਾ ਦਿੱਤਾ ਹੈ। ਇਸੇ ਕਾਰਨ ਅੱਜ ਪ੍ਰੇਮੀ ਜੋੜੇ ਖੁਦਕੁਸ਼ੀਆਂ ਕਰ ਰਹੇ ਹਨ ਤੇ ਮਾਪਿਆਂ ਦੀ ਇੱਜਤ ਰੋਲ ਕੇ ਘਰਾਂ ਤੋਂ ਭੱਜ ਰਹੇ ਹਨ। ਇਸੇ ਲਈ ਅਣਖ ਖਾਤਰ ਕਤਲ ਹੋ ਰਹੇ ਹਨ। ਪੰਜਾਬ ਵਾਸੀਆਂ ਨੂੰ ਇਨ੍ਹਾਂ ਗੀਤਾਂ ਦਾ ਬਾਈਕਾਟ ਕਰਕੇ ਚੰਗੇ ਪੜ੍ਹੇ-ਲਿਖੇ ਵਿਗਿਆਨਕ ਸੋਚ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਨੂੰ ਸਮਰਪਿਤ ਰਾਗੀਆਂ, ਢਾਡੀਆਂ ਤੇ ਕਵੀਸ਼ਰਾਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ ਤਾਂ ਜੋ ਸਾਡੇ ਅਮੀਰ ਸਿੱਖ ਵਿਰਸੇ ਬਾਰੇ ਨੌਜਵਾਨ ਪੀੜ੍ਹੀ ਨੂੰ ਦੱਸਣ। ਇਉਂ ਨਵੀਂ ਪੀੜ੍ਹੀ ਨੂੰ ਨਰੋਈ ਸੇਧ ਮਿਲ ਸਕਦੀ ਹੈ।

ਅੱਜ ਦੀਆਂ ਸਮੱਸਿਆਵਾਂ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਇਨਸਾਫੀ, ਪ੍ਰਦੂਸ਼ਣ, ਪਾਣੀ ਦਾ ਸੰਕਟ, ਨੌਜਵਾਨਾਂ ਅੰਦਰ ਸ਼ੁਕਰਾਣੂਆਂ ਦਾ ਘਟਣਾ ਬਾਰੇ ਜਾਗਰੂਕਤਾ ਫੈਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਦਵਾਨ, ਢਾਡੀਆਂ ਆਦਿ ਦੀ ਸਰਪ੍ਰਸਤੀ ਕਰਨੀ ਚਾਹੀਦੀ ਹੈ। ਸਰਕਾਰ ਨੂੰ ਪਿੰਡਾਂ ਦੀ ਵਿਦਿਆ ਨੂੰ ਸੁਧਾਰਨ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਪਿੰਡਾਂ ਵਿਚ ਲੋੜਵੰਦਾਂ ਵਾਸਤੇ ਪ੍ਰਾਇਮਰੀ ਸਕੂਲ ਤੋਂ ਲੈ ਕੇ ਕਾਲਜ ਤਕ ਵਿਦਿਆ ਅਤੇ ਇਲਾਜ ਵਾਸਤੇ ਹਰ ਇਲਾਕੇ ਵਿਚ ਹਸਪਤਾਲ ਖੋਲ੍ਹਣੇ ਚਾਹੀਦੇ ਹਨ। ਇਉਂ ਲੋੜਵੰਦਾਂ ਵਿਚ ਸਿੱਖ ਧਰਮ ਦੀ ਵਿਗਿਆਨਕ ਸੋਚ ਦਾ ਅਮਲੀ ਰੂਪ ਵਿਚ ਪ੍ਰਚਾਰ ਵੀ ਹੋਵੇਗਾ ਤੇ ਵਿਦਿਆ ਪ੍ਰਾਪਤ ਕਰ ਸਕਣਗੇ। ਅੱਜ ਪੜ੍ਹਾਈ, ਵਾਹੀ ਤੇ ਦਵਾਈ ਬਹੁਤ ਮਹਿੰਗੀ ਹੋ ਗਈ ਹੈ। ਸ਼੍ਰੋਮਣੀ ਕਮੇਟੀ ਕੋਲ ਅਰਬਾਂ ਦਾ ਬਜਟ ਹੈ, ਇਸ ਨੂੰ ਸਾਰਥਕ ਕੰਮਾਂ 'ਤੇ ਖਰਚਣ ਦੀ ਲੋੜ ਹੈ। ਸਰਕਾਰ ਵੀ ਸਕੂਲ ਬਿਲਡਿੰਗ, ਚਾਰਦੀਵਾਰੀ ਤੇ ਫਰਨੀਚਰ ਦਾ ਪ੍ਰਬੰਧ ਕਰ ਕੇ ਸਕੂਲਾਂ ਵਿਚ ਯੋਗ ਅਧਿਆਪਕ ਭਰਤੀ ਕਰੇ ਜੋ ਵਿਸ਼ੇ ਵਿਚ ਮਾਹਿਰ ਹੋਣ ਅਤੇ ਪੜ੍ਹਾਈ ਕਰਵਾਉਣ ਨੂੰ ਸਮਰਪਿਤ ਹੋਣ।

ਪਿਛੇ ਜਿਹੇ ਜੰਮੂ ਕਸ਼ਮੀਰ ਤੋਂ 95 ਪ੍ਰਤੀਸ਼ਤ ਤੋਂ ਉਪਰ ਜਾਅਲੀ ਨੰਬਰ ਲੈਣ ਵਾਲੇ ਚੁਣੇ ਗਏ ਜਿਨ੍ਹਾਂ ਨੂੰ ਸ਼ੁੱਧ ਪੰਜਾਬੀ ਲਿਖਣੀ ਨਹੀਂ ਸੀ ਆਉਂਦੀ ਅਤੇ ਯੋਗ ਉਮੀਦਵਾਰ ਰਹਿ ਗਏ। ਫਰਾਂਸ ਵਿਚ 1789 ਵਿਚ ਅਧਿਆਪਕਾਂ ਨੇ ਲੋਕਾਂ ਨੂੰ ਵਿਦਿਆ ਰਾਹੀਂ ਜਾਗਰੂਕ ਕਰਕੇ ਇਨਕਲਾਬ ਲਿਆਂਦਾ ਸੀ। ਮੈਨੂੰ ਅਧਿਆਪਕ ਹੋਣ ਦੇ ਨਾਤੇ ਸਾਹਿਤ ਪੜ੍ਹਨ ਦਾ ਸ਼ੌਕ ਸੀ। ਮੈਂ ਸਕੂਲ ਵਿਚ 'ਪ੍ਰੀਤ ਲੜੀ' ਤੇ 'ਬਾਲ ਸੰਦੇਸ਼' ਪਰਚੇ ਲਵਾਏ ਹੋਏ ਸਨ। 'ਬਾਲ ਸੰਦੇਸ਼' ਵਿਚੋਂ ਹਰ ਰੋਜ਼ ਪ੍ਰਾਰਥਨਾ ਵੇਲੇ ਬੱਚਿਆਂ ਨੂੰ ਬਾਲ ਕਹਾਣੀਆਂ, ਕਵਿਤਾਵਾਂ, ਵਿਗਿਆਨਕ ਲੇਖ, ਚੁਟਕਲੇ ਆਦਿ ਸੁਣਾਉਣੇ। ਬੱਚੇ ਬੜੀ ਦਿਲਚਸਪੀ ਨਾਲ ਸੁਣਦੇ। 'ਬਾਲ ਸੰਦੇਸ਼' ਪੜ੍ਹ ਕੇ ਮੇਰੇ ਵਿਦਿਆਰਥੀ ਰਾਜਬੀਰ ਅਤੇ ਗੁਰਸੇਵਕ ਸਿੰਘ ਪੱਧਰੀ ਕਵਿਤਾ ਲਿਖਣ ਲੱਗ ਪਏ। ਗੁਰਸੇਵਕ ਸਿੰਘ ਪੱਧਰੀ ਤਾਂ ਅੱਜ ਕੱਲ੍ਹ ਨਾਮਵਰ ਕਵੀਸ਼ਰ ਬਣਿਆ ਹੋਇਆ ਹੈ। ਇਹ ਸਭ ਸਾਹਿਤਕ ਮਾਹੌਲ ਕਰਕੇ ਸੰਭਵ ਹੋ ਸਕਿਆ।

ਮੈਂ 1962 ਤੋਂ 'ਪ੍ਰੀਤ ਲੜੀ' ਪੜ੍ਹਨਾ ਸ਼ੁਰੂ ਕੀਤਾ ਜਿਸ ਨੇ ਮੈਨੂੰ ਜਾਦੂ-ਟੂਣਿਆਂ, ਅੰਧਵਿਸ਼ਵਾਸਾਂ ਤੇ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਸਾਧਾਂ ਦੇ ਦੱਸੇ ਅਨੁਸਾਰ, ਅੰਧਵਿਸ਼ਵਾਸੀ ਭਗਤਾਂ ਨੇ ਕੁੱਕੜ ਕਿਸੇ ਬੇ-ਆਬਾਦ ਜਗ੍ਹਾ 'ਤੇ ਬੰਨ੍ਹ ਜਾਣਾ। ਮੈਂ ਆਪਣੇ ਵਿਦਿਆਰਥੀਆਂ ਨੂੰ ਕਿਹਾ ਹੋਇਆ ਸੀ ਕਿ ਉਹ ਕੁੱਕੜ ਫੜ੍ਹ ਕੇ ਮੈਨੂੰ ਲਿਆ ਦੇਣ। ਅਜਿਹੇ ਕਈ ਕੁੱਕੜਾਂ ਨੂੰ ਮੈਂ ਤੜਕੇ ਲਾਏ। ਅੱਜ ਅੱਸੀ ਸਾਲ ਦੀ ਉਮਰ ਵਿਚ ਸਿਹਤ ਪੱਖੋਂ ਠੀਕ ਠਾਕ ਹਾਂ। ਇਹ ਪਖੰਡੀ ਸਾਧ, ਸਮਾਜ ਦੇ ਜ਼ਖਮ ਵਿਚ ਕੀੜੇ ਹਨ। ਜ਼ਖਮ ਨੂੰ ਠੀਕ ਕਰਨ ਵਾਸਤੇ ਵਿਗਿਆਨਕ ਸੋਚ ਵਾਲੀ ਵਿਦਿਆ ਰੂਪੀ ਟੀਕਾ ਨਾ ਲੱਗਿਆ ਤਾਂ ਇਹ ਕੀੜੇ ਕਦੇ ਖਤਮ ਨਹੀਂ ਹੋਣਗੇ। ਅੰਧਵਿਸ਼ਵਾਸੀ, ਵਹਿਮੀ ਅਤੇ ਜਾਦੂ-ਟੂਣੇ ਨੂੰ ਮੰਨਣ ਵਾਲਾ ਸਮਾਜ, ਇਨ੍ਹਾਂ ਸਾਧਾਂ ਦੀ ਜਰਖੇਜ਼ ਜ਼ਮੀਨ ਹੈ। ਇਹ ਇਨਸਾਨੀਅਤ ਦੇ ਦੁਸ਼ਮਣ ਹਨ।



ਸਾਨੂੰ ਫਜ਼ੂਲ ਖਰਚੀ ਤੋਂ ਬਚਣਾ ਚਾਹੀਦਾ ਹੈ। ਆਪਣੀ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਬਜ਼ੁਰਗਾਂ ਦੇ ਭੋਗਾਂ ਅਤੇ ਵਿਆਹ-ਸ਼ਾਦੀਆਂ 'ਤੇ ਫਜ਼ੂਲ ਖਰਚੀ ਨਹੀਂ ਕਰਨੀ ਚਾਹੀਦੀ; ਜਿਵੇਂ ਕਿਸੇ ਕਵੀ ਨੇ ਕਿਹਾ ਹੈ: ਸਾਦੇ ਵਿਆਹ ਤੇ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ। ਸਾਨੂੰ ਦੋ ਨੰਬਰ ਦੀ ਕਮਾਈ ਵਾਲੇ ਅਮੀਰਾਂ ਦੀ ਰੀਸ ਨਹੀਂ ਕਰਨੀ ਚਾਹੀਦੀ।

ਬੱਚਾ ਚਿੱਟੀ ਚਾਦਰ ਵਾਂਗ ਹੁੰਦਾ ਹੈ। ਪ੍ਰਿੰਸੀਪਲ ਜਗਦੀਸ਼ ਸਿੰਘ ਜੋ ਮਨੋਵਿਗਿਆਨ ਦੀ ਐਮ. ਏ. ਸਨ ਤੇ ਐਫ. ਸੀ. ਕਾਲਜ, ਲਾਹੌਰ ਪੜ੍ਹਾਉਂਦੇ ਸਨ, ਨੂੰ ਪ੍ਰੀਤ ਨਗਰ ਦੇ ਐਕਟਿਵਿਟੀ ਸਕੂਲ ਵਿਚ ਪ੍ਰਿੰਸੀਪਲ ਲਾ ਦਿੱਤਾ ਗਿਆ। ਉਨ੍ਹਾਂ ਕਿਤਾਬ ਲਿਖੀ: ਬੱਚੇ ਦੇ ਪਹਿਲੇ ਪੰਜ ਸਾਲ। ਇਸ ਵਿਚ ਉਨ੍ਹਾਂ ਆਲੇ-ਦੁਆਲੇ 'ਤੇ ਬੜਾ ਜ਼ੋਰ ਦਿੱਤਾ ਹੈ। ਅਧਿਆਪਕ ਅਤੇ ਮਾਪੇ ਖੁਦ ਨਸ਼ੇ ਨਾ ਪੀਣ। 'ਜਿਹੀ ਸੰਗਤ ਤਿਹੀ ਰੰਗਤ' ਵਾਲਾ ਮੁਹਾਵਰਾ ਇਸੇ ਕਰਕੇ ਹੀ ਬਣਿਆ ਹੈ। ਵਿਆਹਾਂ, ਸ਼ਾਦੀਆਂ ਵਿਚ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ। ਬੱਚਿਆਂ ਨੂੰ ਮਾਪੇ ਅਤੇ ਅਧਿਆਪਕ ਨਸ਼ਿਆਂ ਦੇ ਨੁਕਸਾਨਾਂ ਬਾਰੇ ਦੱਸਣ। ਉਨ੍ਹਾਂ ਨੂੰ ਫਿਲਮਾਂ ਵਿਚ ਸ਼ਰਾਬ ਪੀਣ ਵਾਲੇ ਦ੍ਰਿਸ਼ ਨਾ ਦਿਖਾਏ ਜਾਣ। ਬੱਚਿਆਂ ਨੂੰ ਨਰੋਆ ਸਾਹਿਤ ਪੜ੍ਹਨ ਦੀ ਲਗਨ ਲਾਈ ਜਾਵੇ। ਨੌਜਵਾਨ ਪੀੜ੍ਹੀ ਤਾਂ ਹੀ ਨਸ਼ਿਆਂ ਤੋਂ ਬਚਾਈ ਜਾ ਸਕਦੀ ਹੈ।

ਪਿੰਡ ਦੇ ਪੰਚ ਤੋਂ ਲੈ ਕੇ ਐਮ. ਪੀ. ਤਕ ਦੀ ਚੋਣ ਲੜਨ ਵਾਲੇ ਲੀਡਰ ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਨਾ ਕਰਨ। ਵੋਟਰਾਂ ਨੂੰ ਵੀ ਵੋਟ ਪਾਉਣ ਲਈ 'ਲੈਗ ਤੇ ਪੈਗ' ਤੋਂ ਬਚਣਾ ਚਾਹੀਦਾ ਹੈ। ਯੋਗ ਅਤੇ ਇਮਾਨਦਾਰ ਲੀਡਰਾਂ ਨੂੰ ਬਿਨਾ ਲਾਲਚ ਵੋਟਾਂ ਪਾਈਆਂ ਜਾਣ। ਪਿੰਡ ਦੀ ਪੰਚਾਇਤ ਚੋਣ ਵੇਲੇ ਸਾਨੂੰ ਕਿਸੇ ਲਾਲਚ ਵਿਚ ਆ ਕੇ ਵੋਟ ਨਹੀਂ ਪਾਉਣੀ ਚਾਹੀਦੀ। ਜਿਨ੍ਹਾਂ ਨੇ ਤੁਹਾਨੂੰ ਸ਼ਰਾਬ ਪਿਆਉਣੀ ਹੈ, ਉਨ੍ਹਾਂ ਨੇ ਮਾਂ ਦਾ ਸੂਤ ਨਹੀਂ ਵੇਚਿਆ। ਪਲਿਓਂ ਲੱਖਾਂ ਲਾਉਣ ਵਾਲਿਆਂ ਨੇ ਫਿਰ ਸੈਕਟਰੀ ਅਤੇ ਬੀ. ਡੀ. ਓ. ਨਾਲ ਮਿਲ ਕੇ ਫੰਡ ਹੀ ਖਾਣੇ ਹਨ, ਪਿੰਡ ਦਾ ਵਿਕਾਸ ਨਹੀਂ ਕਰਨਾ।

ਅੱਜ ਸਾਡਾ ਹਾਲ ਇਹ ਹੋ ਗਿਆ ਹੈ ਕਿ ਅਸੀਂ ਯੋਗ ਬੰਦੇ ਨੂੰ ਪੰਚ ਅਤੇ ਸਰਪੰਚ ਚੁਣਦੇ ਹੀ ਨਹੀਂ। ਸਾਡੀ ਜ਼ਮੀਰ ਮਰ ਗਈ ਹੈ। ਪਿੰਡ ਵਿਚ ਕੋਈ ਪੜ੍ਹਿਆ-ਲਿਖਿਆ, ਸੂਝਵਾਨ ਤੇ ਇਮਾਨਦਾਰ ਬੰਦਾ ਸਰਪੰਚੀ ਲਈ ਖੜ੍ਹਾ ਕਰ ਦਿਉ, ਜੋ ਸ਼ਰਾਬ ਨਾ ਪਿਆਵੇ। ਉਸ ਮੁਕਾਬਲੇ ਅਨਪੜ੍ਹ, ਜਾਹਲ ਤੇ ਬੇਈਮਾਨ ਸ਼ਰਾਬ ਪਿਆਉਣ ਵਾਲਾ ਖੜ੍ਹਾ ਕਰ ਦਿਉ। ਪੜ੍ਹੇ-ਲਿਖੇ, ਇਮਾਨਦਾਰ ਤੇ ਸੂਝਵਾਨ ਦੀ ਜ਼ਮਾਨਤ ਜ਼ਬਤ ਹੋ ਜਾਵੇਗੀ। ਸਾਡੇ ਸਮਾਜ ਨੂੰ 70 ਸਾਲਾਂ 'ਚ ਲੀਡਰਾਂ ਵਲੋਂ ਕਿਹੋ ਜਿਹੀ ਅਗਵਾਈ ਮਿਲੀ ਹੈ? 'ਚੋਰ ਉਚੱਕਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ' ਵਾਲੀ ਗੱਲ ਹੋਈ ਪਈ ਹੈ।

ਸਾਨੂੰ ਆਪਣੀ ਜ਼ਮੀਰ ਦੀ ਆਵਾਜ਼ ਸੁਣਨੀ ਪਵੇਗੀ ਅਤੇ ਆਪਣਾ ਆਪ ਪਛਾਣਨਾ ਪਵੇਗਾ; ਜਿਵੇਂ ਗੁਰਬਾਣੀ ਵਿਚ ਲਿਖਿਆ ਹੈ: ਮਨ ਤੂੰ ਜੋਤ ਸਰੂਪ ਹੈ ਆਪਣਾ ਮੂਲ ਪਛਾਣ॥ ਅਸਾਂ ਆਪਣੇ ਸਵੈਮਾਣ ਨੂੰ ਸਿਆਸੀ ਲੀਡਰਾਂ ਦੇ ਪੈਰਾਂ ਵਿਚ ਰੋਲ ਦਿੱਤਾ ਹੈ। ਮੈਂ ਆਪਣੇ ਦੋਸਤ ਦੇ ਲੜਕੇ ਦੀ ਰਿਸੈਪਸ਼ਨ 'ਤੇ ਗਿਆ। ਉਸ ਨੇ ਇਲਾਕੇ ਦੇ ਵਜ਼ੀਰ ਨੂੰ ਸੱਦਿਆ ਹੋਇਆ ਸੀ। ਵਜ਼ੀਰ ਨੇ ਆਪਣੀ ਜਗ੍ਹਾ ਆਪਣੇ ਲੜਕੇ ਨੂੰ ਭੇਜ ਦਿੱਤਾ ਜਿਸ ਨੂੰ ਉਹ ਆਪਣਾ ਰਾਜਨੀਤਕ ਵਾਰਸ ਬਣਾਉਣ ਲਈ ਦਾਅ-ਪੇਚਾਂ ਦੀ ਸਿਖਲਾਈ ਦੇ ਰਿਹਾ ਸੀ। ਜਿਉਂ ਹੀ ਵਜ਼ੀਰ ਦੇ ਲੜਕੇ ਨੇ ਗੇਟ ਵਿਚ ਪਰਵੇਸ਼ ਕੀਤਾ, ਭੂੰਡਾਂ ਦੇ ਖੱਖਰ ਵਾਂਗ ਧੌਲੀਆਂ ਦਾੜ੍ਹੀਆਂ ਵਾਲੇ ਡਿਗਦੇ-ਢਹਿੰਦੇ ਤੀਹ-ਬੱਤੀ ਸਾਲ ਦੇ ਉਸ ਮੁੰਡੇ ਦੇ ਗੋਡੀਂ ਹੱਥ ਲਾਈ ਜਾਣ। ਲਾਹਨਤ ਹੈ, ਆਪ ਵੋਟਾਂ ਪਾ ਕੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਾਇਆ, ਆਪ ਹੀ ਉਸ ਦੇ ਗੋਡੀਂ ਹੱਥ ਲਾ ਰਹੇ ਸਨ। ਕੁਰਸੀ 'ਤੇ ਬੈਠਾ ਸੋਚ ਰਿਹਾ ਸੀ ਕਿ ਕੋਈ ਬੁੱਤ-ਘਾੜਾ ਆਪ ਹੀ ਪੱਥਰ ਵਿਚੋਂ ਮੂਰਤੀ ਘੜ ਕੇ, ਆਪ ਹੀ ਉਸ ਨੂੰ ਕਿਸੇ ਧਰਮ ਸਥਾਨ 'ਤੇ ਰੱਖ ਕੇ ਤੇਲ ਪਾਈ ਜਾਂਦਾ ਹੈ ਤੇ ਧੂਫ-ਬੱਤੀਆਂ ਧੁਖਾਈ ਜਾਂਦਾ ਹੈ।

ਉਪਰੋਕਤ ਵਿਚਾਰੇ ਕਾਰਨਾਂ ਕਰਕੇ ਹੀ ਸਾਡਾ ਪੰਜਾਬ ਅੱਜ ਸੰਕਟ ਵਿਚ ਘਿਰਿਆ ਹੋਇਆ ਹੈ। ਬਹਾਦਰ ਅਤੇ ਅਣਖੀ ਪੰਜਾਬੀਆਂ ਨੂੰ ਇਨ੍ਹਾਂ ਕਾਰਨਾਂ ਨੂੰ ਦੂਰ ਕਰਕੇ ਪਿਆਰੇ ਪੰਜਾਬ ਨੂੰ ਇਸ ਭਿਆਨਕ ਸੰਕਟ ਵਿਚੋਂ ਕੱਢਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਪੰਜਾਬੀਆਂ ਵਿਚੋਂ ਹੀ ਕੋਈ ਸਰਾਭਾ, ਭਗਤ ਸਿੰਘ ਤੇ ਊਧਮ ਸਿੰਘ ਜ਼ਰੂਰ ਪੈਦਾ ਹੋਵੇਗਾ। ਆਮੀਨ!

# ਸਿੱਖ ਬੀਬੀਆਂ, ਲੋਹ-ਟੋਪ ਅਤੇ ਚੰਡੀਗੜ੍ਹ ਪ੍ਰਸ਼ਾਸਨ

ਸੜਕਾਂ 'ਤੇ ਆਵਾਜਾਈ ਦੇ ਅਸੂਲ ਜਾਂ ਨਿਯਮ ਪ੍ਰਬੰਧਕਾਂ ਵੱਲੋਂ ਇਸ ਲਈ ਬਣਾਏ ਜਾਂਦੇ ਹਨ ਤਾਂਕਿ ਸੜਕਾਂ 'ਤੇ ਹਰ ਕੋਈ ਆਉਣ-ਜਾਣ ਵਾਲਾ, ਪੈਦਲ ਜਾਂ ਵਾਹਨ ਚਲਾਉਣ ਵਾਲਾ ਸੁਰਖਿੱਅਤ ਆ-ਜਾ ਸਕੇ। ਇਸੇ ਲਈ ਸਮਝਦਾਰ ਸਰਕਾਰਾਂ ਜਾਂ ਟ੍ਰੈਫਿਕ ਨਾਲ ਜੁੜੇ ਪ੍ਰਬੰਧਕੀ ਅਮਲੇ ਅਤੇ ਟ੍ਰੈਫਿਕ ਪੁਲਿਸ ਦੀ ਕੋਸ਼ਿਸ਼ ਹੁੰਦੀ ਹੈ ਕਿ ਲੋਕ ਵੱਧ ਤੋਂ ਵੱਧ ਸਹੀ ਢੰਗ ਨਾਲ ਇਨ੍ਹਾਂ ਨਿਯਮਾਂ ਜਾਂ ਕਾਨੂੰਨ ਦੀ ਪਾਲਣਾ ਕਰਨ।

ਕੈਨੇਡਾ ਰਹਿੰਦਿਆਂ ਇੱਕ ਦਹਾਕਾ ਹੋ ਚੱਲਿਆ ਹੈ ਅਤੇ ਇਥੇ ਰਹਿੰਦਿਆਂ ਜਿੰਨੀ ਕੁ ਮੈਨੂੰ ਜਾਣਕਾਰੀ ਹੈ (ਹੋਰ ਪੱਛਮੀ ਮੁਲਕਾਂ ਬਾਰੇ ਵੀ ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ), ਇੱਥੇ ਡਰਾਈਵਿੰਗ ਲਾਈਸੈਂਸ ਲੈਣ ਤੋਂ ਪਹਿਲਾਂ ਲਿਖਤੀ



**ਡਾ. ਗੁਰਨਾਮ ਕੌਰ, ਕੈਨੇਡਾ**

ਇਮਤਿਹਾਨ ਦੇਣਾ ਪੈਂਦਾ ਹੈ ਜਿਸ ਤੋਂ ਇਹ ਦੇਖਿਆ ਜਾਂਦਾ ਹੈ ਕਿ ਲਾਈਸੈਂਸ ਦੇ ਚਾਹਵਾਨ ਨੂੰ ਟ੍ਰੈਫਿਕ ਨਿਯਮਾਂ ਦੀ ਕਿੰਨੀ ਕੁ ਜਾਣਕਾਰੀ ਹੈ। ਟੈਸਟ ਪਾਸ ਕਰਨ 'ਤੇ ਉਸ ਨੇ ਸਬੰਧਤ ਵਾਹਨ ਚਲਾਉਣ ਦੀ ਟਰੇਨਿੰਗ ਲੈਣੀ ਹੁੰਦੀ ਹੈ ਅਤੇ ਉਸ ਨੂੰ ਕਿਸੇ ਲਾਈਸੈਂਸਯਾਫਤਾ ਨਾਲ ਬੈਠ ਕੇ ਵਾਹਨ ਚਲਾਉਣ ਦੀ ਆਗਿਆ ਮਿਲ ਜਾਂਦੀ ਹੈ। ਉਪਰੰਤ ਉਹ ਵਾਹਨ ਚਲਾਉਣ ਦਾ ਅਮਲੀ ਇਮਤਿਹਾਨ ਦਿੰਦਾ ਹੈ। ਨਿੱਕੀ ਜਿਹੀ ਗਲਤੀ ਕਰਨ 'ਤੇ ਵੀ ਉਸ ਨੂੰ ਲਾਈਸੈਂਸ ਨਹੀਂ ਦਿੱਤਾ ਜਾਂਦਾ ਅਤੇ ਉਸ ਨੂੰ ਅਮਲੀ ਟੈਸਟ ਦੇਣ ਲਈ ਦੁਬਾਰਾ ਤਰੀਕ ਲੈਣੀ ਪੈਂਦੀ ਹੈ। ਪਾਸ ਹੋ ਜਾਣ 'ਤੇ ਹੀ ਉਸ ਨੂੰ ਲਾਈਸੈਂਸ ਮਿਲਦਾ ਹੈ। ਇਸ ਤੋਂ ਬਾਅਦ ਹਾਈ ਵੇਅ ਤੇ ਵਾਹਨ ਚਲਾਉਣ ਦਾ ਟੈਸਟ ਦੇਣ ਲਈ ਵਾਹਨ ਚਲਾਉਣ ਦੇ ਘੱਟੋ-ਘੱਟ ਤਜ਼ਰਬੇ ਦਾ ਸਮਾਂ ਬੰਨ੍ਹਿਆ ਹੋਇਆ ਹੈ। ਇਹ ਹੀ ਨਹੀਂ ਬਲਕਿ ਹਰ ਤਰ੍ਹਾਂ ਦਾ ਵਾਹਨ ਚਲਾਉਣ ਦਾ ਵੱਖਰਾ ਵੱਖਰਾ ਟੈਸਟ ਹੈ ਜਿਵੇਂ ਕਾਰ ਲਈ ਅਲੱਗ, ਟੈਕਸੀ ਲਈ ਅਲੱਗ, ਟਰੱਕ ਲਈ ਅਲੱਗ ਅਤੇ ਮੋਟਰ ਸਾਈਕਲ ਆਦਿ ਸਭ ਤਰ੍ਹਾਂ ਦੇ ਵਾਹਨਾਂ ਲਈ ਅਲੱਗ। ਇਸ ਸਭ ਦਾ ਮਕਸਦ ਵਾਹਨ ਚਲਾਉਣ ਵਾਲੇ ਕੋਲ ਵੱਧ ਤੋਂ ਵੱਧ ਮੁਹਾਰਤ ਹੋਣਾ, ਆਪਣੀ ਅਤੇ ਸੜਕ 'ਤੇ ਜਾਣ ਵਾਲੇ ਹੋਰਾਂ ਲੋਕਾਂ ਦੀ ਸੁਰੱਖਿਆ ਦਾ ਵੱਧ ਤੋਂ ਵੱਧ ਧਿਆਨ ਰੱਖਣਾ ਹੈ ਤਾਂ ਕਿ ਦੁਰਘਟਨਾ ਕਰਨ ਤੋਂ ਬਚਿਆ ਜਾ ਸਕੇ ਅਤੇ ਟ੍ਰੈਫਿਕ ਵਿਚ ਜਾਨੀ ਜਾਂ ਮਾਲੀ ਨੁਕਸਾਨ ਨਾ ਹੋਵੇ।

ਇਸੇ ਲਈ ਇਨ੍ਹਾਂ ਸਾਰੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਕਾਨੂੰਨ ਵੀ ਬਣਾਏ ਜਾਂਦੇ ਹਨ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਜੁਰਮਾਨੇ ਅਤੇ ਸਜਾਵਾਂ ਵੀ ਹੁੰਦੀਆਂ ਹਨ। ਇਸ ਦੇ ਬਾਵਜੂਦ ਹਾਦਸੇ ਵਾਪਰ ਜਾਂਦੇ ਹਨ, ਜੋ ਕਈ ਵਾਰੀ ਕੀਮਤੀ ਜਾਨਾਂ (ਜਾਨ ਕੀਮਤੀ ਹੀ ਹੁੰਦੀ ਹੈ ਕਿਉਂਕਿ ਇਹ ਜਨਮ ਤਾਂ ਦੁਬਾਰਾ ਨਹੀਂ ਮਿਲਣਾ) ਦਾ ਖੌਅ ਵੀ ਬਣ ਜਾਂਦੇ ਹਨ; ਜਿਵੇਂ ਪਿੱਛੇ ਜਿਹੇ ਅਜਿਹੀ ਹੀ ਅਣਗਹਿਲੀ ਕਾਰਨ ਇੱਕ ਵੈਨ ਵਿਚ ਵੱਡੀ ਗਿਣਤੀ ਵਿਚ ਜਾ ਰਹੇ ਕੈਨੇਡਾ ਦੇ ਹਾਕੀ ਖਿਡਾਰੀਆਂ ਨੂੰ ਜਾਨਾਂ ਤੋਂ ਅਜਾਈਂ ਹੱਥ ਧੋਣਾ ਪਿਆ, ਜਦੋਂ ਇੱਕ ਟਰੱਕ ਉਨ੍ਹਾਂ ਦੀ ਵੈਨ ਨਾਲ ਟਕਰਾ ਗਿਆ।

ਭਾਰਤ ਵਿਚ ਆਮ ਕਰਕੇ ਅਤੇ ਪੰਜਾਬ ਵਿਚ ਤਾਂ ਖਾਸ ਕਰਕੇ ਟ੍ਰੈਫਿਕ ਦਾ ਰੱਬ ਹੀ ਰਾਖਾ ਹੈ। ਪਹਿਲੀ ਗੱਲ ਡਰਾਈਵਿੰਗ ਲਾਈਸੈਂਸ ਲੈਣ ਲਈ ਸੌ ਚੋਰ-ਮੋਰੀਆਂ ਹਨ, ਕਿਉਂਕਿ ਸਬੰਧਤ ਅਦਾਰਿਆਂ ਵੱਲੋਂ ਨਿਯਮਾਂ ਦੀ ਸਖਤੀ ਨਾਲ ਪਾਲਣਾ ਨਹੀਂ ਕੀਤੀ ਜਾਂਦੀ; ਰਿਸ਼ਵਤਖੋਰੀ ਅਤੇ ਸਿਫਾਰਸ਼ਬਾਜੀ ਵੀ ਦੋ ਹੋਰ ਵੱਡੇ ਨੁਕਸ ਹਨ। ਸੜਕਾਂ ਦਾ ਮੰਦੜਾ ਹਾਲ ਹੈ ਕਿਉਂਕਿ ਸ਼ਾਹ-ਰਾਹਾਂ ਤੋਂ ਬਿਨਾ ਆਮ ਸੜਕਾਂ ਵੱਲ ਕਿਸੇ ਸਰਕਾਰ ਦਾ ਧਿਆਨ ਹੀ ਨਹੀਂ ਜਾਂਦਾ। ਸੜਕਾਂ ਤੰਗ ਹਨ ਤੇ ਵਾਹਨ ਜ਼ਿਆਦਾ, ਚਲਾਉਣ ਵਾਲੇ ਨਿਯਮਾਂ ਵੱਲੋਂ ਅਵੇਸਲੇ ਹੋ ਜਾਂਦੇ ਹਨ ਅਤੇ ਇੱਕ-ਦੂਸਰੇ ਤੋਂ ਅੱਗੇ ਨਿਕਲਣ ਦੀ ਦੌੜ ਤੇ ਹੋਰ ਅਜਿਹੀਆਂ ਗੱਲਾਂ ਕਾਰਨ ਪਤਾ ਨਹੀਂ ਪੰਜਾਬ ਵਿਚ ਕਿੰਨੀਆਂ ਜਾਨਾਂ ਸੜਕਾਂ 'ਤੇ ਵਾਪਰੇ ਹਾਦਸਿਆਂ ਵਿਚ ਹਰ ਸਾਲ ਚਲੀਆਂ ਜਾਂਦੀਆਂ ਹਨ। ਟ੍ਰੈਫਿਕ ਨਿਯਮਾਂ ਦੀ ਪਾਲਣਾ ਪ੍ਰਤੀ ਗੰਭੀਰਤਾ ਅਤੇ ਸੰਜੀਦਗੀ ਲੋਕਾਂ ਅਤੇ ਪ੍ਰਬੰਧਕਾਂ ਦੋਵਾਂ ਵੱਲੋਂ ਨਹੀਂ ਦਿਖਾਈ ਜਾਂਦੀ। ਕੋਈ ਠੀਕ ਰਫਤਾਰ 'ਤੇ ਜਾ ਰਿਹਾ ਹੈ ਜਾਂ ਨਹੀਂ, ਕਿਸੇ ਨੇ ਗੱਡੀ ਚਲਾਉਂਦਿਆਂ ਜਾਂ ਵਿਚ ਬੈਠਿਆਂ ਬੈਲਟ ਲਾਈ ਹੈ ਜਾਂ ਨਹੀਂ, ਦੋ-ਪਹੀਆ ਵਾਹਨ ਚਲਾਉਂਦਿਆਂ ਹੈਲਮਟ ਸਿਰ 'ਤੇ ਪਾਇਆ ਹੈ ਜਾਂ ਨਹੀਂ, ਦੀ ਕਿਸੇ ਨੂੰ ਪ੍ਰਵਾਹ ਹੀ ਨਹੀਂ ਹੁੰਦੀ। ਮੋਟਰਸਾਈਕਲ ਜਾਂ ਸਕੂਟਰ ਚਲਾ ਰਹੇ ਨੌਜੁਆਨਾਂ ਨੇ ਆਮ ਹੀ ਗਰਦਨ ਟੇਢੀ ਕਰਕੇ ਮੋਬਾਇਲ ਫੋਨ ਕੰਨ 'ਤੇ ਲਾਇਆ ਹੁੰਦਾ ਹੈ। ਪਟਿਆਲਾ ਸ਼ਹਿਰ ਤੋਂ ਪੰਜਾਬੀ ਯੂਨੀਵਰਸਿਟੀ ਤੱਕ ਦਾ ਫਾਸਲਾ ਮਸਾਂ ਪੰਜ ਕੁ ਕਿਲੋਮੀਟਰ ਹੋਵੇਗਾ ਅਤੇ ਹਰ ਰੋਜ਼ ਏਨੇ ਕੁ ਫਾਸਲੇ ਵਿਚ ਘੱਟੋ ਘੱਟ ਇੱਕ ਐਕਸੀਡੈਂਟ ਤਾਂ ਹੋਇਆ ਹੀ ਹੁੰਦਾ ਸੀ। ਸਾਡੀ ਯੂਨੀਵਰਸਿਟੀ ਦੀ ਬਹੁਤ ਹੀ ਜ਼ਿੰਦਾ-ਦਿਲ ਅਧਿਆਪਕਾ ਮੀਰਾ ਕਾਲੀਆ ਦੀ ਯੂਨੀਵਰਸਿਟੀ ਤੋਂ ਸੜਕ 'ਤੇ ਨਿਕਲਦਿਆਂ ਹੀ ਕਾਰ-ਐਕਸੀਡੈਂਟ ਵਿਚ ਮੌਤ ਹੋ ਗਈ ਸੀ ਅਤੇ ਕਾਰ ਨੂੰ ਚਲਾ ਰਿਹਾ ਪ੍ਰੋਫੈਸਰ ਬਹੁਤ ਲੰਬੇ ਸਮੇਂ ਤੱਕ ਸਰੀਰਕ ਅਤੇ ਦਿਮਾਗੀ ਤੌਰ 'ਤੇ ਆਮ ਹਾਲਤ ਵਿਚ ਨਹੀਂ ਸੀ ਆਇਆ। ਨਾਲ ਬੈਠੀਆਂ ਦੋ ਹੋਰ ਸਵਾਰੀਆਂ ਨੂੰ ਵਾਹਵਾ ਸੱਟਾਂ ਲੱਗੀਆਂ ਸਨ। ਯੂਨੀਵਰਸਿਟੀ ਕੈਂਟੀਨ ਵਾਲੇ ਸੇਵਕ ਰਾਮ, ਹੋਮੀਓਪੈਥੀ ਡਾਕਟਰ ਦੇ ਅਸਿਸਟੈਂਟ ਜੁਆਨ ਮੁੰਡੇ ਚਰਨਜੀਤ ਸਿੰਘ, ਭਾਸ਼ਾ-ਵਿਗਿਆਨ ਵਿਭਾਗ ਦੇ ਪ੍ਰੋਫੈਸਰ ਡਾ. ਐਸ. ਐਸ. ਜੋਸ਼ੀ, ਡਾ. ਸਰਬਜਿੰਦਰ ਸਿੰਘ ਦੀ ਵੱਡੀ ਬੇਟੀ ਵਫਾ ਦੀ ਮੌਤ ਅਜਿਹੇ ਹੀ ਹਾਦਸਿਆਂ ਵਿਚ ਹੋਈ ਸੀ। ਬੜੀਆਂ ਕੋਸ਼ਿਸ਼ਾਂ ਨਾਲ ਯੂਨੀਵਰਸਿਟੀ ਦੇ ਮੇਨ ਗੇਟ ਦੇ ਸਾਹਮਣੇ ਟ੍ਰੈਫਿਕ ਲਾਈਟਾਂ ਲੱਗ ਜਾਣ 'ਤੇ ਵੀ ਸੜਕ ਤੇ ਆਉਣ-ਜਾਣ ਵਾਲੇ ਵਹੀਕਲ ਨਹੀਂ ਸੀ ਰੁਕਦੇ ਹੁੰਦੇ ਅਤੇ ਕਿੰਨੀ ਕਿੰਨੀ ਦੇਰ ਸੜਕ ਪਾਰ ਕਰਨ ਲਈ ਇੰਤਜ਼ਾਰ ਕਰਨਾ ਪੈਂਦਾ ਸੀ। ਹੁਣ ਤਾਂ ਸੁਣਿਆ ਹੈ, ਯੂਨੀਵਰਸਿਟੀ ਸੜਕ 'ਤੇ ਵੀ ਫਲਾਈਓਵਰ ਬਣ ਗਿਆ ਹੈ।

ਦੇਸ਼ ਨੂੰ ਆਜ਼ਾਦੀ ਮੁਲਕ ਦੀ ਵੰਡ ਕਰਕੇ ਦੋ ਮੁਲਕ-ਹਿੰਦੁਸਤਾਨ ਅਤੇ ਪਾਕਿਸਤਾਨ ਬਣਾਉਣ ਦੇ ਰੂਪ ਵਿਚ ਮਿਲੀ, ਜਿਸ ਵਿਚ ਪੰਜਾਬ ਵੰਡ ਦਿੱਤਾ ਗਿਆ ਅਤੇ ਪੰਜਾਬ ਦੀ ਰਾਜਧਾਨੀ ਲਾਹੌਰ ਪੱਛਮੀ ਪੰਜਾਬ ਭਾਵ ਪਾਕਿਸਤਾਨ ਦੇ ਹਿੱਸੇ ਆ ਗਈ ਸੀ। ਪੰਜਾਬ ਨੂੰ ਨਵੀਂ ਰਾਜਧਾਨੀ ਪੰਜਾਬ ਦੇ ਅਨੇਕਾਂ ਪਿੰਡ ਉਜਾੜ ਕੇ ਚੰਡੀਗੜ੍ਹ ਨਾਂ ਦਾ ਨਵਾਂ ਸ਼ਹਿਰ ਬਣਾ ਕੇ ਦਿੱਤੀ ਗਈ। ਪਰ ਪੰਜਾਬ ਦੇ ਭਾਗਾਂ ਵਿਚ ਹਾਲੇ ਹੋਰ ਵੰਡਿਆ ਜਾਣਾ ਲਿਖਿਆ ਹੋਇਆ ਸੀ ਅਤੇ 1966 ਵਿਚ ਪੰਜਾਬੀ ਸੂਬਾ ਬਣਾਉਂਦਿਆਂ ਇਸ ਵਿਚੋਂ ਦੋ ਨਵੇਂ ਸੂਬੇ ਹਿਮਾਚਲ ਅਤੇ ਹਰਿਆਣਾ ਬਣ ਗਏ। ਮੁਲਕ ਦੀ ਵੰਡ ਤੋਂ ਬਾਅਦ ਆਰਜ਼ੀ ਤੌਰ 'ਤੇ ਪੰਜਾਬ ਦੀ ਰਾਜਧਾਨੀ ਰਿਹਾ ਸ਼ਿਮਲਾ ਹਿਮਾਚਲ ਦੀ ਰਾਜਧਾਨੀ ਬਣ ਗਿਆ ਪਰ ਕੇਂਦਰ ਨੇ ਜਿੱਥੇ ਪੰਜਾਬ ਨਾਲ ਪੰਜਾਬੀ ਸੂਬਾ ਬਣਾਉਣ ਵੇਲੇ ਹੋਰ ਕਈ ਧੱਕੇ ਕੀਤੇ ਉਥੇ ਲਾਹੌਰ ਦੇ ਬਦਲ ਵਿਚ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਚੰਡੀਗੜ੍ਹ, ਪੰਜਾਬ ਨੂੰ ਦੇਣ ਦੀ ਥਾਂ ਬਾਂਦਰ-ਵੰਡ ਕਰਦਿਆਂ ਹਰਿਆਣਾ ਅਤੇ ਪੰਜਾਬ ਦੋਵਾਂ ਦੀ ਰਾਜਧਾਨੀ ਬਣਾ ਕੇ ਕੇਂਦਰੀ ਪ੍ਰਬੰਧ ਹੇਠਾਂ ਲੈ ਆਂਦਾ ਗਿਆ। ਟ੍ਰੈਫਿਕ ਦੇ ਨਿਯਮ ਭਾਵੇਂ ਚੰਡੀਗੜ੍ਹ ਵਿਚ ਵੀ ਪੰਜਾਬ ਵਰਗੇ ਹੀ ਹਨ ਪਰ ਕੇਂਦਰੀ ਪ੍ਰਬੰਧ ਹੇਠ ਹੋਣ ਕਰਕੇ ਉਥੇ ਟ੍ਰੈਫਿਕ ਨਿਯਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਸਲਨ ਪੰਜਾਬ ਵਿਚ ਗੱਡੀ ਚਲਾਉਂਦਿਆਂ ਕੋਈ ਬੈਲਟ ਲਾਵੇ ਨਾ ਲਾਵੇ ਪਰ ਚੰਡੀਗੜ੍ਹ ਵਿਚ ਇਸ ਤਰ੍ਹਾਂ ਨਹੀਂ ਕਰ ਸਕਦੇ; ਪੰਜਾਬ ਵਿਚ ਰਾਤ ਸਮੇਂ ਗੱਡੀ ਚਲਾਉਂਦਿਆਂ ਹਰ ਇੱਕ ਨੇ ਹਾਈ ਬੀਮ 'ਤੇ ਗੱਡੀ ਦੀਆਂ ਲਾਈਟਾਂ ਜਗਾਈਆਂ ਹੁੰਦੀਆਂ ਹਨ ਪਰ ਚੰਡੀਗੜ੍ਹ ਵਿਚ ਹਾਈ ਬੀਮ 'ਤੇ ਲਾਈਟਾਂ ਜਗਾਉਣ 'ਤੇ ਚਲਾਨ ਕੱਟਿਆ ਜਾਂਦਾ ਹੈ। ਪੰਜਾਬ ਵਿਚ ਬਹੁਤੀ ਵਾਰ ਦੋ ਪਹੀਆ ਵਾਹਨ ਚਲਾਉਂਦਿਆਂ ਮਰਦ ਵੀ ਹੈਲਮਟ ਨਹੀਂ ਪਾਉਂਦੇ ਪਰ ਚੰਡੀਗੜ੍ਹ ਵਿਚ ਬੀਬੀਆਂ ਲਈ ਵੀ ਦੋ-ਪਹੀਆ ਵਾਹਨ ਚਲਾਉਂਦਿਆਂ ਹੈਲਮਟ ਪਾਉਣ ਦਾ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਕਿ ਬਦਕਿਸਮਤੀ ਨਾਲ ਜੇ ਕੋਈ ਦੁਰਘਟਨਾ ਹੋ ਜਾਵੇ ਤਾਂ ਸਿਰ ਦੀ ਸੱਟ ਤੋਂ ਬਚਾ ਹੋ ਸਕੇ। ਦੁਰਘਟਨਾ ਵੇਲੇ ਖਾਸ ਕਰਕੇ ਜੇ ਵਾਹਨ ਤੇਜ਼ ਰਫਤਾਰ ਵੀ ਹੋਵੇ ਤਾਂ ਸਭ ਤੋਂ ਭਿਆਨਕ ਸੱਟ ਸਿਰ ਨੂੰ ਲੱਗਦੀ ਹੈ ਜੋ ਕਈ ਵਾਰ ਮੌਤ ਦਾ ਕਾਰਨ ਵੀ ਬਣ ਜਾਂਦੀ ਹੈ।

ਦੁਰਘਟਨਾ ਕਦੋਂ ਹੋ ਜਾਵੇ ਕੋਈ ਪਤਾ ਨਹੀਂ ਹੁੰਦਾ। ਕਈ ਵਾਰ ਤੁਸੀਂ ਆਪ ਬਹੁਤ ਧਿਆਨ ਨਾਲ ਵਾਹਨ ਚਲਾ ਰਹੇ ਹੁੰਦੇ ਹੋ ਪਰ ਦੁਰਘਟਨਾ ਕਿਸੇ ਦੂਸਰੇ ਦੀ ਗਲਤੀ ਕਰਕੇ ਹੋ ਜਾਂਦੀ ਹੈ। ਇਸ ਅਚਾਨਕ ਮੁਸੀਬਤ ਤੋਂ ਬਚਣ ਲਈ ਹੀ ਟ੍ਰੈਫਿਕ ਦੇ ਨਿਯਮ ਬਣਾਏ ਜਾਂਦੇ ਹਨ। ਬਾਹਰਲੇ ਮੁਲਕਾਂ ਵਿਚ ਨਾ ਸਿਰਫ ਦੋ-ਪਹੀਆ ਵਾਹਨ ਚਲਾਉਣ ਵਾਲੇ ਲਈ ਬਲਕਿ ਪਿੱਛੇ ਬੈਠਣ ਵਾਲੇ ਲਈ ਵੀ ਹੈਲਮਟ ਪਹਿਨਣੀ ਜ਼ਰੂਰੀ ਹੈ।

ਪੰਜਾਬ ਵਿਚ ਹੁੰਦਿਆਂ ਜਦੋਂ ਵੀ ਕੋਈ ਟੈਲੀਵਿਜ਼ਨ ਚੈਨਲ ਚਾਲੂ ਕਰੀਦਾ ਸੀ ਤਾਂ ਆਮ ਤੌਰ 'ਤੇ ਹੀ ਇਸ਼ਤਿਹਾਰ ਦਿਖਾਉਂਦੇ ਸਮੇਂ ਹੈਲਮਟ 'ਤੇ ਵੀ ਇਸ਼ਤਿਹਾਰ ਆਉਂਦਾ ਹੁੰਦਾ ਸੀ, ਜਿਸ ਦੇ ਸ਼ੁਰੂ ਵਿਚ ਇੱਕ ਸਾਬਤ ਤਰਬੂਜ਼ ਜ਼ਮੀਨ ਤੇ ਡਿਗਦਾ ਦਿਖਾਇਆ ਜਾਂਦਾ ਸੀ। ਜ਼ਮੀਨ 'ਤੇ ਡਿਗਦੇ ਸਾਰ ਤਰਬੂਜ਼ ਖੱਖੜੀ ਖੱਖੜੀ ਹੋ ਜਾਂਦਾ ਸੀ, ਜੋ ਇਸ ਤੱਥ ਵੱਲ ਇਸ਼ਾਰਾ ਹੁੰਦਾ ਸੀ ਕਿ ਜੇ ਦੋ-ਪਹੀਆ ਵਾਹਨ ਚਲਾਉਂਦਿਆਂ ਹੈਲਮਟ ਨਹੀਂ ਪਾਉਗੇ ਤਾਂ ਚਲਾਉਣ ਵਾਲੇ ਦੇ ਸਿਰ ਨਾਲ ਵੀ ਇਸੇ ਤਰ੍ਹਾਂ ਵਾਪਰ ਸਕਦੀ ਹੈ। ਮੈਨੂੰ ਯਾਦ ਹੈ ਕਿ ਮੈਂ ਨਵਾਂ ਨਵਾਂ ਕਾਇਨੈਟਕ ਖਰੀਦਿਆ ਸੀ ਅਤੇ ਉਸ 'ਤੇ ਯੂਨੀਵਰਸਿਟੀ ਜਾਂਦਿਆਂ ਮੈਨੂੰ ਮਹਿਜ ਤਿੰਨ ਕੁ ਦਿਨ ਹੋਏ ਸੀ। ਰੇਡੀਓ ਸਟੇਸ਼ਨ ਵਾਲੀ ਸੜਕ ਤੋਂ ਮੁੱਖ ਸੜਕ ਨੂੰ ਪਾਰ ਕਰਦਿਆਂ ਅਚਾਨਕ ਸ਼ਹਿਰ ਵੱਲੋਂ ਤੇਜ਼ ਰਫਤਾਰ ਆ ਰਿਹਾ ਥਰੀ-ਵ੍ਹੀਲਰ ਮੇਰੇ ਕਾਇਨੈਟਕ ਨੂੰ ਸਾਈਡ ਤੋਂ ਟਕਰਾ ਕੇ ਅੱਗੇ ਲੰਘ ਗਿਆ ਅਤੇ ਮੈਂ ਸਮੇਤ ਸਕੂਟਰ ਬੁਰੀ ਤਰ੍ਹਾਂ ਸੜਕ ਨਾਲ ਜਾ ਵੱਜੀ। ਕੁਦਰਤੀ ਯੂਨੀਵਰਸਟੀ ਵੱਲੋਂ ਪੰਜਾਬੀ ਵਿਕਾਸ ਵਿਭਾਗ ਦੇ ਪ੍ਰਬੰਧਕੀ ਅਮਲੇ ਦਾ ਸੀਨੀਅਰ ਕਰਮਚਾਰੀ ਸ. ਜਗਤ ਸਿੰਘ ਆਪਣੇ ਸਕੂਟਰ 'ਤੇ ਆ ਰਿਹਾ ਸੀ ਜਿਸ ਨੇ ਮੇਰੀ ਸੜਕ ਤੋਂ ਉਠਣ ਵਿਚ ਮੱਦਦ ਕੀਤੀ ਅਤੇ ਉਥੇ ਹੀ ਕੁੱਝ ਵਿਦਿਆਰਥੀ ਵੀ ਆ ਗਏ ਜਿਨ੍ਹਾਂ ਨੇ ਮੇਰਾ ਸਕੂਟਰ ਸੰਭਾਲਿਆ। ਮੇਰਾ ਸਿਰ ਜਿੱਥੋਂ ਕੁ ਸੜਕ ਤੇ ਵੱਜਿਆ ਸੀ ਉਥੇ ਬਹੁਤ ਦਰਦ ਹੋ ਰਿਹਾ ਸੀ ਅਤੇ ਮੈਂ ਜਦੋਂ ਆਪਣੇ ਦੋਵਾਂ ਹੱਥਾਂ ਨਾਲ ਸਿਰ ਨੂੰ ਆਸਰਾ ਦੇਣ ਦੀ ਕੋਸ਼ਿਸ਼ ਕੀਤੀ ਤਾਂ ਸਿਰ ਵਿਚੋਂ ਨਿਕਲ ਰਿਹਾ ਖੂਨ ਮੇਰੀ ਕੂਹਣੀ ਤੱਕ ਪਹੁੰਚ ਗਿਆ। ਮੈਂ ਇੱਕ ਦਮ ਆਪਣਾ ਦੁਪੱਟਾ ਇਕੱਠਾ ਕਰਕੇ ਉਸ ਥਾਂ ਨੂੰ ਦੁਪੱਟੇ ਨਾਲ ਘੁੱਟ ਲਿਆ ਅਤੇ ਜਗਤ ਸਿੰਘ ਦੇ ਸਕੂਟਰ 'ਤੇ ਬੈਠ ਕੇ ਯੂਨੀਵਰਸਿਟੀ ਦੇ ਸਾਹਮਣੇ ਬਣੇ ਦੀਪ ਹਸਪਤਾਲ ਵਿਚ ਪਹੁੰਚੀ।

ਡਾਕਟਰ ਨੇ ਜ਼ਖਮ ਸਾਫ ਕਰਕੇ ਸੀਤਾ ਅਤੇ ਬਾਰਾਂ ਟੰਕੇ ਲੱਗੇ। ਸਿਰ ਉਤੇ ਪੂਰੇ ਪੱਗੜ ਜਿੱਡੀ ਪੱਟੀ ਬੰਨ੍ਹ ਦਿੱਤੀ। ਮਿੰਟੋ-ਮਿੰਟੀ ਵਿਭਾਗ ਵਿਚ ਖਬਰ ਹੋ ਗਈ ਤੇ ਸਾਰਾ ਅਮਲਾ ਹਸਪਤਾਲ ਪਹੁੰਚ ਗਿਆ। ਮੇਰੇ ਸਿਰ ਤੇ ਬੰਨ੍ਹੀ ਪੱਟੀ ਅਤੇ ਖੂਨ ਨਾਲ ਭਿੱਜੇ ਕੱਪੜੇ ਦੇਖ ਕੇ ਹਰ ਕੋਈ ਬਹੁਤ ਡਰ ਗਿਆ ਸੀ। ਮੈਂ ਸਕੂਟਰ ਚਲਾਉਣਾ ਵੀ ਜ਼ਾਰੀ ਰੱਖਿਆ ਅਤੇ ਹੈਲਮਟ ਵੀ ਨਹੀਂ ਪਹਿਨੀ। ਮੈਂ ਜਦੋਂ ਹੀ ਆਪਣੇ ਵਿਭਾਗ ਨੂੰ ਜਾਂਦੀ ਸੀ ਤਾਂ ਪੰਜਾਬੀ ਭਵਨ ਅੱਗੇ ਖੜ੍ਹੇ ਨਾਲ ਵਾਲੇ ਵਿਭਾਗਾਂ ਦੇ ਮੇਰੇ ਤੋਂ ਛੋਟੇ ਮੇਰੇ ਕੁਲੀਗ ਹਮੇਸ਼ਾ ਬੇਨਤੀ ਰੂਪ ਵਿਚ ਕਹਿੰਦੇ, "ਮੈਡਮ ਜੀ! ਜਾਂ ਤੇ ਸਕੂਟਰ ਚਲਾਉਣਾ ਛੱਡ ਕੇ ਗੱਡੀ ਲੈ ਲਵੋ; ਨਹੀਂ ਤੇ ਹੈਲਮਟ ਪਾਇਆ ਕਰੋ। ਅਸੀਂ ਆਪਣੀ ਸਿੱਖ ਸਕਾਲਰ ਖੋਣਾ ਨਹੀਂ ਚਾਹੁੰਦੇ।" ਤੇ ਮੈਂ ਹਮੇਸ਼ਾ ਹੱਸ ਕੇ ਕਹਿ ਦਿੰਦੀ, "ਤੁਹਾਨੂੰ ਪਤਾ ਹੈ ਜੇ ਮੈਂ ਹੈਲਮਟ ਪਾ ਲਈ ਤਾਂ ਮੇਰੀ ਸ਼ਿਕਾਇਤ ਅਕਾਲ ਤਖਤ ਸਾਹਿਬ 'ਤੇ ਹੋ ਜਾਵੇਗੀ ਅਤੇ ਮੈਨੂੰ ਗੱਡੀ ਨਾਲੋਂ ਸਕੂਟਰ ਚਲਾਉਣਾ ਸੌਖਾ ਲਗਦਾ ਹੈ।"




ਮੀਡੀਆ ਦੀਆਂ ਖ਼ਬਰਾਂ ਅਨੁਸਾਰ ਚੰਡੀਗੜ੍ਹ ਪੁਲਿਸ ਨੇ ਬੁੱਧਵਾਰ ਨੂੰ 128 ਬੀਬੀਆਂ ਦੇ ਚਲਾਨ ਕੱਟੇ ਜਿਹੜੀਆਂ ਬਿਨਾਂ ਹੈਲਮਟ ਪਹਿਨੇ ਦੋ-ਪਹੀਆ ਵਾਹਨ ਚਲਾ ਰਹੀਆਂ ਸਨ। ਚਲਾਨ ਕੱਟਣ ਦੇ ਨਾਲ ਹੀ ਪੁਲਿਸ ਨੇ ਚੇਤਨਾ ਅਭਿਆਨ ਵੀ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਚੇਤਨਾ ਅਭਿਆਨ 6 ਜੁਲਾਈ ਨੂੰ ਸ਼ੁਰੂ ਕੀਤਾ ਗਿਆ ਸੀ ਜਦੋਂ ਕੇਂਦਰੀ ਪ੍ਰਸ਼ਾਸਨ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ, ਜਿਸ ਰਾਹੀਂ ਦੋ-ਪਹੀਆ ਵਾਹਨ ਚਲਾਉਣ ਵਾਲੀਆਂ ਬੀਬੀਆਂ ਲਈ ਹੈਲਮਟ ਪਹਿਨਣਾ ਲਾਜ਼ਮੀ ਕਰਾਰ ਦਿੱਤਾ ਗਿਆ, ਉਨ੍ਹਾਂ ਸਿੱਖਾਂ ਨੂੰ ਛੋਟ ਦਿੰਦਿਆਂ, ਜਿਨ੍ਹਾਂ ਨੇ ਦਸਤਾਰ ਸਜਾਈ ਹੋਈ ਹੈ। ਚੇਤਨਾ ਅਭਿਆਨ ਦੀ ਆਖਰੀ ਤਰੀਕ 4 ਸਤੰਬਰ ਸੀ। ਇਸ ਵਿਚ ਮੋੜ ਉਦੋਂ ਆਇਆ ਜਦੋਂ ਵੱਖ ਵੱਖ ਸਿੱਖ ਅਦਾਰਿਆਂ, ਜਿਨ੍ਹਾਂ ਵਿਚ ਸਮੂਹ ਗੁਰਦੁਆਰਾ ਸੰਗਠਨ ਅਤੇ ਸ਼੍ਰੋਮਣੀ ਅਕਾਲੀ ਦਲ ਸ਼ਾਮਲ ਸਨ, ਦੇ 8 ਮੈਂਬਰਾਂ ਦਾ ਡੈਲੀਗੇਸ਼ਨ ਉਚ ਅਫਸਰਾਂ ਨੂੰ ਪੰਜਾਬ ਰਾਜ ਭਵਨ ਵਿਚ ਮਿਲਿਆ। ਚੰਡੀਗੜ੍ਹ ਪੁਲਿਸ ਇਸ ਡੈਲੀਗੇਸ਼ਨ ਨੂੰ ਯੂ.ਟੀ ਪ੍ਰਸ਼ਾਸਕ ਵੀ. ਪੀ. ਸਿੰਘ ਬਦਨੌਰ ਨੂੰ ਮਿਲਾਉਣ ਲੈ ਕੇ ਗਈ। 128 ਇਸਤਰੀਆਂ ਦਾ ਚਲਾਨ ਵੱਖ ਵੱਖ ਥਾਂਵਾਂ ਤੇ ਕੱਟਿਆ ਗਿਆ ਸੀ। ਅੱਠ ਮੈਂਬਰਾਂ ਦੇ ਡੈਲੀਗੇਸ਼ਨ ਨੂੰ ਪੰਜਾਬ ਰਾਜ ਭਵਨ ਯੂ. ਟੀ ਪ੍ਰਸ਼ਾਸਕ ਨੂੰ ਮਿਲਾਉਣ ਲਈ ਪੁਲਿਸ ਇਸ ਲਈ ਲੈ ਕੇ ਗਈ ਸੀ ਕਿ ਵੱਖ ਵੱਖ ਸਿੱਖ ਸਮੂਦਾਵਾਂ ਦੇ ਸੈਂਕੜੇ ਮੈਂਬਰਾਂ ਨੇ ਇਕੱਠੇ ਹੋ ਕੇ ਚਲਾਨਾਂ ਦੀ ਮੁਹਿੰਮ ਦੇ ਖਿਲਾਫ ਪੰਜਾਬ ਰਾਜ ਭਵਨ ਜਾਣ ਦੀ ਧਮਕੀ ਦਿੱਤੀ ਸੀ। ਇਨ੍ਹਾਂ ਮੈਂਬਰਾਂ, ਜਿਨ੍ਹਾਂ ਵਿਚ ਇਸਤਰੀਆਂ ਵੀ ਸ਼ਾਮਲ ਸਨ, ਨੇ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਤੇ ਨਾਹਰੇ ਲਿਖੇ ਹੋਏ ਸਨ ਕਿ ਉਹ ਹੈਲਮਟ ਨਹੀਂ ਪਹਿਨਣਗੀਆਂ।

ਬਹੁਤ ਸਾਲ ਹੋਏ ਜਦੋਂ ਪਹਿਲਾਂ ਵੀ ਇੱਕ ਵਾਰ ਇਸਤਰੀਆਂ ਵੱਲੋਂ ਹੈਲਮਟ ਪਹਿਨਣ ਦੇ ਖਿਲਾਫ ਅਭਿਆਨ ਚੱਲਿਆ ਸੀ, ਇੱਕ ਸਾਬਕਾ ਆਈ. ਏ. ਐਸ. ਅਫਸਰ ਸਾਡੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲੱਗੇ ਹੋਏ ਸਨ ਜੋ ਇੱਕ ਸਥਾਪਤ ਸਿੱਖ ਵਿਦਵਾਨ ਵੀ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਬੀਬੀਆਂ ਹੈਲਮਟ ਪਹਿਨਣ ਦੇ ਖਿਲਾਫ ਇਸ ਲਈ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਉਨ੍ਹਾਂ ਦੇ ਵਾਲਾਂ ਦਾ ਸਟਾਈਲ ਖਰਾਬ ਨਾ ਹੋ ਜਾਵੇ।

ਕੇਸ ਇੱਕ ਸਿੱਖ ਹੋਣ ਦੀ ਮਹਿਜ਼ ਨਿਸ਼ਾਨੀ ਹੀ ਨਹੀਂ ਹਨ ਬਲਕਿ ਪੰਜ ਕਕਾਰਾਂ ਵਿਚੋਂ ਇੱਕ ਕਕਾਰ ਹਨ। ਉਨ੍ਹਾਂ ਸਿੱਖ ਵੀਰਾਂ ਨੂੰ ਹੈਲਮਟ ਪਹਿਨਣ ਤੋਂ ਛੋਟ ਮਿਲਦੀ ਹੈ, ਜਿਹੜੇ ਸਿਰ 'ਤੇ ਦਸਤਾਰ ਸਜਾਉਂਦੇ ਹਨ; ਮਹਿਜ਼ ਨਾਮ ਦੇ ਪਿੱਛੇ 'ਸਿੰਘ' ਲਿਖਿਆ ਦੇਖ ਕੇ ਛੋਟ ਨਹੀਂ ਮਿਲਦੀ। 7-8 ਮੀਟਰ ਦੀ ਦਸਤਾਰ ਸਿਰ ਦੀ ਹਿਫਾਜ਼ਤ ਕਰਨ ਦੇ ਸਮਰੱਥ ਹੁੰਦੀ ਹੈ ਅਤੇ ਹੈਲਮਟ ਦਾ ਮਕਸਦ ਵੀ ਸਿਰ ਨੂੰ ਸੱਟ ਤੋਂ ਬਚਾਉਣਾ ਹੀ ਹੁੰਦਾ ਹੈ। ਜੇ ਸਿਰ 'ਤੇ ਪਟਕਾ ਬੰਨ੍ਹਿਆ ਹੋਵੇ ਜਾਂ ਛੋਟੀ ਕੇਸਕੀ ਬੰਨ੍ਹੀ ਹੋਵੇ, ਉਹ ਸੱਟ ਤੋਂ ਸਿਰ ਦੀ ਹਿਫਾਜ਼ਤ ਨਹੀਂ ਕਰ ਸਕਦੀ।

ਸਿੱਖ ਬੀਬੀਆਂ ਨੂੰ ਵੀ ਅਜਿਹੀ ਕੋਈ ਵੀ ਮੰਗ ਪ੍ਰਸ਼ਾਸਨ ਅੱਗੇ ਰੱਖਣ ਤੋਂ ਪਹਿਲਾਂ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਮਹਿਜ਼ ਨਾਂ ਦੇ ਪਿੱਛੇ 'ਕੌਰ' ਲੱਗ ਜਾਣ ਨਾਲ ਅਜਿਹੀ ਛੋਟ ਨਹੀਂ ਮਿਲਣੀ ਕਿਉਂਕਿ ਮਸਲਾ ਸਿਰ ਨੂੰ ਲੱਗਣ ਵਾਲੀ ਸੱਟ ਤੋਂ ਬਚਾਉਣ ਦਾ ਹੈ ਅਤੇ ਇਸ ਦਾ ਬਦਲ ਸਿਰ 'ਤੇ ਘੱਟੋ ਘੱਟ ਏਨੀ ਕੁ ਵੱਡੀ ਦਸਤਾਰ ਸਜਾਉਣਾ ਹੈ ਜੋ ਸਿਰ ਦੀ ਹਿਫਾਜ਼ਤ ਕਰ ਸਕੇ। ਇਸ ਲਈ ਇਹ ਤਾਂ ਤੈਅ ਹੀ ਸਮਝਣਾ ਚਾਹੀਦਾ ਹੈ ਕਿ ਹੈਲਮਟ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਦਸਤਾਰ ਸਜਾਉਣਾ ਹੈ। ਪਰ ਅਸੀਂ ਆਮ ਦੇਖਦੇ ਹਾਂ ਕਿ ਬਹੁਤ ਸਾਰੀਆਂ ਸਿੱਖ ਬੀਬੀਆਂ ਨੇ ਤਾਂ ਅੱਜ ਕੱਲ ਕੇਸਾਂ ਦੀ ਬੇਅਦਬੀ ਹੀ ਕੀਤੀ ਹੁੰਦੀ ਹੈ।

---

## ਪੀ. ਆਰ.

"ਨੀ ਆਹ ਰੂਪ ਦੀ ਕੁੜੀ ਨੇ ਕੀ ਲੋਹੜਾ ਮਾਰਿਆ, ਸੁਣਿਆ ਬਾਹਰਲੇ ਮੁਲਖ ਆਲੇ ਬੰਦੇ ਨਾਲ ਵਿਆਹ ਕਰਾ ਲਿਆ।" ਤਾਈ ਬਚਨੋ ਨੇ ਤੰਦੂਰ 'ਤੇ ਰੋਟੀ ਲਾਉਣ ਆਈ ਨੇ ਪਹਿਲਾਂ ਹੀ ਬੈਠੀਆਂ 4-5 ਜਨਾਨੀਆਂ ਨੂੰ ਸਵਾਲ ਕੀਤਾ।

"ਹਾਂ ਤਾਈ, ਸੁਣਿਆ ਤਾਂ ਹੈ ਪਰ ਕਿਸੇ ਦੀ ਧੀ-ਭੈਣ ਨੂੰ ਆਪਾਂ ਕਾਹਨੂੰ ਚੰਗਾ-ਮਾੜਾ ਕਹਿਣਾ। ਹਵਾ ਤਾਂ ਚੰਦਰੀ ਆਪਣੇ ਮਾੜੀ ਹੋਈ ਪਈ ਆ, ਉਹ ਤਾਂ ਬਾਹਰਲਾ ਮੁਲਖ ਆ। ਉਥੇ ਤਾਂ ਸੁਣਿਆ ਕੋਈ ਰੋਕ-ਟੋਕ ਹੀ ਨਹੀਂ।" ਸ਼ਿੰਦੋ ਨੇ ਸੁਣੀ ਸੁਣਾਈ ਕਹਿ ਦਿੱਤੀ।

"ਭਾਈ ਇੱਕ ਗੱਲ ਦੱਸੋ, ਬਾਹਰਲੇ ਮੁਲਕ ਦੀਆਂ ਤੀਵੀਆਂ ਨੂੰ ਤਾਂ ਮੇਮਾਂ ਕਹਿੰਦੇ ਆ, ਬੰਦਿਆਂ ਨੂੰ ਕੀ ਬੋਲਦੇ ਆ?" ਬਚਨੋ ਨੇ ਨਵਾਂ ਸਵਾਲ ਕੱਢ ਮਾਰਿਆ ਪਰ ਕਿਸੇ ਨੂੰ ਵੀ ਨਹੀਂ ਸੀ ਪਤਾ, ਸੱਭੇ ਦੰਦ ਕੱਢਣ ਲੱਗੀਆਂ।

ਕਈ ਦਿਨਾਂ ਤੋਂ ਸਾਰੇ ਪਿੰਡ ਦੇ ਮੂੰਹ 'ਤੇ ਇੱਕੋ ਗੱਲ ਸੀ, ਹੱਟੀ ਭੱਠੀ ਅਤੇ ਸੱਥ ਵਿਚ ਹਰ ਕੋਈ ਰੂਪ ਦੀ ਕੁੜੀ ਦੀ ਕਹਾਣੀ ਦੁਹਰਾ ਰਿਹਾ ਸੀ। ਰੂਪ ਸਿੰਘ ਦੀ ਵੱਡੀ ਕੁੜੀ ਨਿੰਦਰ ਪੜ੍ਹੀ-ਲਿਖੀ ਅਤੇ ਸੋਹਣੀ ਸੁਨੱਖੀ ਸੀ। ਇਧਰ ਨੌਕਰੀ ਨਾ ਮਿਲਣ ਕਰਕੇ ਉਹ ਵੀ ਹੋਰਨਾਂ ਵਾਂਗ ਕੈਨੇਡਾ ਚਲੀ ਗਈ। ਦੋ ਕੁ ਸਾਲ ਬਾਅਦ ਉਸ ਨੇ ਉਧਰਲੇ ਮੁੰਡੇ ਨਾਲ ਵਿਆਹ ਕਰਾ ਲਿਆ।

ਹੌਲੀ ਹੌਲੀ ਗੱਲ ਸਾਰੇ ਪਿੰਡ ਵਿਚ ਫੈਲ ਗਈ। ਲੋਕ ਆਨੇ-ਬਹਾਨੇ ਰੂਪ ਦੇ ਘਰ ਗੇੜੇ ਮਾਰਨ ਲੱਗੇ। ਭਾਵੇਂ ਮੂੰਹ 'ਤੇ ਤਾਂ ਕੋਈ ਕੁਝ ਨਾ ਕਹਿੰਦਾ ਪਰ ਸਾਰਾ ਟੱਬਰ ਜਾਣਦਾ ਸੀ ਕਿ ਇਹ ਕਿਉਂ ਹੋ ਰਿਹਾ ਹੈ। ਇੱਕ ਤਾਂ ਲੋਕਾਂ ਦੀਆਂ ਗੱਲਾਂ, ਛੋਟੀ ਕੁੜੀ ਰਾਜਿੰਦਰ ਦੇ ਹੋਏ ਰਿਸ਼ਤੇ ਦਾ ਡਰ ਸੀ, ਕੋਈ ਭਾਨੀ ਮਾਰ ਨਾ ਪਹੁੰਚ ਜਾਵੇ। ਸਭ ਤੋਂ ਵੱਡੀ ਔਕੜ ਸੀ ਕਿ ਕੱਲ੍ਹ ਨੂੰ ਜੁਆਨ ਹੋ ਰਹੇ ਮੁੰਡੇ ਨੂੰ ਕੋਈ ਬੋਲੀ ਨਾ ਮਾਰ ਦੇਵੇ ਤੇ ਕੁਝ ਅਣਹੋਣੀ ਹੋ ਜਾਵੇ। ਅਖੀਰ ਹਿੱਕ 'ਤੇ ਪੱਥਰ ਰੱਖ ਘਰ ਨੂੰ ਜਿੰਦਰਾ ਮਾਰ ਦੁਰਾਡੇ ਸ਼ਹਿਰ ਵਸਣ ਦਾ ਫੈਸਲਾ ਕਰ ਲਿਆ। ਸੁਵੱਖਤੇ ਹੀ ਸਮਾਨ ਲੱਦ ਨਵੇਂ ਟਿਕਾਣੇ ਵੱਲ ਚਾਲੇ ਪਾ ਦਿੱਤੇ। ਸ਼ਾਮ ਨੂੰ ਸਮਾਨ ਉਤਾਰ ਬੈਠੇ ਹੀ ਸਨ ਕਿ ਨਿੰਦਰ ਦਾ ਫੋਨ ਆ ਗਿਆ ਕਿ ਵਿਆਹ ਦੇ ਆਧਾਰ 'ਤੇ ਉਸ ਨੂੰ ਪੀ. ਆਰ. ਮਿਲ ਗਈ ਹੈ, ਉਹ ਬੜੀ ਖੁਸ਼ ਸੀ। ਧੀ ਨੂੰ ਪੀ. ਆਰ. ਮਿਲਣ ਦੀ ਖੁਸ਼ੀ ਸੀ ਪਰ ਸਾਹਮਣੇ ਪਏ ਸਮਾਨ ਨੂੰ ਵੇਖ ਰੂਪ ਸਿੰਘ ਦੀਆਂ ਅੱਖਾਂ ਵਿਚ ਮੋਟੇ-ਮੋਟੇ ਹੰਝੂ ਆ ਗਏ ਜੋ ਟੱਬਰ ਸਮੇਤ ਪਰਵਾਸੀ ਹੋ ਗਿਆ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

---

## ਦੋ ਰੁਬਾਈਆਂ

ਅਸਲ ਆਜ਼ਾਦੀ ਕਦ ਆਵੇਗੀ,
ਕਰਦੇ ਰਹੇ ਉਡੀਕਾਂ।
ਯੁਗਾਂ ਯੁਗਾਂ ਤੋਂ ਚੰਚਲ ਯੁਵਤੀ,
ਪਾਉਂਦੀ ਰਹੀ ਤਰੀਕਾਂ।
ਜਦ ਤਾਈਂ ਸਰਮਾਏਦਾਰੀ
ਬੈਠੀ ਖੰਭ ਖਿਲਾਰੀ,
'ਨਵਰਾਹੀ' ਬੰਦ ਹੋਣ ਕਿਸ ਤਰ੍ਹਾਂ
ਮਾਸੂਮਾਂ ਦੀਆਂ ਚੀਕਾਂ?

---

ਮੇਰੇ ਘਰ ਤੋਂ ਤੇਰੇ ਘਰ ਤੱਕ,
ਪੰਜ ਮਿੰਟਾਂ ਦਾ ਰਸਤਾ।
ਐਪਰ ਮੈਨੂੰ ਆਉਣਾ ਪੈਂਦਾ,
ਆਹਿਸਤਾ ਆਹਿਸਤਾ।
ਕਿਉਂਕਿ ਰਾਹ ਵਿਚ ਬੜੀਆਂ ਰੋਕਾਂ,
ਟੋਏ, ਟਿੱਬੇ ਸਹਿਰਾਅ,
'ਨਵਰਾਹੀ' ਕੰਡਿਆਲੀਆਂ ਵਾੜਾਂ
ਵਿਚ ਸੁੰਦਰ ਗੁਲਦਸਤਾ।

*-ਨਵਰਾਹੀ ਘੁਗਿਆਣਵੀ*
*ਫੋਨ: 91-98150-02302*

ਕਹਾਣੀ

# ਪੌਂਡਾਂ ਦੀ ਜੰਗ

**ਗੁਰਦੀਪ ਸਿੰਘ ਪੁਰੀ**

ਮੈਂ ਉਸ ਨੂੰ ਅਚਾਨਕ ਹੀ ਪੁੱਛ ਬੈਠਾ, "ਇੰਡੀਆ ਗਿਆਂ ਨੂੰ ਕਿੰਨੇ ਕੁ ਸਾਲ ਹੋ ਗਏ?"

"ਤੁਹਾਨੂੰ ਇੰਡੀਆ ਤੋਂ ਆਇਆਂ ਨੂੰ ਕਿੰਨੇ ਸਾਲ ਹੋ ਗਏ?" ਉਸ ਜੁਆਬ ਦੇਣ ਦੀ ਥਾਂ ਸੁਆਲ ਦਾ ਤੀਰ ਮੇਰੇ ਵੱਲ ਸਿੱਧਾ ਕਰ ਦਿੱਤਾ।

"ਬਹੁਤ ਚਿਰ ਹੋ ਗਿਆ। ਇੰਨਾ ਲੰਮਾ ਵਕਫਾ ਤਾਂ ਮੈਂ ਕਦੇ ਕਿਆਸਿਆ ਵੀ ਨਹੀਂ ਸੀ। ਜਦੋਂ ਇੰਡੀਆ ਤੋਂ ਤੁਰਿਆ ਸਾਂ ਤਾਂ ਸੋਚਿਆ ਸੀ, ਹਰ ਸਾਲ ਚੱਕਰ ਮਾਰਿਆ ਕਰਾਂਗਾ, ਪਰ ਇਥੇ ਐਵੇਂ ਉਠਣ-ਬੈਠਣ ਦੇ ਆਹਰ ਵਿਚ ਹੀ ਚਾਰ ਸਾਲ ਲੰਘ ਗਏ।"

"ਬਸ ਚਾਰ ਸਾਲਾਂ ਵਿਚ ਹੀ ਉਦਾਸੇ ਗਏ।"

"ਚਾਰ ਸਾਲਾਂ ਦਾ ਵਕਫਾ ਕਿਤੇ ਥੋੜ੍ਹਾ ਹੁੰਦੈ। ਸੱਚ ਪੁੱਛੋਂ ਤਾਂ ਮੈਂ ਇੱਥੇ ਮਾਨਸਿਕ ਤੌਰ 'ਤੇ ਚਾਰ ਦਿਨ ਵੀ ਨਹੀਂ ਰਿਹਾ। ਸੋਚਿਆ ਕੀ ਸੀ, ਵੇਖਿਆ ਕੀ ਹੈ-ਜਾਪਦੈ ਇਥੋਂ ਦਾ ਨਰਕ ਵੇਖਦਿਆਂ ਵੇਖਦਿਆਂ ਘਰਾਂ ਦੀਆਂ ਮੰਮਟੀਆਂ ਢਹਿ ਢੇਰੀ ਹੋ ਜਾਣਗੀਆਂ।"

"ਬੜੀ ਗੰਭੀਰ ਗੱਲ ਕਹਿ ਦਿੱਤੀ ਹੈ ਤੁਸਾਂ, ਜਾਪਦੈ ਸਾਹਿਤ ਦੇ ਸ਼ੌਕੀਨ ਹੋ।"

"ਸ਼ੌਕੀਨ ਹੀ ਨਹੀਂ, ਸਾਹਿਤ ਲਿਖਦਾ ਵੀ ਹਾਂ।"

"ਕੀ ਲਿਖਦੇ ਹੋ?"

"ਕਵਿਤਾ, ਕਹਾਣੀ ਅਤੇ ਕਲਾ ਨਾਲ ਸਬੰਧਤ ਹਰ ਚੀਜ਼ 'ਤੇ ਕਲਮ ਅਜ਼ਮਾ ਲਈਦੀ ਹੈ।"

"ਮੈਂ ਵੀ ਕਾਲਜ ਵਿਚ ਬਹੁਤ ਲਿਖਦੀ ਹੁੰਦੀ ਸੀ। ਉਡਣ ਪਰੀ ਸੀ ਮੈਂ ਕਾਲਜ ਦੀ। ਹਰ ਖੇਤਰ ਵਿਚ ਮੋਹਰੇ। ਡਰਾਮਾ, ਗੀਤ, ਸੰਗੀਤ, ਖੇਡਾਂ, ਐਨ. ਸੀ. ਸੀ., ਗਿੱਧਾ-ਬਸ ਪੁੱਛੋ ਨਾ! ਮਾਂ-ਬਾਪ ਦੀ ਬੜੀ ਲਾਡਲੀ ਧੀ ਸੀ। ਪੜ੍ਹਾਈ ਵਿਚ ਵੀ ਉਂਗਲਾਂ 'ਤੇ ਗਿਣੀ ਜਾਂਦੀ ਸਾਂ।"

"ਉਂਗਲਾਂ 'ਤੇ ਤਾਂ ਤੁਸੀਂ ਹੁਣ ਵੀ ਗਿਣੇ ਜਾਂਦੇ ਹੋ।"

"ਹੁਣ ਕੌਣ ਗਿਣਦੈ!"

"ਹੀਰੇ ਦੀ ਪਰਖ ਕੋਈ ਪਾਰਖੂ ਹੀ ਕਰ ਸਕਦੈ।"

"ਜਾਪਦੈ ਮਸਤਕ ਦੀ ਅਜੇ ਤੀਜੀ ਅੱਖ ਕੰਮ ਕਰਦੀ ਹੈ।"

"ਅਜੇ ਮੈਨੂੰ ਇਥੋਂ ਦੇ 'ਪੌਂਡਾਂ ਦੀ ਜੰਗ' ਨਹੀਂ ਲੱਗੀ ਸ਼ਾਇਦ ਇਸ ਕਰਕੇ ਅਜੇ ਕੁਝ ਸੋਚਿਆ, ਕੁਝ ਪਰਖਿਆ ਜਾ ਸਕਦੈ।"

"ਤੇਰੇ ਲਈ ਮੈਂ ਇਕ ਦੁਆ ਕਰਦੀ ਆਂ।"

"ਦੁਆ...ਮੇਰੇ ਲਈ।"

"ਹਾਂ।"

"ਕੇਹੀ ਦੁਆ?"

"ਰੱਬ ਕਰੇ, ਤੈਨੂੰ ਇਥੋਂ ਦੇ 'ਪੌਂਡਾ ਦੀ ਜੰਗ' ਲੱਗੇ ਵੀ ਨਾ।"

ਤੇ ਉਹ ਗੰਭੀਰ ਹੋ ਗਈ। ਮੈਂ ਉਸ ਨੂੰ ਮੁੜ ਬੁਲਾਉਣਾ ਚਾਹੁੰਦਾ ਸੀ, ਪਰ ਹਿੰਮਤ ਨਾ ਹੋਈ। ਮੇਰੇ ਲਈ ਉਸ ਇਹ ਦੁਆ ਕਾਹਤੋਂ ਮੰਗੀ। ਲੋਕ ਤਾਂ ਪੌਂਡ ਇਕੱਠੇ ਕਰਨ ਲਈ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ ਤੇ ਫਿਰ ਅੱਜ ਦੇ ਯੁੱਗ ਵਿਚ ਇਕੋ ਹੀ ਤਾਂ ਦੌੜ ਹੈ-ਪੈਸੇ ਦੀ ਦੌੜ। ਪਰ ਇਹ ਮੇਰੇ ਲਈ ਦੁਆ ਮੰਗ ਰਹੀ ਹੈ, "ਰੱਬ ਕਰੇ, ਤੈਨੂੰ ਇਥੋਂ ਦੇ 'ਪੌਂਡਾਂ ਦੀ ਜੰਗ' ਲੱਗੇ ਵੀ ਨਾ।"

ਦਰਅਸਲ ਇਥੇ ਮੈਨੂੰ ਕੰਮ ਕਰਦਿਆਂ ਨੂੰ ਅਜੇ ਕੁਝ ਹਫਤੇ ਹੀ ਹੋਏ ਹਨ। ਮੈਂ ਬਹੁਤਾ ਗੋਰਿਆਂ ਨਾਲ ਡੀਲ ਕਰਦਾ (ਵਰਤਦਾ) ਹਾਂ। ਇਹ ਤਾਂ ਮੇਰੀ ਕੁਲੀਗ ਹੈ, ਸੱਬੀ, ਜੋ ਬੱਸ 2-3 ਘੰਟੇ ਮੇਰੇ ਨਾਲ ਹੱਥ ਵਟਾਉਣ ਆਉਂਦੀ ਹੈ। ਰਸ਼ ਕੱਢੀ ਜਾਂਦੀ ਹੈ ਤੇ ਫੇਰ ਮੈਨੂੰ ਇਕੱਲੇ ਨੂੰ ਛੱਡ ਦੁਕਾਨ ਦੇ ਦੂਸਰੇ ਹਿੱਸੇ ਵਿਚ ਸਾਮਾਨ ਲਿਆਉਣ, ਟਿਕਾਉਣ ਤੇ ਸ਼ੈਲਫਾਂ ਭਰਨ ਵਿਚ ਜੁੱਟ ਜਾਂਦੀ ਹੈ। ਮੈਂ ਇਸ ਨੂੰ ਕਦੀ ਵਿਹਲੀ ਖੜ੍ਹੀ ਨਹੀਂ ਦੇਖਿਆ, ਕਦੇ ਵਿਹਲੀ ਬੈਠੀ ਨਹੀਂ ਦੇਖਿਆ। ਸਵੇਰ ਤੋਂ ਸ਼ਾਮ ਤੱਕ ਭੰਬੀਰੀ ਬਣੀ ਰਹਿੰਦੀ ਹੈ। ਪਤਾ ਨਹੀਂ ਰੱਬ ਨੇ ਇਸ ਨੂੰ ਕੇਹੀ ਮਿੱਟੀ ਦਾ ਬਣਾਇਆ ਹੈ, ਥੱਕਦੀ ਹੀ ਨਹੀਂ!

ਸੱਬੀ ਦਾ ਅਸਲ ਨਾਂ ਸਰਬਜੀਤ ਹੈ। ਭਰ ਜੁਆਨ ਹੈ। ਦੋ ਬੱਚਿਆਂ ਦੀ ਮਾਂ ਹੈ। ਪਤੀ ਅਲੱਗ ਦੁਕਾਨ ਕਰਦਾ ਹੈ। ਬੱਸ ਸਵੇਰੇ ਘਰੋਂ ਇਕੱਠੇ ਨਿਕਲਦੇ ਹਨ ਤੇ ਰਾਤੀਂ ਇਕੱਠੇ ਘਰ ਚਲੇ ਜਾਂਦੇ ਹਨ। ਸਿਰਫ ਰਾਤ ਕੱਟਣ ਹੀ ਘਰ ਜਾਂਦੇ ਹਨ। ਹਫਤੇ ਦੇ ਸੱਤੇ ਦਿਨ, ਸਾਲ ਦੇ 365 ਦਿਨ ਬਸ ਦੁਕਾਨਾਂ ਵਿਚ ਕੰਮ ਕਰਦੇ ਹਨ। ਬੱਚੇ ਘਰੋਂ ਸਕੂਲ, ਸਕੂਲ ਤੋਂ ਦੁਕਾਨ ਤੇ ਫਿਰ ਦੁਕਾਨ ਤੋਂ ਮਾਂ-ਬਾਪ ਨਾਲ ਘਰ। ਇਹ ਹੈ ਉਨ੍ਹਾਂ ਦੀ ਰੁਟੀਨ। ਛੁੱਟੀ ਵਾਲੇ ਦਿਨ ਵੀ ਬੱਚੇ ਦੁਕਾਨ 'ਤੇ। ਮੈਨੂੰ ਉਸ ਦੇ ਘੁੰਗਰਾਲੇ ਵਾਲ ਬਹੁਤ ਪਸੰਦ ਹਨ, ਪਰ ਉਹ ਲੰਮੇ ਵਾਲ ਪਸੰਦ ਕਰਦੀ ਹੈ। ਜਿਸ ਦਿਨ ਉਹ ਰਤਾ ਕੁ ਵਾਲਾਂ ਨੂੰ ਖਿਲਾਰ ਲੈਂਦੀ ਹੈ ਤਾਂ ਸਾਈਂ ਬਾਬੇ ਵਾਂਗ ਉਸ ਦਾ ਸਿਰ ਵਾਲਾਂ ਨਾਲ ਲੱਦਿਆ ਜਾਪਦਾ ਹੈ। ਉਂਜ ਬਹੁਤ ਸੋਹਣੀ ਵੀ ਨਹੀਂ, ਪਰ ਸ਼ਕਲ ਸੂਰਤ ਇਕਦਮ ਵੇਖਦਿਆਂ ਹੀ ਅਪੀਲ ਕਰ ਜਾਂਦੀ ਹੈ। ਭੀੜ 'ਚੋਂ ਅਲੱਗ ਪਛਾਣੀ ਜਾਣ ਵਾਲੀ ਚੀਜ਼ ਹੈ, ਇਹ ਸੱਬੀ। ਠਹਿਰੀ ਹੋਈ ਔਰਤ ਹੈ-ਮਿਲਾਪੜੀ ਜਿਹੀ, ਪਿਆਰੀ ਜਿਹੀ।

ਅਗਲੇ ਦਿਨ ਜਦ ਉਹ ਕੰਮ 'ਤੇ ਮੇਰੇ ਨਾਲ ਹੱਥ ਵਟਾਉਣ ਆਈ ਤਾਂ ਰਸ਼ ਮੱਠਾ ਜਿਹਾ ਦੇਖ ਕੇ ਬੋਲੀ, "ਜਦੋਂ ਮੈਨੂੰ ਪਤਾ ਲੱਗਾ ਕਿ ਆਫਿਸ ਵਿਚ ਇਕ ਇੰਡੀਅਨ ਮੁੰਡਾ ਕੰਮ ਸ਼ੁਰੂ ਕਰਨ ਲੱਗਾ ਹੈ ਤਾਂ ਮੈਂ ਡਰ ਗਈ।"

"ਕਿਉਂ?"

"ਮੈਨੂੰ ਸੋਲ੍ਹਾਂ ਸਾਲ ਹੋ ਗਏ ਨੇ ਗੋਰਿਆਂ ਨਾਲ ਕੰਮ ਕਰਦਿਆਂ ਨੂੰ, ਉਨ੍ਹਾਂ ਵਿਚ ਵਿਚਰਦਿਆਂ ਨੂੰ। ਕਿੰਨਾ ਅਜੀਬ ਲੱਗਦਾ ਹੈ ਕਿ ਜਦੋਂ ਕੋਈ ਆਪਣਾ ਨਾਲ ਕੰਮ ਕਰੇ। ਇੰਡੀਆ ਦੀ ਗੱਲ ਵੱਖਰੀ ਹੈ, ਉਥੇ ਸਭ ਆਪਣੇ ਹੁੰਦੇ ਨੇ।"

"ਤੁਸੀਂ ਕੀਹਦੀ ਗੱਲ ਕਰ ਰਹੇ ਹੋ?"

"ਮੈਂ ਤੁਹਾਡੀ ਗੱਲ ਕਰ ਰਹੀ ਹਾਂ।"

"ਹੁਣ ਕਿੱਦਾਂ ਫੀਲ ਹੁੰਦਾ ਹੈ?"

"ਹੁਣ ਚੰਗਾ ਲੱਗਦਾ ਹੈ।"

"ਕਿਉਂ?"

"ਤੁਹਾਡੀ ਨੇਚਰ ਬਹੁਤ ਚੰਗੀ ਹੈ।"

"ਪਰ ਮੇਰੀ ਕਿਸਮਤ ਚੰਗੀ ਨਹੀਂ।"

"ਉਹ ਕਿੱਦਾਂ?"

"ਮੈਂ ਜਿਸ ਚੀਜ਼ ਨੂੰ ਚਾਹਿਆ ਹੈ, ਉਹ ਮੈਨੂੰ ਕਦੀ ਨਹੀਂ ਮਿਲੀ, ਪਰ ਜੋ ਮਿਲੀ, ਉਹ ਚਾਹੁਣ ਤੋਂ ਵੀ ਕਿਤੇ ਵਧ ਮਿਲੀ, ਪਰ ਮਾਨਸਿਕ ਤ੍ਰਿਪਤੀ ਕਦੇ ਨਹੀਂ ਹੋਈ।"

"ਤੁਸੀਂ ਫਿਰ ਵੀ ਮੇਰੇ ਤੋਂ ਚੰਗੇ ਹੋ?"

"ਉਹ ਕਿੱਦਾਂ?"

"ਜੋ ਮਿਲਿਆ, ਚਾਹੁਣ ਤੋਂ ਤਾਂ ਕਿਤੇ ਵੱਧ ਮਿਲਿਆ।"

"ਪਰ ਉਸ ਵਿਚ ਮੇਰੀ ਦਿਲਚਸਸਪੀ ਕਦੇ ਨਹੀਂ ਸੀ।"



"ਪਰ ਮੈਂ ਤਾਂ ਸਾਗਰ ਦੇ ਕੰਢੇ 'ਤੇ ਰਹਿੰਦਿਆਂ ਵੀ ਪਿਆਸੀ ਹਾਂ। ਇਕ ਜ਼ਿੰਦਾ ਲਾਸ਼ ਹਾਂ। ਸਮਝੌਤੇ ਕਰ ਕਰ ਥੱਕ ਚੁਕੀ ਹਾਂ, ਆਪਣੇ ਆਪ ਨਾਲ। ਹਰ ਚੀਜ਼ ਦੀ ਇੱਕ ਹੱਦ ਹੁੰਦੀ ਹੈ। ਪਰ ਇਥੇ ਇਕੋ ਹੱਦ ਹੈ ਤੇ ਉਹ ਹੱਦ ਹੈ, ਤੁਹਾਡਾ ਕੰਮ ਤੋਂ ਸਿੱਧਾ 'ਬਕਸੇ' ਵਿਚ ਪੈ ਜਾਣਾ। ਦੈਟ'ਸ ਦਾ ਲਾਈਫ ਐਂਡ ਦੈਟ'ਸ ਇੱਟ।"

ਉਹ ਫਿਰ ਉਦਾਸ ਹੋ ਬਾਹਰ ਚਲੀ ਗਈ। ਮੈਨੂੰ ਕਿਚਨ ਵਿਚੋਂ ਕੁਝ ਖੜਕਣ ਦੀ ਆਵਾਜ਼ ਆਈ। ਥੋੜ੍ਹੀ ਦੇਰ ਬਾਅਦ ਉਹ ਦੋ ਕਪ ਕੌਫੀ ਦੇ ਲੈ ਆਈ।

"ਲਓ! ਕੌਫੀ ਪੀਓ। ਓ ਸੌਰੀ। ਮੇਰਾ ਗਾਈਡ ਅੱਜ ਮੇਰੇ ਕੋਲ ਨਹੀਂ ਹੈ। ਲਿਆਓ ਛੱਡੋ, ਮੈਂ ਚਾਹ ਬਣਾ ਲਿਆਉਂਦੀ ਹਾਂ।"

"ਚਲੋ ਛੱਡੋ ਪਰ੍ਹਾਂ, ਅੱਜ ਕੌਫੀ ਹੀ ਸਹੀ।"

"ਡੂ ਯੂ...?"

"ਆਈ! ਡੌਂਟ ਵਰੀ, ਆਈ ਵਿੱਲ ਡਰਿੰਕ ਇੱਟ। ਜੇ ਤੁਸੀਂ ਗੁੱਸਾ ਨਹੀਂ ਕਰਦੇ ਤਾਂ ਕੀ ਮੈਂ ਤੁਹਾਨੂੰ ਤੁਹਾਡਾ ਨਾਂ ਲੈ ਕੇ ਬੁਲਾ ਸਕਦਾਂ? ਮੈਨੂੰ ਵਾਰ-ਵਾਰ ਗੋਰਿਆਂ ਵਾਂਗ ਮਿਸਿਜ਼ ਸਿੰਘ, ਮਿਸਿਜ਼ ਸਿੰਘ ਕਹਿਣਾ ਚੰਗਾ ਨਹੀਂ ਲੱਗਦਾ।"

"ਬੁਲਾ ਲਿਆ ਕਰੋ, ਇਹਦੇ ਵਿਚ ਹਰਜ ਹੀ ਕੀ ਐ। ਇਥੇ ਬੱਚੇ ਆਪਣੇ ਟੀਚਰਾਂ ਨੂੰ ਉਨ੍ਹਾਂ ਦੇ ਸੈਕਿੰਡ ਨਾਂ ਲੈ ਕੇ ਬੁਲਾਉਂਦੇ ਐ।"

"ਸੱਬੀ! ਮੈਂ ਤੁਹਾਨੂੰ ਇਕ ਸੁਆਲ ਪੁੱਛਿਆ ਸੀ?"

"ਕਿਹੜਾ ਭਲਾ?"

"ਇੰਡੀਆ ਗਿਆਂ ਨੂੰ ਕਿੰਨੇ ਕੁ ਸਾਲ ਹੋ ਗਏ ਹਨ?"

"ਤੁਸੀਂ ਹੀ ਜੁਆਬ ਦਿੱਤਾ ਸੀ ਜਦ ਮੈਂ ਪੁੱਛਿਆ ਸੀ, "ਤੁਹਾਨੂੰ ਇੰਡੀਆ ਤੋਂ ਆਇਆਂ ਨੂੰ ਕਿੰਨੇ ਸਾਲ ਹੋ ਗਏ ਹਨ?"

"ਚਾਰ।"

"ਬਸ ਚਾਰ ਹੀ, ਚਾਰਾਂ ਨਾਲ ਜਰਬ ਕਰ ਲਓ ਤੇ ਜੁਆਬ ਤੁਹਾਡੇ ਕੋਲ ਹੋਵੇਗਾ।"

"ਸੋਲ੍ਹਾਂ ਸਾਲ ਹੋ ਗਏ ਹਨ, ਇੰਡੀਆ ਤੋਂ ਆਇਆਂ ਨੂੰ। ਮਾਈ ਗਾਡ, ਤੁਹਾਡੀ ਪੰਜਾਬੀ ਅਜੇ ਵੀ ਬਹੁਤ ਵਧੀਆ ਹੈ। ਇੰਡੀਆ ਦੇ ਕਿੰਨੇ ਚੱਕਰ ਲਾ ਚੁਕੇ ਹੋ, ਸੋਲ੍ਹਾਂ ਸਾਲਾਂ ਵਿਚ?"

"ਜੇ ਚੱਕਰਾਂ ਦੀ ਗੱਲ ਹੁੰਦੀ ਤਾਂ ਮੈਂ ਤੁਹਾਨੂੰ ਚਾਰ ਨੂੰ ਚਾਰਾਂ ਨਾਲ ਜਰਬ ਦੇਣ ਨੂੰ ਥੋੜ੍ਹਾ ਕਹਿਣਾ ਸੀ। ਜਦੋਂ ਦੇ ਆਏ ਹਾਂ, ਬਸ ਆਏ ਹੀ ਹਾਂ, ਗਏ ਨਹੀਂ।

"ਮਾਈ ਗਾਡ।" ਤੇ ਮੈਂ ਸਿਰ ਫੜ੍ਹ ਕੇ ਬੈਠ ਗਿਆ।

"ਇਕ ਗੱਲ ਕਹਾਂ, ਸੱਬੀ...।"

"ਕਹੋ।"

"ਚੌਦਾਂ ਸਾਲਾਂ ਦਾ ਬਨਵਾਸ ਤਾਂ ਇੰਡੀਆ ਵਿਚ ਸੁਣਿਆ ਸੀ, ਪਰ ਸੋਲ੍ਹਾਂ ਦਾ ਨਹੀਂ ਸੀ ਸੁਣਿਆ।"

"ਇਹ ਵਲੈਤ ਹੈ। ਤਰੱਕੀ 'ਤੇ ਹੈ ਤੇ ਬਨਵਾਸ ਦੀ ਉਮਰ ਵੀ ਇਥੇ ਇੰਡੀਆ ਤੋਂ ਤਰੱਕੀ 'ਤੇ ਹੀ ਹੋਣੀ ਚਾਹੀਦੀ ਹੈ।"

ਫਿਰ ਉਹ ਗੰਭੀਰ ਹੋ ਗਈ। ਗਾਹਕਾਂ ਦਾ ਰਸ਼ ਪੈ ਗਿਆ। ਕਿੰਨੀ ਦੇਰ ਤੱਕ ਸਾਡੇ ਤੋਂ 'ਕਿਉਂ' ਨਾ ਟੁੱਟਾ। ਹਰ ਗਾਹਕ ਨੂੰ 'ਸਰਵ' ਕਰਦੀ ਤੋਂ ਇਹ ਸਾਫ ਲੱਗ ਰਿਹਾ ਸੀ ਕਿ ਉਸ ਦੇ ਬੋਲ ਭਾਰੇ ਹੁੰਦੇ ਜਾ ਰਹੇ ਹਨ, ਅੰਤ ਮੈਂ ਉਹਦੀਆਂ ਅੱਖਾਂ ਵਿਚੋਂ ਅੱਥਰੂ ਛਲਕਦੇ ਉਸ ਵੇਲੇ ਵੇਖੇ, ਜਦ ਇਕ ਗੋਰੀ ਨੇ ਉਸ ਨੂੰ ਪੁੱਛਿਆ,

"ਵੱਟ'ਸ ਰੌਂਗ ਵਿਦ ਯੂ, ਮਿਸਿਜ਼ ਸਿੰਘ।"

"ਨਥਿੰਗ।" ਬਸ ਉਸ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਕੋਈ ਚੀਜ਼ ਉਸ ਦੀ ਅੱਖ ਵਿਚ ਪੈ ਗਈ ਸੀ, ਪਰ ਬਾਹਰ ਹਨੇਰੀ ਵੀ ਨਹੀਂ ਸੀ ਚੱਲ ਰਹੀ ਕਿ ਕੋਈ ਚੀਜ਼ ਉਡ ਕੇ ਅੱਖ ਵਿਚ ਪੈ ਸਕਦੀ। ਹੁਣ ਮੈਂ ਸਮਝ ਚੁਕਾ ਸਾਂ ਕਿ ਇਕ ਹਨੇਰੀ ਮਿਸਿਜ਼ ਸਿੰਘ ਦੇ ਅੰਦਰ ਚਲ ਰਹੀ ਹੈ, ਜਿਸ ਨੂੰ ਸਮਝਣ ਦੀ ਲੋੜ ਹੈ। ਮੈਂ ਆਏ ਦਿਨ ਉਸ ਨੂੰ ਕਈ ਸੁਆਲ ਕਰਦਾ ਰਿਹਾ, ਪਰ ਉਹ ਹਰ ਵਾਰੀ ਝਕਾਨੀ ਦੇ ਕੇ ਨਿਕਲ ਜਾਂਦੀ ਰਹੀ। ਮੇਰੇ ਪੁੱਛੇ ਸੁਆਲਾਂ ਦਾ ਉਸ ਕੋਈ ਲੜ ਸਿਰਾ ਨਾ ਫੜ੍ਹਾਇਆ।

ਕਦੇ ਕਦੇ ਮੈਨੂੰ ਉਸ 'ਤੇ ਗੁੱਸਾ ਵੀ ਆਉਂਦਾ। ਹਿਰਖ ਵੀ ਚੜ੍ਹਦਾ। ਜਦ ਕਦੀ ਇੰਡੀਆ ਦੀ ਕੋਈ ਗੱਲ ਚੱਲਦੀ ਤਾਂ ਸੱਬੀ ਵੀ ਉਸ ਨੂੰ ਉਸੇ ਨਜ਼ਰ ਤੋਂ ਵੇਖਦੀ ਜੋ ਨਜ਼ਰ ਉਹ ਅੱਜ ਤੋਂ ਸੋਲ੍ਹਾਂ ਸਾਲ ਪਹਿਲਾਂ ਇਥੇ ਲੈ ਕੇ ਆਈ ਸੀ। ਮੈਂ ਆਪਣੀ ਮਿੱਟੀ ਦੀ ਆਲੋਚਨਾ ਤਾਂ ਬਰਦਾਸ਼ਤ ਕਰ ਸਕਦਾ ਹਾਂ, ਮੈਂ ਆਪਣੀ ਮਿੱਟੀ ਨੂੰ ਖੁਦ ਕੋਸ ਸਕਦਾ ਹਾਂ, ਮੈਂ ਆਪਣੀ ਮਿੱਟੀ ਵਾਲਿਆਂ ਨੂੰ ਲਲਕਾਰ ਸਕਦਾ ਹਾਂ, ਉਨ੍ਹਾਂ ਦੀਆਂ ਖੁਦਗਰਜ਼ੀਆਂ 'ਤੇ ਹੱਸ ਸਕਦਾ ਹਾਂ, ਉਨ੍ਹਾਂ ਨੂੰ ਝੰਜੋੜ ਸਕਦਾ ਹਾਂ, ਪਰ ਆਪਣੀ ਮਿੱਟੀ ਦੀ ਤੌਹੀਨ ਹੁੰਦੀ ਬਰਦਾਸ਼ਤ ਨਹੀਂ ਕਰ ਸਕਦਾ ਤੇ ਉਹ ਵੀ ਤਦ, ਜਦ ਉਸ ਮਿੱਟੀ ਦਾ ਜੰਮਿਆ ਹੀ ਉਸ ਦੀ ਤੌਹੀਨ ਕਰੇ। ਮੈਨੂੰ ਲੱਗਦਾ ਹੈ, ਜਿਵੇਂ ਕੋਈ ਆਪਣੀ ਮਾਂ ਨੂੰ ਗਾਲ੍ਹਾਂ ਕੱਢ ਰਿਹਾ ਹੁੰਦਾ ਹੈ। ....ਤੇ ਸੱਬੀ ਵੀ ਕਦੀ ਕਦੀ ਅਜਿਹੀ ਬੇਵਕੂਫੀ ਕਰ ਜਾਂਦੀ ਹੈ। ਤਦ ਮੈਂ ਉਸ ਨੂੰ ਕਹਿੰਦਾ ਹਾਂ ਕਿ ਇੰਡੀਆ ਜਾ ਕੇ ਆਪਣੀ ਨਜ਼ਰ ਦੇ ਸ਼ੀਸ਼ੇ ਬਦਲਾਓ, ਫਿਰ ਵੇਖੋ ਇੰਡੀਆ ਨੂੰ। ਇੰਡੀਆ ਦੇ ਲੋਕ ਤੁਹਾਥੋਂ ਫਿਰ ਵੀ ਚੰਗੇ ਹਨ। ਉਥੇ ਫਿਕਰ ਹੈ ਤਾਂ ਇਕ ਪੈਸੇ ਦਾ। ਇਥੇ ਪੈਸੇ ਤੋਂ ਬਿਨਾ ਦੁਨੀਆਂ ਦੇ ਸਾਰੇ ਹੀ ਫਿਕਰ ਨੇ। ਨਰਕ ਹੈ ਨਰਕ ਇਹ। ਮਿੱਠੀ ਜੇਲ੍ਹ ਦੇ ਕੈਦੀਓ। ਫੌਜੀ ਨੂੰ ਵੀ ਦੋ ਸਾਲਾਂ ਬਾਅਦ ਘਰ ਆਉਣ ਦੀ ਛੁੱਟੀ ਮਿਲ ਜਾਂਦੀ ਹੈ, ਤੁਹਾਨੂੰ ਤਾਂ ਸੋਲ੍ਹਾਂ ਸਾਲ ਲੰਘ ਗਏ ਨੇ, ਆਪਣੇ ਘਰ ਜਾਣ ਦੀ ਕਦ ਛੁੱਟੀ ਮਿਲਣੀ ਹੈ? ਜਾਪਦੈ ਤੁਹਾਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੋਈ ਹੈ, ਉਹ ਵੀ ਬਾ-ਮੁਸ਼ੱਕਤ।

...ਤੇ ਉਸ ਦਿਨ ਪਤਾ ਨਹੀਂ ਮੈਂ ਉਸ ਨੂੰ ਕੀ ਕੀ ਕਹਿ ਗਿਆ ਸਾਂ। ਅਗਲੇ ਦਿਨ ਜਦ ਉਹ ਮੇਰੇ ਨਾਲ ਹੱਥ ਵਟਾਉਣ ਦਫਤਰ ਦੇ ਕਮਰੇ ਅੰਦਰ ਦਾਖਲ ਹੋਈ ਤਾਂ ਮੈਂ ਬੜੇ ਨਰਮ ਜਿਹੇ ਲਹਿਜੇ ਵਿਚ ਮਾਫੀ ਮੰਗਦਿਆਂ ਕਿਹਾ, "ਸੱਬੀ, ਆਈ ਐਮ ਸੌਰੀ।"

"ਦੈਟ'ਸ ਓ. ਕੇ. ਤੁਸੀਂ ਵੀ ਹੋਰਾਂ ਵਾਂਗ ਮੈਨੂੰ ਦੋਸ਼ੀ ਠਹਿਰਾਉਂਦੇ ਜਾਓ। ਇਸ ਮੁਲਖ ਵਿਚ ਹਰ ਘਰ ਦੀ ਆਪਣੀ ਕਹਾਣੀ ਹੈ, ਆਪਣੀਆਂ ਮੁਸ਼ਕਿਲਾਂ ਹਨ। ਆਪਣੇ ਰੁਝੇਵੇਂ ਹਨ, ਆਪਣੀਆਂ ਉਦਾਸੀਆਂ ਹਨ ਤੇ ਆਪਣੀਆਂ ਤਲਖੀਆਂ। ਹਰ ਇਕ ਨੂੰ ਤੇਜਵੰਤ ਮਾਨ ਦੀ ਆਲੋਚਨਾ ਵਾਂਗ ਇੱਕੋ ਦਾਇਰੇ 'ਚੋਂ ਨਹੀਂ ਲੰਘਾਇਆ ਜਾ ਸਕਦਾ।"

ਉਸ ਦੇ ਅੰਤਲੇ ਫਿਕਰੇ ਨੇ ਮੈਨੂੰ ਸਾਬਤ ਕਰ ਦਿੱਤਾ ਕਿ ਉਹ ਅਜੇ ਤੱਕ ਵੀ ਸਾਹਿਤ ਪੜ੍ਹਦੀ ਹੈ। ਸਾਹਿਤ ਬਾਰੇ ਜਾਣਦੀ ਹੈ। ਕਦੋਂ ਪੜ੍ਹਦੀ ਹੈ, ਕਦੋਂ ਵਿਹਲ ਕੱਢਦੀ ਹੈ? ਇਸ ਦਾ ਮੈਨੂੰ ਇਲਮ ਨਹੀਂ, ਪਰ ਉਹ ਸਾਹਿਤ ਨਾਲ ਪੂਰੀ ਦੀ ਪੂਰੀ ਜੁੜੀ ਹੋਈ ਹੈ, ਇਹ ਇਕ ਹਕੀਕਤ ਹੈ। ਉਸ ਬਾਰੇ ਡੂੰਘਾਈ ਨਾਲ ਜਾਣਨ ਦੀ ਮੇਰੀ ਇੱਛਾ ਤੇਜ਼ ਹੁੰਦੀ ਗਈ।

ਇਕ ਦਿਨ ਅਚਾਨਕ ਲੰਚ ਵੇਲੇ ਮੌਸਮ ਖਰਾਬ ਹੋ ਗਿਆ। ਚੰਗੀ ਭਲੀ ਧੁੱਪ ਨਿਕਲੀ ਹੋਈ ਸੀ, ਪਰ ਅਚਾਨਕ ਬੱਦਲ ਛਾ ਗਏ ਤੇ ਫਿਰ ਬਰਫ ਪੈਣ ਲੱਗ ਪਈ। ਜਿੱਥੇ ਮੈਂ ਰਹਿੰਦਾ ਹਾਂ, ਚਾਰੇ ਮੌਸਮ ਇਕੋ ਦਿਨ ਵਿਚ ਵੇਖੇ ਜਾ ਸਕਦੇ ਹਨ। ਅੱਜ ਇਕੋ ਦਿਨ ਵਿਚ ਤੀਸਰਾ ਮੌਸਮ ਸੀ। ਮੈਂ ਲੰਚ ਦਾ ਪ੍ਰੋਗਰਾਮ ਕੈਂਸਲ ਕਰ ਦਿੱਤਾ ਤੇ ਘਰ ਨਾ ਆਉਣ ਬਾਬਤ ਫੋਨ ਕਰ ਦਿੱਤਾ। ਮੈਂ ਸੱਬੀ ਦੇ ਟਿੱਲ ਕੋਲ ਪਏ ਇਕ ਬੈਂਚ 'ਤੇ ਬੈਠ ਗਿਆ। ਉਹ ਵੀ ਨਿੱਕੇ ਜਿਹੇ ਸਟੂਲ 'ਤੇ ਬੈਠ ਕੋਕ ਦਾ ਕੈਨ ਖੋਲ੍ਹਦੀ ਮੇਰੇ ਵੱਲ ਵੇਖ ਮੁਸਕਰਾਈ। ਜੂਸ ਦਾ ਘੁੱਟ ਭਰਦਿਆਂ ਮੈਂ ਕਿਹਾ, "ਸੱਬੀ ਅੱਜ ਤਾਂ ਬੜੀ ਸੋਹਣੀ ਲੱਗ ਰਹੀ ਏਂ। ਇਸ ਮੌਸਮ 'ਚ ਤਾਂ ਬੰਦੇ ਨੂੰ ਹਰ ਔਰਤ ਹੀ ਸੋਹਣੀ ਲੱਗਦੀ ਹੈ, ਪਰ ਆਪ ਜਿਹੀ ਜੋ ਹੈ ਹੀ ਖੂਬਸੂਰਤ, ਫਿਰ ਖੂਬਸੂਰਤ ਤਾਂ ਲਗਣੀ ਹੀ ਹੋਈ ਨਾ।"

"ਅੱਜ ਤੁਹਾਨੂੰ ਗਾਲ੍ਹਾਂ ਕੱਢਣ ਦਾ ਸ਼ੌਕ ਕਿਵੇਂ ਜਾਗਿਆ?"

"ਬਈ ਗੁਲਾਬ ਨੂੰ ਗੁਲਾਬ ਕਹਿਣਾ ਕੀ ਕੋਈ ਗਾਲ੍ਹ ਹੈ?"

"ਇਸ ਮੁਲਖ ਵਿਚ ਹੈ। ਇੱਥੇ ਈਮੋਸ਼ਨ ਦੀ ਕੋਈ ਕਦਰ ਨਹੀਂ ਹੈ। ਸਬਰ ਨਾਂ ਦੀ ਕੋਈ ਚੀਜ਼ ਨਹੀਂ। ਇਥੇ ਸਭ ਕੁਝ 'ਚੀਜ਼ ਛਕੋ ਅਤੇ ਭੁੱਲ ਜਾਓ' ਉਤੇ ਨਿਰਭਰ ਹੈ।

"ਕੀ ਮਤਲਬ?"

"ਜੇ ਤੁਸੀਂ ਇਸ ਮੁਲਖ ਵਿਚ ਆ ਕੇ ਇਸ ਮੁਲਖ ਵਰਗੇ ਨਹੀਂ ਬਣ ਸਕਦੇ ਤਾਂ ਫਿਰ ਇਹ ਮੁਲਖ ਤੁਹਾਡੇ ਲਈ ਨਰਕ ਹੈ।"

"ਉਹ ਕਿੱਦਾਂ?"

"ਤੁਸੀਂ ਕੁਝ ਨਾ ਕੁਝ ਸੋਚਦੇ ਰਹਿਣਾ ਹੈ, ਮੇਰੇ ਵਾਂਗ। ਤੇ ਜਿੱਦਾਂ ਇਕ ਸਮਝਦਾਰ ਬੰਦੇ ਨੂੰ ਉਸ ਦੀ ਸਮਝ ਹੀ ਲੈ ਬੈਠਦੀ ਹੈ, ਬਸ ਇੱਦਾਂ ਹੀ! ਤੁਸੀਂ ਉਦਣ ਮੈਨੂੰ ਮਿੱਠੀ ਜੇਲ੍ਹ ਦੇ ਕੈਦੀ ਕਿਹਾ ਸੀ ਨਾ। ਤੁਸਾਂ ਠੀਕ ਹੀ ਕਿਹਾ ਸੀ, ਪਰ ਮੇਰਾ ਕੀ ਕਸੂਰ? ਕਸੂਰ ਤਾਂ ਮੇਰੇ ਮਾਪਿਆਂ ਦਾ ਹੈ, ਜਿਨ੍ਹਾਂ ਮੈਨੂੰ ਇਸ ਜੇਲ੍ਹ ਵਿਚ ਭੇਜਿਆ। ਮੈਂ ਤਾਂ ਇਕ ਖੂਬਸੂਰਤ ਤਿੱਤਲੀ ਸਾਂ।"

ਉਹ ਖੁੱਲ੍ਹ ਰਹੀ ਸੀ। ਬਾਹਰ ਬਰਫ ਪੂਰੇ ਜ਼ੋਰਾਂ ਨਾਲ ਪੈ ਰਹੀ ਸੀ। ਕਿਸੇ ਗਾਹਕ ਦੇ ਇਸ ਮੌਸਮ ਵਿਚ ਆਉਣ ਦੀ ਸੰਭਾਵਨਾ ਘਟ ਹੀ ਸੀ। ਫਿਰ ਲੰਚ ਟਾਈਮ ਵੀ ਸੀ।

"ਮੇਰੇ ਬਾਪ ਨੇ ਇਕ ਵਾਰੀ ਇੰਗਲੈਂਡ ਰਹਿੰਦੇ ਆਪਣੇ ਭਾਈ ਨੂੰ ਚਿੱਠੀ ਪਾਈ ਅਖੇ ਕਿਤੇ ਸਾਨੂੰ ਵੀ ਵਲੈਤ ਵਿਖਾ ਦਿਓ। ਚਾਚੇ ਦਾ ਜੁਆਬ ਆਇਆ, "ਪਹਿਲਾਂ ਵਲੈਤ ਵਿਚ ਆਉਣ ਵਾਲੇ ਬਣ ਕੇ ਤਾਂ ਵਿਖਾਓ। ਖਾਣਾ-ਪੀਣਾ ਥੋਨੂੰ ਨਹੀਂ ਆਉਂਦਾ। ਪਹਿਨਣਾ ਥੋਨੂੰ ਨਹੀਂ ਆਉਂਦਾ। ਅਖੇ ਸਾਨੂੰ ਵੀ ਵਲੈਤ ਵਿਖਾ ਦਿਓ। ਪਹਿਲਾਂ ਜਾ ਕੇ ਬਠਿੰਡੇ ਦਾ ਥਰਮਲ ਪਲਾਂਟ ਤਾਂ ਵੇਖ ਕੇ ਆਓ।"

"ਬਸ ਫਿਰ ਕੀ ਸੀ। ਇਸ ਚਿੱਠੀ ਨੇ ਮੇਰੇ ਪਿਓ ਦੀ ਜਿਵੇਂ ਪੱਗ ਨੂੰ ਹੱਥ ਪਾ ਲਿਆ ਹੁੰਦਾ ਹੈ, ਹੁਣ ਉਹ ਸਭ ਕਰਨ ਦੀ ਸਹੁੰ ਖਾ ਬੈਠਾ। ਉਸ ਸਾਨੂੰ ਪੜ੍ਹਾਇਆ ਲਿਖਾਇਆ। ਇਸ ਕਰਕੇ ਨਹੀਂ ਕਿ ਉਹ ਸਾਨੂੰ ਪ੍ਰੋਫੈਸਰ, ਡਾਕਟਰ ਜਾਂ ਵਕੀਲ ਬਣਾਉਣਾ ਚਾਹੁੰਦਾ ਸੀ, ਇਸ ਕਰਕੇ ਕਿ ਉਹ ਸਾਨੂੰ ਸਿਰਫ ਤੇ ਸਿਰਫ ਵਲੈਤ ਭੇਜਣਾ ਚਾਹੁੰਦਾ ਸੀ ਤੇ ਆਪਣੇ ਭਾਈ ਨੂੰ ਵਿਖਾਉਣਾ ਚਾਹੁੰਦਾ ਸੀ।

"ਵੇਖ ਓਏ ਸ਼ਰੀਕਾ, ਤੈਨੂੰ ਵਲੈਤ ਵਿਚ ਚਲਣਾ ਹੀ ਨਹੀਂ, ਸਗੋਂ ਅਸੀਂ ਤੈਨੂੰ ਹੁਣ ਮਟਕ ਕੇ ਚਲਣਾ ਵੀ ਵਿਖਾਵਾਂਗੇ। ਤੇ ਤੈਨੂੰ ਇਸ ਹੱਦ ਤੱਕ ਜਲਾਵਾਂਗੇ ਕਿ ਤੇਰੀਆਂ ਸੱਤ ਪੀੜ੍ਹੀਆਂ ਯਾਦ ਰੱਖਣਗੀਆਂ ਕਿ ਵਧਾਵਾ ਸਿੰਘ ਨਾਲ ਵਾਧਾ ਕਿਵੇਂ ਕਰੀਦਾ ਹੈ।"

"ਬਾਪ ਦੀ ਬਸ ਇਕੋ ਜ਼ਿੱਦ ਸੀ, ਸਾਨੂੰ ਵਲੈਤ ਘੱਲਣ ਦੀ। ਅਸੀਂ ਭੈਣ-ਭਾਈ ਕਿਸ ਖੂਹ ਖਾਤੇ ਡਿੱਗਦੇ ਹਾਂ, ਇਸ ਦੀ ਉਸ ਨੂੰ ਰਤਾ ਵੀ ਪਰਵਾਹ ਨਹੀਂ ਸੀ। ਬਸ ਜਿਹੜਾ ਰਿਸ਼ਤਾ ਵਲੈਤ ਦਾ ਆਇਆ, ਉਸ 'ਹਾਂ' ਕਰ ਦਿੱਤੀ ਤੇ ਚਾਰ ਭੁਆਟਣੀਆਂ ਦੇ ਸਾਨੂੰ ਸਭ ਨੂੰ ਉਨ੍ਹਾਂ ਦੇ ਹੱਥ ਮੜ੍ਹ ਦਿੱਤਾ।...ਮੇਰੀਆਂ ਦੋ ਭੈਣਾਂ ਲੰਡਨ ਹਨ। ਇਕ ਭਰਾ ਲੈਸਟਰ ਹੈ ਤੇ ਇਕ ਮੈਂ ਇੱਥੇ ਹਾਂ। ਇਕ ਰਹਿੰਦੀ ਸੀ, ਉਹ ਵੀ ਤਿੰਨ ਕੁ ਸਾਲ ਹੋਏ ਕੈਨੇਡਾ ਤੋਰ ਦਿੱਤੀ।...ਹੁਣ ਬੁੱਢੇ ਰੁੱਖ ਪੰਛੀ ਭਾਲਦੇ ਨੇ। ਜਦ ਰੁੱਖਾਂ 'ਤੇ ਟਾਹਣੀ ਹੀ ਕੋਈ ਨਾ ਰਹਿਣ ਦਿੱਤੀ, ਪੰਛੀਆਂ ਦੇ ਬੈਠਣ ਲਈ, ਆਲ੍ਹਣੇ ਬਣਾਉਣ ਲਈ ਫਿਰ ਭਲਾ ਇਨ੍ਹਾਂ ਬੁੱਢੇ ਰੁੱਖਾਂ 'ਤੇ ਪੰਛੀ ਕਿੱਥੋਂ ਆਉਣ? ਹੁਣ ਮੇਰਾ ਬਾਪ ਸੋਚਦਾ ਹੈ ਕਿ ਭਾਈ ਨੇ ਇਹ ਚਿੱਠੀ ਕਿਉਂ ਲਿਖੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੇ ਧੀਆਂ ਪੁੱਤਰ ਪੜ੍ਹ ਕੇ ਇੰਡੀਆ ਰਹਿਣ। ਚੰਗੀਆਂ ਨੌਕਰੀਆਂ 'ਤੇ ਲੱਗਣ, ਮੌਜਾਂ ਕਰਨ। ਉਸ ਤਾਂ ਮੇਰੇ ਬਾਪ ਨੂੰ ਨਿਹੱਥਾ ਕਰਨ ਲਈ ਇੰਜ ਚਿੱਠੀ ਲਿਖੀ ਸੀ, ਕਿਉਂਕਿ ਉਹ ਮੇਰੇ ਬਾਪ ਦਾ ਸੁਭਾਅ ਜਾਣਦਾ ਸੀ। ਅਸੀਂ ਸਭ ਭੈਣ-ਭਰਾ ਆਪੋ ਆਪਣੀ ਥਾਂ ਦੁਖੀ ਹਾਂ। ਕੋਈ ਵੀ ਸੁਖੀ ਨਹੀਂ।"

"ਜਿਸ ਦਿਨ ਦੀ ਮੈਂ ਆਈ ਹਾਂ। ਬਸ ਦੁਕਾਨ 'ਤੇ ਖੜ੍ਹੀ ਹਾਂ। ਏਅਰਪੋਰਟ 'ਤੇ ਸਹੁਰਾ ਤੇ ਇਹ ਲੈਣ ਆਏ ਸਨ। ਏਅਰਪੋਰਟ ਤੋਂ ਦੁਕਾਨ ਦਾ ਸਫਰ 35 ਕੁ ਮਿੰਟਾਂ ਦਾ ਹੈ। ਬਸ ਪੰਜ ਕੁ ਮਿੰਟ ਮੇਰੇ ਨਾਲ ਦੋਹਾਂ ਨੇ ਸਾਂਝੀ ਗੱਲਬਾਤ ਕੀਤੀ ਤੇ ਬਾਕੀ ਤੀਹ ਮਿੰਟ ਕੈਸ਼ ਐਂਡ ਕੈਰੀ ਦੀਆਂ ਗੱਲਾਂ ਹੁੰਦੀਆਂ ਰਹੀਆਂ ਤੇ ਲਿਆਉਣ ਵਾਲੇ ਸਾਮਾਨ ਦੀ ਲਿਸਟ ਬਣਦੀ ਰਹੀ। ਦੁਕਾਨ ਦੇ ਮੂਹਰੇ ਵੈਨ ਖੜ੍ਹੀ ਕਰਕੇ ਮੇਰਾ ਪਤੀ ਕੈਸ਼ ਐਂਡ ਕੈਰੀ ਚਲਾ ਗਿਆ। ਮੈਂ ਸਹੁਰੇ ਨਾਲ ਦੁਕਾਨ 'ਤੇ ਆ ਗਈ। ਗੋਰੀਆਂ ਮੈਨੂੰ ਹੈਲੋ ਹੈਲੋ ਕੀਤੀ। ਸਹੁਰੇ ਨੇ ਇਕ ਗੋਰੀ ਨੂੰ ਦੋ ਕੱਪ ਕੌਫੀ ਬਣਾਉਣ ਲਈ ਕਿਹਾ। ਇਕ ਵਿਚ ਨੋ ਸੂਗਰ ਨੋ ਮਿਲਕ।

ਮੈਂ ਸੋਚ ਰਹੀ ਸਾਂ ਕਿ ਉਹ ਕੌਫੀ ਵੀ ਕੀ ਕੌਫੀ ਹੋਵੇਗੀ, ਜਿਸ ਵਿਚ ਮਿੱਠਾ ਨਾ ਦੁੱਧ ਹੋਵੇਗਾ। ਅਸੀਂ ਤਾਂ ਇੰਡੀਆ ਦੁੱਧ ਵਿਚ ਕੌਫੀ ਪਾ ਕੇ, ਕੌਫੀ ਬਣਾਉਂਦੇ ਹੁੰਦੇ ਸਾਂ। ਬਸ ਜਦ ਕੌਫੀ ਬਣ ਕੇ ਆਈ, ਸੱਚ ਪੁੱਛੋ ਤਾਂ ਸ਼ਾਇਦ ਇੰਡੀਆ ਤੋਂ ਆਏ ਬੰਦੇ ਨੂੰ ਭੋਰਾ ਜ਼ਹਿਰ ਵੀ ਸੁਆਦ ਲੱਗੇ, ਕੌਫੀ ਨੇ ਤਾਂ ਲੱਗਣਾ ਹੀ ਕੀ ਸੀ। ਬਸ ਉਸ ਦਿਨ ਦੀ ਮੈਂ ਵੀ ਸਹੁਰੇ ਵਾਂਗ ਜ਼ਿੰਦਗੀ ਦੀ ਕੌਫੀ ਪੀ ਰਹੀ ਹਾਂ, ਜਿਸ ਵਿਚ ਨਾ ਮਿੱਠਾ ਹੈ, ਨਾ ਦੁੱਧ।"

"ਸੋਲ੍ਹਾਂ ਸਾਲ ਲੰਘ ਗਏ। ਇਸ ਦੁਕਾਨ ਵਿਚ ਕੰਮ ਨਹੀਂ ਮੁੱਕਿਆ। ਰੁਝੇਵੇਂ ਨਹੀਂ ਮੁੱਕੇ। ਬੱਚੇ ਜੰਮੇ ਤਦ ਵੀ ਹਸਪਤਾਲ ਇਸ ਦੁਕਾਨ ਵਿਚੋਂ ਹੀ ਐਂਬੂਲੈਂਸ ਚੁੱਕ ਕੇ ਲੈ ਗਈ। ਘਰ ਵਾਲੇ ਨੂੰ ਸਿਵਾਏ ਦੁਕਾਨ ਦੇ ਫਿਕਰਾਂ ਦੇ, ਹੋਰ ਕੋਈ ਫਿਕਰ ਨਹੀਂ ਹੈ। ਬੱਸ ਜਿਸ ਦਿਨ ਦੀ ਆਈ ਹਾਂ, ਪੈਗ ਦੇ ਨਾਲ ਨਾਲ ਕੁੱਕੜ ਦੀ ਲੱਤ ਮਰੋੜ ਲੈਂਦਾ ਹੈ। ਜੇ ਸੁਰਤ ਵਿਚ ਰਿਹਾ ਤਾਂ ਠੀਕ ਨਹੀਂ ਤਾਂ ਸੁੱਤੀ ਨੂੰ

(ਬਾਕੀ ਅਗਲੇ ਸਫੇ 'ਤੇ)

# ਸਾਹਿਬੁ ਰਹਿਆ ਭਰਪੂਰਿ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸਾਹਿਬ ਸ਼ਬਦ ਭਾਰਤ ਦੀਆਂ ਲਗਭਗ ਸਾਰੀਆਂ ਆਰਿਆਈ ਤੇ ਗੈਰਆਰਿਆਈ ਭਾਸ਼ਾਵਾਂ ਵਿਚ ਮਿਲਦਾ ਹੈ। ਮੈਂ ਤਾਂ ਕਹਾਂਗਾ ਕਿ ਬਹੁਤ ਸਾਰੀਆਂ ਏਸ਼ਿਆਈ, ਅਫਰੀਕੀ ਤੇ ਯੂਰਪੀ ਭਾਸ਼ਾਵਾਂ ਵਿਚ ਵੀ ਇਸ ਸ਼ਬਦ ਨੇ ਮਾਰ ਕੀਤੀ ਹੈ। ਕੁਝ ਇਕ ਵਿਚ ਇਸ ਦੇ ਲਿਖਤੀ ਰੂਪ ਹਨ: ਬੰਗਲਾ: ਸਾਹਿਬ; ਤਾਮਿਲ: ਸਾਹਿਪ; ਗੁਜਰਾਤੀ: ਸਾਹੇਬ; ਮਲਿਆਲਮ: ਸਾਹਿਬਾ; ਸਿੰਧੀ: ਸਾਹਬ; ਸਿੰਹਲੀ: ਹਾਯਬ। ਉਚਾਰਣ ਵਜੋਂ ਪੰਜਾਬੀ ਵਿਚ ਇਸ ਦੇ ਕੁਝ ਭੇਦ ਸਾਅਬ, ਸਾਬ, ਸੈਹਬ, ਸਾਹਾਬ, ਸਾਬਜੀ ਹਨ ਪਰ ਸਭ ਤੋਂ ਪ੍ਰਚਲਿਤ ਉਚਾਰਣ ਸਾਅਬ ਹੀ ਹੈ। ਇਹ ਸ਼ਬਦ ਸਦੀਆਂ ਤੋਂ ਇਨ੍ਹਾਂ ਭਾਸ਼ਾਵਾਂ ਵਿਚ ਚਲਦਾ ਰਿਹਾ ਹੈ। ਤੇਰ੍ਹਵੀਂ ਸਦੀ ਦੇ ਪੰਜਾਬੀ ਕਵੀ ਬਾਬਾ ਫਰੀਦ ਦੇ ਸਲੋਕਾਂ ਵਿਚ ਇਸ ਦੀ ਮੌਜੂਦਗੀ ਹੈ, 'ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ', 'ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ' ਆਦਿ। ਇਸ ਪਿਛੋਂ ਭਗਤ ਕਬੀਰ ਅਤੇ ਭਗਤ ਨਾਮਦੇਵ ਦੀਆਂ ਬਾਣੀਆਂ ਵਿਚ ਵੀ ਇਹ ਸਾਹਿਬ ਸੁਣਾਈ ਦਿੰਦਾ ਹੈ, 'ਸੋ ਸਾਹਿਬੁ ਰਹਿਆ ਭਰਪੂਰਿ ਸਦਾ ਸੰਗਿ ਨਾਹੀ ਹਰਿ ਦੂਰਿ॥ (ਭਗਤ ਕਬੀਰ) ਅਤੇ 'ਸਾਹਿਬੁ ਸੰਕਟਵੈ ਸੇਵਕੁ ਭਜੈ ਨਾਮਦੇਵ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ॥' ਗੁਰੂ ਨਾਨਕ ਸਮੇਤ ਲਗਭਗ ਸਾਰੇ ਗੁਰੂਆਂ ਨੇ ਸਾਹਿਬ ਦੀ ਟੇਕ ਲਈ ਹੈ।



ਸਾਹਿਬ ਸ਼ਬਦ ਆਮ ਤੌਰ 'ਤੇ ਮਾਲਕ, ਸਵਾਮੀ, ਸਾਂਈਂ ਜਿਹੇ ਅਰਥਾਂ ਵਿਚ ਵਰਤਿਆ ਮਿਲਦਾ ਹੈ। ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿਚ ਵੀ ਇਹ ਵਧੇਰੇ ਤੌਰ 'ਤੇ ਕਿਸੇ ਸਨਮਾਨਯੋਗ ਵਿਅਕਤੀ, ਵੱਡੇ ਅਫਸਰ, ਹਾਕਮ, ਪਦਅਧਿਕਾਰੀ ਲਈ ਸੰਬੋਧਕ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਸਮਝੋ 'ਸ੍ਰੀਮਾਨ ਜੀ', 'ਜਨਾਬ' ਜਿਹੇ ਭਾਵਾਂ ਨਾਲ। ਅਸੀਂ ਇਹ ਨਹੀਂ ਕਹਿ ਸਕਦੇ ਕਿ ਫਲਾਣਾ ਘਰ ਦਾ ਸਾਹਿਬ ਹੈ, ਭਾਵੇਂ ਉਸ ਦਾ ਨੌਕਰ ਜਾਂ ਬੀਵੀ ਉਸ ਨੂੰ ਸਾਹਿਬ ਜਾਂ ਸਾਹਿਬ ਜੀ ਕਹਿ ਕੇ ਪੁਕਾਰਨ। ਸਾਹਿਬ ਸ਼ਬਦ ਦੀ ਦੂਜੀ ਵਰਤੋਂ ਕਿਸੇ ਪੂਜਣਯੋਗ ਜਾਂ ਸਨਮਾਨਯੋਗ ਵਿਅਕਤੀ ਦੇ ਨਾਂ ਅੱਗੇ ਪਿਛੇਤਰ ਵਜੋਂ ਹੈ।

ਸਾਹਿਬ ਅਰਬੀ ਅਸਲੇ ਦਾ ਲਫਜ਼ ਹੈ, ਜਿਥੋਂ ਇਹ ਫਾਰਸੀ ਵਿਚ ਗਿਆ ਤੇ ਸ਼ਾਇਦ ਉਥੋਂ ਸਾਡੀਆਂ ਭਾਸ਼ਾਵਾਂ ਵਿਚ ਆਇਆ। ਗੌਰਤਲਬ ਹੈ ਕਿ ਅਰਬੀ ਵਿਚ ਸਾਹਿਬ ਦਾ ਮੁੱਖ ਅਰਥ ਸਾਥੀ, ਸੰਗੀ, ਦੋਸਤ, ਮਿੱਤਰ, ਸਹਿਯੋਗੀ ਅਤੇ ਨਾਲ ਹੀ, ਚੇਲਾ, ਪਿਛਲੱਗ, ਅਨੁਯਾਈ, ਅਨੁਗਾਮੀ ਆਦਿ ਹੈ। ਇਹ ਖਾਸ ਤੌਰ 'ਤੇ ਹਜ਼ਰਤ ਮੁਹੰਮਦ ਦਾ ਸਾਥ ਦਿੰਦੇ 'ਚਾਰ ਯਾਰਾਂ'-ਅਬੂ ਬਕਰ, ਉਮਰ, ਉਸਮਾਨ ਅਤੇ ਅਲੀ ਲਈ ਵਰਤਿਆ ਜਾਂਦਾ ਹੈ, ਜੋ ਬਾਅਦ ਵਿਚ ਉਸ ਦੇ ਉਤਰਾਧਿਕਾਰੀ (ਖਲੀਫੇ) ਬਣੇ।

ਅਲਫਲੈਲਾ ਵਿਚ ਵਜ਼ੀਰ ਲਈ ਸਾਹਿਬ ਨਾਂਮਾਤਰ ਵਰਤਿਆ ਗਿਆ ਹੈ। ਸਾਹਿਬ ਸ਼ਬਦ ਵਿਚ ਮਾਲਕ, ਸੁਆਮੀ, ਧਾਰਕ, ਵਾਲਾ, ਰੱਖਣ ਵਾਲਾ, ਕਰਤਾ, ਆਦਿ ਦੇ ਅਰਥ ਇਸ ਅੱਗੇ ਕੋਈ ਹੋਰ ਸਬੰਧਸੂਚਕ ਸ਼ਬਦ ਲੱਗ ਕੇ ਹੀ ਆਉਂਦੇ ਹਨ। ਅਰਬੀ ਭਾਸ਼ਾ ਵਿਚ ਇਸ ਦੀ ਵਰਤੋਂ ਦੀਆਂ ਕੁਝ ਮਿਸਾਲਾਂ ਲੈਂਦੇ ਹਾਂ, ਸਾਹਿਬ-ਅਲਅਮਰ ਹੁੰਦਾ ਹੈ ਹਾਕਮ, ਮਾਲਿਕ, ਸੁਆਮੀ, ਨਿਰੰਕੁਸ਼; ਸਾਹਿਬ-ਅਲ-ਬੋਖਾਰ ਹੁੰਦਾ ਹੈ, ਜਹਾਜ਼ ਮਾਲਿਕ। ਇਸ ਤੋਂ ਅੱਗੇ ਇਹ ਸ਼ਬਦ ਕੋਈ ਗੁਣ ਰੱਖਣ ਵਾਲਾ ਅਰਥਾਤ ਧਾਰਕ ਦਾ ਅਰਥ ਵੀ ਦਿੰਦਾ ਹੈ।

ਸਾਹਿਬ ਸ਼ਬਦ 'ਸਹਬ' (ਸੁਆਦ ਹੇ ਦਾਲ) ਤੋਂ ਬਣਿਆ ਹੈ ਜਿਸ ਵਿਚ ਸੰਗੀ ਹੋਣ, ਨਾਲ ਜੁੜਨ ਆਦਿ ਦੇ ਭਾਵ ਹਨ। ਸੰਗੀ ਤੁਹਾਡੇ ਨਾਲ ਦਾ ਵੀ ਹੈ, ਤੁਹਾਡੇ ਅੱਗੇ ਦਾ ਵੀ ਹੈ ਤੇ ਪਿਛੇ ਦਾ ਵੀ। ਅਕਸਰ ਸਾਡਾ ਪ੍ਰਛਾਵਾਂ ਸਾਡੇ ਨਾਲ ਵੀ ਹੁੰਦਾ ਹੈ, ਅੱਗੇ ਵੀ ਹੁੰਦਾ ਹੈ ਤੇ ਪਿਛੇ ਵੀ ਪਰ ਹਮੇਸ਼ਾ ਸਾਡੇ ਨਾਲ ਜੁੜਿਆ ਹੁੰਦਾ ਹੈ। ਸਾਹਿਬ ਕੁਝ ਇਸ ਤਰ੍ਹਾਂ ਹੀ ਹੈ। ਤੁਹਾਡਾ ਸੰਗੀ ਤੁਹਾਡਾ ਸਹਾਈ ਹੈ, ਇਸ ਲਈ ਤੁਹਾਡਾ ਦੋਸਤ ਵੀ ਹੈ, ਤੁਹਾਡੇ ਅੱਗੇ ਪਿੱਛੇ ਚੱਲਣ ਵਾਲਾ ਵੀ ਤੇ ਉਦਾਤ ਰੂਪ ਵਿਚ ਤੁਹਾਡਾ ਮਾਲਕ, ਸਾਈਂ ਵੀ। ਸੰਗੀ ਹੋਣ ਤੋਂ ਸਾਹਿਬ ਦਾ ਅਰਥ ਰੱਖਣ ਵਾਲਾ, ਵਾਲਾ, ਪਾਤਰ, ਧਾਰੀ, ਦਾਰ ਖਾਸ ਤੌਰ 'ਤੇ ਕੋਈ ਪਦਧਾਰੀ ਵੀ ਹੋ ਜਾਂਦਾ ਹੈ, ਮਿਸਾਲ ਵਜੋਂ ਪ੍ਰਧਾਨ ਮੰਤਰੀ ਨੂੰ ਸਾਹਿਬ ਅਲਦੌਲਾ (ਦੌਲਾ=ਦੇਸ਼) ਕਿਹਾ ਜਾਂਦਾ ਹੈ; ਸਾਹਿਬ ਅਲਮਾਲੀ ਕੈਬਨਿਟ ਦਾ ਮੰਤਰੀ; ਸਾਹਿਬ ਅਲ ਸੁਭਰਤ ਸ਼ੱਕੀ ਆਦਮੀ; ਸਾਹਿਬ ਅਲਫਿਕਰਹ ਕਿਸੇ ਵਿਚਾਰ ਦੇ ਮੋਢੀ ਹੁੰਦੇ ਹਨ।

ਅਰਬੀ ਵਿਚ ਸਾਹਿਬ ਦਾ ਇਸਤਰੀ ਲਿੰਗ ਸਾਹਿਬਾ ਜਾਂ ਸਵਾਹਿਬ ਹੈ। ਸਾਹਿਬਾ ਦਾ ਬਹੁਵਚਨ ਸਾਹਿਬਤ ਅਤੇ ਸਵਾਹਬ ਹੈ। ਮਿਸਾਲ ਵਜੋਂ 'ਸਾਹਿਬਾ ਅਲਜਲਾਲ' ਸ੍ਰੀਮਤੀ ਹੈ; 'ਸਾਹਿਬਾ ਅਲਇਸਮਾ' ਵੱਡੇ ਨਾਂ ਵਾਲੀ ਇਸਤਰੀ ਹੈ। ਸਾਹਿਬ ਤੋਂ ਬਣੇ ਮਸਹੂਬ ਦਾ ਅਰਥ ਹੈ ਸੰਗ ਚੱਲ ਰਹੇ, ਜੋਟੀਦਾਰ, ਨਾਲ ਜੁੜੇ ਆਦਿ।

ਫਾਰਸੀ ਵਿਚ ਇਸ ਸ਼ਬਦ ਦੇ ਅਰਥ ਲਗਭਗ ਅਰਬੀ ਵਾਲੇ ਹੀ ਰਹਿੰਦੇ ਹਨ ਪਰ ਇਸ ਦੀ ਵਰਤੋਂ ਵਧੇਰੇ ਤੌਰ 'ਤੇ ਮਾਲਕ, ਸੁਆਮੀ ਦੇ ਤੌਰ 'ਤੇ ਹੋ ਜਾਂਦੀ ਹੈ, ਜਿਸ ਨੂੰ ਅਸੀਂ ਪੰਜਾਬੀ ਵਿਚ ਵਾਲਾ, ਦਾਰ ਜਾਂ ਧਾਰੀ ਆਦਿ ਪਿਛੇਤਰ ਲਾ ਕੇ ਪ੍ਰਗਟਾਉਂਦੇ ਹਾਂ। ਮਿਸਾਲ ਵਜੋਂ ਗੁਣਧਾਰਕ ਦੇ ਅਰਥ ਵਜੋਂ 'ਸਾਹਬੇ ਸਲੀਕਾ' ਅਰਥਾਤ ਸਲੀਕੇਦਾਰ; 'ਸਾਹਬੇ ਇਤਬਾਰ', ਇਤਬਾਰੀ, ਇਤਬਾਰ ਵਾਲਾ, 'ਸਾਹਿਬੇ ਜਮਾਲ' ਖੂਬਸੂਰਤ, ਹੁਸਨ ਵਾਲਾ, 'ਸਾਹਬੇ ਖ਼ੈਰ' ਖਰਾਇਤੀ, ਦਾਨੀ, 'ਸਾਹਬੇ ਗਰਜ਼', ਗਰਜ਼ ਵਾਲਾ, ਸੁਆਰਥੀ, 'ਸਾਹਬੇ ਤਸਦੀਕ' ਤਸਦੀਕ ਕਰਨ ਵਾਲਾ, 'ਸਾਹਬੇ ਸਰਮਾਇਆ' ਸਰਮਾਏਦਾਰ, 'ਸਾਹਬ ਖ਼ਾਨਹ' ਘਰ ਦਾ ਮਾਲਿਕ, ਘਰਵਾਲਾ, ਸਾਹਬਜ਼ਾਦਾ, ਪਿਆਰ ਸਤਿਕਾਰ ਨਾਲ ਸਪੁੱਤਰ। ਸਾਹਬਜ਼ਾਦਾ ਦਾ ਅਰਥ 'ਸਾਹਬ ਦਾ ਪੁਤਰ' ਨਹੀਂ ਬਲਕਿ ਅਜਿਹਾ ਜ਼ਾਦਾ (ਜਾਇਆ) ਜਿਹਨੂੰ ਪਿਆਰ ਸਤਿਕਾਰ ਵਜੋਂ ਸਾਹਿਬ ਕਿਹਾ ਗਿਆ ਹੈ।

ਪੰਜਾਬੀ ਵਿਚ ਸਾਹਿਬ ਸ਼ਬਦ ਬਹੁਤਾ ਮਾਲਕ, ਧਾਰਕ, ਵਾਲਾ ਆਦਿ ਵਾਂਗੂੰ ਦੂਜੇ ਸ਼ਬਦ ਦੇ ਨਾਲ ਇੱਕ ਪਿਛੇਤਰ ਵਾਂਗ ਨਹੀਂ ਲਗਦਾ ਸਿਵਾਏ ਕੁਝ ਉਨ੍ਹਾਂ ਸ਼ਬਦਾਂ ਦੇ, ਜੋ ਸਿਧੇ ਫਾਰਸੀ ਤੋਂ ਪੰਜਾਬੀ ਵਿਚ ਅਪਨਾ ਲਏ ਗਏ ਹੋਣ। ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਨੂੰ 'ਸਾਹਿਬੇ ਕਮਾਲ' (ਸੰਪੂਰਨ ਗੁਣਾਂ ਵਾਲਾ) ਕਿਹਾ ਜਾਂਦਾ ਹੈ। ਇਸੇ ਤਰ੍ਹਾਂ 'ਸਾਹਿਬੇ ਹੈਸੀਅਤ' ਹੈ ਜਿਸ ਦਾ ਅਰਥ ਹੋਇਆ ਹੈਸੀਅਤ ਵਾਲਾ ਅਰਥਾਤ ਕਹਿੰਦਾ ਕਹਾਉਂਦਾ, ਪਤਵੰਤਾ।

ਇੰਜ ਲਗਦਾ ਹੈ ਕਿ ਸਿੱਖੀ ਵਿਚ ਸਾਹਿਬ ਘਰ ਹੀ ਕਰ ਚੁਕਾ ਹੈ। ਗੁਰੂ ਗ੍ਰੰਥ ਸਾਹਿਬ ਇਸ ਸ਼ਬਦ ਨਾਲ ਭਰਪੂਰ ਹੋਇਆ ਪਿਆ ਹੈ। ਸਭ ਗੁਰੂਆਂ, ਕਈ ਭਗਤਾਂ ਅਤੇ ਭੱਟਾਂ ਨੇ ਸਾਹਿਬ ਨੂੰ ਬਹੁਤ ਚੁੱਕਿਆ ਹੈ। ਕਹਿਣ ਦਾ ਮਤਲਬ ਕਿ ਗੁਰਬਾਣੀ ਵਿਚ ਸਾਹਿਬ ਪ੍ਰਭੂ-ਪਰਮਾਤਮਾ ਦਾ ਰੁਤਬਾ ਹਾਸਿਲ ਕਰ ਗਿਆ ਕਿਉਂਕਿ ਪਰਮਾਤਮਾ ਨੂੰ ਇਕ ਮਾਲਿਕ ਦੇ ਤੌਰ 'ਤੇ ਕਲਪਿਆ ਗਿਆ ਹੈ। ਗੁਰੂਆਂ ਭਗਤਾਂ ਨੇ ਅਨੇਕਾਂ ਵਾਰੀ ਇਸ ਦੀ ਵਰਤੋਂ ਸੱਚਾ/ਸਾਚਾ ਸਾਹਿਬ, ਸਾਹਿਬ ਸੱਚਾ, ਵੱਡਾ ਸਾਹਿਬ, ਨਿਰਮਲ ਸਾਹਿਬ, ਮੇਰਾ ਸਾਹਿਬ ਆਦਿ ਸ਼ਬਦ-ਜੁੱਟਾਂ ਵਜੋਂ ਕੀਤੀ ਹੈ, 'ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥' (ਗੁਰੂ ਨਾਨਕ)। ਇਕ ਜਗਹ ਪਾਤਿਸਾਹੁ ਵਜੋਂ ਹੋਈ ਇਸ ਦੀ ਵਰਤੋਂ ਅਦੁੱਤੀ ਹੈ। ਸੰਬੋਧਕ ਵਜੋਂ ਸਾਹਿਬਾ ਸ਼ਬਦ ਵੀ ਮਿਲਦਾ ਹੈ, 'ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ॥' (ਗੁਰੂ ਨਾਨਕ)। 'ਦੇ'ਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ' ਵਿਚ ਭਾਵੇਂ ਅਰਥ ਪਤੀ ਵਾਲਾ ਹੈ ਪਰ ਭਾਵਅਰਥ ਮਾਲਿਕ ਹੀ ਹੈ। ਭੱਟਾਂ ਨੇ ਸਾਹਿਬ ਸ਼ਬਦ ਗੁਰੂਆਂ ਦੀ ਵਡਿਆਈ ਵਿਚ ਵਰਤ ਕੇ ਉਨ੍ਹਾਂ ਨੂੰ ਖੁਦਾ ਬਣਾ ਦਿੱਤਾ, 'ਸਿਰੀ ਗੁਰੂ ਸਾਹਿਬੁ ਸਭ ਊਪਰਿ॥' ਭਗਤ ਕਬੀਰ ਨੇ 'ਸਾਹਿਬੀ' ਸ਼ਬਦ ਸਰਦਾਰੀ ਦੇ ਅਰਥਾਂ ਵਿਚ ਲਿਆ ਹੈ, 'ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ॥'

ਗੁਰੂ ਕਾਲ ਪਿਛੋਂ ਸਿੱਖ ਸੰਦਰਭ 'ਚ ਸਾਹਿਬ ਸ਼ਬਦ ਨੇ ਹੋਰ ਪਸਾਰਾ ਕੀਤਾ ਹੈ। ਇਸ ਦੌਰਾਨ ਇਹ ਗੁਰੂਆਂ ਦੇ ਨਾਂਵਾਂ ਅੱਗੇ ਜਿਵੇਂ ਗੁਰੂ ਨਾਨਕ ਸਾਹਿਬ, ਗੁਰੂ ਗ੍ਰੰਥ ਸਾਹਿਬ; ਬਾਣੀਆਂ ਦੇ ਨਾਂ ਅੱਗੇ ਜਿਵੇਂ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਚੌਪਈ ਸਾਹਿਬ; ਗੁਰਦੁਆਰਿਆਂ ਦੇ ਨਾਂਵਾਂ ਅੱਗੇ ਜਿਵੇਂ ਦਰਬਾਰ ਸਾਹਿਬ, ਹਰਿਮੰਦਰ ਸਾਹਿਬ, ਅੰਬ ਸਾਹਿਬ, ਟਾਹਲੀ ਸਾਹਿਬ, ਰੀਠਾ ਸਾਹਿਬ, ਦਾਤਣ ਸਾਹਿਬ, ਇਥੋਂ ਤੱਕ ਕਿ ਕਿਸੇ ਵੀ ਗੁਰਦੁਆਰੇ ਨੂੰ ਗੁਰਦੁਆਰਾ ਸਾਹਿਬ ਕਿਹਾ ਜਾਣ ਲੱਗਾ।

ਗੁਰੂਆਂ ਨਾਲ ਸਬੰਧਤ ਇਤਿਹਾਸਕ-ਮਿਥਿਹਾਸਕ ਥਾਂਵਾਂ ਦੇ ਨਾਂਵਾਂ ਪਿਛੇ ਵੀ ਸਤਿਕਾਰ ਤੇ ਸ਼ਰਧਾ ਵਜੋਂ ਇਹ ਸ਼ਬਦ ਜੋੜਿਆ ਗਿਆ ਹੈ ਜਿਵੇਂ ਅਨੰਦਪੁਰ ਸਾਹਿਬ, ਨਨਕਾਣਾ ਸਾਹਿਬ, ਪਟਨਾ ਸਾਹਿਬ, ਦਮਦਮਾ ਸਾਹਿਬ, ਚੋਹਲਾ ਸਾਹਿਬ, ਹੇਮਕੁੰਟ ਸਾਹਿਬ, ਮਨੀਕਰਨ ਸਾਹਿਬ ਆਦਿ। ਵਿਅਕਤੀ ਨਾਂ ਵੀ ਸਾਹਿਬ ਹੁੰਦੇ ਹਨ ਜਿਵੇਂ 'ਸੌ ਸਾਖੀ' ਦਾ ਲਿਖਣ ਵਾਲਾ ਸਾਹਿਬ ਸਿੰਘ। ਗੁਰੂ ਗੋਬਿੰਦ ਸਿੰਘ ਦੇ ਸਪੁੱਤਰਾਂ ਨੂੰ ਸਾਹਿਬਜ਼ਾਦੇ ਕਿਹਾ ਜਾਣ ਲੱਗਾ।

ਪੰਜਾਬੀ ਦੇ ਕਿੱਸਾ ਅਤੇ ਸੂਫੀ ਸਾਹਿਤ ਵਿਚ ਸਾਹਿਬ ਸ਼ਬਦ ਦੀ ਵਰਤੋਂ ਮਿਲਦੀ ਹੈ। ਬੁੱਲੇ ਸ਼ਾਹ ਫੁਰਮਾਉਂਦੇ ਹਨ, 'ਮੈਂ ਚੂਹਰੇਟਤੀ ਆ ਸੱਚੇ ਸਾਹਿਬ ਦੀ ਸਰਕਾਰੋਂ।' ਪਰ ਵਾਰਿਸ ਸ਼ਾਹ ਨੇ ਸਾਹਿਬ ਦੇ ਬਹੁਵਚਨ ਅਸਹਾਬ ਦਾ ਦੂਹਰਾ ਬਹੁਵਚਨ ਬਣਾ ਦਿੱਤਾ,

ਮਾਅਸ਼ੂਕ ਨੂੰ ਬੇਪਰਵਾਹ ਕਰਕੇ
ਵਾਏ ਆਸ਼ਕਾਂ ਰਾਤ ਬੇਖਾਬੀਆਂ ਜੀ।
ਅਲੀ ਜੇਹਿਆਂ ਨੂੰ ਕਤਲ ਗੁਲਾਮ ਕੀਤਾ
ਖਬਰ ਹੋਈ ਨਾ ਮੂਲ ਅਸਹਾਬੀਆਂ ਜੀ।

ਸ਼ਾਹ ਮੁਹੰਮਦ ਨੇ ਸੰਗੀ ਸਾਥੀ, ਦਰਬਾਰੀ ਆਦਿ ਦੇ ਅਰਥਾਂ ਵਾਲਾ ਮੁਸਾਹਿਬ ਸ਼ਬਦ ਵਰਤਿਆ ਹੈ,



ਪਿੱਛੇ ਰਾਜ ਬੈਠੀ ਰਾਣੀ ਚੰਦ ਕੌਰਾਂ
ਦੇਂਦੇ ਆਇ ਮੁਸਾਹਿਬ ਦਲੇਰੀਆਂ ਨੀ।

ਤੇ ਨਜਾਬਤ ਨੇ ਵੀ,

ਮੁਸਾਹਬ ਤੇ ਚੋਰ ਕਚਹਿਰੀਆਂ,
ਲਾ ਬਹਿਣ ਦਿਵਾਨਾ।
ਰਲ ਸਿਫਲੇ ਕਰਨ ਮਜਲਸਾਂ
ਅਦਲ ਇਨਸਾਫ ਗਿਆ ਸੁਲਤਾਨਾ।

ਫਾਰਸੀ ਸ੍ਰੋਤਾਂ ਅਨੁਸਾਰ ਫਾਰਸੀ ਵਿਚ ਗੋਰੇ ਫਰੰਗੀਆਂ ਪ੍ਰਤੀ ਅਧੀਨਗੀ ਅਤੇ ਖੁਸ਼ਾਮਦੀ ਸਤਿਕਾਰ ਵਜੋਂ ਸਾਹਿਬ ਸ਼ਬਦ ਦੀ ਵਰਤੋਂ ਹੋਣ ਲੱਗ ਪਈ ਸੀ। ਪੰਜਾਬੀ ਵਿਚ ਏਹੀ ਪਰੰਪਰਾ ਅੱਗੇ ਚੱਲੀ। ਇਸ ਗੱਲ ਦਾ ਸੰਕੇਤ ਸ਼ਾਹ ਮੁਹੰਮਦ ਦੇ ਜੰਗਨਾਮੇ ਤੋਂ ਭਲੀ ਭਾਂਤ ਮਿਲਦਾ ਹੈ,

ਟੁੰਡੇ ਲਾਟ ਨੇ ਚੁਕਿਆ ਆਣ ਬੀੜਾ
ਹਮੀਂ ਜਾਇ ਕੇ ਸਿਖ ਸੇ ਅੜੇਗਾ ਜੀ।
ਘੰਟੇ ਤੀਨ ਮੇਂ ਜਾਇ ਲਾਹੌਰ ਮਾਰਾਂ
ਏਸ ਬਾਤ ਮੇਂ ਫਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫਗਣੋਂ ਤੇਰ੍ਹਵੀਂ ਨੂੰ
ਸਾਹਿਬ ਜਾਇ ਲਾਹੌਰ ਵਿਚ ਵੜੇਗਾ ਜੀ।

ਗੋਰੇ ਲੋਕਾਂ ਲਈ ਸਾਹਿਬ ਸ਼ਬਦ ਦੀ ਵਰਤੋਂ ਕੰਪਨੀ ਰਾਜ ਸਮੇਂ ਤੋਂ ਹੀ ਹੋਣ ਲੱਗ ਪਈ ਸੀ। ਐਂਗਲੋ-ਇੰਡੀਅਨ ਸ਼ਬਦਾਂ ਦੇ ਕੋਸ਼ 'ਹੌਬਸਨ ਜੌਬਸਨ' ਨੇ 1673 ਅਤੇ 1689 ਵਿਚ ਅੰਗਰੇਜ਼ੀ ਵਿਚ ਸਾਹਿਬ ਸ਼ਬਦ ਦੇ ਪ੍ਰਯੋਗ ਦਾ ਹਵਾਲਾ ਦਿੱਤਾ ਹੈ। ਦਿਲਚਸਪੀ ਲਈ ਸਬੰਧਤ ਟੂਕਾਂ ਦੇਖੋ: 1673. - "...To which the subtle Heathen replied, Sahab (i.e. Sir), why will you do more than the Creator meant?" — Fryer, 417.

1689. - "Thus the distracted Husband in his Indian English confest, English fashion, Sab, best fashion, have one Wife best for one Husband." — Ovington, 326.

ਕਿਸੇ ਵੀ ਅੰਗਰੇਜ਼ ਅਫਸਰ ਨੂੰ ਸੰਬੋਧਨ ਵਜੋਂ ਉਸ ਦੇ ਨਾਂ ਜਾਂ ਪਦਵੀ ਅੱਗੇ ਸਾਹਿਬ ਲਾਇਆ ਜਾਣ ਲੱਗਾ ਜਿਵੇਂ ਕਰਨਲ ਸਾਹਿਬ, ਲਾਟ ਸਾਹਿਬ, ਸਾਹਿਬ ਬਹਾਦਰ। ਇਥੋਂ ਤੱਕ ਕਿ 'ਸਾਹਿਬ' ਜਾਂ 'ਸਾਹਿਬ-ਲੋਕ' ਸ਼ਬਦ ਹੀ ਅੰਗਰੇਜ਼ਾਂ ਲਈ ਰੂੜ ਹੋ ਗਏ। ਗੋਰੀਆਂ ਔਰਤਾਂ 'ਮੇਮ ਸਾਹਿਬ' ਕਹਾਉਣ ਲੱਗੀਆਂ। ਰੀਸੋ ਰੀਸੀ ਵੱਡੇ ਰੁਤਬੇ ਵਾਲੇ ਹਿੰਦੂਆਂ-ਮੁਸਲਮਾਨਾਂ ਲਈ ਵੀ ਸਾਹਿਬ ਵਰਤਿਆ ਜਾ ਲੱਗਾ ਜਿਵੇਂ ਖਾਨ ਸਾਹਿਬ, ਨਵਾਬ ਸਾਹਿਬ, ਸਰਦਾਰ ਸਾਹਿਬ, ਪਟੇਲ ਸਾਹਿਬ, ਰਾਜਾ ਸਾਹਿਬ, ਹੋਰ ਹਲੀਮੀ ਦਿਖਾਉਣੀ ਹੋਵੇ ਤਾਂ ਸਾਹਿਬ ਜੀ ਵੀ ਪੇਸ਼ ਪੇਸ਼ ਹੈ। ਹੁਣ ਤਾਂ ਥਾਣੇਦਾਰ ਸਾਹਿਬ, ਸਰਪੰਚ ਸਾਹਿਬ, ਪੰਚ ਸਾਹਿਬ, ਭਾਈ ਸਾਹਿਬ ਵੀ ਮਾਣ ਨਹੀਂ। ਕਈ ਔਰਤਾਂ ਆਪਣੇ ਪਤੀ ਨੂੰ ਸਾਹਿਬ ਕਹਿ ਕੇ ਬੁਲਾਉਂਦੀਆਂ ਹਨ। ਸ਼ਾਇਦ ਇਸ ਪਿਛੇ ਅਸਲੀ ਕਾਰਨ ਇਹ ਹੈ ਕਿ ਉਹ ਪਤੀ ਨੂੰ ਕੋਈ ਵੱਡੇ ਰੁਤਬੇ ਵਾਲਾ ਖਿਆਲ ਕਰਦੀਆਂ ਹਨ। ਵਿਚਾਰ ਹੈ ਕਿ ਸਿੱਖ ਗੁਰੂਆਂ, ਥਾਂਵਾਂ, ਗੁਰਦੁਆਰਿਆਂ ਤੇ ਬਾਣੀਆਂ ਲਈ ਸਾਹਿਬ ਸ਼ਬਦ ਅੰਗਰੇਜ਼ਾਂ ਵੇਲੇ ਹੀ ਸ਼ੁਰੂ ਹੋਇਆ ਹੋਵੇਗਾ।

## ਪੌਂਡਾਂ ਦੀ ਜੰਗ

(ਪਿਛਲੇ ਸਫੇ ਦੀ ਬਾਕੀ)

ਛੱਡ ਦੁਕਾਨ 'ਤੇ ਆ ਪੁੱਜਦਾ ਹੈ, ਸਵੇਰੇ ਛੇ ਵਜੇ ਪੇਪਰ ਚੁੱਕਣੇ ਹੁੰਦੇ ਹਨ। ਸਭ ਕਾਸੇ ਨਾਲੋਂ ਦੁਕਾਨ ਪਿਆਰੀ ਹੈ।"

"ਜਿਸ ਕਿਸੇ ਰਾਤ ਇਹ ਜ਼ਿਆਦਾ ਪੀ ਕੇ ਘੁਰਾੜੇ ਮਾਰਨ ਲੱਗਦੇ ਹਨ, ਉਹ ਰਾਤ ਮੇਰੇ ਲਈ ਬੜੀ ਭਾਗਾਂ ਭਰੀ ਹੁੰਦੀ ਹੈ। ਮੈਂ ਗਈ ਰਾਤ ਤੱਕ ਆਪਣੇ ਮਨ ਨਾਲ ਗੱਲਾਂ ਕਰਦੀ ਹਾਂ। ਕੁਝ ਲਿਖਦੀ ਹਾਂ, ਕੁਝ ਪੜ੍ਹਦੀ ਹਾਂ। ਮੈਂ ਇੰਡੀਆ ਤੋਂ ਕਈ ਰਸਾਲੇ ਲਵਾਏ ਹੋਏ ਹਨ। ਮੇਰੀ ਹਫਤੇ ਵਿਚ ਦੋ ਵਾਰੀ ਇਹ ਪ੍ਰਾਰਥਨਾ ਹੁੰਦੀ ਹੈ ਕਿ ਅੱਜ ਇਹ ਜ਼ਿਆਦਾ ਪੀ ਕੇ ਸੌਂ ਜਾਣ ਤਾਂ ਕਿ ਮੈਂ ਆਏ ਪੇਪਰਾਂ 'ਤੇ ਨਜ਼ਰ ਮਾਰ ਸਕਾਂ। ਇਨ੍ਹਾਂ ਨੂੰ ਕੋਈ ਸ਼ੌਕ ਨਹੀਂ ਹੈ, ਪੌਂਡ ਇਕੱਠੇ ਕਰਨ ਤੋਂ ਇਲਾਵਾ। ਨਾ ਬੱਚਿਆਂ ਨਾਲ ਮੋਹ ਹੈ, ਨਾ ਮੇਰੇ ਨਾਲ ਪਿਆਰ ਹੈ। ਬਸ ਬਰਥ ਡੇਅ 'ਤੇ ਮਹਿੰਗੇ ਮਹਿੰਗੇ ਖਿਡੌਣੇ ਲੈ ਕੇ ਦੇਣਾ ਹੀ ਆਪਣੀ ਵਡਿੱਤਣ ਸਮਝਦੇ ਹਨ ਜਾਂ ਮਹਿੰਗੀਆਂ ਕਾਰਾਂ ਰੱਖਣੀਆਂ। ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿਨ੍ਹਾਂ ਲਈ ਇਹ ਸਭ ਕੁਝ ਕਰਦੇ ਪਏ ਹੋ, ਕਦੇ ਉਨ੍ਹਾਂ ਨੂੰ ਵੀ ਪੁੱਛਿਆ, 'ਤੁਸੀਂ ਜ਼ਿੰਦਾ ਹੋ ਜਾਂ ਨਹੀਂ?' ਅਸੀਂ ਤਾਂ ਤੁਰਦੀਆਂ ਫਿਰਦੀਆਂ ਲੋਥਾਂ ਹਾਂ।" ਬੱਸ ਮੈਂ ਇਸ ਕਰਕੇ ਉਸ ਦਿਨ ਇਹ ਦੁਆ ਮੰਗੀ ਸੀ ਕਿ ਰੱਬ ਕਰੇ, ਤੈਨੂੰ ਇਥੋਂ ਦੇ ਪੌਂਡਾਂ ਦੀ ਜੰਗ ਲੱਗੇ ਵੀ ਨਾ...।"

"ਇਸ ਸਭ ਦਾ ਭਾਵ ਹੋਇਆ ਕਿ ਤੂੰ ਪਤੀ ਤੋਂ ਡਰਦੀ ਏਂ? ਜੇ ਇਹ ਗੱਲ ਨਾ ਹੋਵੇ ਤਾਂ ਤੂੰ ਕਈ ਮਸਲਿਆਂ 'ਤੇ ਅੜ ਸਕਦੀ ਸੀ। ਆਪਣਾ ਆਪ ਸੰਵਾਰ ਸਕਦੀ ਸੀ। ਆਪਣੀ ਜ਼ਿੰਦਗੀ ਨੂੰ ਸੌਖਿਆਂ ਬਣਾ ਸਕਦੀ ਸੀ।"

"ਕਹਿਣਾ ਬਹੁਤ ਅਸਾਨ ਹੈ। ਇਸ ਮੁਲਖ ਵਿਚ ਜ਼ਿੰਦਗੀ ਸੌਖੀ ਹੈ ਹੀ ਨਹੀਂ, ਫਿਰ ਕਿੰਦਾਂ ਬਣਾ ਲੈਂਦੀ ਸੌਖਿਆਂ। ਇਥੇ ਲਿਵਿੰਗ ਕਿੰਨੀ ਮਹਿੰਗੀ ਹੈ, ਕਦੇ ਕਿਆਸ ਕੀਤਾ? ਇਥੇ ਹਰ ਘਰ ਇਕ ਛੱਪੜ ਹੈ ਤੇ ਉਸ ਘਰ ਦੇ ਜੀਵ ਉਸ ਛੱਪੜ ਵਿਚ ਰਹਿੰਦੇ ਹਨ। ਸਿਰਫ ਉਸ ਘਰ ਦੇ ਜੀਆਂ ਨੂੰ ਹੀ ਪਤਾ ਹੁੰਦਾ ਹੈ ਕਿ ਸਾਡਾ ਇਹ ਛੱਪੜ ਕਿੰਨਾ ਕੁ ਡੂੰਘਾ ਹੈ। ਤੂੰ ਤਾਂ ਇਕੱਲਾ ਹੈਂ ਅਜੇ, ਇਸ ਕਰਕੇ ਅਜਿਹੀਆਂ ਗੱਲਾਂ ਦਾ ਅਹਿਸਾਸ ਵੀ ਘੱਟ ਹੀ ਹੋਵੇਗਾ।"

"ਮੈਂ ਤੇਰੀ ਹਰ ਦਲੀਲ ਨਾਲ ਸਹਿਮਤ ਹਾਂ। ਪਰ ਫਿਰ ਵੀ ਕਹਿੰਦਾ ਹਾਂ ਕਿ ਤੂੰ ਜੇ ਚਾਹੁੰਦੀ, ਆਪਣੀ ਜ਼ਿੰਦਗੀ ਨੂੰ ਨਵਾਂ ਮੋੜ ਦੇ ਸਕਦੀ ਸੀ।"

"ਕਿਸ ਦੇ ਸਹਾਰੇ-ਉਸ ਬਾਪ ਦੇ ਸਹਾਰੇ, ਜਿਸ ਨੇ ਇਕ ਜ਼ਿੱਦ ਪਾਲਣ ਲਈ ਸਾਨੂੰ ਕੰਜਕਾਂ ਵਰਗੀਆਂ ਨੂੰ ਘਰੋਂ ਬੇਘਰ ਕਰ ਦਿੱਤਾ। ਸੱਤ ਸਮੁੰਦਰ ਪਾਰ ਭੇਜ ਦਿੱਤਾ। ਸਫਰ ਤਾਂ ਸੱਤ ਮੀਲਾਂ ਦਾ ਮਾਣ ਨਹੀਂ ਹੁੰਦਾ। ਚੰਦਰਿਆ, ਇਹ ਤਾਂ ਸੱਤ ਸਮੁੰਦਰਾਂ ਦਾ ਪੈਂਡਾ ਹੈ। ਕਿੰਦਾਂ, ਕਿਸ ਦੇ ਸਹਾਰੇ ਪਾਰ ਕਰ ਲੈਂਦੀ?"

"ਮੈਂ ਮੰਨਦਾ ਹਾਂ, ਪਰ ਇਸ ਮੁਲਖ ਵਿਚ ਤੇ ਇਸ ਵਰਗੇ ਹੋਰਾਂ ਮੁਲਖਾਂ ਵਿਚ ਵੀ ਔਰਤਾਂ ਇੰਜ ਹੀ ਨਰਕ ਭੋਗਦੀਆਂ ਰਹਿਣਗੀਆਂ? ਇੰਜ ਹੀ ਦੁਖੜੇ ਸਹਿੰਦੀਆਂ ਰਹਿਣਗੀਆਂ?

"ਪਰ ਯਾਰ ਤੂੰ ਫਿਰ ਵੀ ਕੁਝ ਕਰ ਸਕਦੀ ਸੀ। ਬੰਦਾ ਚਾਹੇ ਤਾਂ ਸਹਾਰਾ ਵੀ ਕਿਤੋਂ ਨਾ ਕਿਤੋਂ ਲੱਭ ਪੈਂਦੈ। ਇੱਛਾ ਤੇ ਸਿਰੜ ਹੋਵੇ ਭਲਾ, ਕੀ ਨਹੀਂ ਹੋ ਸਕਦਾ?"

"ਬੜੀ ਮਜ਼ੇਦਾਰ ਗੱਲ ਕਹੀ ਹੈ। ਜਾਪਦੈ ਜਿਵੇਂ ਉਮਰਾਂ ਦੀ ਸਾਰੀ ਥਕਾਵਟ ਲੱਥ ਗਈ ਹੋਵੇ। ਅੰਮ੍ਰਿਤਾ ਯਾਦ ਆ ਰਹੀ ਹੈ, "ਰਲ ਗਈ ਸੀ ਇਸ 'ਚ ਇਕ ਬੂੰਦ ਤੇਰੇ ਇਸ਼ਕ ਦੀ...।"

"ਵੇਖਿਆ, ਅਜੇ ਤਾਂ ਗੱਲ ਹੀ ਕਹੀ ਸੀ, ਕਿੰਦਾਂ ਫੀਲ ਕਰਨ ਲੱਗ ਪਈ ਏਂ, ਜੇ ਕਿਤੇ ਸਹਾਰਾ ਲੱਭ ਲੈਂਦੀ ਤਾਂ ਹੁਣ ਨੂੰ ਆਲੀਸ਼ਾਨ ਜ਼ਿੰਦਗੀ ਨਾ ਜਿਉਂਦੀ ਹੁੰਦੀ?"

"ਤੂੰ ਫਿਰ ਸਹਾਰੇ ਦੀ ਗੱਲ ਕਹੀ ਹੈ। ਮੈਨੂੰ ਤੇਰੀਆਂ ਤੇ ਤੈਨੂੰ ਮੇਰੀਆਂ ਸਭ ਗੱਲਾਂ ਸਮਝ ਪੈਂਦੀਆਂ ਨੇ। ਮੈਂ ਇਸ ਨਰਕ ਵਿਚੋਂ ਨਿਕਲਣ ਨੂੰ ਤਿਆਰ ਹਾਂ ਤੂੰ ਬੜਾ ਸਮਝਦਾਰ ਅਤੇ ਸਿਆਣਾ ਏਂ। ਕੀ ਤੂੰ ਸਹਾਰਾ ਦੇਵੇਂਗਾ? ਸਹਾਰਾ ਤਾਂ ਕੀ, ਬੋਲ ਜ਼ਿੰਦਗੀ ਭਰ ਦਾ ਸਾਥ ਦੇਵੇਂਗਾ।"

ਉਸ ਦੀ ਗੱਲ ਸੁਣ ਕੇ ਮੈਂ ਠਠੰਬਰ ਜਿਹਾ ਗਿਆ। ਉਹ ਮੇਰੇ ਚਿਹਰੇ ਨੂੰ ਭਾਂਪਦੀ ਫਿਰ ਬੋਲੀ, "ਕੀ ਸੋਚੀਂ ਪੈ ਗਿਆ ਏਂ। ਮੈਂ ਨਰਕ ਵਿਚੋਂ ਨਿਕਲਣ ਨੂੰ ਤਿਆਰ ਹਾਂ। ਗਿਵ ਮੀ ਏ ਹੈਂਡ।"

"ਸਿਆਣੇ ਕਹਿੰਦੇ ਨੇ, ਅੱਜ ਦਾ ਕੰਮ, ਕੱਲ੍ਹ ਤੇ ਨਹੀਂ ਛੱਡੀਦਾ ਅਤੇ ਫਿਰ ਗੁਰਬਾਣੀ ਵੀ ਤਾਂ ਕਹਿੰਦੀ ਏ, "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨਾ ਹੋਵਈ ਜੇ ਲਾਇ ਰਹਾ ਲਿਵ ਤਾਰ॥"

ਮੈਂ ਫਿਰ ਵੀ ਚੁੱਪ ਹੀ ਰਿਹਾ। ਕੁਝ ਨਾ ਬੋਲਿਆ। ਮੈਨੂੰ ਲੱਗ ਰਿਹਾ ਸੀ ਕਿ ਜਿਵੇਂ ਕਿਸੇ ਨੇ ਮੈਨੂੰ ਬਰਫ ਵਿਚ ਲਾ ਦਿੱਤਾ ਹੋਵੇ। ਉਹ ਫਿਰ ਬੋਲੀ, "ਮੈਂ ਸਭ ਸਮਝ ਗਈ ਹਾਂ। ਉਂਜ ਤੇਰੇ ਲਈ ਅੱਜ ਮੈਂ ਫਿਰ ਦੁਆ ਕਰਾਂਗੀ।"

ਮੈਂ ਤ੍ਰਬਕਿਆ, "ਕੇਹੀ ਦੁਆ?"

"ਰੱਬ ਕਰੇ, ਤੈਨੂੰ ਵੀ ਹੁਣ ਇਥੋਂ ਦੇ ਪੌਂਡਾਂ ਦੀ ਜੰਗ ਲੱਗ ਜਾਵੇ।"

# ਬੋਨ ਮੈਰੋ ਟਰਾਂਸਪਲਾਂਟ ਪਿਛੋਂ ਨਵਾਂ ਜਨਮ

**ਕੈਂਸਰ ਅਜਿਹਾ ਭਿਆਨਕ ਰੋਗ ਹੈ ਕਿ ਇਸ ਦਾ ਨਾਂ ਸੁਣਦਿਆਂ ਹੀ ਬੰਦੇ ਦਾ ਤ੍ਰਾਹ ਨਿੱਕਲ ਜਾਂਦਾ ਹੈ। ਪ੍ਰੋ. ਲਖਬੀਰ ਸਿੰਘ ਨੇ ਜਿੰਨੇ ਦਿਲ ਜਿਗਰੇ ਨਾਲ ਇਸ ਦਾ ਮੁਕਾਬਲਾ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਸੀਂ ਉਨ੍ਹਾਂ ਦੀ ਇਹ ਲਿਖਤ ਕਿਸ਼ਤਾਂ ਵਿਚ ਇਸ ਸੋਚ ਨਾਲ ਛਾਪ ਰਹੇ ਹਾਂ ਕਿ ਸ਼ਾਇਦ ਕਿਸੇ ਨੂੰ ਮੁਸੀਬਤ ਦਾ ਸਾਹਮਣਾ ਕਰਨ ਲਈ ਹਿੰਮਤ ਬੱਝੇ। ਇਸ ਕਿਸ਼ਤ ਵਿਚ ਲੇਖਕ ਨੇ ਕੈਂਸਰ ਦੇ ਇਲਾਜ ਲਈ ਕੀਤੇ ਗਏ ਬੋਨ ਮੈਰੋ ਟਰਾਂਸਪਲਾਂਟ ਤੋਂ ਬਾਅਦ ਦੇ ਹਾਲਾਤ ਬਿਆਨੇ ਹਨ। -ਸੰਪਾਦਕ**

(ਲੜੀ ਜੋੜਨ ਲਈ ਪਿਛਲਾ ਅੰਕ ਵੇਖ)

ਅਗਲੇ ਦਿਨ ਮੈਨੂੰ ਬੋਨ ਮੈਰੋ ਟਰਾਂਸਪਲਾਂਟ ਵਾਸਤੇ ਬੀ. ਐਮ. ਟੀ. ਯੂਨਿਟ ਦੇ ਕਮਰਾ ਨੰਬਰ 307 'ਚ ਸ਼ਿਫਟ ਕਰ ਦਿੱਤਾ ਗਿਆ। ਇਹ ਉਹੀ ਕਮਰਾ ਸੀ, ਜਿਸ ਵਿਚੋਂ ਅਸੀਂ ਇਕ ਲਾਸ਼ ਬਾਹਰ ਆਉਂਦੀ ਦੇਖੀ ਸੀ। ਹੋ ਸਕਦਾ ਉਸ ਕਮਰੇ ਵਿਚੋਂ ਬਹੁਤ ਸਾਰੇ ਜ਼ਿੰਦਗੀ ਦੀ ਦਾਤ ਲੈ ਕੇ ਨਿਕਲੇ ਹੋਣ ਤੇ ਕੁਝ ਇਕ ਕੈਂਸਰ ਦੀ ਮਾਰ ਨਾ ਸਹਾਰਦਿਆਂ ਅਤਿਅੰਤ ਦੁੱਖਾਂ ਵਿਚੋਂ ਸ਼ਾਂਤ ਹੁੰਦੇ ਪਰਮਾਨੰਦ ਨੂੰ ਪ੍ਰਾਪਤ ਹੋ ਗਏ ਹੋਣ। ਮੈਨੂੰ ਤਾਂ ਕੈਂਸਰ ਦੀ ਹਾਲਤ ਵਿਚ ਦੋਵੇਂ ਗੱਲਾਂ ਹੀ ਠੀਕ ਲੱਗਦੀਆਂ ਨੇ। ਜੀਅ ਲੈਣਾ ਇਸ ਕਰਕੇ ਕਿ ਕੈਂਸਰ ਵਿਚ ਨਵੇਂ ਅਰਥਾਂ ਵਾਲੀ ਜ਼ਿੰਦਗੀ ਮਿਲਦੀ ਹੈ, ਤੁਰ ਜਾਣਾ ਇਸ ਲਈ ਕਿ ਕੈਂਸਰ ਦਾ ਪੂਰਨ ਇਲਾਜ ਇਸ ਸਰੀਰ ਨੂੰ ਅਲਵਿਦਾ ਕਹਿ ਕੇ ਸਪੁਰਦ-ਏ-ਖਾਕ ਕਰਨ ਵਿਚ ਹੀ ਹੁੰਦਾ ਹੈ।



**ਪ੍ਰੋ. ਲਖਬੀਰ ਸਿੰਘ**
**ਫੋਨ: 91-98148-66230**

ਅਗਲਾ ਦਿਨ ਸੀ, ਹਾਈ ਡੋਜ਼ ਕੀਮੋ ਦੇਣ ਦਾ। ਭਾਵ ਸਿਹਤ ਦੇ ਹਿਸਾਬ ਨਾਲ ਆਮ ਕੀਮੋਥੈਰੇਪੀ ਤੋਂ 10 ਗੁਣਾ ਡੋਜ਼ ਇਕੋ ਸਮੇਂ ਦੇ ਦੇਣੀ ਤਾਂ ਕਿ ਅੰਦਰੋਂ ਸਾਰੇ ਦਾ ਸਾਰਾ ਬੋਨ ਮੈਰੋ ਤਬਾਹ ਕਰਕੇ ਨਵੀਂ ਧਰਤੀ, ਨਵੇਂ ਸਿਆੜ ਬਣਾ ਕੇ ਜ਼ਿੰਦਗੀ ਦੇ ਨਵੇਂ ਬੀਜਾਂ ਦਾ ਛੱਟਾ ਦਿੱਤਾ ਜਾਵੇ। ਸਵੇਰੇ 6 ਵਜੇ ਤੋਂ ਹਾਈ ਡੋਜ਼ ਕੀਮੋਥੈਰੇਪੀ ਦੇ ਟੀਕੇ ਲੱਗਣੇ ਸ਼ੁਰੂ ਹੋਏ, ਜੋ ਬਾਅਦ ਦੁਪਹਿਰ 2 ਵਜੇ ਮੁਕੰਮਲ ਹੋਏ। ਇਕਦਮ ਤਾਂ ਉਸ ਦਾ ਕੋਈ ਪਤਾ ਨਾ ਲੱਗਾ। ਸਧਾਰਨ ਵਾਂਗ ਅੰਨ-ਜਲ ਛਕਿਆ, ਸੌਂ ਗਿਆ। ਰਾਤ ਨੂੰ ਬੜੀ ਤਲਖੀ ਹੋਈ, ਵਾਰ ਵਾਰ ਪਾਣੀ ਨੂੰ ਮਨ ਕੀਤਾ, ਤੇਜ਼ ਦਰਦਾਂ ਹੋਈਆਂ-ਜਾਨ ਨਿਕਲਣ ਵਰਗਾ ਅਹਿਸਾਸ। ਇੰਨੀ ਬੈਚੇਨੀ ਕਿ ਉਸਲਵੱਟੀਆਂ 'ਚ ਵਾਲ ਖੁੱਲ੍ਹ ਕੇ ਉਲਝਣਾਂ ਪੈ ਗਈਆਂ।

ਦਿਨ ਚੜ੍ਹਿਆ, ਮੈਂ ਸੋਫੇ 'ਤੇ ਪਈ ਹਰਵਿੰਦਰ ਨੂੰ ਬੁਲਾਇਆ ਕਿ ਮੇਰੇ ਕੇਸ ਬੰਨ੍ਹ ਦੇਵੇ। ਉਸ ਜਦੋਂ ਮੇਰੇ ਵਾਲ ਹੱਥਾਂ 'ਚ ਫੜ੍ਹੇ ਤਾਂ ਵਾਲਾਂ ਦਾ ਰੁੱਗ ਹੱਥਾਂ 'ਚ ਆ ਗਿਆ। ਉਹ ਬੁਰੀ ਤਰ੍ਹਾਂ ਡਰਿਆ ਕੇ ਰੋ ਪਈ। ਉਸ ਦੀ ਭਿਆਨਕ ਚੀਕ ਦੀ ਆਵਾਜ਼ ਸੁਣ ਕੇ ਮੈਂ ਡਰ ਗਿਆ। ਪਹਿਲਾਂ ਜਦੋਂ ਮੈਂ ਉਸ ਨੂੰ ਵਾਲ ਬੰਨ੍ਹਣ ਲਈ ਕਹਿਣ ਦਾ ਖਿਆਲ ਕਰ ਰਿਹਾ ਸਾਂ ਤਾਂ ਉਸ ਹਾਲਤ ਵਿਚ ਵੀ ਰੋਮਾਂਚਿਤ ਹੁੰਦਾ ਲੋਕ-ਗੀਤ ਦੀਆਂ ਸਤਰਾਂ ਖਿਆਲ ਕਰ ਰਿਹਾ ਸਾਂ, ਜਿਵੇਂ ਵਾਲ ਬੰਨ੍ਹਣ ਲੱਗਿਆਂ ਕੋਈ ਕਹਿ ਰਹੀ ਹੋਵੇ, "ਮੇਰੇ ਨਿੱਤ ਦੇ ਸ਼ਰਾਬੀਆ ਯਾਰਾ, ਲਿਆ ਮੈਂ ਤੇਰੇ ਕੇਸ ਬੰਨ੍ਹ ਦਿਆਂ।" ਪਰ ਪਲ ਦੀ ਪਲ ਮੈਂ ਵੀ ਭੈਅਭੀਤ ਹੋ ਗਿਆ। ਇੰਨੇ ਨੂੰ ਚੀਕ ਸੁਣ ਕੇ ਹਸਪਤਾਲ ਦਾ ਸਟਾਫ ਭੱਜ ਆਇਆ, ਉਨ੍ਹਾਂ ਕੋਲ ਇਹ ਸਿਲਸਿਲਾ ਆਮ ਹੁੰਦਾ ਹੋਣ ਕਰਕੇ, ਉਨ੍ਹਾਂ ਸਮਝਾ ਦਿੱਤਾ। ਜਦ ਮੈਂ ਆਪਣਾ ਸਿਰ ਸ਼ੀਸ਼ੇ 'ਚ ਦੇਖਿਆ ਤਾਂ ਮੇਰਾ ਮੁੰਡਨ ਹੋਇਆ ਜਾਪਿਆ।

ਅਗਲੇ ਦਿਨ ਇਕ ਸੈਂਪਲ ਖੂਨ ਦਾ ਲਿਆ ਗਿਆ, ਜਿਸ ਦੀ ਰਿਪੋਰਟ ਜਲਦੀ ਹੀ ਆ ਗਈ ਤੇ ਮੇਰੇ ਸਾਹਮਣੇ ਕੰਧ 'ਤੇ ਇਕ ਏ-4 ਸਾਇਜ਼ ਦਾ ਕਾਗਜ਼ ਚਿਪਕਾ ਦਿੱਤਾ ਗਿਆ, ਜਿਸ ਉਤੇ ਲਿਖਿਆ ਸੀ, ਜ਼ੀਰੋ ਡੇਅ। ਮੈਨੂੰ ਪਤਾ ਨਾ ਲੱਗਾ ਕਿ ਜ਼ੀਰੋ ਡੇਅ ਕਿਸ ਦਾ ਹੈ, ਤਾਂ ਸਮਝਾਇਆ ਕਿ ਮੇਰੇ ਸਰੀਰ ਦਾ ਸੁਰੱਖਿਆ ਪ੍ਰਬੰਧ ਬਿਲਕੁਲ ਨਕਾਰਾ ਕਰਕੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਹੁਣ ਮੇਰੇ ਅੰਦਰ ਜ਼ਿੰਦਗੀ ਦੇ ਆਧਾਰ ਟੀ. ਐਲ. ਸੀ. ਨੂੰ ਜ਼ੀਰੋ ਕਰ ਦਿੱਤਾ ਗਿਆ ਹੈ, ਜਿਸ ਦੀ ਰੇਂਜ 4400 ਤੋਂ 11000 ਹੁੰਦੀ ਹੈ। ਮਸਲਨ ਮੇਰੇ ਅੰਦਰੋਂ ਕੈਂਸਰ ਕੱਢਣ ਲਈ ਕਿਲਾ ਇਸ ਵਕਤ ਖਾਲੀ ਕਰ ਦਿੱਤਾ ਗਿਆ ਹੈ ਭਾਵ ਟੀ. ਐਲ. ਸੀ. ਜ਼ੀਰੋ। ਹਾਈ ਡੋਜ਼ ਕੀਮੋਥੈਰੇਪੀ ਨੇ ਇਕੱਲੇ ਕੈਂਸਰ ਸੈਲ ਹੀ ਨਹੀਂ ਮਾਰੇ ਸਗੋਂ ਸਮੁੱਚਾ ਬੋਨ ਮੈਰੋ ਹੀ ਖਤਮ ਕਰ ਦਿੱਤਾ ਸੀ।

ਖੌਫਜ਼ਦਾ ਹੋਏ ਸਾਰਾ ਮਾਜ਼ਰਾ ਦੇਖ ਜਗਤ ਤਮਾਸ਼ੇ ਦੀ ਨਜ਼ਰਸਾਨੀ ਕਰਦੇ ਨੂੰ ਅਗਲਾ ਦਿਨ ਚੜ੍ਹ ਗਿਆ ਤੇ ਹਸਪਤਾਲ ਸਟਾਫ ਨੇ ਡੇਅ ਵਨ ਦਾ ਨਵਾਂ ਕਾਗਜ਼ ਚਿਪਕਾ ਦਿੱਤਾ। ਪਹਿਲਾ ਦਿਨ ਬੜਾ ਚੰਗਾ ਲੱਗਾ ਕਿ ਮੇਰੀ ਨਵੀਂ ਜ਼ਿੰਦਗੀ ਦਾ ਪਹਿਲਾ ਦਿਨ, ਜਦੋਂ ਜਨਮ ਹੁੰਦਾ ਹੈ ਤਾਂ ਅਹਿਸਾਸ ਨਹੀਂ ਹੁੰਦਾ, ਇਥੇ ਡਾਕਟਰੀ ਵਿਗਿਆਨ ਦੀ ਇਮਦਾਦ ਨਾਲ ਮੈਂ ਨੂੰ ਮੈਂ ਜਨਮ ਦੇ ਰਿਹਾ ਸਾਂ।


ਪਹਿਲੇ ਦਿਨ ਡਾਕਟਰਾਂ ਦੀ ਟੀਮ ਆਈ। ਬੋਨ ਮੈਰੋ ਟਰਾਂਸਪਲਾਂਟ ਦੇ ਆਧਾਰ ਠੀਕ ਦੇਖਦਿਆਂ, ਜੋ ਸਟੈਮ ਸੈਲ ਮੇਰੇ ਅੰਦਰੋਂ ਕੱਢ ਕੇ ਰੱਖੇ ਸਨ, ਉਨ੍ਹਾਂ ਦਾ ਪੈਕਟ ਆ ਗਿਆ ਤੇ ਦੇਖ ਕੇ ਲੱਗਾ, ਇਹ ਮੇਰੀ ਜ਼ਿੰਦਗੀ ਦੇ ਬੀਜਾਂ ਦੀਆਂ ਬੋਰੀਆਂ ਹਨ। ਹੁਣ ਇਹ ਬੀਜ ਰੂਪੀ ਜ਼ਿੰਦਗੀ ਮੇਰੇ ਅੰਦਰ ਪਾਈ ਜਾਵੇਗੀ। ਡਾਕਟਰ ਨੇ 50 ਮਿਲੀਲਿਟਰ ਵਾਲੀ ਵੱਡੀ ਸਰਿੰਜ ਲਿਆਂਦੀ, ਭਰੀ ਤੇ ਛਾਤੀ ਦੇ ਸੱਜੇ ਪਾਸੇ ਲੱਗੇ ਥ੍ਰੀ ਵੇਅ ਕੈਥੇਟਰ ਦੇ ਇਕ ਸਿਰੇ ਨਾਲ ਜੋੜੀ ਤੇ ਜ਼ੋਰ ਨਾਲ ਪਿਚਕਾਰੀ ਧੱਕਦਿਆਂ, ਮੇਰੇ ਅੰਦਰ ਭੇਜ ਦਿੱਤੀ। ਇਕ ਪਿਛੋਂ ਇਕ ਕੋਈ 10 ਵੱਡੀਆਂ ਸਰਿੰਜਾਂ ਭਰ ਕੇ ਮੇਰੇ ਅੰਦਰ ਪਾ ਦਿੱਤੀਆਂ ਜਿਵੇਂ ਕੱਚੀ ਮਿੱਟੀ ਵਿਚ ਖਾਦ ਪਦਾਰਥ ਅਤੇ ਬੀਜ ਪਾ ਦਿੱਤੇ ਜਾਂਦੇ ਹਨ। ਲਖਬੀਰ ਦੇ ਬੀਜ ਲਖਬੀਰ ਦੀ ਮਿੱਟੀ 'ਚ ਬੀਜ ਕੇ ਲਖਬੀਰ ਨੂੰ ਹੀ ਕੁਦਰਤ ਬਣਾ ਦਿੱਤਾ। ਸਟੈਮ ਸੈਲ ਦੀ ਪ੍ਰਕ੍ਰਿਆ ਪਿਛੋਂ ਮੇਰੇ ਕਮਰੇ ਦੇ ਬਾਹਰ ਨੋ ਐਂਟਰੀ ਦੀ ਤਖਤੀ ਲਾ ਦਿੱਤੀ ਤੇ ਸਿਵਾਏ ਡਾਕਟਰਾਂ ਜਾਂ ਹਰਵਿੰਦਰ ਦੇ, ਕਮਰੇ 'ਚ ਹੋਰ ਕੋਈ ਦਾਖਲ ਨਹੀਂ ਸੀ ਹੋ ਸਕਦਾ। ਬਾਹਰੀ ਇਨਫੈਕਸ਼ਨ ਤੋਂ ਬਚਣ ਲਈ ਕਈ ਦਿਨ ਪਹਿਲਾਂ ਤੋਂ ਹੀ ਇਕ ਅਮਲ ਸ਼ੁਰੂ ਕੀਤਾ ਹੋਇਆ ਸੀ ਕਿ ਸਾਰੀਆਂ ਇੰਦਰੀਆਂ ਨੱਕ, ਕੰਨ, ਮੂੰਹ ਤੇ ਹੇਠਾਂ ਨਿਕਾਸ ਇੰਦਰੀਆਂ ਦੇ ਰਸਤੇ ਦਿਨ ਵਿਚ ਕਈ ਵਾਰ ਲਾਗ ਮੁਕਤ ਕੀਤੇ ਜਾਂਦੇ ਸਨ। ਉਪਰਲੀਆਂ ਇੰਦਰੀਆਂ ਤਾਂ ਸੌਖੀਆਂ ਹੀ ਬਿਸਤਰ 'ਤੇ ਸਾਫ ਹੋ ਜਾਂਦੀਆਂ ਪਰ ਹੇਠਲੀਆਂ ਖਾਤਰ ਮੈਨੂੰ ਗਰਮ ਪਾਣੀ ਦੇ ਟੱਬ ਵਿਚ ਵੁਜ਼ੂ ਕਰਨ ਵਾਂਗ ਬਿਠਾਇਆ ਜਾਂਦਾ।

ਜ਼ਿੰਦਗੀ ਨੂੰ ਸੁਰੱਖਿਆ ਤਾਂ ਮਿਲਦੀ ਰਹੀ ਪਰ ਡਰ ਵੀ ਨਾਲ ਸਨ। ਇੱਕ ਇੱਕ ਦਿਨ ਇਕ ਪੂਰਨ ਜ਼ਿੰਦਗੀ ਲਗਦਾ ਸੀ। ਸਰੀਰ ਅੰਦਰ ਅੰਤਾਂ ਦਾ ਸੇਕ, ਮੂੰਹ 'ਚ ਛਾਲੇ, ਖਾਣਾ-ਪੀਣਾ ਬੰਦ, ਪਾਣੀ ਦਾ ਇਕ ਚਮਚ ਤਾਂ ਕੀ ਤੁਪਕਾ ਵੀ ਅੰਦਰ ਨਹੀਂ ਲਿਜਾ ਸਕਦਾ ਸਾਂ, ਲੇਕਿਨ ਸਮਾਂ ਬੜਾ ਨਾਜ਼ੁਕ ਤੇ ਅਹਿਮ, ਜ਼ਿੰਦਗੀ ਦੇ ਗਹਿਰੇ ਅਹਿਸਾਸ ਵਾਲਾ ਬੀਤ ਰਿਹਾ ਸੀ, ਸੁਪਨਿਆਂ ਵਾਲਾ ਲੰਘ ਰਿਹਾ ਸੀ। ਡਾਕਟਰਾਂ ਦਾ ਅਨੁਮਾਨ ਸੀ ਕਿ ਚੌਥੇ-ਪੰਜਵੇਂ ਦਿਨ ਤੱਕ ਨਵੀਆਂ ਕੋਪਲਾਂ ਜ਼ਿੰਦਗੀ ਦੀਆਂ ਫੁੱਟ ਪੈਣਗੀਆਂ, ਪਰ ਐਸਾ ਨਾ ਹੋਇਆ। ਸ਼ਾਮ ਨੂੰ ਡਾਕਟਰ ਨਿਰਾਸ਼ ਜਿਹੇ ਵਾਪਿਸ ਆਏ, ਇਹ ਹਾਲਤ ਦੇਖ ਅਸੀਂ ਵੀ ਭੈਅਭੀਤ ਹੋ ਗਏ ਸਾਂ। ਛੇਵੇਂ ਦਿਨ ਸਵੇਰੇ 6-7 ਵਜੇ ਸਰੀਰ ਦੇ ਹੇਠਲੇ ਪਾਸਿਉਂ ਮਰਨ ਵਰਗਾ ਅਹਿਸਾਸ ਹੋਣ ਲੱਗਾ, ਸਰੀਰ ਠੰਡਾ ਅਤੇ ਸਥਿਰ ਹੁੰਦਾ ਜਾ ਰਿਹਾ ਸੀ, ਨੀਮ ਮਦਹੋਸ਼ੀ ਵਰਗਾ ਆਲਮ ਸੀ।

ਹਰਵਿੰਦਰ ਨੇ ਦੇਖਿਆ ਤਾਂ ਉਸ ਨੇ ਆਪਣੀ ਦੁਨੀਆਂ ਲੁੱਟਦੀ ਦੇਖੀ। ਉਹ ਚੀਕ ਮਾਰ ਕੇ ਬਾਹਰ ਨਿਕਲ ਗਈ, ਫਿਰ ਇਕਦਮ ਵਾਪਸ ਮੇਰੇ ਪਾਸ ਆ ਗਈ। ਇੰਨੇ ਨੂੰ ਨਰਸਾਂ ਵੀ ਆ ਗਈਆਂ, ਇਕਦਮ ਸਟਾਫ ਦਾ ਇਕੱਠ ਦੇਖ ਕੇ ਮੈਂ ਡੌਰ ਭੌਰ ਹੋ ਗਿਆ ਕਿ ਕੀ ਹੋ ਗਿਆ। ਬੜੀ ਹਿੰਮਤ ਇਕੱਠੀ ਕਰਕੇ ਖੱਬਾ ਹੱਥ ਉਪਰ ਚੁੱਕਣ ਦੀ ਕੋਸ਼ਿਸ਼ ਕੀਤੀ ਤੇ ਬੋਲਿਆ, "ਇਹ ਪਲ ਵੀ ਨਿਕਲ ਜਾਵੇਗਾ।"

ਅੱਧੇ ਘੰਟੇ ਬਾਅਦ ਖੂਨ ਦਾ ਸੈਂਪਲ ਲਿਆ ਤੇ ਟੀ. ਐਲ. ਸੀ. 400 ਆ ਗਏ। ਮੈਂ ਹਸਪਤਾਲ ਸਟਾਫ ਦੇ ਚਿਹਰੇ ਦੀ ਰੌਣਕ ਤੋਂ ਭਾਂਪ ਲਿਆ ਕਿ ਕੁਝ ਚੰਗਾ ਵਾਪਰ ਗਿਆ ਹੈ, ਜ਼ਿੰਦਗੀ ਦੀਆਂ ਨਵੀਆਂ ਕੋਪਲਾਂ ਫੁੱਟ ਪਈਆਂ ਸਨ। ਮੈਂ ਮਰਦਾ ਮਰਦਾ ਜੀਣਾ ਸ਼ੁਰੂ ਹੋ ਗਿਆ। ਮੌਤ ਪੈਰਾਂ ਵਲੋਂ ਦਿਲੋ-ਦਿਮਾਗ ਵੱਲ ਵਧ ਰਹੀ ਸੀ ਲੇਕਿਨ ਦਿਲੋ-ਦਿਮਾਗ ਅੰਦਰਲੀ ਜ਼ਿੰਦਗੀ ਨੇ ਮੌਤ ਨੂੰ ਪਰ੍ਹੇ ਵਗਾਹ ਮਾਰਿਆ। ਫਿਰ ਕੀ ਸੀ ਇਕ ਪਲ ਹੋਰ, ਅਗਲੇ ਪਲ ਹੋਰ। ਨਵੀਂ ਜੰਮੀ ਜ਼ਿੰਦਗੀ ਨੇ ਇਕ ਪਿਛੋਂ ਇਕ ਕੋਪਲਾਂ ਕੱਢੀਆਂ ਤੇ ਮੇਰਾ ਤਨ ਜੀਵਨ ਅਮਲ ਨਾਲ ਭਰ ਗਿਆ। ਜ਼ਿੰਦਗੀ ਦੇ ਅਰਥ ਹੀ ਬਦਲ ਗਏ। ਛੁੱਟੀ, ਆਰਾਮ, ਉਦਾਸੀ, ਨਿਰਾਸ਼ਾ, ਖੌਫ, ਬੇਗਾਨਗੀ, ਜਾਤ-ਪਾਤ, ਰੰਗ-ਨਸਲ, ਧਰਮ, ਉਚ-ਨੀਚ, ਗਰੀਬ-ਅਮੀਰ, ਕਾਲਾ-ਗੋਰਾ, ਆਦਮੀ ਔਰਤ-ਗੱਲ ਕੀ ਸਭ ਤਰ੍ਹਾਂ ਦੇ ਭੇਦ ਹੀ ਖਤਮ ਹੋ ਗਏ। ਜ਼ਿੰਦਗੀ ਦਾ ਫਲਸਫਾ ਰਗ ਰਗ 'ਚ ਹੈ, ਕਿਉਂ ਨਾ ਗਾਵਾਂ ਜ਼ਿੰਦਗੀ ਹੀ ਜ਼ਿੰਦਗੀ। ਨੂਰ ਮਿਲਿਆ ਹੈ ਜੋ ਮੇਰੀ ਖਾਕ ਨੂੰ, ਕਿਉਂ ਨਾ ਦੇਵਾਂ ਰੌਸ਼ਨੀ ਹੀ ਰੌਸ਼ਨੀ।

ਜ਼ਿੰਦਗੀ ਦੇ ਅਸਲ ਮਾਅਨੇ ਸਮਝ ਆ ਗਏ ਅਤੇ ਜੀਣਾ ਸ਼ੁਰੂ ਕਰ ਦਿੱਤਾ। 15 ਦਿਨ ਖਾਣ-ਪੀਣ ਪੂਰਨ ਭਾਂਤ ਬੰਦ ਰਿਹਾ। ਫਿਰ ਖਾਣ-ਪੀਣ ਦਾ ਦੌਰ ਸ਼ੁਰੂ ਹੋਇਆ। ਪਹਿਲੇ ਦਿਨ ਇਕ ਬਿਸਕਿਟ ਦਾ ਅੱਧਾ ਹਿੱਸਾ ਜਦ ਖਾਧਾ ਤਾਂ ਮੁੜ ਤੋਂ ਖਾਣਾ ਸ਼ੁਰੂ ਕਰਨ ਦੀ ਅੰਤਾਂ ਦੀ ਖੁਸ਼ੀ ਸੀ। ਇਹ



ਖੁਸ਼ੀ ਸੀ ਨਵੀਂ ਜ਼ਿੰਦਗੀ ਦੀ, ਜੀਵਨ ਸੈਲਾਂ ਦੇ ਪੁੰਗਰ ਕੇ ਮੁੜ ਜ਼ਿੰਦਗੀ ਦਾ ਰੁੱਖ ਬਣ ਜਾਣ ਦੀ, ਸਾਹਾਂ ਦੀ ਲੜੀ ਚਲਦੇ ਰਹਿਣ ਦੀ, ਕਥਨੀ ਤੇ ਕਰਨੀ ਵਿਚਲੇ ਖੱਪੇ ਦੇ ਪੂਰੇ ਹੋਣ ਦੀ।

ਦਵਾਈਆਂ ਘੱਟ ਹੋਈਆਂ ਅਤੇ ਦਰਵਾਜੇ 'ਤੇ ਲੱਗੀ ਨੋ ਐਂਟਰੀ ਦੀ ਤਖਤੀ ਉਤਰ ਗਈ। ਜਿਸ ਦਿਨ ਟੀ. ਐਲ. ਸੀ. ਦੀ ਗਿਣਤੀ ਖਤਰੇ ਦੀ ਹੱਦ ਪਾਰ ਕਰ ਕੇ ਸੁਰੱਖਿਆ ਜੋਨ ਵਿਚ ਪਹੁੰਚ ਗਈ ਤਾਂ ਹਸਪਤਾਲੋਂ ਛੁੱਟੀ ਬਾਰੇ ਚਰਚਾ ਹੋਣ ਲੱਗੀ। ਆਮ ਤੌਰ 'ਤੇ 22 ਤੋਂ 28 ਦਿਨਾਂ ਵਿਚ ਛੁੱਟੀ ਮਿਲ ਜਾਂਦੀ ਹੈ, ਪਰ ਮੇਰਾ ਕੇਸ ਜ਼ਿਆਦਾ ਗੰਭੀਰ ਤੇ ਨਾਜ਼ੁਕ ਹੋਣ ਕਰਕੇ ਵਧੇਰੇ ਦਿਨ ਲੱਗ ਗਏ।

ਜੂਨ 2007 ਦੇ ਪਹਿਲੇ ਹਫਤੇ ਪਿਛੋਂ ਹਸਪਤਾਲੋਂ ਛੁੱਟੀ ਮਿਲੀ। ਸਰੀਰ ਤੇ ਰੀੜ੍ਹ ਦੀ ਹੱਡੀ ਦੀ ਹਾਲਤ ਦੇਖਦਿਆਂ ਕੁਝ ਦਿਨ ਚਾਚੀ ਹਰਜੀਤ ਕੌਰ ਧੀਰ ਦੇ ਘਰ ਵਸੰਤ ਕੁੰਜ, ਦਿੱਲੀ ਵਿਚ ਹੀ ਰਹਿਣਾ ਵਾਜਬ ਸਮਝਿਆ। ਬੱਚੇ ਅਮਰੀਕਾ ਵਿਚ ਚਲੇ ਜਾਣ ਕਾਰਨ ਵੱਡੇ ਘਰ ਵਿਚ ਚਾਚੀ ਇਕੱਲੇ ਹੀ ਰਹਿੰਦੇ ਹਨ। ਉਨ੍ਹਾਂ ਦੀ ਰਹਿਣੀ-ਬਹਿਣੀ ਨਮੂਨਾ ਮਾਤਰ ਹੈ, ਘਰ ਦੀ ਸਫਾਈ, ਚੀਜ਼ਾਂ ਦੀ ਸੰਭਾਲ, ਚੀਜਾਂ ਦਾ ਥਾਂ ਸਿਰ ਰੱਖਣਾ ਕਾਬਲ-ਏ-ਤਾਰੀਫ ਹੈ। ਮੇਰੀ ਸਰੀਰਕ ਹਾਲਤ ਅਤੇ ਵਾਰ ਵਾਰ ਉਨ੍ਹਾਂ ਦੇ ਹੀ ਘਰ ਜਾਣ ਤੇ ਰਹਿਣ ਕਰਕੇ ਉਹ ਬਿਨਾ ਅਹਿਦ ਤੇ ਗੱਲ ਕੀਤਿਆਂ, ਮੇਰੀ ਮਾਂ ਹੀ ਬਣ ਗਏ। ਮੈਂ ਉਥੋਂ ਹੀ ਆਖਰੀ ਵਾਰ ਬੋਨ ਮੈਰੋ ਟਰਾਂਸਪਲਾਂਟ ਲਈ ਏਮਜ਼ ਆਇਆ ਸਾਂ ਅਤੇ ਟਰਾਂਸਪਲਾਂਟ ਕਰਾ ਕੇ ਮੁੜ ਉਸੇ ਘਰ ਜ਼ਿੰਦਗੀ ਨਵਿਆ ਕੇ ਗਿਆ। ਕੈਂਸਰ ਦੇ ਦੈਂਤ ਨੂੰ ਮਾਰ ਆਪਣੀ ਜਾਨ ਬਚਾ ਘਰ ਪਹੁੰਚਾ ਸਾਂ। ਸਾਰੇ ਕਹਿੰਦੇ ਜੰਗ ਜਿੱਤੀ ਗਈ ਤੇ ਮੈਨੂੰ ਵੀ ਜੰਗ ਜਿੱਤਣ ਵਰਗਾ ਅਹਿਸਾਸ ਹੋ ਰਿਹਾ ਸੀ। ਅਸਲ 'ਚ ਇਹ ਜੰਗ ਜਿੱਤ ਕੇ ਅੱਗੋਂ ਵੀ ਜੰਗ ਹੀ ਸ਼ੁਰੂ ਕਰਨੀ ਸੀ। ਕੈਂਸਰ ਹੀ ਐਸਾ ਸੀ ਕਿ ਜਿੱਤ ਕੇ ਜਿੱਤਿਆ ਰਹਿਣ ਲਈ ਸੰਘਰਸ਼ ਕਰਨ ਦੀ ਲੋੜ ਰਹਿਣੀ ਸੀ। ਮੇਰਾ ਉਠਣਾ-ਬੈਠਣਾ, ਤੁਰਨਾ-ਫਿਰਨਾ ਮੁਸ਼ਕਿਲ ਸੀ, ਬਾਵਜੂਦ ਰੀੜ੍ਹ ਦੀ ਹੱਡੀ 'ਤੇ ਲੱਗੀ ਟੇਲਰਜ਼ ਬ੍ਰੇਸ ਦੇ। ਜ਼ਿੰਦਗੀ ਦਾ ਤੱਸਵਰ ਹੀ ਬਦਲ ਰਿਹਾ ਸੀ।

ਹਸਪਤਾਲ ਤੋਂ ਬਾਹਰ ਚਾਚੀ ਦੇ ਘਰ ਟਿਕਿਆਂ ਚੌਥੇ ਦਿਨ ਤੱਕ ਜਦੋਂ ਸਾਰੀਆਂ ਕ੍ਰਿਆਵਾਂ ਬੜੀਆਂ ਔਖੀਆਂ ਹੋ ਗਈਆਂ ਤਾਂ ਖਦਸ਼ਾ ਪੈਦਾ ਹੋ ਗਿਆ ਕਿ ਸ਼ਾਇਦ ਰੀੜ੍ਹ ਦੀ ਹੱਡੀ ਸਾਥ ਨਹੀਂ ਦੇ ਰਹੀ। ਇਸ ਗੱਲ ਦਾ ਮੁਆਇਨਾ ਕਰਨ ਤੇ ਰਾਹ ਲੱਭਣ ਲਈ ਮੈਕਸ ਹੈਲਥ ਕੇਅਰ ਸਾਕੇਤ, ਦਿੱਲੀ ਦੇ ਮਾਹਿਰ ਨਿਊਰੋ ਸਰਜਨ ਡਾ. ਵਾਲੀਆ ਕੋਲ ਪਹੁੰਚੇ। ਉਨ੍ਹਾਂ ਮੇਰੀ ਐਮ. ਆਰ. ਆਈ. ਰਿਪੋਰਟ ਸਾਹਮਣੇ ਰੱਖੀ ਤੇ ਆਸ ਦੀ ਕਿਰਨ ਜਗਾਈ ਕਿ ਰੀੜ੍ਹ ਦੀ ਹੱਡੀ ਨੂੰ ਪਿਛਿਓਂ ਖੋਲ੍ਹ ਕੇ ਟੁੱਟੇ ਮਣਕਿਆਂ ਦੀ ਥਾਂ ਇਕ ਵਿਸ਼ੇਸ਼ ਸੀਮੈਂਟ ਦੇ ਮਣਕੇ ਬਣਾ ਕੇ ਉਨ੍ਹਾਂ ਦੇ ਵਿਚਕਾਰ ਕੁਸ਼ਨ ਲਾ ਕੇ ਬੰਦ ਕਰ ਦਿਆਂਗੇ। ਮੈਂ ਕਿਹਾ, ਡਾਕਟਰ ਸਾਹਿਬ! ਤੁਸੀਂ ਇਸ ਨਿਮਾਣੇ ਦੀਆਂ ਰੀੜ੍ਹ ਦੀ ਹੱਡੀ ਦੀਆਂ ਫੋਟੋਆਂ ਦੇਖ ਕੇ ਗੱਲ ਕਰ ਰਹੇ ਹੋ, ਪਰ ਕੀ ਤੁਸੀਂ ਜਾਣਦੇ ਹੋ ਕਿ ਕਰੀਬ ਇਕ ਹਫਤਾ ਪਹਿਲਾਂ ਮੈਂ ਬੋਨ ਮੈਰੋ ਟਰਾਂਸਪਲਾਂਟ ਪਿਛੋਂ ਏਮਜ਼ ਤੋਂ ਫਾਰਗ ਹੋਇਆ ਹਾਂ। ਬੀ. ਐਮ. ਟੀ. ਦੇ ਸਹਿਮ ਦਾ ਮਾਹੌਲ ਤੇ ਸਾਇਆ ਮੇਰੇ ਅਤੇ ਪਰਿਵਾਰ ਅੰਦਰ ਅਜੇ ਪੂਰਾ ਭਰਿਆ ਹੋਇਆ ਹੈ, ਅੱਗੋਂ ਤੁਸੀਂ ਉਸੇ ਤਰ੍ਹਾਂ ਦਾ ਖੌਫਨਾਕ ਤੇ ਵੱਡਾ ਆਪਰੇਸ਼ਨ ਹੋਰ ਸੁਝਾ ਰਹੇ ਹੋ।

ਮੈਨੂੰ ਰਾਕਫੈਲਰ ਯੂਨੀਵਰਸਿਟੀ ਦੇ ਬਾਇਓਲੋਜੀ ਦੇ ਪ੍ਰੋਫੈਸਰ ਰੈਨੇ ਡੁਬੋਸ ਦਾ ਕਥਨ ਯਾਦ ਆ ਗਿਆ ਕਿ ਵਿਗਿਆਨਕ ਦਵਾਈ ਤੇ ਇਲਾਜ 'ਚ ਇਕ ਵੱਡੀ ਘਾਟ ਇਹ ਹੈ ਕਿ ਇਹ ਪੂਰਨ ਵਿਗਿਆਨਕ ਨਹੀਂ। ਆਧੁਨਿਕ ਦਵਾਈ ਅਸਲ ਵਿਚ ਉਦੋਂ ਵਿਗਿਆਨਕ ਬਣ ਜਾਵੇਗੀ ਜਦੋਂ ਡਾਕਟਰ ਤੇ ਉਨ੍ਹਾਂ ਦੇ ਮਰੀਜ਼ ਕੁਦਰਤ ਦੀਆਂ ਠੀਕ ਕਰਨ ਦੀਆਂ ਤਾਕਤਾਂ ਨੂੰ ਇੱਕਠਿਆਂ ਜਾਣਨ ਦਾ ਪ੍ਰਬੰਧ ਕਰਨਗੇ ਅਤੇ ਇਲਾਜ ਵੇਲੇ ਸਰੀਰ ਤੇ ਮਨ-ਦੋਹਾਂ ਦਾ ਧਿਆਨ ਰੱਖਣਗੇ। ਮੈਂ ਸੋਚਣ ਲੱਗਾ, ਇਸ ਤੋਂ ਬਿਹਤਰ ਹੈ ਕਿ ਮੈਂ ਕਿਸੇ ਵੱਡੇ ਖੋਜਕਾਰ ਸੰਸਥਾਨ ਨੂੰ ਦੇਹ ਦਾਨ ਕਰ ਦੇਵਾਂ।

ਖੈਰ! ਡਾਕਟਰ ਹੈਰਾਨ ਹੋ ਕੇ ਮੇਰੇ ਵੱਲ ਦੇਖਣ ਲੱਗਾ ਤੇ ਮੈਂ ਟੇਲਰਜ਼ ਬ੍ਰੇਸ ਉਤਾਰਦਿਆਂ ਬੋਲਿਆ, "ਤੁਹਾਡੀਆਂ ਗੱਲਾਂ ਨੂੰ ਚੁਣੌਤੀ ਜਾਣ ਅੱਜ ਤੋਂ ਬਾਅਦ ਲੱਗਦੀ ਵਾਹ ਮੈਂ ਸਪਾਈਨਲ ਟੇਲਰਜ਼ ਬ੍ਰੇਸ ਨਹੀਂ ਲਾਵਾਂਗਾ ਤੇ ਦੇਖਾਂਗਾ ਕਿ ਇਹ ਰੀੜ੍ਹ ਦੀ ਹੱਡੀ ਕਿਵੇਂ ਕੰਮ ਨਹੀਂ ਕਰਦੀ।" ਮੈਂ ਇੰਜ ਹੀ ਕੀਤਾ, ਰੀੜ੍ਹ ਦੀ ਹੱਡੀ ਦਾ ਕੋਈ ਆਪਰੇਸ਼ਨ ਨਾ ਕਰਾਇਆ, ਡਾਕਟਰਾਂ ਤੋਂ ਮਿਲੀਆਂ ਕੇਵਲ ਦਰਦ ਨਿਵਾਰਕ ਦਵਾਈਆਂ ਖਾਧੀਆਂ। ਇੰਜ ਘਰ ਨੂੰ ਕੂਚ ਕਰਨ ਦਾ ਜੁਗਾੜ ਕੀਤਾ। ਮਨ ਦਾ ਬੜਾ ਅਜੀਬੋ-ਗਰੀਬ ਆਲਮ, ਘਰਵਾਲੀ ਦੇ ਅਹਿਸਾਨ, ਚੌਗਿਰਦੇ ਦਾ ਸਰਵੇਖਣ, ਪਰਿਵਾਰ ਦੀ ਸੋਚ, ਇਕ ਨਵੀਂ ਦੁਨੀਆਂ ਲੈ ਕੇ, ਜਿਸ ਵਿਚ ਖੁਦ ਨੂੰ ਤਕਨੀਕੀ ਪੱਖੋਂ ਜ਼ੀਰੋ ਹੁੰਦੇ ਦੇਖਿਆ ਸੀ, ਵੱਡੀਆਂ ਆਸਾਂ ਲੈ ਕੇ ਜਲੰਧਰ ਵੱਲ ਨੂੰ ਜਾ ਰਿਹਾ ਸੀ।

ਜਲੰਧਰੋਂ ਮੈਨੂੰ ਲੈਣ ਸਪੈਸ਼ਲ ਗੱਡੀ ਆਈ ਜੋ ਐਂਬੂਲੈਂਸ ਤਾਂ ਨਹੀਂ ਸੀ ਪਰ ਉਸ ਵਿਚ ਸਫਰ ਦੀਆਂ ਸਭ ਸੁੱਖ ਸੁਵਿਧਾਵਾਂ ਸਨ। ਰਸਤੇ 'ਚ ਕਰਨਾਲ ਹਵੇਲੀ, ਰੰਗਲਾ ਪੰਜਾਬ ਢਾਬੇ 'ਤੇ ਕੁਝ ਖਾਣਾ-ਪੀਣਾ ਚਾਹਿਆ। ਕੀ ਦੇਖਦਾ ਹਾਂ, ਰੰਗ ਬਿਰੰਗੇ ਵਸਤਰਾਂ 'ਚ ਸਜੇ ਲੋਕ ਸ਼ੋਖ ਰੰਗਾਂ ਦੇ ਸੂਟਾਂ 'ਚ ਸੱਜੀਆਂ ਸੰਵਰੀਆਂ ਨਾਰਾਂ ਤੇ ਰੰਗ ਬਿਰੰਗੀਆਂ ਪੱਗਾਂ 'ਚ ਜਚਦੇ ਗੱਭਰੂ ਤੇ ਲੋਕ ਬੜਾ ਰੰਗੀਨ ਨਜ਼ਾਰਾ ਬੰਨ੍ਹ ਰਹੇ ਸਨ। ਮੈਂ ਤਾਂ ਪਿਛਲੇ ਡੇਢ ਮਹੀਨੇ ਤੋਂ ਡਾਕਟਰਾਂ, ਨਰਸਾਂ ਤੇ ਮਰੀਜ਼ਾਂ ਨੂੰ ਇਕੋ ਸਫੈਦ ਰੰਗ ਦੇ ਵਸਤਰਾਂ ਵਿਚ ਦੇਖਿਆ ਸੀ। ਸਫੈਦ ਰੰਗ ਦੇ ਮਾਹੌਲ 'ਚੋਂ ਬਾਹਰ ਨਿਕਲਦਿਆਂ ਇਹ ਰੰਗ ਮੈਨੂੰ ਹੋਰ ਵੀ ਦਿਲਕਸ਼ ਲੱਗ ਰਹੇ ਸਨ। ਮੇਰੇ ਮਨ ਵਿਚ ਵੀ ਫਿਰ ਤੋਂ ਇਸ ਤਰ੍ਹਾਂ ਦੀ ਰੰਗੀਨ ਮਿਜਾਜ ਜ਼ਿੰਦਗੀ ਜੀਣ ਦੀ ਤਮੰਨਾ ਹੋਰ ਪ੍ਰਬਲ ਹੋਈ, ਹਾਲਾਂਕਿ ਹਾਈ ਡੋਜ਼ ਕੀਮੋਥੈਰੇਪੀ ਨਾਲ ਗੰਜਮਗੰਜਾ ਸਿਰ ਤੇ ਸਮੁੱਚੇ ਸਰੀਰ 'ਤੇ ਫੈਲੀ ਸੋਜਿਸ਼ ਅਤੇ ਸਰੀਰਕ ਨਾਕਾਮੀ ਤੋਂ ਬਾਹਰ ਨਿਕਲ ਕੇ ਆਮ ਸਿਹਤ-ਹਾਲਾਤ ਵਿਚ ਦਾਖਲ ਹੋਣਾ ਇਕ ਲੰਬਾ ਮੋਰਚਾ ਸੀ।

ਖੈਰ! ਖਾਣਾ ਖਾਧਾ ਤੇ ਆਪਣੀ ਮੰਜ਼ਿਲ ਵੱਲ ਚੱਲ ਪਏ। ਸ਼ਾਮ ਪਏ ਘਰ ਪਹੁੰਚੇ। ਮਾਪਿਆਂ ਤੇ ਹੋਰ ਨੇੜਲਿਆਂ ਨਵੀਂ ਜ਼ਿੰਦਗੀ ਲੈ ਘਰ ਪਹੁੰਚਣ 'ਤੇ ਬੜਾ ਸਵਾਗਤ ਕੀਤਾ। ਸਭ ਦੇ ਚਿਹਰਿਆਂ 'ਤੇ ਪਸਰੀ ਖੁਸ਼ੀ ਮੇਰੇ ਸਵਾਗਤ ਦਾ ਸੰਦੇਸ਼ ਦੇ ਰਹੀ ਸੀ। ਹਾਲਾਂਕਿ ਮੇਰੀ ਪਛਾਣ ਬਦਲ ਚੁਕੀ ਸੀ। ਢਾਂਚਾ ਭਾਵੇਂ ਉਹੀ ਸੀ, ਬਲ ਨਾ ਰਹਿਣ ਕਰਕੇ ਕੁਝ ਬਦਲਿਆ ਹੋਇਆ ਜ਼ਰੂਰ ਸੀ, ਲੇਕਿਨ ਰੂਹ ਨਵਿਆ ਗਈ, ਜੋ ਪਹਿਲਾਂ ਨਾਲੋਂ ਵੱਧ ਜੋਸ਼ੀਲੀ, ਸੁਪਨੀਲੀ ਅਤੇ ਦੂਰ-ਅੰਦੇਸ਼ੀ ਹੋ ਗਈ। ਕਰੀਬ ਸਵਾ ਮਹੀਨਾ ਜਣੇਪਾ ਕੱਟਣ ਵਾਂਗ ਦਿੱਲੀ ਵਿਚ ਬਿਤਾ ਕੇ ਮੁੜ ਘਰ ਪਰਤੇ ਸਾਂ, ਪਹਿਲੇ ਸਮਿਆਂ ਵਾਂਗ ਇਹ ਸਮਾਂ ਵੀ ਅਸੀਂ ਦੋਹਾਂ ਜੀਆਂ ਇਕੱਲਿਆਂ ਹੀ ਦਿੱਲੀ ਦੇ ਏਮਜ਼ ਵਿਚ ਕੱਟਿਆ। ਘਰ, ਪਰਿਵਾਰ, ਬੱਚੇ ਸਭ ਨੂੰ ਅਤੇ ਸਭ ਦੀ ਚਿੰਤਾ ਨੂੰ ਇਕ ਪਾਸੇ ਰੱਖ ਕੇ ਕੇਵਲ ਤੇ ਕੇਵਲ ਆਪਣੀ ਜ਼ਿੰਦਗੀ ਦੀ ਜੰਗ ਲੜ ਕੇ ਵਾਪਸ ਪਰਤੇ ਸਾਂ।

ਘਰੋਂ 7 ਮਈ 2007 ਨੂੰ ਜਾ ਕੇ 14 ਜੂਨ 2007 ਨੂੰ ਮੁੜ ਘਰ ਪਰਤੇ ਸਾਂ। ਮੇਰਾ ਜਨਮ ਮੇਰੇ ਸਾਰੇ ਸਰਟੀਫਿਕੇਟਾਂ ਵਿਚ 14 ਜੂਨ 1962 ਦਰਜ ਹੈ ਜਦਕਿ ਮਾਤਾ ਜੀ ਦਾ ਕਹਿਣਾ ਹੈ ਕਿ ਮੇਰਾ ਜਨਮ ਕੱਤਕ ਦੀ ਪੂਰਨਮਾਸ਼ੀ ਤੋਂ ਤਿੰਨ ਦਿਨ ਪਹਿਲਾਂ ਦਾ ਹੈ। ਜ਼ੀਰੋ ਸਮੇਂ ਤੋਂ ਸ਼ੁਰੂ ਕਰਕੇ ਵਾਪਿਸ ਆਉਣ ਨਾਲ ਮੇਰਾ ਜਨਮ 14 ਜੂਨ ਹੀ ਤਸਦੀਕ ਹੋ ਗਿਆ। ਇਹ ਮੇਰਾ ਦੂਜਾ ਜਨਮ ਸੀ, ਜਿਸ ਦਾ ਪਲ ਪਲ ਮੈਂ ਸਾਖਸ਼ੀ ਸਾਂ।

ਮੇਰੀ ਬਦਲੀ ਸੂਰਤ ਨੂੰ ਸਾਰੇ ਬਦਲੀਆਂ ਨਜ਼ਰਾਂ ਨਾਲ ਤੱਕ ਰਹੇ ਸਨ, ਇਕ ਤਾਂ ਸਿਰ ਤੇ ਦਾਹੜੀ ਦੇ ਵਾਲ ਪੂਰੀ ਤਰ੍ਹਾਂ ਸਫਾਚੱਟ ਹੋ ਗਏ ਸਨ, ਦੂਸਰਾ ਸੋਜਿਸ਼ ਨੇ ਹੁਲੀਆ ਵਿਗਾੜਿਆ ਹੋਇਆ ਸੀ। ਇਕ ਦਿਨ ਮੇਰੇ ਜਗੀਰੋ ਭੂਆ ਜੀ ਮੇਰੀ ਖਬਰ ਲੈਣ ਆਏ, ਅੰਦਰ ਆ ਕੇ ਮਾਤਾ ਜੀ ਕੋਲ ਬੈਠ ਗਏ। ਸਾਹਮਣੇ ਮੈਂ ਬੈਠਾ ਸਾਂ, ਆਰਾਮ ਕੁਰਸੀ ਉਤੇ। ਉਨ੍ਹਾਂ ਮੈਨੂੰ ਨਾ ਪਛਾਣਿਆ ਤੇ ਨਾ ਹੀ ਬੁਲਾਇਆ। ਮਾਤਾ ਜੀ ਨੂੰ ਪੁੱਛਦੇ, ਲਖਬੀਰ ਕਿੱਥੇ ਹੈ? ਉਹ ਕਹਿੰਦੇ ਸਾਹਮਣੇ ਕਮਰੇ 'ਚ ਨਹੀਂ ਬੈਠਾ! ਭੂਆ ਜੀ ਕਹਿੰਦੇ, "ਨਹੀਂ, ਉਥੇ ਤਾਂ ਕੋਈ ਹੋਰ ਭਾਈ ਬੈਠਾ ਹੈ।"

ਸਰੀਰ ਦਾ ਸੁਰੱਖਿਆ ਪ੍ਰਬੰਧ ਬਹੁਤ ਕਮਜ਼ੋਰ ਹੋਣ ਕਰਕੇ ਆਮ ਮੇਲ-ਜੋਲ ਦੀ ਮਨਾਹੀ ਸੀ। ਸਵੇਰੇ-ਸ਼ਾਮ ਇਕੱਲੇ ਕੁਝ ਸਮੇਂ ਲਈ ਬਾਹਰ ਨਿਕਲਦਾ ਸਾਂ, ਮੂੰਹ 'ਤੇ ਪੱਟੀ, ਸਾਹ ਪੁਣ ਕੇ ਲੈਣਾ। ਪਾਣੀ ਉਬਾਲ ਕੇ ਤੇ ਪੁਣ-ਛਾਣ ਕੇ ਪੀਣਾ। ਖਾਣ ਦੀਆਂ ਵਸਤਾਂ ਦਾ ਖਾਸ ਜ਼ਾਬਤਾ ਪਾਲਣਾ। ਜ਼ਿੰਦਗੀ ਦੇ ਬਦਲਾਅ ਕਾਰਨ ਸਮਾਂ ਔਖਾ-ਔਖਾ ਲਗਦਾ ਸੀ। ਜਲਦੀ ਆਮ ਵਰਗਾ ਹੋਣ ਲਈ ਮੈਂ ਖੁਰਾਕ ਪੱਖੋਂ ਨਾ ਅਣਗਹਿਲੀ ਕਰਦਾ ਤੇ ਨਾ ਹੀ ਸੁਆਦਾਂ ਪਿਛੇ ਜਾਂਦਾ।

ਸਤੰਬਰ 'ਚ ਮੁੜ ਕੇ ਏਮਜ਼ ਰੀਵਿਊ ਲਈ ਗਿਆ। ਸੂਖਮ ਟੈਸਟ ਹੋਏ। ਡਾਕਟਰਾਂ ਨੇ ਰਿਪੋਰਟਾਂ ਦੇਖਣ ਪਿਛੋਂ ਖੁਸ਼ਖਬਰੀ ਸੁਣਾਈ ਕਿ ਬੋਨ ਮੈਰੋ ਟਰਾਂਸਪਲਾਂਟ ਦੇ ਨਤੀਜੇ ਵਜੋਂ ਮੈਨੂੰ 100 ਪ੍ਰਤੀਸ਼ਤ ਰੀਮਿਸ਼ਨ ਮਿਲ ਗਈ ਭਾਵ ਕੈਂਸਰ ਸਰੀਰ ਵਿਚੋਂ ਖਤਮ ਹੋ ਗਿਆ। ਇਹ ਸਾਡੇ ਸਭ ਲਈ ਖੁਸ਼ੀ ਦੀ ਖਬਰ ਸੀ। ਡਾਕਟਰਾਂ ਨੇ ਕਿਹਾ ਕਿ ਕੈਂਸਰ ਦਾ ਕੋਈ ਭਰੋਸਾ ਨਹੀਂ, ਇਸ ਕਰਕੇ ਚੌਥਾ ਹਿੱਸਾ ਦਵਾਈਆਂ ਜਾਰੀ ਹੀ ਰੱਖਣੀਆਂ ਹੋਣਗੀਆਂ। ਦਿੱਲੀ ਤੋਂ ਵਾਪਸ ਆ ਕੇ ਦਵਾਈਆਂ, ਖਾਣ-ਪੀਣ ਤੇ ਰੱਖ-ਰਖਾਓ ਪ੍ਰਤੀ ਖਾਸ ਖਿਆਲ ਰੱਖਦਿਆਂ ਮੈਂ ਸਾਰਾ ਕੰਮ ਕਾਰ ਸ਼ੁਰੂ ਕਰ ਦਿੱਤਾ। ਸਤੰਬਰ 2007 ਤੱਕ ਸਿਰ ਅਤੇ ਦਾੜ੍ਹੀ ਦੇ ਵਾਲ ਫਿਰ ਤੋਂ ਆਉਣੇ ਸ਼ੁਰੂ ਹੋ ਗਏ।

(ਚਲਦਾ)

# ਮੁਸਕਰਾਹਟ ਦੀ ਮਹਿੰਦੀ

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਵਾਰਤਕ ਹੈ ਜਾਂ ਕਵਿਤਾ। ਡਾ. ਭੰਡਾਲ ਨੇ ਇਸ ਨਵੀਂ ਲੇਖ ਲੜੀ ਦੇ ਪਹਿਲੇ ਲੇਖ ਵਿਚ ਮੁਸਕਰਾਹਟ ਦੀਆਂ ਨਿਆਮਤਾਂ ਦੱਸੀਆਂ ਹਨ। ਉਹ ਲਿਖਦੇ ਹਨ, "ਮੁਸਕਰਾਹਟ, ਸਰੀਰ ਦੇ ਅੰਗ-ਅੰਗ ਦਾ ਵਜਦ ਵਿਚ ਆਉਣਾ, ਪੂਰਨਤਾ ਦੀ ਲਗਨ ਦਾ ਗੁਣਗੁਣਾਉਣਾ ਅਤੇ ਸੁਖਦ-ਨਾਦ ਨੂੰ ਜੀਵਨ-ਧਰਾਤਲ 'ਚ ਉਪਜਾਉਣਾ।...ਮੁਸਕਰਾਹਟ ਨੂੰ ਮੁਖੜੇ ਤੋਂ ਮਨਫੀ ਕਰਕੇ, ਅਸੀਂ ਸਾਹਾਂ ਨੂੰ ਸੂਲੀ 'ਤੇ ਟੰਗਣ ਅਤੇ ਖੁਦ ਦੀ ਅਰਥੀ ਢੋਣ ਤੋਂ ਇਲਾਵਾ ਕੁਝ ਨਹੀਂ ਕੀਤਾ।" ਉਹ ਕਹਿੰਦੇ ਹਨ, "ਮੁਸਕਰਾਹਟ, ਟੁੱਟਦੇ ਸਾਹਾਂ ਲਈ ਜੀਵਨ ਦਾਨ, ਪੀੜ-ਪਰੁੱਚੇ ਰੋਗੀ ਨੂੰ ਅਰੋਗਤਾ ਦਾ ਵਰਦਾਨ, ਸੁਪਨਹੀਨ ਨੈਣਾਂ ਵਿਚ ਕਿਰਨ ਦਾ ਝਲਕਾਰਾ ਅਤੇ ਦਰ ਵੰਨੀਂ ਝਾਕਦੀਆਂ ਤੇ ਪਥਰਾਈਆਂ ਅੱਖਾਂ 'ਚ ਪਰਦੇਸੀ ਦਾ ਪਿੰਡ ਪਰਤਣ ਦਾ ਝਉਲਾ।" -ਸੰਪਾਦਕ***

ਮੁਸਕਰਾਹਟ, ਚਾਵਾਂ ਦੀ ਫੁੱਟ ਰਹੀ ਕਰੂੰਬਲ, ਬਨੇਰੇ 'ਤੇ ਉਗ ਰਹੀ ਸਰਘੀ, ਸੁਪਨੇ ਦੀ ਅੱਖ ਵਿਚ ਸੰਧੂਰੀ ਰੰਗਤ ਦਾ ਉਤਰਨਾ ਅਤੇ ਆਸ-ਦਰ 'ਤੇ ਪੂਰਨਤਾ ਦੀ ਦਸਤਕ।

ਮੁਸਕਰਾਹਟ, ਮੁਖੜੇ ਦੀ ਸੰਦਲੀ ਭਾਅ, ਬੁੱਲਾਂ 'ਤੇ ਮਿੰਨੇ ਮਿੰਨੇ ਪਲਾਂ ਦੀ ਰੁਮਕਣੀ, ਨੈਣਾਂ 'ਚ ਪੂਰਨਤਾ ਦੀ ਚਮਕ, ਮੱਥੇ 'ਤੇ ਚੰਨ-ਟਿੱਕੇ ਦੀ ਲਿਸ਼ਕੋਰ ਅਤੇ ਮਿੱਠੇ ਮਿੱਠੇ ਬੋਲਾਂ ਵਿਚ ਪਨਪ ਰਹੀ ਲੋਰ।

ਮੁਸਕਰਾਹਟ, ਮਨ ਦੀਆਂ ਮੁਰਾਦਾਂ ਦੀ ਮਾਨਤਾ, ਮਾਨਵੀ ਸੱਧਰਾਂ ਦੀ ਪੂਰਤੀ ਦਾ ਹਰਸ਼ ਅਤੇ ਵਕਤ-ਦਹਿਲੀਜ਼ 'ਤੇ ਲੋਰਮਈ ਪੈੜ ਦਾ ਸੰਗੀਤ। ਮੁਸਕਰਾਹਟ, ਸਰੀਰ ਦੇ ਅੰਗ-ਅੰਗ ਦਾ ਵਜਦ ਵਿਚ ਆਉਣਾ, ਪੂਰਨਤਾ ਦੀ ਲਗਨ ਦਾ ਗੁਣਗੁਣਾਉਣਾ ਅਤੇ ਸੁਖਦ-ਨਾਦ ਨੂੰ ਜੀਵਨ-ਧਰਾਤਲ 'ਚ ਉਪਜਾਉਣਾ।

ਮੁਸਕਰਾਹਟ, ਮਨ ਦੀ ਮੌਜ, ਇਲਹਾਮੀ ਆਲਮ, ਮਾਨਸਿਕਤਾ ਦਾ ਬਿੰਬ, ਮਨ-ਮੰਦਿਰ ਦੀ ਅਰਾਧਨਾ ਦਾ ਪ੍ਰਗਟਾਅ ਅਤੇ ਮਨ 'ਚ ਮਚਲਦੇ ਵਿਚਾਰਾਂ ਦਾ ਪ੍ਰਵਾਹ। ਮੁਸਕਰਾਹਟ, ਪੱਬਾਂ ਵਿਚ ਪੈਂਡਿਆਂ ਨੂੰ ਸਰ ਕਰਨ ਦੀ ਤਮੰਨਾ, ਹੱਥਾਂ ਵਿਚ ਹਰੇਕ ਕਾਰਜ ਨੂੰ ਸੰਪੂਰਨ ਕਰਨ ਦੀ ਕਾਰਜ-ਕੁਸ਼ਲਤਾ ਅਤੇ ਕਲਮ 'ਚੋਂ ਚੰਨ-ਤਾਰਿਆਂ ਨੂੰ ਵਰਕੇ 'ਤੇ ਉਗਾਉਣ ਦਾ ਹੁਨਰ।

ਮੁਸਕਰਾਹਟ, ਹਰਫਾਂ ਵਿਚ ਉਗ ਰਹੀ ਅਰਥ-ਸੰਵੇਦਨਾ ਦੀ ਸੁੰਦਰਤਾ, ਬੋਲਾਂ ਵਿਚ ਯੋਗ ਭਾਵਨਾ ਦਾ ਅਦਬ ਅਤੇ ਕਾਰਜ-ਸ਼ੈਲੀ ਵਿਚ ਅਗੰਮੀ ਨਾਦ ਦਾ ਸੁਰਬੱਧ ਹੋਣਾ।

ਮੁਸਕਰਾਹਟ, ਖੁਦ ਦਾ ਖੁਦ 'ਚੋਂ ਹੋਇਆ ਵਿਸਥਾਰ, ਖੁਦ ਵਿਚੋਂ ਉਦੈ ਹੁੰਦਾ ਸੰਚਾਰ ਅਤੇ ਇਸ 'ਚੋਂ ਖੁਦ-ਬ-ਖੁਦ ਪ੍ਰਗਟ ਹੁੰਦਾ ਚਾਨਣ-ਸੰਸਾਰ। ਮੁਸਕਰਾਹਟ, ਜੀਵਨ-ਰਾਹ 'ਤੇ ਚਾਨਣੀ ਦਾ ਉਗਮਣਾ, ਇਬਾਰਤ 'ਚੋਂ ਇਬਾਦਤ ਦੀ ਰੁਮਕਣੀ, ਸੋਚ-ਦਰਗਾਹ ਵਿਚੋਂ ਖੁਦਾਈ ਦਾ ਦਰਿਆ, ਜਿਸ ਵਿਚ ਝਿਲਮਿਲ ਕਰਦਾ ਸੂਰਜੀ ਰਮਤਾ ਵਾਲਾ ਅੱਗ ਦਾ ਗੋਲਾ।

ਮੁਸਕਰਾਹਟ, ਦੁਰਲੱਭ ਅਨੁਭਵ, ਮਨੁੱਖੀ ਸੋਚ ਵਿਚਲੀ ਸਾਕਾਰਾਤਮਕਤਾ। ਪਰ ਅਜੋਕੇ ਸਮਿਆਂ ਵਿਚ ਇਹ ਸਰੋਕਾਰਾਂ ਵਿਚੋਂ ਅਲੋਪ, ਕਰਮ-ਜਾਚਨਾ ਵਿਚ ਇਸ ਦੀ ਗੁੰਮਸ਼ੁਦਗੀ ਦਾ ਹਉਕਾ, ਬੋਲ-ਬੰਦਗੀ ਵਿਚ ਇਸ ਦਾ ਹੂਕ-ਹੁੰਗਾਰਾ, ਸ਼ਬਦ-ਸਾਧਨਾ 'ਚੋਂ ਜਲਾਵਤਨੀ, ਮਨੁੱਖੀ ਸਬੰਧਾਂ ਅਤੇ ਸਮਾਜਕ ਤਾਣੇ-ਬਾਣੇ ਵਿਚ ਇਸ ਦੀਆਂ ਤੰਦਾਂ ਨੂੰ ਜ਼ਰਜਰੀ ਹੋਣ ਦਾ ਸੰਤਾਪ ਅਤੇ ਮਨੁੱਖੀ ਰਿਸ਼ਤਿਆਂ ਵਿਚੋਂ ਇਸ ਦੀ ਅਣਹੋਂਦ ਬਹੁਤ ਸਾਰੇ ਪ੍ਰਸ਼ਨ ਸੰਵੇਦਨਾ ਵਿਚ ਧਰ ਜਾਂਦੀ। ਪਰ ਵਿਰਲੇ ਹੀ ਸੰਵੇਦਨਾ-ਦਹਿਲੀਜ਼ ਟੱਪ, ਹਰ ਪਲ ਜਿਉਣ ਲਈ ਪ੍ਰੇਰਿਤ ਹੁੰਦੇ।

ਮੁਸਕਰਾਹਟ, ਬੌਰਿਆਂ ਹਾਰ ਵਾਲ ਖਿਲਾਰੀ, ਆਪਣੀ ਹੋਂਦ ਅਤੇ ਹਾਸਲ ਦਾ ਵਿਰਲਾਪ ਕਰਦੀ, ਅਮੁੱਲ ਸੌਗਾਤ ਮਨੁੱਖੀ ਝੋਲੀ ਵਿਚ ਪਾਉਣ ਲਈ ਕਾਹਲੀ। ਪਰ ਮਨੁੱਖ ਇਸ ਦੀ ਪੈੜਚਾਲ ਅਤੇ ਅਬੋਲਤਾ ਤੋਂ ਸੱਖਣਾ, ਖੁਦੀ ਦੇ ਸੰਤਾਪ ਵਿਚੋਂ ਹੀ ਸਾਹਾਂ ਦਾ ਵਣਜ ਕਰਦਾ।

ਮੁਸਕਰਾਹਟ, ਅਮੁੱਲ, ਅਨੰਦਦਾਇਕ, ਸੂਖਮ ਭਾਵਨਾ ਅਤੇ ਅੰਤਰੀਵ ਦੀਆਂ ਅਗੰਮੀ ਲਹਿਰਾਂ ਨਾਲ ਮਨੁੱਖ ਨੂੰ ਬਖਸ਼ਿਸ਼ਾਂ ਸੰਗ ਭਰਨ ਲਈ ਤਤਪਰ। ਪਰ ਇਸ ਦਾ ਚਾਹਵਾਨ ਹੀ ਕੋਈ ਨਹੀਂ।

ਮੁਸਕਰਾਹਟ, ਕੜਵਾਹਟ ਭਰੇ ਸੰਵਾਦ 'ਚ ਸਹਿਮੀ, ਕੁਰਖਤ ਬੋਲਾਂ 'ਚ ਕਰੁਣਾ ਬਣ, ਆਪਣੀ ਹੋਂਦ ਤੋਂ ਮੁਨਕਰੀ ਦਾ ਰਾਗ ਅਲਾਪਣ ਲਈ ਮਜਬੂਰ। ਮੁਸਕਰਾਹਟ ਨੂੰ ਮੁਖੜੇ ਤੋਂ ਮਨਫੀ ਕਰਕੇ, ਅਸੀਂ ਸਾਹਾਂ ਨੂੰ ਸੂਲੀ 'ਤੇ ਟੰਗਣ ਅਤੇ ਖੁਦ ਦੀ ਅਰਥੀ ਢੋਣ ਤੋਂ ਇਲਾਵਾ ਕੁਝ ਨਹੀਂ ਕੀਤਾ। ਯਾਦ ਰੱਖਣਾ! ਮਨੁੱਖਾ ਜੀਵਨ ਸੂਲੀ ਲਟਕਦੇ ਪਲ ਨਹੀਂ ਹੁੰਦਾ। ਸਗੋਂ ਇਹ ਤਾਂ ਹਰ ਸਾਹ ਨਾਲ ਜ਼ਿੰਦਗੀ ਦੇ ਦੀਦਾਰੇ ਕਰਨ ਅਤੇ ਮੁਖੜੇ 'ਤੇ ਸਰਘੀ ਉਗਾਉਣ ਦਾ ਨਾਮ ਹੁੰਦਾ।

ਮੁਸਕਰਾਹਟ ਦੀ ਕੇਹੀ ਤ੍ਰਾਸਦੀ ਏ ਕਿ ਇਹ ਮਨੁੱਖੀ ਕਮੀਨਗੀਆਂ, ਕੁਹਜਾਂ, ਕੁਕਰਮਾਂ ਅਤੇ ਕਾਲਖੀ ਵਰਤਾਰਿਆਂ ਵਿਚ ਵਾਸ ਕਰਦੀ, ਆਪਣੀ ਅਲੋਪਤਾ ਨੂੰ ਵੀ ਜਗ-ਜਾਹਰ ਕਰਨ ਤੋਂ ਡਰਦੀ, ਤਿੱਲ ਤਿੱਲ ਮਰਦੀ, ਖੁਦ ਨੂੰ ਅਗਨ-ਕੁੰਡ ਵਿਚ ਤਪਾਉਂਦੀ, ਸਾਹਾਂ ਦੀ ਤੰਦ ਸੋਗ ਦੇ ਤੱਕਲੇ 'ਤੇ ਪਾਉਂਦੀ ਏ। ਮੁਸਕਰਾਹਟ, ਆਧੁਨਿਕ ਜੀਵਨ-ਸ਼ੈਲੀ 'ਚੋਂ ਵਿਸਾਰ, ਦੁਰਕਾਰ ਅਤੇ ਲਤਾੜ ਕੇ, ਕਬਰ ਨੂੰ ਪੁੱਟ ਰਿਹਾ ਮਨੁੱਖ, ਆਪਣਾ ਆਖਰੀ ਫਾਤਿਹਾ ਪੜ੍ਹਨ ਲਈ ਕਾਹਲਾ।

ਮੁਸਕਰਾਹਟ, ਟੁੱਟਦੇ ਸਾਹਾਂ ਲਈ ਜੀਵਨ ਦਾਨ, ਪੀੜ-ਪਰੁੱਚੇ ਰੋਗੀ ਨੂੰ ਅਰੋਗਤਾ ਦਾ ਵਰਦਾਨ, ਸੁਪਨਹੀਨ ਨੈਣਾਂ ਵਿਚ ਕਿਰਨ ਦਾ ਝਲਕਾਰਾ ਤੇ ਦਰ ਵੰਨੀਂ ਝਾਕਦੀਆਂ ਤੇ ਪਥਰਾਈਆਂ ਅੱਖਾਂ 'ਚ ਪਰਦੇਸੀ ਦੇ ਪਿੰਡ ਪਰਤਣ ਦਾ ਝਉਲਾ।

ਮੁਸਕਰਾਹਟ ਵੰਡਣ ਵਾਲੇ ਚਿਹਰਿਆਂ 'ਤੇ ਨੂਰ ਬਰਸਦਾ, ਨੈਣਾਂ ਵਿਚ ਸੁਪਨਿਆਂ ਦੀ ਸੰਪੂਰਨਤਾ ਦਾ ਜਲੌਅ, ਬੋਲਾਂ ਵਿਚ ਖੇੜਿਆਂ ਅਤੇ ਖੁਸ਼ੀਆਂ ਦਾ ਵਗਦਾ ਦਰਿਆ, ਕਦਮਾਂ 'ਚ ਮੰਜ਼ਿਲਾਂ ਨੂੰ ਸਰ ਕਰਨ ਦਾ ਹਠ ਅਤੇ ਉਨ੍ਹਾਂ ਦੀ ਹਰਫ-ਸਾਧਨਾ ਵਿਚ ਖੁਦੀ ਤੋਂ ਖੁਦਾ ਵੱਲ ਜਾਂਦਾ ਤਪ।

ਮੁਸਕਰਾਹਟ ਵੰਡਣਾ, ਵਿਰਲਿਆਂ ਦੀ ਕਰਮ-ਯੋਗਤਾ, ਉਨ੍ਹਾਂ ਲਈ ਵੰਡਣ ਵਿਚੋਂ ਅਸੀਮ ਖੁਸ਼ੀ ਅਤੇ ਤ੍ਰਿਪਤੀ ਦਾ ਹਾਸਲ। ਉਹ ਮਹਿਲਾਂ ਦੇ ਭਰੇ ਭੰਡਾਰਾਂ ਨੂੰ ਹੋਰ ਭਰਨ ਦੀ ਥਾਂ ਝੁੱਗੀਆਂ ਨੂੰ ਮੁਖਾਤਬ ਹੋ, ਅਰਥਹੀਣ ਬਚਪਨੇ ਨੂੰ ਸੁਯੋਗ ਮਾਰਗ ਪਾ, ਉਨ੍ਹਾਂ ਦੇ ਮੋਢਿਆਂ 'ਤੇ ਬਸਤੇ ਧਰ ਅਤੇ ਭੁੱਖੇ ਪੇਟ ਲਈ ਰਿਜਕ ਦਾ ਸਬੱਬ ਹੁੰਦੇ। ਉਨ੍ਹਾਂ ਦਾ ਸੋਚ-ਮਾਰਗ, ਨੀਵੇਂ ਦਰਾਂ ਜਾਂ ਦਰਹੀਣ ਘਰਾਂ ਨੂੰ ਜਾਂਦਾ, ਜਿਨ੍ਹਾਂ ਦੇ ਵਿਹੜਿਆਂ ਨੂੰ ਗਰੀਬੀ ਅਤੇ ਤੰਗਦਸਤੀ ਨੇ ਹੀਣ-ਭਾਵਨਾ ਦਾ ਮੁਥਾਜ ਬਣਾ ਦਿੱਤਾ ਹੁੰਦਾ।



ਮੁਸਕਰਾਹਟ, ਅਸੀਮ, ਅਪਾਰ, ਅੰਤਰੀਵਤਾ, ਅਰਾਧਨਾ ਅਤੇ ਅਰਪਣ ਦੇ ਅਰਘ ਵਿਚੋਂ ਉਦੈ ਹੁੰਦੀ। ਮਸਤਕ-ਅੰਬਰ ਨੂੰ ਚੌਦਵੀਂ ਦੇ ਚੰਨ ਦਾ ਸ਼ਗਨ ਪਾ, ਕਿਰਮਚੀ ਕਿਰਨਾਂ ਦਾ ਕਾਫਲਾ ਬਣਦਾ।

ਮੁਸਕਰਹਾਟ ਦੀ ਮਹੱਤਤਾ ਨੂੰ ਸਮਝਣ ਲਈ, ਜ਼ਿੰਦਗੀ ਦੇ ਅਰਥਾਂ ਨੂੰ ਵਿਸ਼ਾਲਣਾ ਪਵੇਗਾ। ਵਿਦੇਸ਼ ਵਿਚ ਵਿਚਰਦਿਆਂ ਹਰੇਕ ਵਿਅਕਤੀ ਮੁਸਕਰਾਉਂਦੇ ਚਿਹਰੇ ਨਾਲ ਤੁਹਾਡਾ ਸੁਆਗਤ ਕਰਦਾ, ਤੁਹਾਡੀ ਆਮਦ ਨੂੰ ਧੰਨਭਾਗੀ ਬਣਾਉਂਦਾ।

***ਮੁਸਕਰਾਹਟ, ਮਹਾਨ ਵਿਅਕਤੀਆਂ ਦਾ ਸੁੱਚਾ ਹਾਸਲ। ਉਨ੍ਹਾਂ ਦੇ ਦਗਦੇ ਚਿਹਰੇ ਦਾ ਜਲਾਲ, ਨਿਮੀ ਨਿਮੀ ਮੁਸਕਰਾਹਟ ਦਾ ਕਮਾਲ। ਉਨ੍ਹਾਂ ਦੇ ਬੋਲਾਂ ਤੋਂ ਕਿਰਦੇ ਫੁੱਲਾਂ ਦੀ ਸੁਗੰਧੀ ਚੌਗਿਰਦੇ ਨੂੰ ਹਾਂ-ਪੱਖੀ ਭਾਵਨਾ ਨਾਲ ਲਬਰੇਜ਼ ਕਰ, ਉਤਮ ਖਿਆਲਾਂ, ਸੋਚਾਂ ਨੂੰ ਜੀਵਨ ਰੰਗ ਦੇ ਨਾਮ ਕਰ ਜਾਂਦੀ। ਇਸੇ ਲਈ ਮਹਾਂ ਪੁਰਖਾਂ ਦੀ ਸੰਗਤ ਵਿਚੋਂ ਕੁਝ ਪ੍ਰਾਪਤ ਕਰਨ ਦੇ ਚਾਹਵਾਨ ਆਪਣੀਆਂ ਝੋਲੀਆਂ ਭਰ, ਇਕ ਸੰਤੁਲਤ ਅਤੇ ਸੋਹਣਾ ਸਮਾਜ ਸਿਰਜਣ ਵਿਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਹੁੰਦੇ। ਉਨ੍ਹਾਂ ਦੀ ਆਭਾ ਵਿਚ ਧੁਆਂਖੀ ਸੋਚ, ਮੁਰਝਾਏ ਮੁਖੜੇ, ਸਾਹਸੱਤਹੀਣ ਪੱਬ, ਅਲਸਾਏ ਹੱਥ ਅਤੇ ਸੁਪਨਹੀਣ ਨੇਤਰਾਂ ਨੂੰ ਨਵੀਂ ਦੁਨੀਆਂ, ਨਵੀਂ ਸੁਪਨ-ਸਾਜ਼ੀ ਅਤੇ ਨਵੀਆਂ ਸੱਚ-ਸੰਭਾਵਨਾਵਾਂ ਪ੍ਰਤੀ ਸਮਰਪਣ ਹੋਣ ਦਾ ਸ਼ਰਫ ਹਾਸਲ ਹੁੰਦਾ।***

ਅੱਧਾ ਰੋਗ ਤਾਂ ਮੁਸਕਰਾਹਟਾਂ ਬਿਖੇਰਦੀ ਨਰਸ ਜਾਂ ਡਾਕਟਰ ਦੀ ਮੁਸਕਰਾਹਟ ਹੀ ਕੱਟ ਦਿੰਦੀ। ਕਿਸੇ ਵੀ ਦਫਤਰ ਵਿਚ ਜਾਓ, ਮੁਸਕਰਾਹਟ ਰੱਤੇ ਚਿਹਰੇ ਤੁਹਾਡੀ ਰੂਹ ਨੂੰ ਖੇੜਿਆਂ-ਰੱਤੀ ਕਰ ਦੇਣਗੇ। ਵਿਦਿਆਰਥੀਆਂ ਦੀ ਮੁਸਕਰਾਹਟ ਤੁਹਾਨੂੰ ਤਰੰਗਤ ਕਰ, ਤੁਹਾਡੇ ਜੀਵਨ ਮੱਥੇ 'ਤੇ ਉਚਮ ਅਤੇ ਸੁੱਚਮ ਮਕਸਦ ਦੀ ਮਹਿੰਦੀ ਲਾ, ਤੁਹਾਡੀ ਤਰਜ਼ੀਹਾਂ ਅਤੇ ਤਸ਼ਬੀਹਾਂ ਨੂੰ ਸੁਪਨਗੋਈ ਕਰਦੀ ਨਵੀਆਂ ਪੈੜਾਂ ਦਾ ਮਾਰਗੀ ਬਣਾ ਦਿੰਦੀ ਹੈ। ਸੈਰ ਕਰਦਿਆਂ ਮਿਲਣ ਵਾਲੇ ਦੀ ਮੁਸਕਰਾਹਟ ਫਿਜ਼ਾ ਨੂੰ ਮਾਨਵੀ-ਮਹਿਕ ਨਾਲ ਲਬਰੇਜ਼ ਕਰਦੀ। ਘੁੱਟੇ-ਵੱਟੇ ਚਿਹਰੇ ਅਤੇ ਮੱਥੇ ਦੀਆਂ ਤਿਉੜੀਆਂ ਨਾਲ ਮਿਲਣ ਜਾਂ ਮਿਲਣ 'ਤੇ ਮੂੰਹ ਭੁਵਾ ਕੇ ਪਾਸਾ ਵੱਟਣ ਦੇ ਕੀ ਅਰਥ ਹੋ ਸਕਦੇ ਨੇ? ਇਹ ਕਿਹੜੀ ਤਹਿਜ਼ੀਬ ਦਾ ਆਧਾਰ ਕਹੇ ਜਾ ਸਕਦੇ ਨੇ? ਨਵੀਂ ਤਹਿਰੀਕ, ਤਹਿਜ਼ੀਬ ਅਤੇ ਤਰਜ-ਏ-ਜ਼ਿੰਦਗੀ 'ਚ ਆ ਕੇ ਨਵਾਂ ਸਿੱਖਣ ਦੇ ਚਾਹਵਾਨ ਜ਼ਿੰਦਗੀ ਨੂੰ ਸੱਜਰੀਆਂ ਪੈੜਾਂ ਨਾਲ ਵਿਸ਼ਾਲਦੇ, ਨਵੀਆਂ ਕਿਰਤ-ਕਾਮਨਾਵਾਂ ਨੂੰ ਕੀਰਤੀਯੋਗ ਬਣਾਉਂਦੇ ਨੇ।

ਮੁਸਕਰਾਹਟ, ਮਨੁੱਖ ਦਾ ਉਹ ਮਾਨਵੀ ਗੁਣ ਜੋ ਮਨੁੱਖੀ ਸ਼ਖਸੀਅਤ ਨੂੰ ਮਹਾਤਮ ਬਖਸ਼, ਇਸ ਦੀਆਂ ਬਰਕਤਾਂ ਵਿਚੋਂ ਮਾਨਵਤਾ ਦਾ ਮੁਹਾਂਦਰਾ ਲਿਸ਼ਕਾਣ ਅਤੇ ਬੰਦਿਆਈ ਦਾ ਮਾਰਗੀ ਬਣਾਉਣ ਲਈ ਬਹੁਤ ਕੁਝ ਬਖਸ਼ਦਾ।

ਮੁਸਕਰਾਹਟ, ਨਿਆਮਤਾਂ ਵਿਚੋਂ ਸਭ ਤੋਂ ਮਹਿੰਗੀ ਪਰ ਵੰਡਣ ਲਈ ਸਭ ਤੋਂ ਸਸਤੀ। ਕੁਝ ਨਹੀਂ ਖਰਚ ਹੁੰਦਾ ਪਰ ਪ੍ਰਾਪਤ ਕਰਨ ਵਾਲਾ ਇਸ ਨਾਲ ਮਾਲਾਮਾਲ ਹੋ, ਜ਼ਿੰਦਗੀ ਦੀ ਅਸੀਸ, ਅਸ਼ੀਰਵਾਦ, ਆਸਥਾ ਤੇ ਅਰਾਧਨਾ ਰਾਹੀਂ ਨਵੀਆਂ ਧਰਾਤਲਾਂ ਅਤੇ ਅਸੀਮ ਸੰਭਾਵਨਾਵਾਂ ਤਲਾਸ਼ਦਾ।

ਮੁਸਕਰਾਹਟ ਵੰਡਣਾ, ਕਰਮਯੋਗੀਆਂ ਦੀ ਬੰਦਨਾ। ਕਿਸੇ ਨੂੰ ਵੀ ਮਿਲਣ 'ਤੇ ਅਸੀਂ ਮੁਸਕਰਾਹਟ ਵੰਡ ਸਕਦੇ ਹਾਂ ਜਾਂ ਉਸ ਦੀ ਝੋਲੀ ਹੰਝੂਆਂ ਨਾਲ ਭਰ ਸਕਦੇ ਹਾਂ। ਇਹ ਮਨੁੱਖ 'ਤੇ ਨਿਰਭਰ ਹੈ ਕਿ ਉਸ ਨੇ ਮਿਲਣ ਵਾਲੇ ਨੂੰ ਮੁਸਕਰਾਹਟ ਨਾਲ ਲਬਾ-ਲੱਬ ਕਰਨਾ ਜਾਂ ਉਸ ਦੇ ਸਾਹਾਂ ਨੂੰ ਹੰਝੂਆਂ ਦੇ ਖਾਰੇਪਣ ਨਾਲ ਗਾਲਣਾ ਏ।

ਮੁਸਕਰਾਹਟ, ਆਸ ਵੀ ਤੇ ਵਿਸ਼ਵਾਸ ਵੀ, ਚਾਅ ਦੀ ਚਹਿਕਣੀ ਵੀ ਤੇ ਉਮਾਹ ਦੀ ਉਮੰਗ ਵੀ, ਭਾਵਨਾਵਾਂ ਦੀ ਭਰਪੂਰਤਾ ਵੀ ਤੇ ਕਾਮਨਾਵਾਂ ਦੀ ਕਿਰਮਚੀ ਕਿਰਨ ਵੀ, ਪੂਰਨਤਾ ਦੀ ਲਗਨ ਵੀ ਤੇ ਸੁਪਨਿਆਂ ਦਾ ਸੰਦਲੀ ਸਫਰਨਾਮਾ ਵੀ, ਰਿਸ਼ਤਿਆਂ ਵਿਚਲੀ ਸੁਗੰਧ ਵੀ ਤੇ ਸਬੰਧਾਂ ਵਿਚਲਾ ਖੁਲਾਸਪੁਣਾ ਵੀ, ਖਿੜੀ ਗੁਲਜ਼ਾਰ ਵੀ ਅਤੇ ਨਵੀਆਂ ਲਗਰਾਂ ਦਾ ਕੂਲਾ ਸੰਸਾਰ ਵੀ, ਬਿਰਖ-ਬਾਬਿਆਂ ਦੇ ਮੁੱਖ 'ਤੇ ਨਵੀਆਂ ਪਿਰਤਾਂ ਤੇ ਪਗਡੰਡੀਆਂ ਦਾ ਪ੍ਰਗਟਾਅ ਵੀ ਅਤੇ ਹੋਰ ਚੰਗੇਰੇ ਰਾਹਾਂ ਨੂੰ ਅਪਨਾਉਣ ਦਾ ਚਾਅ ਵੀ।

ਮੁਸਕਰਾਹਟ ਵੰਡਣ ਵਾਲੇ ਲੋਕ, ਧੰਨਤਾ ਦੇ ਵਾਰਸ। ਉਹ ਸ਼ਬਦ ਲੰਗਰ ਲਾਉਂਦੇ, ਹਰਿਆਲੀ-ਹਮਜੋਲਤਾ ਉਪਜਾਉਂਦੇ, ਜੋਤਹੀਣ ਨੈਣਾਂ ਵਿਚ ਚਾਨਣ ਦਾ ਜਾਗ ਲਾਉਂਦੇ, ਕਿਰਤ-ਕਰਮ ਦੀ ਜਾਚਨਾ ਨੂੰ ਸਮਿਆਂ ਦੇ ਨਾਮ ਲਾਉਂਦੇ।

ਮੁਸਕਰਾਹਟ, ਮਹਾਨ ਵਿਅਕਤੀਆਂ ਦਾ ਸੁੱਚਾ ਹਾਸਲ। ਉਨ੍ਹਾਂ ਦੇ ਦਗਦੇ ਚਿਹਰੇ ਦਾ ਜਲਾਲ, ਨਿਮੀ ਨਿਮੀ ਮੁਸਕਰਾਹਟ ਦਾ ਕਮਾਲ। ਉਨ੍ਹਾਂ ਦੇ ਬੋਲਾਂ ਤੋਂ ਕਿਰਦੇ ਫੁੱਲਾਂ ਦੀ ਸੁਗੰਧੀ ਚੌਗਿਰਦੇ ਨੂੰ ਹਾਂ-ਪੱਖੀ ਭਾਵਨਾ ਨਾਲ ਲਬਰੇਜ਼ ਕਰ, ਉਤਮ ਖਿਆਲਾਂ, ਸੋਚਾਂ ਨੂੰ ਜੀਵਨ ਰੰਗ ਦੇ ਨਾਮ ਕਰ ਜਾਂਦੀ। ਇਸੇ ਲਈ ਮਹਾਂ ਪੁਰਖਾਂ ਦੀ ਸੰਗਤ ਵਿਚੋਂ ਕੁਝ ਪ੍ਰਾਪਤ ਕਰਨ ਦੇ ਚਾਹਵਾਨ ਆਪਣੀਆਂ ਝੋਲੀਆਂ ਭਰ, ਇਕ ਸੰਤੁਲਤ ਅਤੇ ਸੋਹਣਾ ਸਮਾਜ ਸਿਰਜਣ ਵਿਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਹੁੰਦੇ। ਉਨ੍ਹਾਂ ਦੀ ਆਭਾ ਵਿਚ ਧੁਆਂਖੀ ਸੋਚ, ਮੁਰਝਾਏ ਮੁਖੜੇ, ਸਾਹਸੱਤਹੀਣ ਪੱਬ, ਅਲਸਾਏ ਹੱਥ ਅਤੇ ਸੁਪਨਹੀਣ ਨੇਤਰਾਂ ਨੂੰ ਨਵੀਂ ਦੁਨੀਆਂ, ਨਵੀਂ ਸੁਪਨ-ਸਾਜ਼ੀ ਅਤੇ ਨਵੀਆਂ ਸੱਚ-ਸੰਭਾਵਨਾਵਾਂ ਪ੍ਰਤੀ ਸਮਰਪਣ ਹੋਣ ਦਾ ਸ਼ਰਫ ਹਾਸਲ ਹੁੰਦਾ।

ਮੁਸਕਰਾਹਟ ਵਿਚੋਂ ਹੀ ਪੈਦਾ ਹੁੰਦਾ ਮਨੁੱਖੀ ਸੋਚ ਵਿਚ ਕੁਝ ਚੰਗੇਰਾ ਕਰਨ ਦਾ ਵਿਚਾਰ, ਵਰਕਿਆਂ ਨੂੰ ਦੀਵਿਆਂ ਦੀ ਸਰਜ਼ਮੀਂ ਬਣਾਉਣ ਦਾ ਆਧਾਰ ਅਤੇ ਘਰ ਹੀਣ ਘਰਾਂ ਨੂੰ ਫਿਰ ਤੋਂ ਘਰ ਬਣਾਉਣ ਦਾ ਸੁਘੜ-ਜੁਗਾੜ। ਘਰ, ਘਰ ਹੀ ਨਹੀਂ ਰਹਿੰਦਾ ਜਦ ਘਰ 'ਚੋਂ ਮੁਸਕਰਾਹਟ ਨੂੰ ਬੇਵਾ ਕਰ ਦਿੱਤਾ ਜਾਵੇ ਅਤੇ ਇਸ ਦੀ ਰੂਹ ਨੂੰ ਖਿਝ, ਕੜਵਾਹਟ ਅਤੇ ਕੂੜ-ਕਬਾੜੇ ਨਾਲ ਭਰ ਦਿੱਤਾ ਜਾਵੇ। ਮੁਸਕਰਾਹਟ ਲਈ ਦਰ-ਦਰਵਾਜਿਆਂ 'ਤੇ ਪਾਣੀ ਡੋਲੋ ਅਤੇ ਚੁਗਾਠ 'ਤੇ ਸ਼ੁਭ-ਆਮਦ ਦਾ ਤੇਲ ਚੋਵੋ, ਜ਼ਿੰਦਗੀ ਨੂੰ ਨਵੇਂ ਅਰਥਾਂ ਦਾ ਅਹਿਸਾਸ ਅਤੇ ਅਭਾਸ ਹੋਵੇਗਾ।

ਮੁਸਕਰਾਹਟ, ਸਮਿਆਂ ਦੀ ਵਹਿੰਗੀ ਦਾ ਗਹਿਣਾ। ਇਸ ਦੀ ਜੂਹੇ ਸੋਚ ਦਾ ਉਗਣਾ ਅਤੇ ਵਿਹੜੇ ਚਾਨਣ ਦੀ ਨੈਂਅ ਵਹਿਣਾ। ਇਸ ਦੇ ਸੁਗਮ-ਸੁਨੇਹੇ ਜਦ ਹੋਠਾਂ ਦੀ ਲੈਂਦੇ ਸਾਰ ਤਾਂ ਜੀਵਨ ਦਿਸਹੱਦਿਆਂ ਦਾ ਹੁੰਦਾ ਅਸੀਮਤ ਵਿਸਥਾਰ। ਮੁਸਕਰਾਹਟ ਦੀ ਮਮਤਾ ਦਿੰਦੀ, ਹਾਸੇ, ਠੱਠੇ ਤੇ ਖੇੜੇ। ਇਸ ਦੀ ਆਮਦ ਕਰਦੀ ਵੱਸਦੇ, ਉਜੜੇ ਹੋਏ ਵਿਹੜੇ। ਇਸ ਦੀ ਬੋਲੀ ਜਦ ਕੋਈ ਰਸੀਆ ਸਮਝੇ ਤੇ ਅਪਨਾਵੇ, ਤਾਂ ਉਹ ਜ਼ਿੰਦਗੀ ਦੇ ਭਵ-ਸਾਗਰ 'ਚੋਂ ਤਰੇ ਤੇ ਲੋਕ ਤਰਾਵੇ। ਇਕ ਮੁਸਕਰਾਹਟ ਦਾ ਹਾਣੀ ਜੋ ਧਨ-ਅੰਬਾਰ ਬਣਾਵੇ, ਉਹ ਜੀਵਨ ਰਹਿਮਤਾਂ ਦਾ ਚਿਰਾਗ ਜਗਾਵੇ।

ਮੁਸਕਰਾਹਟ ਦੀ ਮਹਿੰਦੀ ਜਦ ਤੁਹਾਡੀ ਸੋਚ, ਕਰਮ ਤੇ ਜੀਵਨ ਸ਼ੈਲੀ ਦੀਆਂ ਤਲੀਆਂ ਨੂੰ ਸ਼ਿੰਗਾਰਦੀ ਤਾਂ ਆਦਮ-ਝੋਲੀ ਵਿਚ ਸੱਤੇ ਖੈਰਾਂ ਪੈਂਦੀਆਂ ਅਤੇ ਜ਼ਿੰਦਗੀ ਨੂੰ ਯੁੱਗ ਜਿਉਣ ਦਾ ਵਰ ਮਿਲਦਾ। ਜਦ ਕੋਈ ਮੁਸਕਾਨ, ਮਕਾਣ ਦਾ ਰੂਪ ਵਟਾਵੇ ਤਾਂ ਸਮਿਆਂ ਦਾ ਸੰਤਾਪ ਬਣ ਜਾਵੇ। ਜਦ ਕੋਈ ਮੁਸਕਾਨ, ਹਉਕੇ ਦੀ ਸੱਦ ਬਣ ਜਾਵੇ ਤਾਂ ਘਰਾਂ ਦੀ ਤਾਮੀਰਦਾਰੀ ਵਿਚ ਸਿਉਂਕ ਉਪਜਾਵੇ। ਜਦ ਆਪਣਾ ਹੀ ਮੁਸਕਾਨ ਨੂੰ ਵੈਣਾਂ ਦੀ ਵਹਿੰਗੀ ਬਣਾਵੇ ਤਾਂ ਜ਼ਿੰਦਗੀ ਦੇ ਅਰਥਾਂ ਦਾ ਅਨਰਥ ਹੋ ਜਾਵੇ। ਜਦ ਮੁਕਸਾਨ ਦੇ ਹੋਠਾਂ 'ਤੇ ਕੋਈ ਚੁੱਪ ਦਾ ਜੰਦਰਾ ਲਾਵੇ ਤਾਂ ਬੋਲਾਂ ਦੀ ਰੂਹ ਅਣਿਆਈ ਮੌਤੇ ਮਰ ਜਾਵੇ।

ਮੁਸਕਾਨ ਕੁਦਰਤ ਦਾ ਅਨਮੋਲ ਤੋਹਫਾ ਜੋ ਵੰਡਣ 'ਤੇ ਵਧਦਾ, ਸੀਮਤ ਹੁੰਦਿਆਂ ਵੀ ਅਸੀਮਤਾ ਦਾ ਅਹਿਸਾਸ ਮਨੁੱਖੀ ਮਨ ਵਿਚ ਪੈਦਾ ਕਰਦਾ। ਇਸ ਦੀ ਦੁਰਲੱਭਤਾ ਨੂੰ ਲੱਭਤਾ ਵਿਚ ਤਬਦੀਲ ਕਰਨਾ, ਮਨੁੱਖ ਦੇ ਵੱਸ।

ਮੁਸਕਾਨ, ਨਿਆਸਰਿਆਂ ਨੂੰ ਆਸ, ਹਾਰਿਆਂ ਲਈ ਜਿੱਤ-ਵਿਸ਼ਵਾਸ, ਅਸਾਧ ਰੋਗਾਂ ਲਈ ਦੁਆ ਤੇ ਦਵਾ ਅਤੇ ਨਿਤਾਣਿਆਂ ਦੇ ਨੈਣਾਂ ਵਿਚ ਜਿਉਣ ਦਾ ਚਾਅ।

ਮੁਸਕਰਾਹਟ, ਕਈ ਵਾਰ ਉਦਾਸੀ ਦੀ ਪਰਤ ਵਿਚੋਂ ਵੀ ਝਲਕਦੀ। ਪਰ ਇਸ ਉਦਾਸੀ ਨੂੰ ਸਿਰਫ ਦਿਲਾਂ ਦੀ ਜਾਣਨ ਵਾਲੇ ਹੀ ਜਾਣ ਸਕਦੇ। ਕਿੰਨੇ ਕਰੀਬ ਹੁੰਦੇ ਨੇ ਉਹ ਦਿਲਬਰ ਜੋ ਤੁਹਾਡੀ ਉਦਾਸੀ ਨੂੰ ਮੁਸਕਾਨ ਦਾ ਨਾਂ ਦਿੰਦੇ। ਪਰ ਸਭ ਤੋਂ ਅਜ਼ੀਮ ਹੁੰਦੇ ਨੇ ਉਹ ਕਰੀਬੀ ਜੋ ਮੁਸਕਰਾਹਟ ਵਿਚੋਂ ਹੀ ਉਦਾਸੀ ਦੀਆਂ ਪਰਤਾਂ ਫਰੋਲਦੇ ਤੁਹਾਡੀ ਤਲੀ 'ਤੇ ਚਾਅ-ਚਿਰਾਗ ਧਰ ਜਾਂਦੇ।

ਮੁਸਕਰਾਹਟ, ਦੁਆ, ਅਸੀਸ ਅਤੇ ਹੱਲਾਸ਼ੇਰੀ ਜਿਹੇ ਵਰਦਾਨ, ਜੋ ਵੰਡਦਿਆਂ ਵੀ ਭਰੇ ਭੰਡਾਰਿਆਂ ਦਾ ਅਹਿਸਾਸ, ਮਨੁੱਖੀ ਤਰਜੀਹ ਬਣਿਆ ਰਹਿੰਦਾ।

ਮੁਸਕਰਾਉਣ ਦੀ ਆਦਤ ਪਾ ਸੱਜਣਾ, ਜੀਵਨ ਨੂੰ ਸਾਰਥਕ ਬਣਾ ਸੱਜਣਾ। ਕਦੇ ਸ਼ੀਸ਼ੇ 'ਚ ਖੁਦ ਨੂੰ ਨਿਹਾਰ ਸੱਜਣਾ ਅਤੇ ਚਿਹਰੇ 'ਤੇ ਆਈ ਮੁਸਕਾਨ ਵਿਸਥਾਰ ਸੱਜਣਾ। ਸਵੇਰੇ ਉਠ ਕੇ ਆਰਸੀ ਵਿਚ ਆਪਣਾ ਮੁਸਕਰਾਉਂਦਾ ਚਿਹਰਾ ਦੇਖੋ। ਹੱਸਦੇ ਚਿਹਰੇ ਨਾਲ ਦਿਨ ਦੇ ਹਰ ਰੰਗ ਨੂੰ ਮਾਣੋ। ਫਿਰ ਰਾਤ ਨੂੰ ਮੁਸਕਰਾਉਂਦੇ ਚਿਹਰੇ ਨਾਲ ਦਿਨ ਨੂੰ ਅਲਵਿਦਾ ਅਤੇ ਰਾਤ ਨੂੰ ਖੁਸ਼ਆਮਦੀਦ ਕਹੋ, ਚਿਹਰੇ ਦਾ ਤਣਾਅ ਗਾਇਬ ਹੋ ਜਾਵੇਗਾ। ਇਸ ਦੀ ਤਾਜ਼ਗੀ ਅਤੇ ਸੁੰਦਰਤਾ ਨੂੰ ਚਾਰ ਚੰਨ ਲੱਗ ਜਾਣਗੇ। ਇਸ ਚਮਕ ਵਿਚੋਂ ਹੀ ਤਾਰਿਆਂ ਦੀ ਤ੍ਰਿਸ਼ਨਾ ਤੁਹਾਡੀ ਤਮੰਨਾ ਬਣ ਜਾਵੇਗੀ।

ਮੁਸਕਰਾਹਟ, ਕਈਆਂ ਲਈ ਜ਼ਿੰਦਾਦਿਲੀ ਪਰ ਕਈਆਂ ਦੀ ਮਜਬੂਰੀ। ਕੁਝ ਲਈ ਮਖੌਟਾ ਅਤੇ ਕੁਝ ਲਈ ਕਸਤੂਰੀ। ਕੁਝ ਲਈ ਗਲ ਦਾ ਗਹਿਣਾ ਪਰ ਕੁਝ ਲਈ ਗਲ ਪਈ ਜੰਜੀਰ। ਕੁਝ ਲਈ ਹੇਰਵੇ ਦਾ ਰੁਦਨ ਪਰ ਕੁਝ ਲਈ ਉਚ ਦਾ ਪੀਰ। ਇਹ ਹਰ ਬੰਦੇ ਦੇ ਨਜ਼ਰੀਏ 'ਤੇ ਨਿਰਭਰ।

ਮੁਸਕਰਾਹਟ ਜਦ ਮੁਸੀਬਤਾਂ ਵਿਚ ਜ਼ਿੰਦਗੀ ਦਾ ਸਾਥ ਬਣਦੀ, ਤਿੜਕੇ ਸੁਪਨਿਆਂ ਲਈ ਢਾਰਸ ਅਤੇ ਚੌਰਸਤੇ ਦੇ ਧੁੰਦਲਕੇ 'ਚ ਰਾਹਾਂ ਲਈ ਚਾਨਣ ਸਿਰਨਾਵਾਂ ਬਣਦੀ ਤਾਂ ਮੁਸਕਰਾਹਟ ਕਰਮ-ਕਾਮਨਾ ਦਾ ਕਮਾਲ ਬਣਦੀ।

ਮੁਸਕਰਾਹਟ ਜ਼ਿੰਦਗੀ ਦਾ ਅਜਿਹਾ ਮੋੜ ਜੋ ਤੁਹਾਡੀ ਜ਼ਿੰਦਗੀ ਨੂੰ ਸਪੱਸ਼ਟਤਾ, ਸਮਰਪਣ ਅਤੇ ਸਫਲਤਾ ਬਖਸ਼ ਮਾਨਵੀ ਸਰੋਕਾਰਾਂ ਨਾਲ ਓਤਪੋਤ ਕਰਦਾ। ਮੁਸਕਰਾਹਟ, ਜਦ ਜ਼ਿੰਦਗੀ ਤੋਂ ਹਾਰੇ ਮਨੁੱਖ, ਸੁਪਨਿਆਂ ਦੀ ਤਿੜਕਣ ਹੰਢਾ ਰਹੇ ਦੀਦਿਆਂ ਜਾਂ ਬੇਆਸਰਿਆਂ ਦਾ ਮੁਹਾਂਦਰਾ ਚਮਕਾਉਂਦੀ ਤਾਂ ਨਵੀਆਂ ਮੰਜ਼ਿਲਾਂ ਤੇ ਨਵੇਂ ਉਦਮਾਂ ਦਾ ਸੂਰਜ, ਚੇਤਨਾ 'ਚ ਅੰਗੜਾਈ ਲੈਂਦਾ ਤੇ ਸਫਲਤਾਵਾਂ ਅਜਿਹੇ ਬੰਦਿਆਂ ਦੇ ਕਦਮਾਂ 'ਚ ਵਿਛਦੀਆਂ।

ਮੁਸਕਰਾਹਟ, ਮਾਂਗਵੀ ਨਾ ਹੋਵੇ ਸਗੋਂ ਸੱਚੀ ਸੁੱਚੀ ਹੋਵੇ। ਇਸ ਦੀ ਆਭਾ ਨੂੰ ਜ਼ਿੰਦਗੀ ਦਾ ਹਾਸਲ ਹੋਵੇ ਅਤੇ ਇਸ ਦੀਆਂ ਸੰਭਾਵਨਾਵਾਂ ਵਿਚੋਂ ਸੁੱਚਮ ਅਤੇ ਸਿਦਕ-ਭਾਵਨਾ ਨੂੰ ਸਲਾਮ।

ਮੁਸਕਰਾਹਟ ਨੂੰ ਮਾਣੋ। ਇਸ ਵਿਚੋਂ ਹੀ ਜੀਵਨ ਦੇ ਸੁਰਖ ਰੰਗਾਂ ਨੂੰ ਜਾਣੋ। ਇਨ੍ਹਾਂ ਵਿਚੋਂ ਛਣ ਕੇ ਆਉਂਦੀ ਰੌਸ਼ਨੀ 'ਚ ਅੰਤਰੀਵ ਨੂੰ ਪਛਾਣੋ, ਤੁਹਾਨੂੰ ਖੁਦ 'ਤੇ ਹੀ ਨਾਜ਼ ਹੋਵੇਗਾ।

ਮੁਸਕਰਾਹਟ ਵੰਡੋ, ਇਸ ਦੀ ਅਸੀਮ ਕਰਤਾਰੀ ਸ਼ਕਤੀ ਸਮਿਆਂ ਨੂੰ ਸੰਭਾਵਨਾਵਾਂ, ਸੁੱਚਮਤਾ ਅਤੇ ਸੁਪਨਿਆਂ ਨਾਲ ਭਰ ਦੇਵੇਗੀ। ਤੁਸੀਂ ਆਪਣੀ ਸੋਚ-ਜੂਹ ਨੂੰ ਮੁਸਕਰਾਹਟ ਦਾ ਖਜਾਨਾ ਬਣਾਉਣਾ ਏ ਜਾਂ ਹੰਝੂਆਂ ਦੀ ਝੀਲ ਦਾ ਰੂਪ ਦੇਣਾ ਏ, ਇਹ ਤਾਂ ਨਿੱਜ 'ਤੇ ਨਿਰਭਰ ਪਰ ਮੁਸਕਰਾਹਟ ਦੀ ਫਸਲ ਵਿਚੋਂ ਹੀ ਖੁਸ਼ੀਆਂ ਅਤੇ ਖੇੜਿਆਂ ਦੇ ਭੜੋਲੇ ਭਰ ਜਾਂਦੇ ਨੇ, ਜਿਨ੍ਹਾਂ ਦੀ ਹਾਜਰੀ ਹੀ ਬੰਦੇ ਨੂੰ ਜਿਉਣ ਜੋਗਾ ਕਰ ਜਾਂਦੀ ਏ।

# ਫਿਲਮੀ ਸੰਗੀਤ ਨੂੰ ਨਵੀਂ ਰੰਗਤ ਦੇਣ ਵਾਲਾ ਪੰਜਾਬੀ

ਮਨਦੀਪ ਸਿੰਘ ਸਿੱਧੂ
ਫੋਨ: +91-97805-09545


ਭਾਈ ਗੁਲਾਮ ਹੈਦਰ ਨੇ ਫਿਲਮ ਸੰਗੀਤ ਵਿਚ ਪਹਿਲੀ ਵਾਰ ਸੋਹਣੇ ਪੰਜਾਬ ਦੀਆਂ ਖ਼ਾਲਸ ਲੋਕ ਤਰਜ਼ਾਂ ਦਾ ਇਸਤੇਮਾਲ ਕਰਕੇ ਇਹ ਸਾਬਤ ਕਰ ਦਿੱਤਾ ਕਿ ਬਿਨਾਂ ਸੰਗੀਤ ਦੇ ਕੋਈ ਫਿਲਮ ਕਾਮਯਾਬ ਨਹੀਂ ਕਹੀ ਜਾ ਸਕਦੀ। ਉਹ ਹੀ ਪਹਿਲੇ ਸੰਗੀਤਕਾਰ ਸਨ ਜਿਨ੍ਹਾਂ ਨੇ 250 ਰੁਪਏ ਮਹੀਨਾ ਤਨਖ਼ਾਹ ਲੈਣ ਵਾਲੇ ਸੰਗੀਤਕਾਰਾਂ ਨੂੰ ਇਕ ਲੱਖ ਰੁਪਏ ਤਕ ਪਹੁੰਚਾ ਦਿੱਤਾ ਸੀ।

ਭਾਈ ਗੁਲਾਮ ਹੈਦਰ ਦਾ ਜਨਮ 1909 ਵਿਚ ਅੰਮ੍ਰਿਤਸਰ ਦੇ ਮੁਸਲਿਮ ਪੰਜਾਬੀ ਪਰਿਵਾਰ ਵਿਚ ਹੋਇਆ। ਬਹੁਤੀਆਂ ਥਾਵਾਂ 'ਤੇ ਉਨ੍ਹਾਂ ਦੀ ਪੈਦਾਇਸ਼ ਹੈਦਰਾਬਾਦ (ਸਿੰਧ) ਮਿਲਦੀ ਹੈ ਜੋ ਗਲਤ ਹੈ। ਮੇਰੀ ਪੁਖ਼ਤਾ ਖੋਜ ਮੁਤਾਬਿਕ ਅਤੇ ਉਨ੍ਹਾਂ ਦੇ ਫਰਜ਼ੰਦ ਪਰਵੇਜ਼ ਹੈਦਰ (ਲਾਹੌਰ) ਦੇ ਦੱਸਣ ਮੁਤਾਬਿਕ, ਉਹ ਅੰਮ੍ਰਿਤਸਰ ਵਿਚ ਪੈਦਾ ਹੋਏ ਸਨ। ਬੁਨਿਆਦੀ ਤੌਰ 'ਤੇ ਉਹ ਅੰਮ੍ਰਿਤਸਰ ਦੇ ਰਬਾਬੀ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ ਜਿਨ੍ਹਾਂ ਨੂੰ ਸਿੱਖ ਭਾਈਚਾਰੇ ਵਲੋਂ ਬਹੁਤ ਅਦਬ ਪ੍ਰਾਪਤ ਸੀ। ਇਨ੍ਹਾਂ ਦੇ ਪਿਤਾ ਭਾਈ ਬਿਲਾਸਾ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਬਦ ਕੀਰਤਨ ਕਰਦੇ ਸਨ ਅਤੇ ਗੁਲਾਮ ਹੈਦਰ ਵੀ ਇਨ੍ਹਾਂ ਦਾ ਸਾਥ ਦਿੰਦੇ ਸਨ। ਆਪਣੇ ਪਿਤਾ ਤੋਂ ਬਾਅਦ ਭਾਈ ਗੁਲਾਮ ਹੈਦਰ ਨੇ ਸੰਗੀਤ ਦੀ ਸਿੱਖਿਆ ਉਸਤਾਦ ਗਾਮਣ ਅਤੇ ਨਬੀ ਦਾਦ ਖ਼ਾਨ ਕੋਲੋਂ ਵੀ ਹਾਸਲ ਕੀਤੀ।

ਉਨ੍ਹਾਂ ਨੇ ਚੜ੍ਹਦੀ ਉਮਰੇ ਪੰਜਾਬੀ ਲੋਕ ਸਾਜ਼ਾਂ ਤੋਂ ਇਲਾਵਾ ਹਾਰਮੋਨੀਅਮ, ਪਿਆਨੋ, ਤਬਲਾ ਅਤੇ ਪਖਾਵਜ ਦਾ ਵੀ ਗਹਿਰਾ ਅਧਿਐਨ ਕਰ ਲਿਆ ਸੀ। ਪੰਜਾਬ 'ਚੋਂ ਉਨ੍ਹਾਂ ਨੇ ਨ੍ਰਿਤ ਕਲਾ ਸਿੱਖੀ, ਨਾਟਕ ਮੰਡਲੀਆਂ 'ਚ ਨਾਟਕ ਖੇਡਣ ਦੇ ਨਾਲ-ਨਾਲ ਪਿੰਡ-ਪਿੰਡ ਜਾ ਕੇ ਲੋਕ ਗੀਤ ਵੀ ਇਕੱਠੇ ਕੀਤੇ। ਫਿਲਮੀ ਦੁਨੀਆਂ ਵਿਚ ਕਦਮ ਰੱਖਣ ਤੋਂ ਪਹਿਲਾਂ ਉਹ ਕਈ ਥੀਏਟਰੀਕਲ ਕੰਪਨੀਆਂ ਵਿਚ ਸੰਗੀਤ ਨਿਰਦੇਸ਼ਕ ਵੀ ਰਹੇ। 1932 ਵਿਚ ਉਹ ਜੀਨ-ਓ-ਫੋਨ ਰਿਕਾਰਡ ਕੰਪਨੀ, ਲਾਹੌਰ ਦੇ ਮੁਲਾਜ਼ਮ ਹੋ ਗਏ। ਇਸ ਰਿਕਾਰਡਿੰਗ ਕੰਪਨੀ ਵਿਚ ਉਨ੍ਹਾਂ ਨੇ ਮਾਸਟਰ ਗੁਲਾਮ ਹੈਦਰ ਅੰਮ੍ਰਿਤਸਰੀ ਦੇ ਨਾਂ ਨਾਲ ਮੁੱਖ ਸੰਗੀਤਕਾਰ ਵਜੋਂ ਮਕਬੂਲੀਅਤ ਖੱਟੀ। ਇਸ ਤੋਂ ਅਗਲੇ ਸਾਲ ਉਹ ਲਾਹੌਰ ਵਿਚ ਸੇਠ ਦਲਸੁਖ ਐਮ ਪੰਚੋਲੀ ਦੇ ਪੰਚੋਲੀ ਆਰਟ ਸਟੂਡੀਓ ਵਿਚ ਸਥਾਈ ਸੰਗੀਤਕਾਰ ਲੱਗ ਗਏ।

ਉਨ੍ਹਾਂ ਨੇ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਮਾਸਟਰ ਗੁਲਾਮ ਹੈਦਰ ਅੰਮ੍ਰਿਤਸਰੀ ਦੇ ਨਾਂ ਨਾਲ ਸ਼ੋਹਰਤ ਪਾਈ। ਉਨ੍ਹਾਂ ਦੀ ਸੰਗੀਤ ਨਿਰਦੇਸ਼ਨਾ 'ਚ ਬਣੀ ਪਹਿਲੀ ਹਿੰਦੀ ਫਿਲਮ ਨੈਸ਼ਨਲ ਮੂਵੀਟੋਨ ਲਾਹੌਰ ਦੀ ਜੇ.ਕੇ. ਨੰਦਾ ਨਿਰਦੇਸ਼ਤ ਅਤੇ ਫਿਲਮਸਾਜ਼ ਇਮਤਿਆਜ਼ ਅਲੀ ਤਾਜ ਦੀ ਲਿਖੀ 'ਸਵਰਗ ਕੀ ਸੀੜ੍ਹੀ' ਉਰਫ 'ਸਤੀ ਬਿਮਲਾ' (1935) ਸੀ। ਇਹ ਫਿਲਮ ਪਹਿਲੀ ਮਾਰਚ 1935 ਨੂੰ ਮੋਤੀ ਮਹਿਲ ਥੀਏਟਰ, ਐਬਟ ਰੋਡ, ਲਾਹੌਰ ਵਿਖੇ ਰਿਲੀਜ਼ ਹੋਈ। ਗੁਲਾਮ ਹੈਦਰ ਨੇ ਆਪਣੀ ਖੋਜ ਅਤੇ ਇਸ ਫਿਲਮ ਦੀ ਅਦਾਕਾਰਾ-ਗੁਲੂਕਾਰਾ ਉਮਰਾਜ਼ੀਆ ਬੇਗ਼ਮ ਨੂੰ ਫਿਲਮ ਦੀ ਰਿਲੀਜ਼ ਤੋਂ ਬਾਅਦ ਆਪਣੀ ਜੀਵਨ ਸਾਥਣ ਬਣਾ ਲਿਆ ਸੀ। ਇਸੇ ਸਾਲ ਹੀ ਰੂਪ ਕੇ. ਸ਼ੋਰੀ ਦੀ ਨਿਰਦੇਸ਼ਨਾ 'ਚ ਰਿਲੀਜ਼ ਹੋਈ ਕਮਲਾ ਮੂਵੀਟੋਨ ਲਾਹੌਰ ਦੀ ਹਿੰਦੀ ਫਿਲਮ 'ਮਜਨੂੰ' ਵਿਚ ਗੁਲਾਮ ਹੈਦਰ ਨੇ 10 ਗੀਤਾਂ ਦਾ ਸੰਗੀਤ ਤਿਆਰ ਕੀਤਾ ਸੀ।

ਮਾਸਟਰ ਗੁਲਾਮ ਹੈਦਰ ਦੇ ਸੰਗੀਤ 'ਚ ਬਣੀ ਪਹਿਲੀ ਪੰਜਾਬੀ ਫਿਲਮ ਪੰਚੋਲੀ ਪਿਕਚਰਜ਼ ਲਾਹੌਰ ਦੀ 'ਗੁਲ ਬਕਾਵਲੀ' (1939) ਸੀ ਜੋ ਫਿਲਮਸਾਜ਼ ਦਲਸੁਖ ਐਮ. ਪੰਚੋਲੀ ਦੇ ਜ਼ਾਤੀ ਬੈਨਰ ਦੀ ਵੀ ਪਹਿਲੀ ਪੰਜਾਬੀ ਫਿਲਮ ਸੀ। 65 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੀ ਇਸ ਫਿਲਮ ਨੇ ਜਿਥੇ ਲੱਖਾਂ ਰੁਪਏ ਦੀ ਕਮਾਈ ਕੀਤੀ, ਉਥੇ ਬੇਬੀ ਨੂਰਜਹਾਂ ਅਤੇ ਸ਼ਮਸ਼ਾਦ ਬੇਗ਼ਮ ਦੇ ਨਾਂ ਦੀਆਂ ਧੁੰਮਾਂ ਮਹਾਂ-ਪੰਜਾਬ ਦੇ ਕੋਨੇ-ਕੋਨੇ 'ਚ ਪਾ ਦਿੱਤੀਆਂ। ਇਹ ਫਿਲਮ 12 ਨਵੰਬਰ 1939 ਨੂੰ ਪ੍ਰਭਾਤ ਟਾਕੀਜ਼ ਲਾਹੌਰ ਵਿਖੇ ਨੁਮਾਇਸ਼ ਹੋਈ ਅਤੇ ਸੁਪਰਹਿਟ ਰਹੀ। ਪੰਚੋਲੀ ਆਰਟ ਪਿਕਚਰਜ਼ ਲਾਹੌਰ ਦੀ 'ਯਮਲਾ ਜੱਟ' (1940) ਵਿਚ ਗੁਲਾਮ ਹੈਦਰ ਦੀਆਂ ਤਰਜ਼ਾਂ 'ਤੇ ਵਲੀ ਸਾਹਿਬ ਦੇ ਲਿਖੇ ਤਮਾਮ ਗੀਤਾਂ ਨੇ ਮਕਬੂਲੀਅਤ ਹਾਸਲ ਕੀਤੀ। ਪੰਚੋਲੀ ਆਰਟ ਪਿਕਚਰਜ਼ ਲਾਹੌਰ ਦੀ ਅਗਲੀ ਪੰਜਾਬੀ ਫਿਲਮ 'ਚੌਧਰੀ' (1941) ਵਿਚ ਵੀ ਗੁਲਾਮ ਹੈਦਰ ਦੇ ਦਿਲਕਸ਼ ਸੰਗੀਤ ਨੇ ਗਲੀ-ਗਲੀ ਗੂੰਜਾਂ ਪਾਈਆਂ ਸਨ। ਉਸ ਦੇ ਸੰਗੀਤ ਨਾਲ ਸਜੀ ਤੀਜੀ ਸੁਪਰਹਿਟ ਪੰਜਾਬੀ ਫਿਲਮ 'ਸਹਿਤੀ ਮੁਰਾਦ' (1941) ਸੀ। ਇਨ੍ਹਾਂ ਪੰਜਾਬੀ ਫਿਲਮਾਂ ਵਿਚ ਆਪਣੇ ਸੰਗੀਤਕ ਫਨ ਦੀ ਨੁਮਾਇਸ਼ ਤੋਂ ਬਾਅਦ ਉਨ੍ਹਾਂ ਨੇ ਸਿਰਫ ਹਿੰਦੀ ਫਿਲਮਾਂ ਦਾ ਸੰਗੀਤ ਹੀ ਦਿੱਤਾ।



*ਭਾਈ ਗੁਲਾਮ ਹੈਦਰ*

1941 ਵਿਚ ਨੁਮਾਇਸ਼ ਹੋਈ ਪੰਚੋਲੀ ਆਰਟ ਪਿਕਚਰਜ਼ ਲਾਹੌਰ ਦੀ 'ਖ਼ਜ਼ਾਨਚੀ' (1941) ਉਸ ਦੇ ਸੁਰੀਲੇ ਸੰਗੀਤ 'ਚ ਬਣੀ ਕਾਮਯਾਬ ਫਿਲਮ ਸੀ। ਉਨ੍ਹਾਂ ਨੇ ਪਹਿਲੀ ਵਾਰੀ ਹਿੰਦੀ ਫਿਲਮਾਂ ਨੂੰ ਬੰਗਲਾ ਸੰਗੀਤ ਦੀਆਂ ਬੰਦਿਸ਼ਾਂ ਤੋਂ ਆਜ਼ਾਦ ਕਰਕੇ ਖ਼ਾਲਸ ਪੰਜਾਬੀ ਲੋਕ-ਧੁਨਾਂ ਨਾਲ ਢੋਲਕ ਰਾਹੀਂ ਅਨੋਖੀ ਮਿਠਾਸ ਪੈਦਾ ਕੀਤੀ। ਇਸ ਦਾ ਸੰਗੀਤ ਐਨਾ ਮਕਬੂਲ ਹੋਇਆ ਕਿ ਇਸ ਦੇ ਨਾਂ 'ਤੇ ਪ੍ਰਤਿਭਾ ਖੋਜ ਮੁਕਾਬਲਾ ਹੋਇਆ ਜਿਸ ਵਿਚ ਬਾਲੜੀ ਲਤਾ ਮੰਗੇਸ਼ਕਰ ਨੇ ਸ਼ਮਸ਼ਾਦ ਬੇਗ਼ਮ ਦੇ ਗੀਤ ਗਾ ਕੇ ਪਹਿਲਾ ਪੁਰਸਕਾਰ ਜਿੱਤਿਆ ਸੀ। ਫਿਲਮ ਦੇ ਤਮਾਮ ਗੀਤਾਂ ਦੀ ਰਿਕਾਰਡ ਤੋੜ ਵਿਕਰੀ ਨੇ ਸਫਲਤਾ ਦੇ ਨਵੇਂ ਕੀਰਤਮਾਨ ਸਥਾਪਤ ਕੀਤੇ। ਫਿਲਮ 'ਚ ਸ਼ਮਸ਼ਾਦ ਬੇਗ਼ਮ, ਗੁਲਾਮ ਹੈਦਰ ਦੇ ਗਾਏ ਖ਼ੂਬਸੂਰਤ ਗੀਤ 'ਸਾਵਨ ਕੇ ਨਜ਼ਾਰੇ ਹੈਂ, ਹਾ ਹਾ ਹਾ, ਕਲੀਓਂ ਕੀ ਆਖੋਂ ਮੇਂ ਮਸਤਾਨਾ ਇਸ਼ਾਰੇ ਹੈਂ' ਨੇ ਹਰ ਪਾਸੇ ਧੁੰਮਾਂ ਪਾ ਛੱਡੀਆਂ ਸਨ। 5 ਅਪਰੈਲ 1941 ਨੂੰ ਕ੍ਰਿਸ਼ਨਾ ਸਿਨਮਾ ਬੰਬੇ 'ਚ ਰਿਲੀਜ਼ ਹੋਈ ਅਤੇ ਗੋਲਡਨ ਜੁਬਲੀ ਮਨਾਉਣ ਵਾਲੀ ਭਾਰਤ ਦੀ ਇਹ ਪਹਿਲੀ ਫਿਲਮ ਕਰਾਰ ਪਾਈ। ਇਸ ਤੋਂ ਬਾਅਦ ਪੰਚੋਲੀ ਪਿਕਚਰਜ਼ ਲਾਹੌਰ ਦੀ ਹੀ 'ਖ਼ਾਨਦਾਨ' (1942) ਵਿਚ ਇਕ ਵਾਰ ਫਿਰ ਮਾਸਟਰ ਗੁਲਾਮ ਹੈਦਰ ਦੇ ਸੰਗੀਤ ਨੇ ਭਰਵੀਂ ਸ਼ੋਹਰਤ ਖੱਟੀ।

1940ਵਿਆਂ ਦਾ ਦਹਾਕਾ ਮਾਸਟਰ ਗੁਲਾਮ ਦੇ ਸੰਗੀਤ ਦੇ ਸਿਖਰ ਵਾਲਾ ਵਰ੍ਹਾ ਸੀ। ਇਸ ਦੌਰਾਨ ਉਨ੍ਹਾਂ ਨੇ ਜਿੰਨੀਆਂ ਵੀ ਫਿਲਮਾਂ ਦਾ ਸੰਗੀਤ ਤਿਆਰ ਕੀਤਾ ਸਭ ਦੇ ਗੀਤ ਗਲੀ-ਗਲੀ ਗੂੰਜੇ ਸਨ। ਇਨ੍ਹਾਂ ਫਿਲਮਾਂ ਵਿਚ 'ਜ਼ਿਮੀਂਦਾਰ' (1942), 'ਪੂੰਜੀ' (1943), 'ਭਾਈ', 'ਚਲ ਚਲ ਰੇ ਨੌਜਵਾਨ', 'ਫੂਲ' (1944), 'ਹਿਮਾਯੂੰ' (1945) ਆਦਿ ਸ਼ਾਮਲ ਹਨ। ਫਿਲਮ 'ਸ਼ਹੀਦ' 'ਚ ਸੁਰਿੰਦਰ ਕੌਰ ਦਾ ਗਾਇਆ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਅਫਸਾਨਾ' ਅਤੇ 'ਮਜਬੂਰ' ਵਿਚ ਲਤਾ ਮੰਗੇਸ਼ਕਰ ਦਾ ਗਾਇਆ ਗੀਤ 'ਦਿਲ ਮੇਰਾ ਤੋੜਾ ਮੁਝੇ ਕਹੀਂ ਕਾ ਨਾ ਛੋੜਾ ਤੇਰੇ ਪਿਆਰ ਨੇ' ਗੁਲਾਮ ਹੈਦਰ ਦੇ ਬਿਹਤਰੀਨ ਸੰਗੀਤ ਦਾ ਸ਼ਾਹਕਾਰ ਹਨ। ਉਮਰਾਜ਼ੀਆ ਬੇਗ਼ਮ, ਨੂਰਜਹਾਂ, ਸ਼ਮਸ਼ਾਦ ਬੇਗ਼ਮ, ਨਸੀਮ ਅਖ਼ਤਰ ਤੋਂ ਬਾਅਦ ਗੁਲਾਮ ਹੈਦਰ ਦੀ ਖੋਜ ਸੁਰਿੰਦਰ ਕੌਰ ਅਤੇ ਲਤਾ ਮੰਗੇਸ਼ਕਰ ਦੀ ਗੁਲੂਕਾਰੀ ਦਾ ਸਫਲ ਆਗ਼ਾਜ਼ ਵੀ ਇਨ੍ਹਾਂ ਦੀਆਂ ਸੰਗੀਤ-ਨਿਰਦੇਸ਼ਿਤ ਫਿਲਮਾਂ ਤੋਂ ਹੋਇਆ ਸੀ।

ਗੁਲਾਮ ਹੈਦਰ ਨੇ ਲਤਾ ਦੇ ਨਾਲ ਜੋ ਆਖ਼ਰੀ ਗੀਤ ਰਿਕਾਰਡ ਕਰਾਇਆ, ਉਹ ਫਿਲਮ 'ਮਹਿੰਦੀ' (1947) ਲਈ ਸੀ ਜੋ 'ਮਹਿੰਦੀ' ਵਿਚ ਇਸਤੇਮਾਲ ਨਾ ਹੋ ਕੇ 'ਪਦਮਿਨੀ' (1948) 'ਚ ਲਿਆ ਗਿਆ। ਇਹ ਦਿਲ ਟੁੰਬਵੀਂ ਅਤੇ ਗੁਲਾਮ ਹੈਦਰ ਦੀ ਸਭ ਤੋਂ ਉਮਦਾ ਕੰਪੋਜੀਸ਼ਨ ਹੈ। ਇਸ ਦੇ ਬੋਲ ਹਨ- 'ਬੇਦਰਦ ਤੇਰੇ ਦਰਦ ਕੋ ਸੀਨੇ ਸੇ ਲਗਾ ਕੇ'। ਇਸ ਗੀਤ ਦੀ ਰਿਕਾਰਡਿੰਗ ਤੋਂ ਤੁਰੰਤ ਬਾਅਦ ਮਾਸਟਰ ਗੁਲਾਮ ਹੈਦਰ ਪਕਿਸਤਾਨ ਟੁਰ ਗਏ। ਬੰਬਈ 'ਚ ਉਨ੍ਹਾਂ ਦੀ ਸੰਗੀਤ-ਨਿਰਦੇਸ਼ਨਾ ਵਿਚ ਸ਼ੁਰੂ ਹੋਈਆਂ ਕਈ ਫਿਲਮਾਂ ਅਧੂਰੀਆਂ ਰਹਿ ਗਈਆਂ ਜਿਨ੍ਹਾਂ ਦੇ ਬਾਕੀ ਗੀਤ ਦੂਜੇ ਸੰਗੀਤਕਾਰਾਂ ਨੂੰ ਲੈ ਕੇ ਤਿਆਰ ਕੀਤੇ ਗਏ।

ਭਾਈ ਗੁਲਾਮ ਹੈਦਰ ਨੇ ਨਾ ਸਿਰਫ ਪੰਜਾਬੀ ਤੇ ਹਿੰਦੀ ਫਿਲਮਾਂ ਦਾ ਸ਼ਾਹਕਾਰ ਸੰਗੀਤ ਤਿਆਰ ਕੀਤਾ, ਬਲਕਿ ਪੰਜਾਬੀ ਲੋਕ ਸੰਗੀਤ ਨੂੰ ਵੀ ਉਨ੍ਹਾਂ ਦੀ ਬਹੁਤ ਵੱਡੀ ਦੇਣ ਸੀ। ਲਾਹੌਰ 'ਚ ਜਨਮੀ 13 ਵਰ੍ਹਿਆਂ ਦੀ ਬਾਲੜੀ ਸ਼ਮਸ਼ਾਦ ਬੇਗ਼ਮ ਤੋਂ ਪਹਿਲਾ ਪੰਜਾਬੀ ਲੋਕ ਗੀਤ 'ਜੋੜਾ ਲੈ ਪੱਖੀਆਂ ਦਾ ਓਏ ਕਸਮ ਖ਼ੁਦਾ ਦੀ' ਨੂੰ ਰਿਕਾਰਡ ਕਰਨ ਦਾ ਸਿਹਰਾ ਵੀ ਉਨ੍ਹਾਂ ਨੂੰ ਹਾਸਲ ਹੈ। ਇਹ ਗੀਤ ਇੰਨਾ ਮਕਬੂਲ ਹੋਇਆ ਤੇ ਸਾਲ ਭਰ ਵਿਚ ਹੀ ਗੁਲਾਮ ਹੈਦਰ ਨੇ ਸ਼ਮਸ਼ਾਦ ਬੇਗ਼ਮ ਕੋਲੋਂ ਜੀਨ-ਓ-ਫੋਨ ਰਿਕਾਰਡਿੰਗ ਕੰਪਨੀ ਲਾਹੌਰ ਲਈ 200 ਤੋਂ ਜ਼ਿਆਦਾ ਗੀਤ ਰਿਕਾਰਡ ਕਰਵਾ ਲਏ। ਸ਼ਮਸ਼ਾਦ ਬੇਗ਼ਮ ਤੋਂ ਇਲਾਵਾ ਉਮਰਾਜ਼ੀਆ ਬੇਗ਼ਮ, ਨੂਰਜਹਾਂ ਤੇ ਜ਼ੀਨਤ ਬੇਗ਼ਮ ਦੇ ਗਾਏ ਅਨੇਕਾਂ ਅਮਰ ਗੀਤ ਸ਼ਾਮਲ ਹਨ। ਸ਼ਮਸ਼ਾਦ ਬੇਗ਼ਮ ਦੀਆਂ ਸਾਂਝੀਆਂ ਤੇ ਏਕਲ (ਸੋਲੋ) ਆਵਾਜ਼ਾਂ 'ਚ ਕਈ ਪੰਜਾਬੀ ਲੋਕ ਗੀਤ ਤੇ ਭਜਨ ਰਿਕਾਰਡ ਕੀਤੇ ਜੋ ਸੰਗੀਤ ਦੇ ਸ਼ੁਕੀਨਾਂ ਵੱਲੋਂ ਅੱਜ ਵੀ ਬਹੁਤ ਪਸੰਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਭਾਈ ਪੂਰਨ ਸਿੰਘ ਤੇ ਸ਼ਮਸ਼ਾਦ ਬੇਗ਼ਮ ਦੀਆਂ ਆਵਾਜ਼ਾਂ ਵਿਚ ਸ਼ਬਦ ਗਵਾ ਕੇ ਉਮਦਾ ਮਿਸਾਲ ਕਾਇਮ ਕੀਤੀ। ਮਾਸਟਰ ਗੁਲਾਮ ਹੈਦਰ ਲੋਕ ਫਨਕਾਰਾਂ ਤੋਂ ਬਾਅਦ ਸ਼ਾਸਤਰੀ ਸੰਗੀਤ ਦੇ ਮਾਹਿਰ ਉਸਤਾਦ ਗਵੱਈਆਂ ਦੇ ਵੀ ਪੰਜਾਬੀ ਤਵੇ ਭਰਵਾਏ, ਜਿਨ੍ਹਾਂ ਵਿਚ ਆਸ਼ਿਕ ਅਲੀ ਖ਼ਾਂ, ਉਮੈਦ ਅਲੀ ਖ਼ਾਂ, ਬਰਕਤ ਅਲੀ ਖ਼ਾਂ, ਇਨਾਇਤ ਬਾਈ ਢੇਰੂ ਵਾਲੀ ਆਦਿ ਦੀਆਂ ਆਵਾਜ਼ਾਂ 'ਚ 78 ਆਰ.ਪੀ.ਐਮ. ਦੇ ਰਿਕਾਰਡ ਭਰ ਕੇ ਆਪਣੇ ਉਚ ਕੋਟੀ ਦੇ ਸੰਗੀਤਕਾਰ ਹੋਣ ਦਾ ਆਹਲਾ ਸਬੂਤ ਪੇਸ਼ ਕੀਤਾ।

ਪਾਕਿਸਤਾਨ ਵਿਚ ਉਨ੍ਹਾਂ ਨੇ ਸਿਰਫ 6 ਉਰਦੂ ਫਿਲਮਾਂ ਦਾ ਸੰਗੀਤ ਤਿਆਰ ਕੀਤਾ। ਨਿਰਦੇਸ਼ਕ ਇਮਤਿਆਜ਼ ਅਲੀ ਤਾਜ ਦੀ 'ਗੁਲਨਾਰ' (1953) ਉਨ੍ਹਾਂ ਦੇ ਸੰਗੀਤਕ ਸਫਰ ਦੀ ਆਖ਼ਰੀ ਫਿਲਮ ਸਾਬਤ ਹੋਈ। ਹਕੂਮਤ-ਏ-ਪਾਕਿਸਤਾਨ ਵਲੋਂ ਮਾਸਟਰ ਗੁਲਾਮ ਹੈਦਰ ਨੂੰ ਸੰਗੀਤਕ ਖੇਤਰ ਵਿਚ ਪਾਏ ਆਪਣੇ ਵਡਮੁੱਲੇ ਯੋਗਦਾਨ ਸਦਕਾ 'ਤਮਗ਼ਾ-ਏ-ਇਮਤਿਆਜ਼' ਨਾਲ ਸਨਮਾਨਤ ਕੀਤਾ ਗਿਆ। ਆਪਣੀਆਂ ਸੰਗੀਤਕ ਸੁਰ ਲਹਿਰੀਆਂ 'ਚ ਵਿਚਰਦਿਆਂ ਉਹ ਕੈਂਸਰ ਦੀ ਜਕੜ ਵਿਚ ਆ ਗਏ ਅਤੇ 9 ਨਵੰਬਰ, 1953 ਨੂੰ ਸਿਰਫ 45 ਸਾਲਾਂ ਦੀ ਜਵਾਨ ਉਮਰੇ ਫਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਨੇ ਦੋ ਵਿਆਹ ਕਰਵਾਏ ਸਨ। ਪਹਿਲੀ ਬੀਵੀ ਦੀਆਂ 4 ਧੀਆਂ ਅਤੇ ਦੋ ਪੁੱਤਰ ਜ਼ਾਮੀਰ ਹੈਦਰ (ਵਫਾਤ ਪਾ ਚੁੱਕੇ ਹਨ) ਤੇ ਦੂਸਰਾ ਪੁੱਤਰ ਪਰਵੇਜ਼ ਹੈਦਰ ਲਾਹੌਰ ਰਹਿੰਦਾ ਹੈ। ਉਹ ਹਰ ਸਾਲ ਆਪਣੇ ਪਿਤਾ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ 'ਮੌਸੀਕਾਰ-ਏ-ਅਜ਼ੀਮ ਮੈਮੋਰੀਅਲ ਸੁਸਾਇਟੀ' (ਪਾਕਿਸਤਾਨ) ਵੱਲੋਂ 'ਤਮਗ਼ਾ-ਏ-ਇਮਤਿਆਜ਼ ਮਾਸਟਰ ਗੁਲਾਮ ਹੈਦਰ' ਦੇ ਨਾਂ ਹੇਠ ਸੰਗੀਤਕ ਪ੍ਰੋਗਰਾਮ ਕਰਾਉਂਦਾ ਹੈ। ਇਸ ਪ੍ਰੋਗਰਾਮ ਵਿਚ ਉਭਰ ਰਹੀਆਂ ਸੰਗੀਤਕ ਪ੍ਰਤਿਭਾਵਾਂ ਨੂੰ ਜਿਥੇ ਅੱਗੇ ਵਧਣ ਦਾ ਵਧੀਆ ਮੌਕਾ ਦਿੱਤਾ ਜਾਂਦਾ ਹੈ, ਉਥੇ ਨਾਮੀ ਫਨਕਾਰ ਵੀ ਆਪਣੇ ਫਨ ਦੀ ਨੁਮਾਇਸ਼ ਕਰਦੇ ਹਨ। ਉਨ੍ਹਾਂ ਦੀ ਦੂਸਰੀ ਬੀਵੀ ਸੀ ਮਸ਼ਹੂਰ ਰੇਡੀਓ ਗਾਇਕ ਅਤੇ ਫਿਲਮੀ ਅਦਾਕਾਰਾ ਉਮਰਾਜ਼ੀਆ ਬੇਗ਼ਮ, ਜਿਸ ਦੇ ਦੋ ਪੁੱਤਰ ਸਲੀਮ ਹੈਦਰ (ਵਫਾਤ ਪਾ ਗਿਆ) ਤੇ ਸਲਮਾਨ ਹੈਦਰ ਤੇ ਇਕ ਧੀ ਤਸਕੀਨ ਹੈਦਰ ਹਨ।




*2. ਫਿਲਮ 'ਖ਼ਜ਼ਾਨਚੀ' ਦਾ ਪੋਸਟਰ।*

# ਸੱਚੀਆਂ ਮੁਹੱਬਤਾਂ ਦੀ ਬਾਤ ਪਾਉਂਦੀ ਫਿਲਮ 'ਕਿਸਮਤ'

ਪੰਜਾਬੀ ਫਿਲਮ ਸੰਸਾਰ ਵਿਚ ਐਮੀ ਵਿਰਕ ਤੇ ਸਰਗੁਣ ਮਹਿਤਾ ਦੋ ਅਜਿਹੇ ਕਲਾਕਾਰ ਹਨ, ਜਿਨ੍ਹਾਂ ਨੇ ਆਪਣੀ ਅਦਾਕਾਰੀ ਨਾਲ ਪੰਜਾਬੀ ਦਰਸ਼ਕਾਂ ਦੇ ਦਿਲਾਂ ਵਿਚ ਖਾਸ ਥਾਂ ਬਣਾਈ ਹੈ। ਦੋਹਾਂ ਨੇ ਫਿਲਮ 'ਅੰਗਰੇਜ਼' ਤੋਂ ਪੰਜਾਬੀ ਪਰਦੇ 'ਤੇ ਦਸਤਕ ਦਿੱਤੀ ਸੀ। ਭਾਵੇਂ ਅਮਰਿੰਦਰ ਗਿੱਲ ਤੇ ਅਦਿੱਤੀ ਸ਼ਰਮਾ ਦੀ ਜੋੜੀ ਵਾਲੀ ਇਸ ਫਿਲਮ ਵਿਚ ਦੋਹਾਂ ਨੇ ਸੈਕੰਡ ਲੀਡ 'ਚ ਕੰਮ ਕੀਤਾ ਸੀ ਪਰ ਇਨ੍ਹਾਂ ਦੀ ਅਦਾਕਾਰੀ ਨੇ ਜੋ ਛਾਪ ਦਰਸ਼ਕਾਂ ਦੇ ਦਿਲਾਂ 'ਤੇ ਛੱਡੀ, ਉਸ ਨੇ ਇਨ੍ਹਾਂ ਲਈ ਪੰਜਾਬੀ ਫਿਲਮਾਂ ਦੇ ਦਰਵਾਜੇ ਖੋਲ੍ਹ ਦਿੱਤੇ।



ਫਿਲਮਾਂ ਵੱਲ ਆਉਣ ਤੋਂ ਪਹਿਲਾਂ ਜਿੱਥੇ ਸਰਗੁਣ ਮਹਿਤਾ ਛੋਟੇ ਪਰਦੇ ਦੀ ਅਦਾਕਾਰਾ ਰਹੀ ਤੇ ਦੋ ਦਰਜਨ ਤੋਂ ਵੱਧ ਚਰਚਿਤ ਲੜੀਵਾਰਾਂ ਵਿਚ ਕੰਮ ਕੀਤਾ, ਉਥੇ ਐਮੀ ਵਿਰਕ ਪੰਜਾਬੀ ਗਾਇਕੀ ਦੇ ਖੇਤਰ ਵਿਚ ਪੰਜਾਬੀਆਂ ਦਾ ਚਹੇਤਾ, ਚਮਕਦਾ ਸਿਤਾਰਾ ਸੀ। ਫਿਲਮ 'ਅੰਗਰੇਜ਼' ਤੋਂ ਬਾਅਦ ਦੋਹਾਂ ਨੇ ਆਪਣਾ ਕੈਰੀਅਰ ਪੰਜਾਬੀ ਸਿਨੇਮਾ ਹੀ ਚੁਣਿਆ।

ਸਰਗੁਣ ਮਹਿਤਾ ਨੇ 'ਲਵ ਪੰਜਾਬ', 'ਜਿੰਦੂਆ' ਤੇ 'ਲਾਹੌਰੀਏ' ਫਿਲਮਾਂ ਨਾਲ ਆਪਣੀ ਭਰਵੀਂ ਹਾਜ਼ਰੀ ਲਵਾਈ, ਜਦਕਿ ਐਮੀ ਵਿਰਕ ਨੇ 'ਅਰਦਾਸ', 'ਬੰਬੂਕਾਟ', 'ਸਾਬ੍ਹ ਬਹਾਦਰ', 'ਨਿੱਕਾ ਜ਼ੈਲਦਾਰ' (ਭਾਗ ਇਕ ਅਤੇ ਦੋ), 'ਲੌਂਗ ਲਾਚੀ', 'ਸਤਿ ਸ੍ਰੀ ਅਕਾਲ ਇੰਗਲੈਂਡ' ਅਤੇ 'ਹਰਜੀਤਾ' ਫਿਲਮਾਂ ਨਾਲ ਇੱਕ ਖਾਸ ਮੁਕਾਮ ਹਾਸਲ ਕੀਤਾ। ਇਹ ਫਿਲਮਾਂ ਭਾਵੇਂ ਇਨ੍ਹਾਂ ਅਲੱਗ ਅਲੱਗ ਕੀਤੀਆਂ, ਜੋ ਕਾਮਯਾਬ ਰਹੀਆਂ, ਪਰ ਦਰਸ਼ਕ 'ਅੰਗਰੇਜ਼' ਵੇਲੇ ਤੋਂ ਹੀ ਦੋਹਾਂ ਨੂੰ ਰੁਮਾਂਟਿਕ ਜੋੜੀ ਵਜੋਂ ਵੇਖਣਾ ਚਾਹੁੰਦੇ ਸਨ, ਜੋ ਹੁਣ ਫਿਲਮ 'ਕਿਸਮਤ' ਰਾਹੀਂ ਪਰਦੇ 'ਤੇ ਆ ਰਹੇ ਹਨ।

ਸ੍ਰੀ ਨਰੋਤਮ ਜੀ ਪ੍ਰੋਡਕਸ਼ਨ ਦੇ ਬੈਨਰ ਹੇਠ ਲੇਖਕ-ਨਿਰਦੇਸ਼ਕ ਜਗਦੀਪ ਸਿੱਧੂ ਦੀ ਇਹ ਫਿਲਮ ਸੁੱਚੀਆਂ ਮੁਹੱਬਤਾਂ ਦੀ ਬਾਤ ਪਾਉਂਦੀ ਇੱਕ ਰੁਮਾਂਟਿਕ, ਭਾਵਨਾਤਮਕ ਅਤੇ ਪਰਿਵਾਰਕ ਮਰਿਆਦਾ ਵਾਲੀ ਫਿਲਮ ਹੈ। 21 ਸਤੰਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਵਿਚ ਐਮੀ ਵਿਰਕ, ਸਰਗੁਣ ਮਹਿਤਾ ਤੋਂ ਇਲਾਵਾ ਗੁੱਗੂ ਗਿੱਲ, ਹਰਦੀਪ ਗਿੱਲ, ਤਾਨੀਆ, ਹਰਬੀ ਸੰਘਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਨਿਰਮਾਤਾ ਅੰਕਿਤ ਵਿਜਨ, ਨਵਦੀਪ ਨਰੂਲਾ, ਜਤਿੰਦਰ ਔਲਖ ਤੇ ਸ਼ੁਭਮ ਗੋਇਲ ਹਨ ਅਤੇ ਸੰਤੋਸ਼ ਸੁਭਾਸ਼ ਥੀਟੇ ਤੇ ਯੁਵਰਾਜ ਸਿੰਘ ਸਹਾਇਕ ਨਿਰਮਾਤਾ ਹਨ। ਫਿਲਮ ਦਾ ਸੰਗੀਤ ਬੀ ਪਰੈਕ, ਸੁੱਖੀ (ਮਿਊਜ਼ੀਕਲ ਡਾਕਟਰ) ਨੇ ਦਿੱਤਾ ਹੈ। ਗੀਤ ਜਾਨੀ ਨੇ ਲਿਖੇ ਹਨ ਤੇ ਐਮੀ ਵਿਰਕ, ਗੁਰਨਾਮ ਭੁੱਲਰ, ਕਮਲ ਖਾਨ, ਬੀ ਪਰੈਕ, ਨੀਤੂ ਭੱਲਾ ਅਤੇ ਦਿੱਵਿਆ ਦੱਤਾ ਨੇ ਇਸ ਫਿਲਮ ਵਿਚ ਗਾਇਆ ਹੈ।

ਬਤੌਰ ਨਿਰਦੇਸ਼ਕ ਪਹਿਲੀ ਫਿਲਮ ਵਾਲੇ ਲੇਖਕ ਜਗਦੀਪ ਸਿੱਧੂ ਨੇ ਦੱਸਿਆ ਕਿ 'ਕਿਸਮਤ' ਆਮ ਪੰਜਾਬੀ ਫਿਲਮਾਂ ਤੋਂ ਉਪਰ ਉਠ ਕੇ ਬਾਲੀਵੁੱਡ ਤਕਨੀਕ ਵਾਲੀ ਪਹਿਲੀ ਪੰਜਾਬੀ ਫਿਲਮ ਹੈ, ਜੋ ਬਾਲੀਵੁੱਡ ਫਿਲਮਾਂ ਨੂੰ ਟੱਕਰ ਦੇਣ ਦੇ ਸਮਰੱਥ ਹੈ। ਫਿਲਮ ਵਿਚ ਐਮੀ ਵਿਰਕ ਨੇ ਸ਼ਿਵਾ ਨਾਂ ਦੇ ਨੌਜਵਾਨ ਦਾ ਕਿਰਦਾਰ ਨਿਭਾਇਆ ਹੈ, ਜੋ ਪਿੰਡੋਂ ਸ਼ਹਿਰ ਪੜ੍ਹਨ ਆਉਂਦਾ ਹੈ ਪਰ ਉਹ ਇੱਕ ਰੋਹਬਦਾਰ ਪੁਲਿਸ ਅਫਸਰ ਦੀ ਧੀ ਬਾਨੀ ਦੇ ਪਿਆਰ ਚੱਕਰਾਂ ਵਿਚ ਪੈ ਜਾਂਦਾ ਹੈ। ਬਾਨੀ (ਸਰਗੁਣ ਮਹਿਤਾ) ਬਹੁਤ ਹੀ ਸੰਜੀਦਾ ਤੇ ਰੰਗਾਂ ਦੀ ਦੁਨੀਆਂ ਨੂੰ ਪਿਆਰ ਕਰਨ ਵਾਲੀ ਕੁੜੀ ਹੈ। ਜਦ ਤੋਂ ਸ਼ਿਵਾ ਉਸ ਦੀ ਜ਼ਿੰਦਗੀ 'ਚ ਆਉਂਦਾ ਹੈ, ਉਹ ਰੰਗਾਂ ਦੀ ਦੁਨੀਆਂ ਛੱਡ ਪਿਆਰ ਦੇ ਰੰਗਾਂ ਵਿਚ ਰੰਗੀ ਜਾਂਦੀ ਹੈ। ਫਿਲਮ ਪਿਆਰ ਮੁਹੱਬਤ ਦੇ ਵਿਸ਼ਿਆਂ 'ਤੇ ਬੇਹੱਦ ਗੰਭੀਰ ਹੈ।

ਗੁੱਗੂ ਗਿੱਲ ਨੇ ਬਾਨੀ ਦੇ ਪਿਤਾ ਦਾ ਕਿਰਦਾਰ ਨਿਭਾਇਆ ਹੈ ਜਦਕਿ ਹਰਦੀਪ ਗਿੱਲ ਨੇ ਸ਼ਿਵਾ ਦੇ ਤਾਏ ਦਾ। ਸੁਖਦੇਵ ਬਰਨਾਲਾ ਸ਼ਿਵਾ ਦੇ ਪਿਤਾ ਦੇ ਕਿਰਦਾਰ ਵਿਚ ਹੈ। ਕਾਮੇਡੀਅਨ ਹਰਬੀ ਸੰਘਾ ਨੇ ਬਤੌਰ ਕਾਮੇਡੀਅਨ ਫਿਲਮ ਦਾ ਸੰਜੀਦਾ ਮਾਹੌਲ ਖੁਸ਼ਗਵਾਰ ਕੀਤਾ ਹੈ। ਫਿਲਮ ਦੇ ਗੀਤ-ਸੰਗੀਤ ਦੀ ਗੱਲ ਕਰੀਏ ਤਾਂ ਇਹ ਪਹਿਲਾਂ ਹੀ ਦਰਸ਼ਕਾਂ ਦੀ ਜੁਬਾਨ 'ਤੇ ਚੜ੍ਹਿਆ ਹੋਇਆ ਹੈ।

ਐਮੀ ਵਿਰਕ ਨੇ ਦੱਸਿਆ ਕਿ ਅਦਾਕਾਰੀ ਖੇਤਰ ਵਿਚ ਉਸ ਨੂੰ ਵੱਖ ਵੱਖ ਕਿਰਦਾਰ ਨਿਭਾਉਂਦਿਆਂ ਇੱਕ ਨਵੀਂ ਜ਼ਿੰਦਗੀ ਜਿਉਣ ਦਾ ਮੌਕਾ ਮਿਲਦਾ ਅਤੇ ਹਰ ਕਿਰਦਾਰ ਤੁਹਾਡੇ ਨਾਲ ਇੱਕ ਵੱਖਰਾ ਦਰਸ਼ਕ ਵਰਗ ਜੋੜਦਾ ਹੈ। ਇਸ ਫਿਲਮ ਵਿਚ ਉਸ ਨੇ 'ਸ਼ਿਵੇ' ਨਾਂ ਦੇ ਐਸੇ ਨੌਜਵਾਨ ਦਾ ਕਿਰਦਾਰ ਨਿਭਾਇਆ ਹੈ, ਜਿਸ ਦੀ ਹਾਸੀਆਂ ਖੇਡੀਆਂ ਵਾਲੀ ਜ਼ਿੰਦਗੀ ਨੂੰ ਰੰਗਾਂ ਦੀ ਦੁਨੀਆਂ ਨੂੰ ਪਿਆਰ ਕਰਨ ਵਾਲੀ ਕੁੜੀ ਦੀ ਮੁਹੱਬਤ ਦਾ ਰੰਗ ਚੜ੍ਹਦਾ ਹੈ। ਫਿਲਮ ਦੋ ਨੌਜਵਾਨ ਦਿਲਾਂ ਦੀ ਕਹਾਣੀ ਹੈ ਜਿਸ ਨੂੰ ਦਰਸ਼ਕ ਖ਼ੂਬ ਪਿਆਰ ਦੇਣਗੇ। ਫਿਲਮ 21 ਸਤੰਬਰ ਨੂੰ ਵਿਸ਼ਵ ਭਰ 'ਚ ਰਿਲੀਜ਼ ਹੋਵੇਗੀ।

*-ਸੁਰਜੀਤ ਜੱਸਲ*
*ਫੋਨ: 91-98146-07737*

# ਭਾਰਤ ਤੋਂ ਅਮਰੀਕਾ ਤੱਕ ਕਬੱਡੀ ਦਾ ਸੁਪਰ ਸਟਾਰ ਸ਼ਿਵਦੇਵ ਸਿੰਘ

ਜਦੋਂ ਕਬੱਡੀ ਦੀ ਗੱਲ ਚਲਦੀ ਹੈ ਤਾਂ ਸ਼ਿਵਦੇਵ ਸਿੰਘ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਮਾਂ-ਖੇਡ ਕਬੱਡੀ ਦਾ ਉਹ ਬੀਬਾ ਪੁੱਤ ਬਣਿਆ। ਹਰ ਦਮ ਗਰਾਊਂਡ 'ਚ ਵੜੇ ਰਹਿਣਾ। ਮੀਂਹ, ਹਨੇਰੀ, ਝੱਖੜ, ਗਰਮੀ-ਸਰਦੀ ਦੀ ਕਦੇ ਪ੍ਰਵਾਹ ਨਾ ਕਰਨੀ। ਕਬੱਡੀ ਦਾ ਜਨੂੰਨ ਹਮੇਸ਼ਾ ਸਿਰ 'ਤੇ ਚੜ੍ਹਿਆ ਰਹਿੰਦਾ। ਆਪ ਮਿਹਨਤ ਕਰਨੀ ਤੇ ਸਾਥੀ ਖਿਡਾਰੀਆਂ ਨੂੰ ਕਰਾਉਣੀ। ਉਨ੍ਹੇ ਨੈਸ਼ਨਲ ਸਟਾਈਲ, ਪੰਜਾਬ ਸਟਾਈਲ ਤੇ ਵੇਰੀ ਵਾਲੀ (ਚਪੇੜਾਂ ਵਾਲੀ) ਕਬੱਡੀ ਖੇਡੀ।



ਪਿਤਾ ਸ. ਪਾਲਾ ਸਿੰਘ ਤੇ ਮਾਤਾ ਧੰਨ ਕੌਰ ਦੇ ਘਰ 10 ਫਰਵਰੀ 1955 ਨੂੰ ਫਤਿਹਗੜ੍ਹ (ਨੇੜੇ ਬੇਗੋਵਾਲ) ਜਿਲ੍ਹਾ ਕਪੂਰਥਲਾ 'ਚ ਜਨਮੇ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਸ਼ਿਵਦੇਵ ਸਿੰਘ ਪ੍ਰਾਇਮਰੀ ਦੀ ਪੜ੍ਹਾਈ ਪਿੰਡੋਂ ਕਰਕੇ ਹਾਈ ਸਕੂਲ ਦੀ ਪੜ੍ਹਾਈ ਲਈ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ ਜਾ ਦਾਖਲਾ ਲਿਆ। ਸਕੂਲ ਵਿਚ ਕਬੱਡੀ ਦੀ ਸਿਖਲਾਈ ਕਰਨੈਲ ਸਿੰਘ ਜਾਤੀਕੇ ਭੰਡਾਲ ਦਿੰਦੇ ਸਨ। ਕਬੱਡੀ ਦਾ ਸ਼ੌਕ ਹੋਣ ਕਰਕੇ ਸਪੋਰਟਸ ਸਕੂਲ, ਜਲੰਧਰ ਚਲਾ ਗਿਆ। ਚੰਗਾ ਖਿਡਾਰੀ ਹੋਣ ਕਰਕੇ ਥੋੜ੍ਹੇ ਮਹੀਨਿਆਂ ਬਾਅਦ ਹੀ ਬੇਗੋਵਾਲ ਹਾਈ ਸਕੂਲ ਦੇ ਹੈਡਮਾਸਟਰ ਨਿਰੰਜਨ ਸਿੰਘ ਸਪੋਰਟਸ ਸਕੂਲ ਤੋਂ ਮੁੜ ਬੇਗੋਵਾਲ ਲੈ ਗਏ ਜਿਥੇ ਉਹ ਸਕੂਲ ਦੀ ਟੀਮ ਦਾ ਕਪਤਾਨ ਬਣਿਆ।

ਖੇਡਾਂ ਦੇ ਨਾਲ ਨਾਲ ਪੜ੍ਹਾਈ ਵਿਚ ਵੀ ਹੁਸ਼ਿਆਰ ਰਿਹਾ। ਦਸਵੀਂ ਤੱਕ ਜਮਾਤ ਦਾ ਮੋਨੀਟਰ ਬਣਦਾ ਰਿਹਾ। ਅੱਠਵੀਂ ਵਿਚ ਪੰਜਾਬ 'ਚੋਂ ਮੈਰਿਟ ਹਾਸਲ ਕੀਤੀ, ਜਿਸ ਕਰਕੇ ਪੰਜਾਬ ਸਿੱਖਿਆ ਵਿਭਾਗ ਵਲੋਂ ਦਸਵੀਂ ਜਮਾਤ ਤੱਕ ਵਜ਼ੀਫਾ ਮਿਲਦਾ ਰਿਹਾ।

ਮੈਟ੍ਰਿਕ ਪਿਛੋਂ ਸਪੋਰਟਸ ਕਾਲਜ ਜਲੰਧਰ ਚਲੇ ਗਿਆ। ਤਿੰਨ ਕੁ ਮਹੀਨੇ ਸਪੋਰਟਸ ਕਾਲਜ ਲਾਏ, ਫਿਰ ਬੇਗੋਵਾਲ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਨਵਾਂ ਖੁੱਲ੍ਹਣ ਕਰਕੇ ਬੇਗੋਵਾਲ ਵਾਲੇ ਲੈ ਗਏ। ਤਕੜੇ ਖਿਡਾਰੀ ਕਰਕੇ ਬੇਗੋਵਾਲ ਨੂੰ ਸੈਂਟਰ ਬਣਾਇਆ ਗਿਆ। ਸਠਿਆਲੇ ਦਾ ਅਜੀਤ ਬੱਲ ਕੋਚ ਹੁੰਦਾ ਸੀ। ਜੋ ਸਵੇਰੇ ਪੌਣੇ ਸੱਤ ਵਜੇ ਗਰਾਊਂਡ 'ਚ ਪੁੱਜਾ ਹੁੰਦਾ ਤੇ ਖਿਡਾਰੀਆਂ ਨੂੰ ਪਿਲਾਉਣ ਲਈ ਪੀਪਾ ਦੁੱਧ ਦਾ ਰੱਖਿਆ ਹੁੰਦਾ। ਪ੍ਰਿੰਸੀਪਲ ਦੇਵਦੱਤ ਨੂੰ ਵੀ ਖੇਡਾਂ ਦਾ ਸ਼ੌਕ ਸੀ ਤੇ ਉਸ ਨੇ ਵੀ ਬੜਾ ਸਾਥ ਦਿੱਤਾ। ਦਿਲਬਾਗ ਬਾਘਾ ਡੀ. ਪੀ. ਈ. ਹੁੰਦਾ ਸੀ, ਜੋ ਬਾਘਾ ਕਪੂਰਥਲਾ ਟੀਮ ਦਾ ਤਕੜਾ ਖਿਡਾਰੀ ਸੀ। ਸ਼ਿਵਦੇਵ ਨੇ ਬੇਗੋਵਾਲ ਦੋ ਸਾਲ ਪੜ੍ਹਾਈ ਕੀਤੀ ਤੇ ਟੀਮ ਦੀ ਕਪਤਾਨੀ ਕੀਤੀ।

1973-74 'ਚ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲੇ ਚਲੇ ਗਿਆ। ਦੋ ਸਾਲ ਪੜ੍ਹਾਈ ਕੀਤੀ ਤੇ ਕਾਲਜ ਟੀਮ ਦਾ ਕਪਤਾਨ ਬਣਿਆ। ਨੈਸ਼ਨਲ ਪੱਧਰ 'ਤੇ ਪੰਜਾਬ ਖੇਡਿਆ ਅਤੇ 1975 'ਚ ਪੰਜਾਬ ਦੀ ਟੀਮ ਦਾ ਕਪਤਾਨ ਬਣਿਆ। ਉਨ੍ਹਾਂ ਦੀ ਟੀਮ ਤਕੜੀ ਸੀ। ਉਹ ਖੇਡਦੇ 'ਬੀ-ਜੋਨ' ਵਲੋਂ ਹੁੰਦੇ ਪਰ ਮੁਕਾਬਲੇ ਦੀ ਹੋਰ ਕੋਈ ਟੀਮ ਨਾ ਹੋਣ ਕਰਕੇ 'ਏ-ਜੋਨ' ਨਾਲ ਖੇਡਣ ਲੱਗੇ। ਜ਼ਿਆਦਾਤਰ ਉਨ੍ਹਾਂ ਦਾ ਮੁਕਾਬਲਾ ਲਾਇਲਪੁਰ ਖਾਲਸਾ ਕਾਲਜ ਨਾਲ ਹੁੰਦਾ, ਕਦੇ ਕਦੇ ਨਕੋਦਰ ਕਾਲਜ ਨਾਲ ਵੀ ਭੇੜ ਹੋ ਜਾਂਦਾ। ਉਥੇ ਡਟ ਕੇ ਕਬੱਡੀ ਖੇਡੀ ਤੇ ਗਰੈਜੂਏਸ਼ਨ ਵੀ ਗੁਰੂ ਨਾਨਕ ਕਰਮਸਰ ਕਾਲਜ, ਨਡਾਲੇ ਤੋਂ ਕੀਤੀ।

ਗਰੈਜੂਏਸ਼ਨ ਪਿਛੋਂ ਉਹ ਪੰਜਾਬ ਪੁਲਿਸ 'ਚ ਭਰਤੀ ਹੋ ਗਿਆ। ਉਦੋਂ ਕਬੱਡੀ 'ਚ ਪੰਜਾਬ ਪੁਲਿਸ ਦੀ ਕੋਈ ਖਾਸ ਪ੍ਰਾਪਤੀ ਨਹੀਂ ਸੀ ਹੁੰਦੀ। ਸ਼ਿਵਦੇਵ ਨੇ ਅਫਸਰਾਂ ਨਾਲ ਸਲਾਹ ਕੀਤੀ ਤੇ ਮਨ 'ਚ ਧਾਰ ਲਈ ਕਿ ਪੁਲਿਸ ਮਹਿਕਮੇ ਲਈ ਮੈਡਲ ਜਿੱਤਣੇ ਹਨ। ਤਿੰਨ ਤਿੰਨ ਘੰਟੇ ਸਵੇਰੇ-ਸ਼ਾਮ ਗਰਾਊਂਡ 'ਚ ਸਖਤ ਮਿਹਨਤ ਕਰਦਾ। ਉਹ ਸਭ ਤੋਂ ਪਹਿਲਾਂ ਗਰਾਊਂਡ 'ਚ ਪਹੁੰਚਿਆ ਹੁੰਦਾ।

ਜਿਲ੍ਹਾ ਕਪੂਰਥਲਾ ਦੇ ਸਕੂਲਾਂ ਦੇ ਸਿਖਲਾਈ ਕੈਂਪਾਂ ਵਿਚ ਕੋਚ ਸਰਬਣ ਸਿੰਘ ਬੱਲ ਕਬੱਡੀ ਦੇ ਦਾਅ-ਪੇਚ ਦੱਸਦੇ ਸਨ। ਬੇਗੋਵਾਲ ਕਾਲਜ ਵਿਚ ਤਕੜੇ ਖਿਡਾਰੀ ਹੋਣ ਕਰਕੇ ਅਜੀਤ ਸਿੰਘ ਬੱਲ ਵਲੋਂ ਆਪਣਾ ਸਿਖਲਾਈ ਕੇਂਦਰ ਬਣਾ ਕੇ ਵਧੀਆ ਢੰਗ ਨਾਲ ਤਿਆਰੀ ਕਰਵਾਈ ਜਾਂਦੀ ਤੇ ਸਾਰਾ ਸਾਲ ਸ਼ਿਵਦੇਵ ਤਿਆਰੀ ਕਰਦਾ ਤੇ ਕਰਾਉਂਦਾ। ਜਦੋਂ ਪੰਜਾਬ ਦੀ ਟੀਮ ਰਾਸ਼ਟਰੀ ਚੈਂਪੀਅਨਸ਼ਿਪ ਖੇਡਣ ਜਾਂਦੀ ਤਾਂ ਸਰਬਣ ਸਿੰਘ ਬੱਲ ਖੇਡ ਵਿਭਾਗ ਦੇ ਕੋਚ ਹੋਣ ਕਰਕੇ ਕੈਂਪ ਵਿਚ ਸਿੱਖਲਾਈ ਦਿੰਦੇ। ਕਈ ਵਾਰ ਅਜੀਤ ਸਿੰਘ ਬੱਲ ਵੀ ਪੰਜਾਬ ਟੀਮ ਨਾਲ ਬਤੌਰ ਕੋਚ ਜਾਂਦੇ।

ਬਰਸਾਤਾਂ ਦੇ ਦਿਨੀਂ ਜਾਂ ਮੈਚ ਖਤਮ ਹੋ ਜਾਣ ਪਿਛੋਂ ਵੀ ਖਿਡਾਰੀਆਂ ਨੂੰ ਵਿਹਲੇ ਨਹੀਂ ਸੀ ਬੈਠਣ ਦਿੱਤਾ ਜਾਂਦਾ। ਉਨ੍ਹਾਂ ਦੀ 20 ਕਿਲੋਮੀਟਰ ਦੀ ਕਰਾਸ-ਕੰਟਰੀ ਲੁਆਈ ਜਾਂਦੀ ਤੇ ਹੋਰ ਤਾਕਤ ਵਧਾਉਣ ਲਈ ਸਵੇਰੇ-ਸ਼ਾਮ ਵੇਟ-ਟਰੇਨਿੰਗ ਕਰਵਾਈ ਜਾਂਦੀ। 14-15 ਸਾਲ ਉਨ੍ਹਾਂ ਦੂਜੀਆਂ ਟੀਮਾਂ ਨੂੰ ਬਿਪਤਾ ਪਾਈ ਰੱਖੀ। ਉਨ੍ਹਾਂ ਕਈ ਮੈਡਲ ਜਿੱਤੇ ਅਤੇ ਕਈ ਸਾਲ ਚੈਂਪੀਅਨਸ਼ਿਪ ਦੇ ਦਾਅਵੇਦਾਰ ਬਣਦੇ ਰਹੇ, ਤੇ ਪੰਜਾਬ ਪੁਲਿਸ ਦੇ ਮਾਣ ਵਿਚ ਵਾਧਾ ਕੀਤਾ। ਬਲਵਿੰਦਰ ਫਿੱਡੂ, ਮਹਿੰਦਰ ਮੋਹਣ, ਅਮਰਜੀਤ, ਸਤਨਾਮ, ਸੁਖਵਿੰਦਰ ਜੂਨੀਅਰ, ਸੁਖਵਿੰਦਰ ਸੀਨੀਅਰ, ਸੁੱਖ, ਹਰਵਿੰਦਰ ਡੱਲੀ, ਅਵਤਾਰ, ਸੁਰਜੀਤ ਗੱਡਾ, ਮਾਸਟਰ ਮੂਰਤਾ ਸਿੰਘ ਤੇ ਪ੍ਰਧਾਨ ਸਿੰਘ ਸ਼ਿਵਦੇਵ ਦੇ ਸਾਥੀ ਖਿਡਾਰੀ ਹੁੰਦੇ ਸਨ। ਪੰਜਾਬ ਪੁਲਿਸ ਟੀਮ ਦਾ ਉਹ ਕੋਚ, ਕੈਪਟਨ ਤੇ ਇੰਚਾਰਜ ਸੀ। ਆਲ ਇੰਡੀਆ ਪੁਲਿਸ ਵਿਚ 17-18 ਸਾਲ ਮੈਡਲ ਜਿੱਤੇ। ਉਨ੍ਹਾਂ ਦੇ ਬਹੁਤੇ ਮੁਕਾਬਲੇ ਸੀ. ਆਰ. ਪੀ. ਅਤੇ ਬੀ. ਐਸ. ਐਫ. ਨਾਲ ਹੁੰਦੇ। ਉਦੋਂ ਪੰਜਾਬ ਪੁਲਿਸ ਦੇ ਖਿਡਾਰੀਆਂ ਤੋਂ ਬਿਨਾ ਪ੍ਰੀਤਮ ਪ੍ਰੀਤਾ, ਦਿਲਬਾਗ ਬਾਘਾ, ਬੋਲਾ ਪੱਤੜ, ਸੁਰਜੀਤ ਗੱਡਾ, ਮਾਸਟਰ ਮੂਰਤ ਸਿੰਘ ਤੇ ਹਰਭਜਨ ਭੱਜੀ ਕਪੂਰਥਲਾ ਦੇ ਤਕੜੇ ਖਿਡਾਰੀ ਸਨ।

ਸਟੈਮਿਨਾ ਵਧਾਉਣ ਤੇ ਹੋਰ ਤਾਕਤ ਪਾਉਣ ਲਈ ਖਿਡਾਰੀ ਵੰਡ ਕੇ 40-40 ਮਿੰਟ ਦੇ ਆਪਸ ਵਿਚ ਤਿੰਨ ਮੈਚ ਲਗਾਤਾਰ ਲਾਏ ਜਾਂਦੇ। ਇਕ ਪਾਸੇ ਫਿੱਡੂ ਦੀ ਟੀਮ ਹੁੰਦੀ ਤੇ ਦੂਜੇ ਪਾਸੇ ਸ਼ਿਵਦੇਵ ਦੀ। ਖੁਰਾਕ ਵਿਚ ਮੀਟ, ਮੱਛੀ, ਮੁਰਗਾ, ਘਿਓ ਤੇ ਫਰੂਟ ਵਗੈਰਾ ਪੱਲਿਓਂ ਖਾਂਦੇ। ਤਨਖਾਹ ਮੁੱਕ ਜਾਂਦੀ ਤਾਂ ਘਰਦਿਆਂ ਤੋਂ ਮੰਗਦੇ।

1974 'ਚ ਉਹਦੇ ਮਨ ਨੂੰ ਬੜੀ ਸੱਟ ਵੱਜੀ ਜਦੋਂ ਇੰਗਲੈਂਡ ਟੀਮ ਲਿਜਾਣ ਵਾਸਤੇ ਸਪੋਰਟਸ ਕਾਲਜ ਕੈਂਪ ਲੱਗਾ ਤਾਂ ਉਹਦੀ ਜਗ੍ਹਾ ਕਿਸੇ ਹੋਰ ਸਿਫਾਰਸ਼ੀ ਖਿਡਾਰੀ ਨੂੰ ਪਾ ਲਿਆ ਤੇ ਉਹਨੂੰ ਛੱਡ ਗਏ।

1975 'ਚ ਅਨੰਦਪੁਰ ਸਾਹਿਬ ਮੇਲੇ 'ਤੇ ਫਾਈਨਲ ਮੈਚ ਸਮੇਂ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਖਿਡਾਰੀਆਂ ਨਾਲ ਹੱਥ ਮਿਲਾ ਰਹੇ ਸਨ ਤਾਂ ਸ਼ਿਵਦੇਵ ਕੋਲ ਆ ਕੇ ਕਹਿਣ ਲੱਗੇ, "ਸ਼ਿਵਦੇਵ ਕੀ ਹਾਲ ਐ ਤੇਰਾ?" ਇਹ ਗੱਲ ਮਾਣਕ ਢੇਰੀ ਵਾਲੇ ਰਾਵਲ ਨੇ ਦੱਸੀ, ਜੋ ਸ਼ਿਵਦੇਵ ਦੇ ਬਿਲਕੁਲ ਨਾਲ ਖਿਡਾਰੀਆਂ 'ਚ ਖੜ੍ਹਾ ਸੀ।

ਸ਼ਿਵਦੇਵ ਕਪੂਰਥਲੇ ਵਲੋਂ ਖੇਡਦਾ ਅਤੇ ਰਾਵਲ ਤੇ ਅਵਤਾਰ ਤਾਰੀ ਹੁਸ਼ਿਆਰਪੁਰ ਵਲੋਂ ਖੇਡਦੇ। ਦੋਹਾਂ ਜਿਲ੍ਹਿਆਂ ਦੀਆਂ ਟੀਮਾਂ ਜ਼ਬਰਦਸਤ ਸਨ। ਅਨੰਦਪੁਰ ਸਾਹਿਬ ਮੇਲੇ 'ਤੇ ਤਿੰਨ ਸਾਲ (1974 ਤੋਂ 1973) ਕਦੇ ਕਪੂਰਥਲਾ ਜਿੱਤ ਜਾਂਦਾ ਤੇ ਕਦੇ ਹੁਸ਼ਿਆਰਪੁਰ। ਦੋਹਾਂ ਜਿਲ੍ਹਿਆਂ ਨੇ ਚੁਣ ਚੁਣ ਕੇ ਖਿਡਾਰੀ ਲਿਆਂਦੇ ਹੁੰਦੇ।

ਸ਼ਿਵਦੇਵ ਸਿੰਘ 1974 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਟੀਮ ਦਾ ਕਪਤਾਨ ਬਣਿਆ। ਟੀਮ ਦੀ ਚੋਣ ਸਮੇਂ ਖੇਡ ਸਕੱਤਰ ਸ. ਐਮ. ਐਸ. ਰੰਧਾਵਾ ਸ਼ਿਵਦੇਵ ਕੋਲੋਂ ਚੋਣ ਕਰਵਾਉਂਦੇ ਸਨ। 1975 'ਚ ਇੰਗਲੈਂਡ ਖੇਡਣ ਜਾਣਾ ਸੀ। ਐਮਰਜੈਂਸੀ ਲੱਗਣ ਕਰਕੇ ਟੂਰ ਕੈਂਸਲ ਹੋ ਗਿਆ। ਸਪੋਰਟਸ ਕਾਲਜ ਕੈਂਪ ਲੱਗਾ ਸੀ। ਚਾਰ ਪੱਕੇ ਸਟਾਪਰ ਸ਼ੰਕਰੀਆ ਘੁੱਗਾ ਸੱਜੇ, ਰਾਵਲ ਖੱਬੇ, ਲੁਧਿਆਣੇ ਵਾਲਾ ਦਰਬਾਰਾ ਬੋਲਾ ਤੇ ਸ਼ਿਵਦੇਵ ਵਿਚਾਲੇ ਖੜ੍ਹੇ ਸਨ। ਚੌਹਾਂ ਧੱਕੜ ਜਾਫੀਆਂ ਨੇ ਵੱਡੇ ਵੱਡੇ ਰੇਡਰ ਥੰਮੇ। ਰਾਵਲ ਫੁਰਤੀ ਨਾਲ ਖੁਰ ਪੁੱਟਣ ਦਾ ਮਾਹਰ ਸੀ।

1977 'ਚ ਇੰਗਲੈਂਡ ਟੀਮ ਵਾਸਤੇ ਮੁੜ ਚੁਣਿਆ ਗਿਆ। ਉਥੇ ਜਾ ਕੇ 6 ਮੈਚ ਖੇਡੇ ਤੇ ਸਾਰੇ ਜਿੱਤੇ। ਕੋਚ ਸਰਬਣ ਬੱਲ ਵੀ ਉਸ ਵੇਲੇ ਨਾਲ ਸੀ। ਪੰਜਾਬ 'ਚ ਸਰਕਲ ਸਟਾਈਲ ਦੇ ਬੜੇ ਮੈਚ ਖੇਡੇ। ਤਕੜੀਆਂ ਤਕੜੀਆਂ ਟੀਮਾਂ ਨੂੰ ਹਰਾਇਆ। ਉਹ ਹਮੇਸ਼ਾ ਠੰਡਾ ਰਹਿ ਕੇ ਤਕਨੀਕ ਨਾਲ ਅਤੇ ਜ਼ਾਬਤੇ ਵਿਚ ਖੇਡਦਾ ਤੇ ਸਾਥੀ ਖਿਡਾਰੀਆਂ ਨੂੰ ਖਿਡਾਉਂਦਾ। ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿਚ ਵੀ ਖੇਡਣ ਜਾਂਦੇ।



*ਸ਼ਿਵਦੇਵ ਸਿੰਘ*

ਇਕ ਵਾਰ ਉਹ ਗੋਆ ਚੈਂਪੀਅਨਸ਼ਿਪ ਖੇਡਣ ਗਏ। ਸੈਮੀ ਫਾਈਨਲ 'ਚ ਪੰਜਾਬ ਤੇ ਮਹਾਰਾਸ਼ਟਰ ਦੀ ਟੀਮ ਦਾ ਦਸਤਪੰਜਾ ਪੈ ਗਿਆ। ਕੋਚ ਅਜੀਤ ਬੱਲ, ਅਜੀਤ ਮਾਲੜੀ, ਤੇਜਾ ਸਿੰਘ ਤੇ ਸਤਨਾਮ ਸਿੰਘ ਸੱਤਾ ਨਾਲ ਸਨ। ਕੋਚ ਚਿੰਤਤ ਹੋ ਗਏ ਕਿਉਂਕਿ ਦੱਖਣੀ ਭਾਰਤ ਅਤੇ ਮਹਾਰਾਸ਼ਟਰ ਦੇ ਖੇਡ ਮੈਦਾਨਾਂ ਵਿਚ ਬਾਰੀਕ ਰੋੜੀਆਂ ਹੁੰਦੀਆਂ ਸਨ, ਜਿਸ ਕਰਕੇ ਖਿਡਾਰੀਆਂ ਦੇ ਪੈਰ ਫਟ ਜਾਂਦੇ। ਸ਼ਿਵਦੇਵ ਦੇ ਦੱਸਣ ਅਨੁਸਾਰ ਮਰਹੱਟੇ ਖਿਡਾਰੀ ਰੋੜੀ ਵਾਲੀਆਂ ਗਰਾਊਂਡਾਂ ਵਿਚ ਖੇਡਣ ਦੇ ਮਾਹਰ ਸਨ। ਉਨ੍ਹਾਂ ਨਾਲ ਮੁਕਾਬਲਾ ਕਰਨ ਲਈ ਪੰਜਾਬ ਪੁਲਿਸ ਦੀ ਟੀਮ ਨੂੰ ਲਾਅਨ-ਟੈਨਿਸ ਦੀ ਕੰਕਰੀਟ ਵਾਲੀ ਗਰਾਊਂਡ ਵਿਚ ਤਿੰਨ ਮਹੀਨੇ ਤਿਆਰੀ ਕਰਵਾਈ ਤਾਂ ਖਿਡਾਰੀਆਂ ਦੇ ਪੈਰ ਪੱਕ ਗਏ। ਇਹ ਵੀ ਦੱਸਿਆ ਕਿ ਆਪਣੇ ਸੱਟ ਲੱਗਣ ਤੋਂ ਬਚਣਾ ਤੇ ਰੇਡਰ ਨੂੰ ਥੱਲੇ ਨਹੀਂ ਡਿੱਗਣ ਦੇਣਾ। ਹਵਾ ਵਿਚ ਹੀ ਚੁੱਕਣਾ ਹੈ। ਕੋਚਾਂ ਨੂੰ ਕਿਹਾ, ਘਬਰਾਉਣ ਦੀ ਲੋੜ ਨਹੀਂ, ਉਹ ਪੰਜਾਬ ਪੁਲਿਸ ਦੇ ਸ਼ੇਰ ਨੇ, ਖੰਡਾ ਖੜਕਾ ਦੇਣਗੇ। ਤਿਆਰੀ ਪਹਿਲਾਂ ਹੀ ਕੀਤੀ ਹੋਈ ਸੀ, ਜਿਹੜਾ ਆਵੇ, ਉਪਰੇ ਉਪਰ ਹਵਾ 'ਚ ਚੁੱਕੀ ਗਏ। 30 ਹਜ਼ਾਰ ਦਰਸ਼ਕਾਂ ਦੇ 'ਕੱਠ ਵਿਚ ਧੰਨ ਧੰਨ ਹੋ ਗਈ ਉਥੇ। ਉਸ ਤੋਂ ਬਾਅਦ ਪੰਜਾਬ ਪੁਲਿਸ ਦੀ ਟੀਮ ਨੇ ਆਲ ਇੰਡੀਆ ਓਪਨ ਟੂਰਨਾਮੈਂਟ ਖੇਡੇ ਤੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।

ਆਲ ਇੰਡੀਆ ਕਬੱਡੀ ਫੈਡਰੇਸ਼ਨ ਨੇ ਪੰਜਾਬ ਕਬੱਡੀ ਐਸੋਸੀਏਸ਼ਨ ਨੂੰ 6 ਸਾਲ ਕਿਸੇ ਕਾਰਨ ਕਰਕੇ ਰਾਸ਼ਟਰੀ ਕਬੱਡੀ ਫੈਡਰੇਸ਼ਨ ਵਿਚੋਂ ਮੁਅੱਤਲ ਕਰੀ ਰੱਖਿਆ। ਫਿਰ ਪੰਜਾਬ ਓਲੰਪਿਕ ਫੈਡਰੇਸ਼ਨ ਨੇ ਕਮਾਂਡ ਸੰਭਾਲੀ ਤੇ ਸ਼ਿਵਦੇਵ ਸਿੰਘ 6 ਸਾਲ ਪੰਜਾਬ ਪੁਲਿਸ ਵਲੋਂ ਟੀਮ ਲੈ ਕੇ ਜਾਂਦਾ ਰਿਹਾ। ਉਨ੍ਹਾਂ ਦੀ ਟੀਮ ਨੇ ਗੋਲਡ ਤੇ ਸਿਲਵਰ ਮੈਡਲ ਪੰਜਾਬ ਦੀ ਝੋਲੀ ਪਾਏ। ਪੰਜਾਬ ਪੁਲਿਸ ਨੇ ਬਹੁਤ ਵਾਰ ਕਪੂਰਥਲਾ ਦੀਆਂ ਸਟੇਟ ਚੈਂਪੀਅਨਸ਼ਿਪਾਂ ਜਿੱਤੀਆਂ।

ਸ਼ਿਵਦੇਵ ਅਨੁਸਾਰ ਜਿਲ੍ਹਾ ਕਪੂਰਥਲਾ ਦੀ ਟੀਮ ਦਾ ਉਨ੍ਹਾਂ ਦਾ ਆਪਣਾ ਤਕੜਾ ਸੈਟ ਸੀ। ਜ਼ਿਆਦਾ ਕਰਕੇ ਉਨ੍ਹਾਂ ਦਾ ਲੁਧਿਆਣਾ ਤੇ ਫਰੀਦਕੋਟ ਜਿਲ੍ਹਿਆਂ ਨਾਲ ਮੁਕਾਬਲਾ ਹੁੰਦਾ। ਜਲੰਧਰ ਤੇ ਅੰਮ੍ਰਿਤਸਰ ਜਿਲ੍ਹਿਆਂ ਦੀਆਂ ਟੀਮਾਂ ਵੀ ਤਕੜੀਆਂ ਸਨ ਤੇ ਕਦੇ ਕਦੇ ਉਨ੍ਹਾਂ ਨਾਲ ਵੀ ਪੰਜਾ ਪੈ ਜਾਂਦਾ।

ਪੰਜਾਬ ਤੇ ਯੂਨੀਵਰਸਿਟੀ ਮੁਕਾਬਲਿਆਂ ਲਈ ਪੰਜਾਬ ਵਲੋਂ ਉਹ ਤੇ ਸ਼ੰਕਰੀਆ ਪਾਲਾ (ਕਬੱਡੀ ਖਿਡਾਰੀ, ਪਹਿਲਵਾਨ ਤੇ ਬਾਕਸਰ) 'ਕੱਠਿਆਂ ਖੇਡਣ ਜਾਂਦੇ ਰਹੇ। ਪੰਜਾਬ ਵਲੋਂ ਜੈਪੁਰ ਤੇ ਆਸਨਸੋਲ 'ਕੱਠਿਆਂ ਨੈਸ਼ਨਲ ਸਟਾਈਲ ਕਬੱਡੀ ਖੇਡੀ। ਨਡਾਲੇ ਵਾਲਾ ਪ੍ਰੀਤਾ ਕਪਤਾਨ ਸੀ। ਪਿੰਡਾਂ ਦੇ ਸ਼ੋਅ ਮੈਚਾਂ ਜਾਂ ਚੈਂਪੀਅਨਸ਼ਿਪਾਂ ਵਿਚ ਪੱਤੜੀਆ ਬੋਲਾ ਵੀ ਨਾਲ ਹੁੰਦਾ, ਜਦਕਿ ਹੁਸ਼ਿਆਰਪੁਰ ਵਲੋਂ ਰਾਵਲ ਮਾਣਕ ਢੇਰੀ ਤੇ ਤੀਰਥ ਹੋਰੀਂ ਖੇਡਦੇ। ਸ਼ਿਵਦੇਵ ਨੇ ਕਬੱਡੀ ਖਿਡਾਰੀ ਤੋਖੀ ਮਾਨਗੜ੍ਹੀਏ ਦੇ ਬੇਟੇ ਯਾਦਵੀਰ ਦੀ ਕੈਨੇਡਾ 'ਚ ਕਾਰ ਹਾਦਸੇ 'ਚ ਮੌਤ 'ਤੇ ਡਾਢਾ ਦੁਖ ਮੰਨਿਆ, ਕਿਉਂਕਿ ਉਹ ਉਹਨੂੰ ਚੰਗਾ ਖਿਡਾਰੀ ਬਣਾਉਣ ਲਈ ਰੂਹ ਨਾਲ ਤਿਆਰੀ ਕਰਵਾਉਂਦਾ ਹੁੰਦਾ ਸੀ।

1980 'ਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਕਪਤਾਨ ਬਣਿਆ। 1982 'ਚ ਕਬੱਡੀ ਨੂੰ ਏਸ਼ੀਅਨ ਗੇਮਾਂ 'ਚ ਸ਼ਾਮਲ ਕਰਵਾਉਣ ਦਾ ਮੁੱਢ ਬੰਨਣ ਲਈ ਇੰਡੀਆ ਦੀਆਂ ਦੋ ਟੀਮਾਂ ਤਿਆਰ ਕੀਤੀਆਂ ਅਤੇ ਦਿੱਲੀ 'ਚ ਪ੍ਰਦਰਸ਼ਨ ਕੀਤਾ, ਤੇ ਕਬੱਡੀ ਨੂੰ ਏਸ਼ੀਅਨ ਗੇਮਾਂ 'ਚ ਸ਼ਾਮਲ ਕਰਾ ਕੇ ਸਾਹ ਲਿਆ। 1984 'ਚ ਬੰਬੇ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਵਿਚ ਭਾਰਤੀ ਟੀਮ ਦਾ ਕਪਤਾਨ ਚੁਣਿਆ ਗਿਆ। 1987 'ਚ ਏਸ਼ੀਅਨ ਫੈਡਰੇਸ਼ਨ ਗੇਮਜ਼ ਦਾ ਕਪਤਾਨ ਬਣਿਆ। ਰੂਸ ਵਿਚ ਪ੍ਰਦਰਸ਼ਨੀ ਮੈਚ ਖੇਡੇ। ਭਾਰਤੀ ਟੀਮ ਦੀ ਕਪਤਾਨੀ ਸੰਭਾਲੀ ਤੇ ਗੋਲਡ ਮੈਡਲ ਜਿੱਤਿਆ। 1988 'ਚ ਭਾਰਤੀ ਟੀਮ ਵਲੋਂ ਇੰਗਲੈਂਡ ਖੇਡਣ ਜਾਣ ਦਾ ਮੌਕਾ ਮਿਲਿਆ।

ਖੰਨੇ ਤੋਂ ਅਮਲੋਹ ਵਾਲੇ ਪਾਸੇ ਚਨਾਰਥਲ 'ਚ ਤਿੰਨ ਸਾਲ ਲਗਾਤਾਰ ਖੇਡਣ ਜਾਂਦੇ ਰਹੇ, ਤੇ ਤਿੰਨੇ ਸਾਲ ਜਿੱਤਦੇ ਰਹੇ। ਫਾਈਨਲ ਵਿਚ ਉਨ੍ਹਾਂ ਦੀ ਟੀਮ ਨੂੰ ਹਰਾਉਣ ਲਈ ਉਥੋਂ ਦੀ ਕਮੇਟੀ ਨੇ ਹਰਿਆਣੇ ਦੀ ਟੀਮ ਮੂਹਰੇ ਲਿਆ ਖੜ੍ਹੀ ਕੀਤੀ। ਪੰਜਾਬ ਪੁਲਿਸ ਦੇ ਸ਼ੇਰਾਂ ਨੇ ਹਰਿਆਣੇ ਦੀ ਟੀਮ ਨੂੰ ਹਰਾ ਕੇ 6 ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ, ਜੋ ਉਦੋਂ ਵੱਡੀ ਰਕਮ ਸੀ।

ਨੈਸ਼ਨਲ ਗੇਮਾਂ ਵਿਚੋਂ ਉਨ੍ਹਾਂ 2 ਗੋਲਡ ਮੈਡਲ ਜਿੱਤੇ। ਪਹਿਲਾ 1985 'ਚ ਦਿੱਲੀ ਤੋਂ ਅਤੇ ਦੂਜਾ 1987 'ਚ ਕੇਰਲਾ ਦੇ ਸ਼ਹਿਰ ਕੈਲਾਨੋਰ 'ਚੋਂ। ਇੰਗਲੈਂਡ ਦੇ ਟੀ. ਵੀ. ਚੈਨਲ-4 ਨੇ ਭਾਰਤ ਵਿਚ ਕਲਕੱਤਾ ਅਤੇ ਦਿੱਲੀ ਵਿਖੇ 2 ਟੂਰਨਾਮੈਂਟ ਕਰਵਾਏ, ਜਿਸ 'ਚ ਦੇਸ਼ ਦੀਆਂ 8 ਉਚਕੋਟੀ ਦੀਆਂ ਟੀਮਾਂ ਖੇਡੀਆਂ। ਪੰਜਾਬ ਦੇ ਸ਼ੇਰਾਂ ਨੇ ਉਹ ਦੋਵੇਂ ਟੂਰਨਾਮੈਂਟ ਜਿੱਤੇ। ਇਹ ਮੈਚ ਕਈ ਚਿਰ ਇੰਗਲੈਂਡ ਵਿਚ ਚੈਨਲ 'ਤੇ ਚਲਦਾ ਰਿਹਾ।



**(ਖੱਬਿਓਂ ਸੱਜੇ) ਕੋਚ ਮਦਨ ਲਾਲ ਗੋਗੀ, ਸ਼ਿਵਦੇਵ ਸਿੰਘ, ਇਕਬਾਲ ਜੱਬੋਵਾਲੀਆ ਅਤੇ ਕੋਚ ਸਰਬਣ ਸਿੰਘ ਬੱਲ**

ਸ਼ਿਵਦੇਵ ਨੇ ਓਪਨ ਨੈਸ਼ਨਲ ਚੈਂਪੀਅਨਸ਼ਿਪ ਵਿਚ 4 ਵਾਰ ਗੋਲਡ, 7 ਵਾਰ ਸਿਲਵਰ ਤੇ 4 ਵਾਰ ਤਾਂਬੇ ਦੇ ਮੈਡਲ ਜਿੱਤੇ। ਬਿਹਤਰੀਨ ਪ੍ਰਾਪਤੀਆਂ ਕਰਕੇ 1977 ਵਿਚ ਸਬ ਇੰਸਪੈਕਟਰ, 1986 'ਚ ਇੰਸਪੈਕਟਰ, 1993 'ਚ ਡੀ. ਐਸ. ਪੀ. ਅਤੇ 2002 'ਚ ਐਸ. ਪੀ. ਦਾ ਅਹੁਦਾ ਸੰਭਾਲਿਆ। ਸ਼ਿਵਦੇਵ ਨੂੰ ਪੰਜਾਬ ਪੁਲਿਸ ਦੀਆਂ ਖੇਡਾਂ ਦਾ 8 ਸਾਲ ਸਕੱਤਰ ਬਣਨ ਦਾ ਮਾਣ ਪ੍ਰਾਪਤ ਹੋਇਆ। ਸਾਲ 2011 'ਚ ਵੱਖ ਵੱਖ ਬਟਾਲੀਅਨਾਂ ਦਾ ਕਮਾਂਡੈਂਟ (ਐਸ. ਐਸ. ਪੀ.) ਬਣਿਆ।

ਸ਼ਿਵਦੇਵ ਸਿੰਘ 39 ਸਾਲ 5 ਮਹੀਨੇ ਦੀ ਨੌਕਰੀ ਕਰਨ ਪਿਛੋਂ 28 ਫਰਵਰੀ 2015 'ਚ 60 ਸਾਲ ਦੀ ਉਮਰੇ ਰਿਟਾਇਰ ਹੋਏ। ਈਮਾਨਦਾਰੀ ਨਾਲ ਬੇਦਾਗ ਨੌਕਰੀ ਕੀਤੀ ਤੇ ਕਬੱਡੀ ਨੂੰ ਉਸਾਰੂ ਲੀਹਾਂ 'ਤੇ ਲਿਆ ਕੇ ਮਿਸਾਲ ਪੈਦਾ ਕੀਤੀ। ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਉਸ ਵੇਲੇ ਦੇ ਰਾਸ਼ਟਰਪਤੀ ਡਾ. ਏ. ਪੀ. ਜੇ. ਅਬਦੁਲ ਕਲਾਮ ਨੇ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ। ਉਹ ਆਪਣੇ ਕੋਚਾਂ-ਸਰਬਣ ਬੱਲ ਤੇ ਅਜੀਤ ਬੱਲ ਨੂੰ ਕਦੇ ਨਹੀਂ ਭੁੱਲਦਾ, ਜਿਨ੍ਹਾਂ ਦੀ ਕੋਚਿੰਗ ਸਦਕਾ ਚੰਗਾ ਖਿਡਾਰੀ ਬਣਿਆ। ਅਜੀਤ ਬੱਲ ਉਸ ਨੂੰ ਸਾਊ ਅਤੇ ਈਮਾਨਦਾਰ ਖਿਡਾਰੀ ਤੇ ਪੁਲਿਸ ਅਫਸਰ ਮੰਨਦਾ ਹੈ।

ਕਬੱਡੀ ਖੇਡਣ ਦੇ ਨਾਲ ਨਾਲ ਸ਼ਿਵਦੇਵ ਪਹਿਲਵਾਨਾਂ ਦੀਆਂ ਪਕੜਾਂ ਵੇਖਣ ਦਾ ਸ਼ੌਕੀਨ ਸੀ। ਪਹਿਲਵਾਨੀ 'ਚ ਉਹ ਬੁੱਧ ਸਿੰਘ ਨੂੰ ਆਪਣੇ ਸਮਿਆਂ ਦਾ ਭਾਰਤ ਦਾ ਬਿਹਤਰੀਨ ਪਹਿਲਵਾਨ ਸਮਝਦਾ ਹੈ। ਜਲੰਧਰ ਉਨ੍ਹੇ ਬੁੱਧ ਸਿੰਘ ਦੀ ਇਰਾਨੀ ਪਹਿਲਵਾਨ ਨਾਲ ਕੁਸ਼ਤੀ ਵੇਖੀ। ਬੁੱਧ ਸਿੰਘ ਦੀ ਚੁਸਤੀ-ਫੁਰਤੀ ਤੇ ਭਲਵਾਨੀ ਨੂੰ ਉਹ ਅੱਜ ਵੀ ਯਾਦ ਕਰਦਾ ਹੈ। ਚੰਗੇ ਖਿਡਾਰੀਆਂ ਤੇ ਪਹਿਲਵਾਨਾਂ ਦੀ ਕਦਰ ਕਰਨ ਦੇ ਨਾਲ ਨਾਲ ਕਲਾਸੀਕਲ ਸੰਗੀਤ ਦਾ ਵੀ ਸ਼ੌਕੀਨ ਹੈ।

ਸ਼ਿਵਦੇਵ ਸਿੰਘ ਨੂੰ ਵਿਸ਼ਵ ਕਬੱਡੀ ਕੱਪਾਂ 'ਚ 5 ਸਾਲ ਟੈਕਨੀਕਲ ਡਾਇਰੈਕਟਰ ਬਣਨ ਦਾ ਸੁਭਾਗ ਵੀ ਪ੍ਰਾਪਤ ਹੋਇਆ। 2014 ਵਿਚ ਪਹਿਲੀ ਵਿਸ਼ਵ ਕਬੱਡੀ ਲੀਗ ਵਿਚ ਟੈਕਨੀਕਲ ਡਾਇਰੈਕਟਰ ਦੀ ਸੇਵਾ ਨਿਭਾਈ ਅਤੇ ਲੀਗ ਖੇਡ ਰਹੀਆਂ ਟੀਮਾਂ ਨੂੰ ਇੰਗਲੈਂਡ ਵਿਚ ਵੀ ਮੈਚ ਖਿਡਾਏ। 2015 ਤੋਂ ਪੱਕੇ ਤੌਰ 'ਤੇ ਉਹ ਨਿਊ ਯਾਰਕ 'ਚ ਪਰਿਵਾਰ ਸਮੇਤ ਰਹਿ ਰਿਹਾ ਹੈ। ਨਿਊ ਯਾਰਕ ਰਹਿੰਦੇ ਪਰਮ ਮਿੱਤਰ ਸੁਰਮੀਤ ਸਿੰਘ ਸਹੋਤਾ ਨਾਲ ਦਿਲੀ ਪਿਆਰ ਹੈ।

ਟੂਰਨਾਮੈਂਟਾਂ, ਸਭਿਆਚਾਰਕ ਪ੍ਰੋਗਰਾਮਾਂ, ਵਿਆਹ-ਸ਼ਾਦੀਆਂ ਜਾਂ ਜਿਥੇ ਵੀ ਉਹਨੂੰ ਕੋਈ ਯਾਦ ਕਰਦਾ ਹੈ, ਜ਼ਰੂਰ ਪਹੁੰਚਦਾ ਹੈ। ਉਹ ਖੁਸ਼ਮਿਜਾਜ਼ ਸ਼ਖਸੀਅਤ ਦਾ ਮਾਲਕ ਹੈ। ਸਾਥੀ ਖਿਡਾਰੀਆਂ ਅਨੁਸਾਰ ਉਹ ਖੇਡਦੇ ਸਮੇਂ ਵੀ ਖੁਸ਼ ਰਹਿੰਦਾ ਸੀ। ਵੱਡੇ ਖਿਡਾਰੀ ਹੋਣ ਅਤੇ ਉਚੇ ਰੁਤਬੇ 'ਤੇ ਰਹਿਣ ਦਾ ਕਦੇ ਮਾਣ ਨਹੀਂ ਕੀਤਾ। ਜੁਆਨੀ 'ਚ ਖੇਡਦੇ ਸਮੇਂ ਮੀਟ ਵਗੈਰਾ ਖਾ ਲੈਂਦਾ ਸੀ, ਹੁਣ ਨਹੀਂ। ਦਾਰੂ ਕਦੇ ਪੀਤੀ ਨਹੀਂ, ਨਸ਼ਾ ਤਾਂ ਉਹਨੂੰ ਖੇਡ ਦਾ ਹੀ ਚੜ੍ਹਿਆ ਰਹਿੰਦਾ ਸੀ। ਨਿਊ ਯਾਰਕ 'ਚ ਪੰਜਾਬੀ ਵਿਰਸਾ ਸਪੋਰਟਸ ਕਲੱਬ ਤੇ ਬੇਗੋਵਾਲ ਇੰਟਰਨੈਸ਼ਨਲ ਵੈਲਫੇਅਰ ਸੁਸਾਇਟੀ ਵਲੋਂ ਸਾਂਝੇ ਤੌਰ 'ਤੇ ਕਰਵਾਏ ਜਾਂਦੇ ਕਬੱਡੀ ਮੈਚਾਂ 'ਚ ਟੈਕਨੀਕਲ ਡਾਇਰੈਕਟਰ ਦੀ ਸੇਵਾ ਨਿਭਾਉਂਦਾ ਹੈ।

ਸਖਤ ਮਿਹਨਤ ਨਾਲ ਸ਼ਿਵਦੇਵ ਨੇ ਬੇ-ਸ਼ੁਮਾਰ ਪ੍ਰਾਪਤੀਆਂ ਕੀਤੀਆਂ ਅਤੇ ਮੁਕਾਬਲਿਆਂ ਦੀ ਭੱਠੀ 'ਚ ਤਪ ਕੇ ਸੋਨਾ ਬਣਿਆ। ਸਫਲਤਾ ਦੀਆਂ ਪੌੜੀਆਂ ਚੜ੍ਹਦਾ ਚੜ੍ਹਦਾ ਟੀਸੀ 'ਤੇ ਜਾ ਬੈਠਾ।

ਸ਼ਿਵਦੇਵ ਦਾ ਕਹਿਣਾ ਹੈ ਕਿ ਖੇਡ ਪ੍ਰੇਮੀਆਂ ਤੇ ਚਹੇਤਿਆਂ ਨੇ ਉਸ ਨੂੰ ਜ਼ਿੰਦਗੀ ਭਰ ਹੱਥੀਂ ਛਾਂਵਾਂ ਕੀਤੀਆਂ, ਜਿਨ੍ਹਾਂ ਦਾ ਉਹ ਰਿਣੀ ਹੈ। ਉਹ ਜਿਸ ਮੁਕਾਮ 'ਤੇ ਪਹੁੰਚਿਆ ਹੈ, ਉਸ ਲਈ ਪਰਮਾਤਮਾ ਦੀ ਕਿਰਪਾ, ਸੰਤ ਕਸ਼ਮੀਰਾ ਸਿੰਘ ਦਾ ਆਸ਼ੀਰਵਾਦ ਅਤੇ ਲੋਕਾਂ ਦਾ ਪਿਆਰ ਤੇ ਸ਼ੁਭ-ਇੱਛਾਵਾਂ ਸਮਝਦਾ ਹੈ। ਸ਼ਿਵਦੇਵ ਸਿੰਘ ਨਾਲ ਸੰਪਰਕ ਫੋਨ: 347-285-0226 ਰਾਹੀਂ ਕੀਤਾ ਜਾ ਸਕਦਾ ਹੈ।

sling™
TELEVISION
POWERED BY dish

# ENJOY THE BEST IN PUNJABI TV



7-DAY FREE TRIAL | PUNJABI PACK | STARTING AT $15 A MONTH

etc PUNJABI · PTC PUNJABI · jus punjabi · NEWS18 + more

Sling.com/Punjabi | 1-855-321-3949

Promotional Offers: Available to new customers upon account activation. Must provide email address and credit card. Billing and Cancellation: After 7 days your credit card will be charged monthly for applicable subscription until you cancel your service. Cancel on sling.com or by calling 1(877) 811-4788. Programming fees are charged monthly in advance and no credits or refunds will be issued for partial months after cancellation. Equipment Requirements: Requires Internet-connected compatible device. Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick, Google Nexus and Xbox One. Miscellaneous: Access on one device is included in the monthly programming package price except HBO (3 devices at a time). A $5/mo. fee will apply for additional International streams. Limit three International streams per account. Certain programs may be unavailable due to programmer restrictions or blackouts. Only available within the United States. State and local taxes apply. All prices, packages, programming and offers subject to change without notice. Other restrictions may apply. See sling.com website for details. Offer ends 12/31/18. ©2018 Sling TV L.L.C. All rights reserved.